ਐਤਵਾਰ, 23 ਅਗਸਤ, 2026
7 ਭਾਦੋਂ { ਨਾਨਕਸ਼ਾਹੀ 558
ਬਿਕਰਮੀ 2083 }
ਜਿਲਦ/VOL. : 75
ਅੰਕ/NO. : 82

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 23 AUGUST, 2026 ਜਲੰਧਰ


'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਇਹ ਕਿਸ ਤਰ੍ਹਾਂ ਦਾ ਸਵੈ-ਨਿਰਭਰ ਭਾਰਤ : ਖੜਗੇ



**ਨਵੀਂ ਦਿੱਲੀ** : ਮਲਿਕਾਰਜੁਨ ਖੜਗੇ ਨੇ ਕੇਂਦਰ ਦੀ ਈਥਾਨੌਲ ਨੀਤੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਖੰਡ ਦਾ ਉਤਪਾਦਨ ਘਟਿਆ, ਖੰਡ ਦਾ ਸਟਾਕ ਨੌਂ ਸਾਲਾਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ ਅਤੇ ਆਯਾਤ ਵਧਿਆ, ਜਦੋਂ ਕਿ ਗੰਨੇ ਨੂੰ ਈਥਾਨੌਲ ਮਿਸ਼ਰਣ ਵੱਲ ਮੋੜ ਦਿੱਤਾ ਗਿਆ। ਕਾਂਗਰਸ ਪ੍ਰਧਾਨ ਖੜਗੇ ਨੇ ਸ਼ਨੀਵਾਰ ਖੰਡ ਦੀਆਂ ਵਧਦੀਆਂ ਕੀਮਤਾਂ ਅਤੇ ਘੱਟ ਖੰਡ ਸਟਾਕ 'ਤੇ ਕੇਂਦਰ ਦੀ ਨਿੰਦਾ ਕੀਤੀ ਤੇ ਦੋਸ਼ ਲਗਾਇਆ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਕੁੜੱਤਣ ਖੰਡ ਦੀ ਮਿਠਾਸ ਵਿੱਚ ਘੁਲ ਗਈ ਹੈ। ਐੱਕਸ 'ਤੇ ਇੱਕ ਪੋਸਟ ਵਿੱਚ ਖੜਗੇ ਨੇ ਪ੍ਰਧਾਨ ਮੰਤਰੀ ਮੋਦੀ ਸਰਕਾਰ ਨੂੰ ਤਿੰਨ ਸਿੱਧੇ ਸਵਾਲ ਪੁੱਛੇ ਅਤੇ ਇਸ ਦੇ 'ਆਤਮ ਨਿਰਭਰ ਭਾਰਤ' ਦੇ ਦਾਅਵੇ 'ਤੇ ਸਵਾਲ ਉਠਾਏ। 'ਤਿਉਹਾਰਾਂ ਤੋਂ ਪਹਿਲਾਂ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਕੁੜੱਤਣ ਖੰਡ ਦੀ ਮਿਠਾਸ ਵਿੱਚ ਵੀ ਉਤਰ ਗਈ ਹੈ। ਮੋਦੀ ਸਰਕਾਰ ਨੂੰ ਤਿੰਨ ਸਿੱਧੇ ਸਵਾਲ : 1. ਦੁਨੀਆ ਦੇ ਸਭ ਤੋਂ ਵੱਡੇ ਖੰਡ ਉਤਪਾਦਕ ਅਤੇ ਨਿਰਯਾਤਕ ਭਾਰਤ ਵਿੱਚ ਖੰਡ ਦਾ ਸਟਾਕ ਅੱਜ 9 ਸਾਲਾਂ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਕਿਉਂ? ਅਸੀਂ ਨਿਰਯਾਤ ਨੂੰ ਰੋਕਣ ਅਤੇ 10 ਲੱਖ ਟਨ ਖੰਡ ਡਿਊਟੀ-ਮੁਕਤ ਦਰਾਮਦ ਕਰਨ ਦੇ ਬਿੰਦੂ 'ਤੇ ਕਿਵੇਂ ਪਹੁੰਚ ਗਏ? 2. ਖੰਡ ਤਿੰਨ ਮਹੀਨਿਆਂ ਵਿੱਚ ਲਗਭਗ 40 ਫੀਸਦੀ ਮਹਿੰਗੀ ਹੋ ਗਈ ਹੈ, ਤਿਉਹਾਰਾਂ ਤੋਂ ਠੀਕ ਪਹਿਲਾਂ ਜਨਤਾ 'ਤੇ ਬੋਝ ਪਾਉਣ ਵਾਲੇ ਇਸ ਕੀਮਤ ਵਾਧੇ ਲਈ ਕੌਣ ਜ਼ਿੰਮੇਵਾਰ ਹੈ? 3. ਜਦੋਂ ਦੇਸ਼ ਵਿੱਚ ਖੰਡ ਦੀ ਕਮੀ ਹੈ, ਤਾਂ ਗੰਨੇ ਅਤੇ ਅਨਾਜ ਨੂੰ ਈਥਾਨੌਲ ਪੈਦਾ ਕਰਨ ਲਈ ਮੋੜਨ ਦੀ ਨੀਤੀ ਦੀ ਸਮੀਖਿਆ ਕਿਉਂ ਨਹੀਂ ਕੀਤੀ ਜਾ ਰਹੀ?' ਕੇਂਦਰ ਦੀ ਈਥਾਨੌਲ ਮਿਸ਼ਰਣ ਨੀਤੀ 'ਤੇ ਨਿਸ਼ਾਨਾ ਸਾਧਦੇ ਹੋਏ ਕਾਂਗਰਸ ਮੁਖੀ ਨੇ ਕਿਹਾ, 'ਪਹਿਲਾਂ, ਖੰਡ ਉਤਪਾਦਨ ਵਿੱਚ ਗਿਰਾਵਟ ਆਈ, ਫਿਰ ਸਟਾਕ 9 ਸਾਲਾਂ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ, ਹੁਣ ਅਸੀਂ ਵਿਦੇਸ਼ਾਂ ਤੋਂ ਖੰਡ ਆਯਾਤ ਕਰ ਰਹੇ ਹਾਂ ਅਤੇ ਦੂਜੇ ਪਾਸੇ ਅਸੀਂ ਪੈਟਰੋਲ ਨਾਲ ਮਿਲਾਉਣ ਲਈ ਗੰਨੇ ਨੂੰ ਈਥਾਨੌਲ ਵਿੱਚ ਸੁੱਟ ਰਹੇ ਹਾਂ!'

## ਸੁਖਬੀਰ ਸਵਾਲਾਂ ਤੋਂ ਭੱਜ ਨਹੀਂ ਸਕਦੇ : ਬਲਤੇਜ ਪੰਨੂ

### ਅਕਾਲੀ-ਭਾਜਪਾ ਸਰਕਾਰਾਂ ਨੇ ਨਸ਼ੇ, ਮਾਫੀਆ ਤੇ ਤਬਾਹੀ ਦੀ ਵਿਰਾਸਤ ਦਿੱਤੀ : ਨੀਲ ਗਰਗ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਆਮ ਆਦਮੀ ਪਾਰਟੀ ਪੰਜਾਬ ਨੇ ਸ਼ਨੀਵਾਰ ਭਾਜਪਾ ਨਾਲ ਸੰਭਾਵੀ ਗਠਜੋੜ ਬਾਰੇ ਚੱਲ ਰਹੀਆਂ ਅਟਕਲਾਂ ਨੂੰ ਲੈ ਕੇ ਅਕਾਲੀ ਦਲ (ਬਾਦਲ) 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਗਠਜੋੜ ਬਾਰੇ ਰੌਲਾ ਅਕਾਲੀ ਲੀਡਰਸ਼ਿਪ ਵੱਲੋਂ ਲੋਕਾਂ ਦੀ ਰਾਇ ਨੂੰ ਗੁੰਮਰਾਹ ਕਰਨ ਅਤੇ ਸਭ ਤੋਂ ਮਹੱਤਵਪੂਰਨ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਬਚਾਅ ਦਾ ਰਸਤਾ ਦੇਣ ਲਈ ਜਾਣਬੁੱਝ ਕੇ ਚਲਾਇਆ ਜਾ ਰਿਹਾ ਹੈ।ਇੱਕ ਵੀਡੀਓ ਸੰਦੇਸ਼ ਵਿੱਚ, 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਇਹ ਖਾਸ ਤੌਰ 'ਤੇ ਧਿਆਨ ਦੇਣ ਯੋਗ ਹੈ ਕਿ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਇਸ ਵੇਲੇ ਗਠਜੋੜ ਦੇ ਪ੍ਰਚਾਰ ਵਿੱਚ ਸਭ ਤੋਂ ਅੱਗੇ ਹਨ। ਉਨ੍ਹਾ ਕਿਹਾ ਕਿ ਅਜਿਹਾ ਲੱਗਦਾ ਹੈ, ਜਿਵੇਂ ਸੁਖਬੀਰ ਸਿੰਘ ਬਾਦਲ ਪੰਜਾਬ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਕਾਲੀ ਦਲ ਦੀ ਵਾਗਡੋਰ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਸੌਂਪਣ ਦੀ ਤਿਆਰੀ ਕਰ ਰਹੇ ਹਨ।ਉਨ੍ਹਾ ਕਿਹਾ ਕਿ ਬਾਦਲ ਪਰਵਾਰ ਉਨ੍ਹਾਂ ਸਵਾਲਾਂ ਤੋਂ ਬਚ ਨਹੀਂ ਸਕਦਾ, ਜੋ ਪੰਜਾਬ ਸਾਲਾਂ ਤੋਂ ਪੁੱਛ ਰਿਹਾ ਹੈ। ਬਲਤੇਜ ਪੰਨੂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ 2015 ਦੀਆਂ ਘਟਨਾਵਾਂ ਨਾਲ ਜੁੜੇ ਪੰਜਾਬ ਦੇ ਇਤਿਹਾਸ ਦੇ ਦਰਦਨਾਕ ਪੰਨੇ ਤੋਂ ਇਸ ਤਰ੍ਹਾਂ ਮੂੰਹ ਨਹੀਂ ਮੋੜ ਸਕਦੇ। ਉਨ੍ਹਾ ਕਿਹਾ, 'ਪੰਜਾਬ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਨਹੀਂ ਭੁੱਲੇ ਅਤੇ ਨਾ ਹੀ ਉਹ ਸ਼ਾਂਤਮਈ ਧਰਨਿਆਂ 'ਤੇ ਬੈਠੇ ਲੋਕਾਂ 'ਤੇ ਕੀਤੇ ਗਏ ਅੱਤਿਆਚਾਰਾਂ ਨੂੰ ਭੁੱਲੇ ਹਨ। ਪੁਲਸ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਜਾਨ ਚਲੀ ਗਈ ਸੀ ਅਤੇ ਉਨ੍ਹਾਂ ਘਟਨਾਵਾਂ ਦਾ ਦਰਦ ਅਜੇ ਵੀ ਪੰਜਾਬੀਆਂ ਦੇ ਦਿਲਾਂ ਵਿੱਚ ਜ਼ਿੰਦਾ ਹੈ।' ਉਨ੍ਹਾ ਕਿਹਾ ਕਿ ਇਨ੍ਹਾਂ ਘਟਨਾਵਾਂ ਤੋਂ ਉਭਰਨ ਵਾਲੀਆਂ ਜਾਂਚਾਂ ਅਤੇ ਜਵਾਬਦੇਹੀ ਤੋਂ ਸਿਆਸੀ ਹੇਰਫੇਰ ਜਾਂ ਨਵੇਂ ਗਠਜੋੜ ਬਣਾ ਕੇ ਬਚਿਆ ਨਹੀਂ ਜਾ ਸਕਦਾ। ਪੰਨੂ ਨੇ ਦਾਅਵਾ ਕੀਤਾ ਕਿ ਸੁਖਬੀਰ ਸਿੰਘ ਬਾਦਲ ਇਨ੍ਹਾਂ ਸਵਾਲਾਂ ਤੋਂ ਬਚਣ ਲਈ ਪੰਜਾਬ ਛੱਡਣਾ ਚਾਹੁੰਦੇ ਹਨ, ਪਰ ਪੰਜਾਬ ਉਨ੍ਹਾ ਨੂੰ ਜਵਾਬਦੇਹੀ ਤੋਂ ਭੱਜਣ ਨਹੀਂ ਦੇਵੇਗਾ।ਮਜੀਠੀਆ 'ਤੇ ਨਿਸ਼ਾਨਾ ਸਾਧਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਹੇਠ ਪੰਜਾਬ ਨੂੰ ਹੋਏ ਨੁਕਸਾਨ ਤੋਂ ਕੋਈ ਅਣਜਾਣ ਨਹੀਂ। ਉਨ੍ਹਾ ਕਿਹਾ, 'ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਸ ਨੇ ਸੂਬੇ ਦਾ ਕਿੰਨਾ ਨੁਕਸਾਨ ਕੀਤਾ ਹੈ। ਜੇਕਰ ਉਹ ਮੰਨਦੇ ਹਨ ਕਿ ਗਠਜੋੜ ਨੂੰ ਮੁੜ ਸੁਰਜੀਤ ਕਰਕੇ ਉਹ ਆਪਣੇ ਲਈ ਇੱਕ ਸਿਆਸੀ ਢਾਲ ਬਣਾ ਸਕਦੇ ਹਨ ਅਤੇ ਜਵਾਬਦੇਹੀ ਤੋਂ ਬਚ ਸਕਦੇ ਹਨ, ਤਾਂ ਇਹ ਇੱਕ ਭੁਲੇਖੇ ਤੋਂ ਵੱਧ ਕੁਝ ਵੀ ਨਹੀਂ।'

'ਆਪ' ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ਵੀ ਅਕਾਲੀ ਦਲ ਅਤੇ ਭਾਜਪਾ 'ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਤ ਕਰਨ ਅਤੇ ਪਰਖਣ ਦੀ ਕੋਸ਼ਿਸ਼ ਵਿੱਚ ਸੰਭਾਵੀ ਗਠਜੋੜ ਬਾਰੇ ਜਾਣਬੁੱਝ ਕੇ ਹਵਾ ਬਣਾਉਣ ਲਈ ਤਿੱਖਾ ਹਮਲਾ ਕੀਤਾ।ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਦੋਵਾਂ ਪਾਰਟੀਆਂ ਦੀ 'ਪੰਜਾਬ ਵਿਰੋਧੀ ਮਾਨਸਿਕਤਾ' ਨੂੰ ਜਾਣਦੇ ਹਨ ਅਤੇ ਲੋਕ ਉਨ੍ਹਾਂ ਦੀ ਰਾਜਨੀਤੀ ਦੇ ਨਤੀਜੇ ਪਹਿਲਾਂ ਹੀ ਭੁਗਤ ਚੁੱਕੇ ਹਨ।ਨੀਲ ਗਰਗ ਨੇ ਕਿਹਾ ਕਿ 2007-2017 ਦੀਆਂ ਅਕਾਲੀ-ਭਾਜਪਾ ਸਰਕਾਰਾਂ ਨੇ ਪੰਜਾਬ ਨੂੰ ਨਸ਼ਿਆਂ, ਮਾਫੀਆ ਨੈੱਟਵਰਕ ਅਤੇ ਵਿਆਪਕ ਤਬਾਹੀ ਦੀ ਵਿਰਾਸਤ ਦਿੱਤੀ ਹੈ। ਉਨ੍ਹਾ ਕਿਹਾ ਕਿ ਜਿਸ ਨਸ਼ੇ

• ਬਾਕੀ ਸਫਾ 2 'ਤੇ

## ਡਾ. ਮੁਹੰਮਦ ਤੇ 3 ਆਜ਼ਾਦ ਕੌਂਸਲਰ 'ਆਪ' 'ਚ ਸ਼ਾਮਲ, ਮੁੱਖ ਮੰਤਰੀ ਨੇ ਕੀਤਾ ਸਵਾਗਤ



**ਚੰਡੀਗੜ੍ਹ** (ਨ ਜ਼ ਸ)-ਆਪ ਲਗਾਤਾਰ ਮਜ਼ਬੂਤ ਹੋ ਰਹੀ ਹੈ। ਸ਼ਨੀਵਾਰ ਮਲੇਰਕੋਟਲਾ ਤੋਂ ਡਾ. ਗੁਲਜ਼ਾਰ ਮੁਹੰਮਦ ਅਤੇ ਤਿੰਨ ਆਜ਼ਾਦ ਮਿਉਂਸਪਲ ਕੌਂਸਲਰ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਦਾ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਨਿੱਘਾ ਸਵਾਗਤ ਕੀਤਾ ਅਤੇ ਉਮੀਦ ਪ੍ਰਗਟਾਈ ਕਿ ਉਨ੍ਹਾਂ ਦਾ ਤਜਰਬਾ ਅਤੇ ਜਨਤਕ ਰਾਬਤਾ ਮਲੇਰਕੋਟਲਾ ਵਿੱਚ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰੇਗਾ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਇਕਬਾਲ ਫੌਜੀ, ਮੁਹੰਮਦ ਬਸ਼ੀਰ, ਮੁਹੰਮਦ ਹਬੀਬ, ਸੁਰੱਈਆ ਬੇਗਮ, ਮੁਹੰਮਦ ਮੁਮਤਾਜ਼ (ਤਾਜ), ਜ਼ਾਹਿਦਾ ਪਰਵੀਨ, ਮੁਹੰਮਦ ਅਸਲਮ (ਕਾਲਾ), ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਮੁਹੰਮਦ ਓਵੈਸ, ਆਜ਼ਮ ਰਾਣਾ (ਜ਼ਿਲ੍ਹਾ ਚੇਅਰਮੈਨ ਟਰੇਡ ਵਿੰਗ ਕਮਿਸ਼ਨ ਪੰਜਾਬ) ਅਤੇ ਸ਼ਹਿਬਾਜ਼ ਰਾਣਾ (ਮੈਂਬਰ ਪੰਜਾਬ ਵਕਫ਼ ਬੋਰਡ) ਵੀ ਹਾਜ਼ਰ ਸਨ।

## 8 ਸਤੰਬਰ ਨੂੰ ਪਟਿਆਲਾ ਵਿਖੇ ਦਿੱਤਾ ਜਾਵੇਗਾ ਵਿਸ਼ਾਲ ਧਰਨਾ : ਧਾਲੀਵਾਲ



**ਪਟਿਆਲਾ (ਨ ਜ਼ ਸ)**

ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਰਾਕੇਸ਼ ਕੁਮਾਰ ਦਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਜਾਰੀ ਬਿਆਨ ਵਿਚ ਦੱਸਿਆ ਕਿ ਪੀ ਆਰ ਟੀ ਸੀ ਦੇ ਪ੍ਰਬੰਧਕਾਂ ਦੀਆਂ ਧੱਕੇਸ਼ਾਹੀਆਂ, ਵਿਤਕਰੇਬਾਜ਼ੀਆਂ, ਮਨਮਰਜ਼ੀਆਂ, ਵਰਕਰਾਂ ਦੇ ਹੱਕਾਂ ਨੂੰ ਕੁਚਲਣਾ, ਕਾਨੂੰਨਾਂ ਦੀ ਉਲੰਘਣਾ ਕਰਨਾ, ਪੀ ਆਰ ਟੀ ਸੀ ਦੀ ਨਿਘਰਦੀ ਜਾ ਰਹੀ ਮਾਲੀ ਹਾਲਤ ਸੁਧਾਰਨ ਦੇ ਕੋਈ ਜਤਨ ਨਾ ਕਰਨਾ, ਸਟਾਫ ਦੀ ਘਾਟ ਦਾ ਬੋਝ ਵਰਕਰਾਂ 'ਤੇ ਪਾਉਣਾ, ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀਆਂ ਚਰਚਾਵਾਂ, ਵਰਕਰਾਂ ਦੇ ਜਾਇਜ਼ ਅਤੇ ਕਾਨੂੰਨੀ ਹੱਕਾਂ ਨੂੰ ਵੀ ਲਾਗੂ ਨਾ ਕਰਕੇ ਵਰਕਰਾਂ ਨੂੰ ਅਦਾਲਤਾਂ ਵਿੱਚ ਕੇਸ ਕਰਨ ਲਈ ਮਜਬੂਰ ਕਰਨਾ, ਡਿਪੂਆਂ ਵਿੱਚ ਹੋ ਰਹੀਆਂ ਬੇਨਿਯਮੀਆਂ ਅਤੇ ਬੇਇਨਸਾਫੀਆਂ ਅਤੇ ਵਰਕਰਾਂ ਦੀਆਂ ਮੰਗਾਂ ਸੰਬੰਧੀ ਲੰਮੇ ਸਮੇਂ ਤੋਂ ਦਿੱਤੇ ਗਏ ਮੰਗ ਪੱਤਰਾਂ 'ਤੇ ਕੋਈ ਗੱਲਬਾਤ ਨਾ ਕਰਨਾ ਆਦਿ ਮਸਲਿਆਂ ਨੂੰ ਲੈ ਕੇ ਐਕਸ਼ਨ ਕਮੇਟੀ ਵੱਲੋਂ 8 ਸਤੰਬਰ ਨੂੰ ਪੀ ਆਰ ਟੀ ਸੀ ਪਟਿਆਲਾ ਦੇ ਮੁੱਖ ਦਫਤਰ ਦੇ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।

ਵਰਕਰਾਂ ਦੀਆਂ ਜਿਨ੍ਹਾਂ ਮੰਗਾਂ ਨੂੰ ਲੈ ਕੇ 8 ਸਤੰਬਰ ਨੂੰ ਰੋਸ ਧਰਨਾ ਅਤੇ ਰੈਲੀ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚ ਕੰਟਰੈਕਟ/ਆਊਟਸੋਰਸ ਵਰਕਰਾਂ ਨੂੰ ਰੈਗੂਲਰ ਕਰਨਾ ਅਤੇ ਜਿਹੜੇ ਕੰਟਰੈਕਟ ਅਧੀਨ ਵਰਕਰਾਂ ਨੇ ਅਦਾਲਤਾਂ ਵਿੱਚ ਕੇਸ ਨਹੀਂ ਕੀਤੇ, ਉਨ੍ਹਾਂ ਨੂੰ ਅਦਾਲਤਾਂ ਵਿੱਚੋਂ ਹੋਏ ਫੈਸਲਿਆਂ ਦੀ ਰੋਸ਼ਨੀ ਵਿੱਚ ਰੈਗੂਲਰ ਕਰਨਾ, ਪੰਜਾਬ ਸਰਕਾਰ ਵੱਲੋਂ ਟੀ ਏ/ਡੀ ਏ ਰੇਟਾਂ ਵਿੱਚ ਇੱਕ ਸਾਲ ਪਹਿਲਾਂ ਕੀਤਾ ਵਾਧਾ ਲਾਗੂ ਕਰਾਣਾ, ਮਿਤੀ 01/01/2004 ਤੋਂ ਬਾਅਦ ਭਰਤੀ ਹੋਏ ਕਰਮਚਾਰੀ, ਜਿਨ੍ਹਾਂ ਅਪਲਾਈ 2004 ਤੋਂ ਪਹਿਲਾਂ ਕੀਤਾ ਹੋਇਆ ਸੀ, ਉਨ੍ਹਾਂ 'ਤੇ ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਕ ਪੁਰਾਣੀ ਪੈਨਸ਼ਨ ਲਾਗੂ ਕਰਨਾ, ਕੰਟਰੈਕਟ ਤੋਂ ਰੈਗੂਲਰ ਕੀਤੇ ਵਰਕਰਾਂ ਤੇ ਪ੍ਰੋਬੇਸ਼ਨ ਪੀਰੀਅਡ ਦੀ ਲਾਈ ਸ਼ਰਤ ਖਤਮ ਕਰਾਉਣਾ, ਵਰਕਰਾਂ ਦੇ ਅਤੇ ਸੇਵਾ-ਮੁਕਤ ਕਰਮਚਾਰੀਆਂ ਦੇ ਸਾਰੇ ਵਿੱਤੀ ਬਕਾਇਆ ਦੀ ਅਦਾਇਗੀ ਕਰਨਾ, ਮੁਫਤ ਸਫਰ ਸਹੂਲਤਾਂ ਬਦਲੇ ਪੰਜਾਬ ਸਰਕਾਰ ਤੋਂ ਬਣਦਾ 600-700 ਕਰੋੜ ਰੁਪਈਆ ਲੈਣਾ, ਸੇਵਾ-ਮੁਕਤ ਕਰਮਚਾਰੀਆਂ ਨੂੰ 2 ਸਾਲ ਬਾਅਦ ਇੱਕ ਬੇਸਿਕ ਪੇ ਦੇ ਬਰਾਬਰ ਯਾਤਰਾ ਭੱਤਾ ਦੇਣਾ, ਜਿਨ੍ਹਾਂ ਕਰਮਚਾਰੀਆਂ ਉਪਰ ਦਫਤਰੀ ਕੁਤਾਹੀ ਕਾਰਨ ਐਨ.ਪੀ.ਐਸ. ਲਾਗੂ ਨਹੀਂ ਕੀਤੀ ਗਈ, ਉਨ੍ਹਾਂ ਉਪਰ ਐੱਨ ਪੀ ਐੱਸ ਲਾਗੂ ਕਰਾਉਣਾ, ਵਰਕਰਾਂ ਦੀਆਂ ਲੇਟ ਕੀਤੀਆਂ ਜਾ ਰਹੀਆਂ ਤਰੱਕੀਆਂ ਬਣਦੀ ਮਿਤੀ ਤੋਂ ਕਰਾਉਣਾ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਲੈ ਕੇ ਦੇਣਾ, ਪੇਅ ਪੈਰਿਟੀ ਦੇ ਹੱਕਦਾਰ ਕਰਮਚਾਰੀਆਂ ਦੀ ਤਨਖਾਹ ਸੋਧਣਾ ਆਦਿ ਮੰਗਾਂ ਸ਼ਾਮਲ ਹਨ।

## ਅਕਾਲੀ-ਭਾਜਪਾ ਗਠਜੋੜ ਲਈ ਦੋਵੇਂ ਪਾਸੇ ਹਿਲਜੁਲ



**ਨਵੀਂ ਦਿੱਲੀ** : ਸੀਨੀਅਰ ਭਾਜਪਾ ਆਗੂ ਅਤੇ ਪੰਜਾਬ ਭਾਜਪਾ ਕੋਰ ਕਮੇਟੀ ਦੇ ਮੈਂਬਰ ਆਰ ਪੀ ਸਿੰਘ ਨੇ ਸ਼ਨੀਵਾਰ ਨਵੀਂ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਆਰ ਪੀ ਸਿੰਘ ਨੇ ਸੁਖਬੀਰ ਦੀ ਸਿਹਤ ਦਾ ਹਾਲ ਜਾਣਨ ਲਈ ਸੁਲਤਾਨਪੁਰ ਸਥਿਤ ਨਿਵਾਸ ਸਥਾਨ 'ਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਸੁਖਬੀਰ ਬਾਦਲ ਮਹਾਰਾਸ਼ਟਰ ਦੇ ਨਾਂਦੇੜ ਵਿਖੇ ਹੋਏ ਹਮਲੇ ਤੋਂ ਬਾਅਦ ਆਪਣੇ ਦਿੱਲੀ ਦੇ ਫਾਰਮ ਹਾਊਸ ਵਿਖੇ ਆਰਾਮ ਕਰ ਰਹੇ ਹਨ। ਇਹ ਮੁਲਾਕਾਤ ਅਕਾਲੀ ਦਲ ਦੇ ਚੋਟੀ ਦੇ ਆਗੂਆਂ ਹਰਸਿਮਰਤ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਗਠਜੋੜ ਦਾ ਸੰਕੇਤ ਦੇਣ ਤੋਂ ਤੁਰੰਤ ਬਾਅਦ ਹੋਈ ਹੈ। ਆਰ ਪੀ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਸੁਖਬੀਰ ਬਾਦਲ ਨਾਲ ਮੁਲਾਕਾਤ ਦੌਰਾਨ ਗਠਜੋੜ ਦੇ ਮੁੱਦੇ 'ਤੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਗਠਜੋੜ ਲਈ ਅਕਾਲੀ ਦਲ ਨੂੰ ਸਕਾਰਾਤਮਕ ਅਤੇ ਲਚਕਦਾਰ ਰੁਖ਼ ਅਪਣਾਉਣਾ ਪਵੇਗਾ।

## ਹਾਈ ਕੋਰਟ ਦੇ ਵਧੀਕ ਜੱਜ ਵਜੋਂ 9 ਨੇ ਲਿਆ ਹਲਫ਼

**ਚੰਡਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਿਆਂ ਪਾਲਿਕਾ ਵਿੱਚ ਲਿੰਗ ਪ੍ਰਤੀਨਿਧਤਾ ਦੇ ਮਾਮਲੇ ਵਿੱਚ ਇੱਕ ਨਵਾਂ ਮੀਲ ਪੱਥਰ ਹਾਸਲ ਕੀਤਾ। 9 ਵਧੀਕ ਜੱਜਾਂ ਦੇ ਸਹੁੰ ਚੁੱਕਣ ਦੇ ਨਾਲ ਹਾਈ ਕੋਰਟ ਵਿੱਚ ਮਹਿਲਾ ਜੱਜਾਂ ਦੀ ਗਿਣਤੀ 19 ਹੋ ਗਈ। ਹਾਈ ਕੋਰਟ ਦੇ ਸਦੀ ਤੋਂ ਵੱਧ ਪੁਰਾਣੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ, ਜਦੋਂ ਏਨੀ ਵੱਡੀ ਗਿਣਤੀ ਵਿੱਚ ਮਹਿਲਾ ਜੱਜ ਇੱਕੋ ਸਮੇਂ ਬੈਂਚ ਵਿੱਚ ਸ਼ਾਮਲ ਹੋਏ। ਇਸ ਤੋਂ ਪਹਿਲਾਂ ਹਾਈ ਕੋਰਟ ਵਿੱਚ ਮਹਿਲਾ ਜੱਜਾਂ ਦੀ ਸਭ ਤੋਂ ਵੱਧ ਗਿਣਤੀ 18 ਸੀ, ਜਦ ਕਿ ਪਿਛਲਾ ਅੰਕੜਾ 13 ਤੱਕ ਪਹੁੰਚ ਗਿਆ ਸੀ। ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਸ਼ੁੱਕਰਵਾਰ ਹਾਈ ਕੋਰਟ ਦੇ ਅਹਾਤੇ ਵਿੱਚ ਹੋਏ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਨੌਂ ਨਵੇਂ ਵਧੀਕ ਜੱਜਾਂ ਨੂੰ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ। ਇਨ੍ਹਾਂ ਵਿੱਚ ਤਿੰਨ ਮਹਿਲਾ ਜੱਜ ਮੋਨਿਕਾ ਛਿੱਬਰ ਸ਼ਰਮਾ, ਪੂਜਾ ਚੋਪੜਾ ਅਤੇ ਦਿਵਿਆ ਸ਼ਰਮਾ ਸ਼ਾਮਲ ਸਨ। ਹਰਿਆਣਾ ਦੇ ਐਡਵੋਕੇਟ ਜਨਰਲ ਪ੍ਰਵਿੰਦਰ ਸਿੰਘ ਚੌਹਾਨ, ਹਰਮੀਤ ਸਿੰਘ ਦਿਓਲ, ਰਾਜੇਸ਼ ਗੌੜ, ਸੁਨੀਸ਼ ਬਿਦਲਿਸ਼, ਮਿੰਦਰਜੀਤ ਯਾਦਵ ਅਤੇ ਰਵਿੰਦਰ ਮਲਿਕ ਨੇ ਵੀ ਵਧੀਕ ਜੱਜਾਂ ਵਜੋਂ ਸਹੁੰ ਚੁੱਕੀ। ਹਾਈ ਕੋਰਟ ਵਿੱਚ ਮੌਜੂਦਾ ਮਹਿਲਾ ਜੱਜਾਂ ਵਿੱਚ ਅਲਕਾ ਸਰੀਨ, ਅਰਚਨਾ ਪੁਰੀ, ਲਪਿਤਾ ਬੈਨਰਜੀ, ਨਿਧੀ ਗੁਪਤਾ, ਅਮਰਜੋਤ ਭੱਟੀ, ਮਨੀਸ਼ਾ ਬੱਤਰਾ, ਹਰਪ੍ਰੀਤ ਕੌਰ ਜੀਵਨ, ਸੁਖਵਿੰਦਰ ਕੌਰ, ਸੁਦੀਪਤੀ ਸ਼ਰਮਾ, ਕੀਰਤੀ ਸਿੰਘ, ਮਨਦੀਪ ਪੰਨੂ, ਰੁਪਿੰਦਰਜੀਤ ਚਾਹਲ, ਸ਼ਾਲਿਨੀ ਸਿੰਘ ਨਾਗਪਾਲ, ਅਰਾਧਨਾ ਨੇਸ਼ ਕੁਮਾਰ ਤੇ ਰਮੇਸ਼ ਕੁਮਾਰ ਸਾਵਧਾਨ ਸ਼ਾਮਲ ਹਨ।

## ਐਡਮਿੰਟਨ ਦੇ ਗੁਰਦੁਆਰੇ 'ਚ ਚਾਕੂ ਨਾਲ ਹਮਲਾ

**ਐਡਮਿੰਟਨ** : ਕੈਨੇਡਾ ਦੇ ਅਲਬਰਟਾ ਦੇ ਐਡਮਿੰਟਨ ਵਿੱਚ ਇੱਕ ਗੁਰਦੁਆਰੇ ਦੇ ਅੰਦਰ ਸ਼ੁੱਕਰਵਾਰ ਚਾਕੂ ਮਾਰਨ ਦੀ ਘਟਨਾ ਵਾਪਰੀ। ਇੱਕ ਅਣਪਛਾਤੇ ਵਿਅਕਤੀ ਨੇ ਨਾਨਕਸਰ ਗੁਰਦੁਆਰਾ ਗੁਰਸਿੱਖ ਮੰਦਰ ਕੰਪਲੈਕਸ ਦੇ ਅੰਦਰ ਦੋ ਲੋਕਾਂ ਨੂੰ ਚਾਕੂ ਮਾਰ ਦਿੱਤਾ। ਇਹ ਘਟਨਾ ਇੱਕ ਵਿਆਹ ਸਮਾਰੋਹ ਤੋਂ ਪਹਿਲਾਂ ਸਵੇਰ ਦੀ ਅਰਦਾਸ ਵੇਲੇ ਵਾਪਰੀ। ਇਹ ਹਮਲਾ ਸਵੇਰੇ 5 ਵਜੇ ਤੋਂ ਬਾਅਦ ਹੋਇਆ। ਐਡਮਿੰਟਨ ਪੁਲਸ ਨੇ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਖਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

## ਪਹਿਲੀ ਸਤੰਬਰ ਦੀ ਦਿੱਲੀ ਰੈਲੀ ਲਈ ਲਾਮਬੰਦੀ





**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੀਆਂ ਦੇਸ਼ ਤੇ ਆਮ ਲੋਕਾਂ ਵਿਰੋਧੀ ਨੀਤੀਆਂ ਖਿਲਾਫ ਪਹਿਲੀ ਸਤੰਬਰ ਨੂੰ ਨਵੀਂ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਚ ਕੀਤੀ ਜਾ ਰਹੀ 'ਦੇਸ਼ ਬਚਾਓ-ਲੋਕਤੰਤਰ ਬਚਾਓ' ਰੈਲੀ ਦੀਆਂ ਤਿਆਰੀਆਂ ਲਈ ਮੀਟਿੰਗਾਂ ਦਾ ਦੌਰ ਜਾਰੀ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਰੈਲੀ ਵਿਚ ਪੰਜਾਬ ਤੋਂ ਹਜ਼ਾਰਾਂ ਲੋਕ ਪੁੱਜਣਗੇ ਤੇ ਫਾਸ਼ੀਵਾਦੀ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਨਗੇ।

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)** : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 1 ਸਤੰਬਰ ਨੂੰ ਨਵੀਂ ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿਖੇ ਕਰਵਾਈ ਜਾ ਰਹੀ 'ਦੇਸ਼ ਬਚਾਓ, ਲੋਕਤੰਤਰ ਬਚਾਓ' ਰੈਲੀ ਨੂੰ ਕਾਮਯਾਬ ਕਰਨ ਲਈ ਸ਼ਨੀਵਾਰ ਤਰਸਿੱਕਾ ਬਲਾਕ ਦੇ ਸਾਥੀਆਂ ਦੀ ਦਸਮੇਸ਼ ਨਗਰ ਪਿੰਡ ਵਿਖੇ ਬਲਕਾਰ ਸਿੰਘ, ਗੁਰਜੰਟ ਸਿੰਘ ਦਸਮੇਸ਼ ਨਗਰ ਦੀ ਪ੍ਰਧਾਨਗੀ ਹੇਠ ਵਿਸ਼ਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਨੇ ਹਿੱਸਾ ਲਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ, ਮੰਗਲ ਸਿੰਘ ਖਜਾਲਾ ਅਤੇ ਗੁਰਮੁਖ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਅੱਜ ਦੇਸ਼ ਅੰਦਰ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਨੂੰ ਖਤਰਾ ਬਣਿਆ ਹੋਇਆ ਹੈ। ਭਾਜਪਾ- ਆਰ ਐੱਸ ਐੱਸ ਵੱਲੋਂ ਦੇਸ਼ ਅੰਦਰ ਫਿਰਕੂ ਨਫਰਤ ਦਾ ਵਾਤਾਵਰਣ ਪੈਦਾ ਕਰਕੇ ਭਾਈਚਾਰਕ ਸਾਂਝ ਨੂੰ ਖਤਰਾ ਪੈਦਾ ਕੀਤਾ ਜਾ ਰਿਹਾ ਹੈ। ਉਹਨਾਂ ਵਧ ਰਹੀ ਮਹਿੰਗਾਈ ਅਤੇ ਐੱਨ ਪੀ ਕੇ ਖਾਦ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਨੂੰ ਵਾਪਸ ਲੈਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਪੰਜਾਬ ਅੰਦਰ ਵਧ ਰਹੇ ਨਸ਼ਿਆਂ, ਗੈਂਗਸਟਰਵਾਦ ਸੰਬੰਧੀ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵੇਲੇ ਇਲਾਕੇ ਅੰਦਰ ਰੋਜ਼ਾਨਾ ਕਤਲ, ਫਿਰੌਤੀਆਂ ਦਾ ਬੋਲਬਾਲਾ ਹੋ ਰਿਹਾ ਹੈ। ਅਮਨ-ਕਨੂੰਨ ਦੀ ਹਾਲਤ ਲਗਾਤਾਰ ਖਰਾਬ ਹੋ ਰਹੀ ਹੈ। ਮੀਟਿੰਗ ਅੰਦਰ ਕਿਸਾਨ ਸਭਾ ਵੱਲੋਂ ਯੂਰੀਆ ਖਾਦ ਸਕੈਂਡਲ ਸੰਬੰਧੀ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕਿ 24 ਅਗਸਤ ਨੂੰ ਵੱਲ੍ਹਾ ਥਾਣੇ ਸਾਹਮਣੇ ਦਿੱਤੇ ਜਾ ਰਹੇ ਧਰਨੇ ਦੀ ਪੁਰਜ਼ੋਰ ਹਮਾਇਤ ਕਰਦਿਆਂ ਇਸ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਹਿਲੀ ਸਤੰਬਰ ਦੀ ਦਿੱਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਸਮੇਂ ਮੇਜਰ ਸਿੰਘ, ਜੋਗਿੰਦਰ ਸਿੰਘ, ਜਗਰੂਪ ਸਿੰਘ ਦਸਮੇਸ਼ ਨਗਰ, ਸੁਖਦੇਵ ਸਿੰਘ, ਵਰਦੀਪ ਸਿੰਘ ਗਦਲੀ, ਮਾਸਟਰ ਅਜਾਦ ਸਿੰਘ ਮਹਿਤਾ, ਬੂਟਾ ਸਿੰਘ ਭੱਟੀਕੇ, ਸਵਿੰਦਰ ਸਿੰਘ ਰੂਪੋਵਾਲੀ, ਕੁਲਦੀਪ ਸਿੰਘ ਹਨੇਰੀ ਬੱਗਾ, ਸੱਜਣ ਸਿੰਘ ਜੰਡਿਆਲਾ ਗੁਰੂ, ਕੁਲਵੰਤ ਸਿੰਘ, ਪ੍ਰਗਟ ਸਿੰਘ, ਮੁਖਤਾਰ ਸਿੰਘ ਧਰਮੂ ਚੱਕ, ਸਤਨਾਮ ਸਿੰਘ, ਗੁਰਜੰਟ ਸਿੰਘ ਤੇ ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

**ਚੋਹਲਾ ਸਾਹਿਬ/ਤਰਨ ਤਾਰਨ** : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ 1 ਸਤੰਬਰ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿੱਚ ਕੀਤੀ ਜਾ ਰਹੀ ਬਦਲਾਅ ਰੈਲੀ ਦੀ ਕਾਮਯਾਬੀ ਲਈ ਚੱਲ ਰਹੀ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਸਥਾਨਕ ਜ਼ਿਲ੍ਹਾ ਇਕਾਈ ਨੇ ਸ਼ਨੀਵਾਰ ਕਸਬਾ ਚੋਹਲਾ ਸਾਹਿਬ ਵਿਖੇ ਜਥਾ ਮਾਰਚ ਕਰਨ ਲਈ ਦੇਸ਼ ਭਗਤ ਬਾਬਾ ਸੁੱਚਾ ਸਿੰਘ ਚੋਹਲਾ ਸਾਹਿਬ ਦੀ ਯਾਦ ਵਿੱਚ ਬਣੀ ਯਾਦਗਾਰ ਤੋਂ ਕੇਂਦਰ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਨ ਉਪਰੰਤ ਬਜ਼ਾਰ ਵਿੱਚ ਦੁਕਾਨਦਾਰਾਂ ਨੂੰ ਪੈਂਫਲਟ ਵੰਡ ਕੇ ਮੋਦੀ ਸਰਕਾਰ ਦੀਆਂ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੀਆਂ ਲੋਕ ਵਿਰੋਧੀ ਨੀਤੀਆਂ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਦਬਾਅ ਹੇਠ ਮੋਦੀ ਸਰਕਾਰ

• ਬਾਕੀ ਸਫਾ 2 'ਤੇ

## ਅਮਰੀਕਾ ਨਾਲ ਪੈਸੇ-ਪੈਸੇ ਦਾ ਹਿਸਾਬ ਕਰਾਂਗੇ : ਕਾਰਨੀ

### ਸਮਝੌਤਾ ਸਿਰੇ ਨਾ ਚੜ੍ਹਨ ਕਾਰਨ ਕੈਨੇਡਾ ਸਖਤ



**ਵੈਨਕੂਵਰ** : ਦੋ ਹਫ਼ਤਿਆਂ ਤੋਂ ਕੈਨੇਡਾ ਤੇ ਅਮਰੀਕਾ ਵਿਚਾਲੇ ਆਪਸੀ ਵਪਾਰਕ ਸਮਝੌਤਾ ਨਵਿਆਉਣ ਨੂੰ ਲੈ ਕੇ ਚੱਲ ਰਹੀ ਗੱਲਬਾਤ ਆਖਰੀ ਮੌਕੇ ਟੁੱਟ ਗਈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਮਝੌਤੇ ਦੇ ਵਿਚਾਰ-ਵਟਾਂਦਰੇ ਲਈ ਭੇਜੀ ਆਪਣੀ ਭਰੋਸੇਯੋਗ ਤੇ ਉੱਚ-ਸ਼ਕਤੀ ਟੀਮ ਵਾਪਸ ਓਟਾਵਾ ਬੁਲਾ ਲਈ ਹੈ। ਉਨ੍ਹਾ ਕਿਹਾ ਕਿ ਹੁਣ ਅਮਰੀਕਾ ਦੇ ਡਾਲਰ ਨਾਲ ਡਾਲਰ ਦਾ ਹਿਸਾਬ ਕਰਕੇ ਹੀ ਵਪਾਰ ਅੱਗੇ ਵਧਾਇਆ ਜਾਵੇਗਾ ਅਤੇ ਸ਼ਰਤਾਂ ਅਧੀਨ ਕੋਈ ਗੱਲ ਨਹੀਂ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ੁੱਕਰਵਾਰ ਅੱਧੀ ਰਾਤ ਨੂੰ ਅਮਰੀਕਾ ਵੱਲੋਂ ਲਗਾਏ ਜਾਣ ਵਾਲੇ 50 ਫੀਸਦੀ ਟੈਰਿਫ ਨਾਲ ਸਿੱਝ ਲਿਆ ਜਾਵੇਗਾ। ਕੁਝ ਸਾਲ ਪਹਿਲਾਂ ਦੋਹਾਂ ਦੇਸ਼ਾਂ ਵਿਚਾਲੇ ਹੋਇਆ ਵਪਾਰ ਸਮਝੌਤਾ ਲੰਘੇ ਮੰਗਲਵਾਰ ਤੱਕ ਸੀ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਦੀ ਮਿਆਦ ਤਿੰਨ ਦਿਨ ਲਈ ਵਧਾਉਂਦੇ ਸਮੇਂ ਐਲਾਨ ਕੀਤਾ ਗਿਆ ਸੀ ਕਿ ਸਮਝੌਤਾ ਹੋ ਚੁੱਕਾ ਹੈ, ਪਰ ਉਸ ਨੂੰ ਲਿਖਤੀ ਰੂਪ ਵਿੱਚ ਲਿਆਉਣ ਲਈ ਇੱਕ-ਦੋ ਦਿਨ ਲੱਗ ਸਕਦੇ ਹਨ। ਇਸ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਕਿਹਾ ਸੀ ਕਿ ਉਹ ਸ਼ਰਾਬ ਠੇਕੇਦਾਰਾਂ ਨੂੰ ਹੁਕਮ ਦੇ ਕੇ ਅਮਰੀਕੀ ਸ਼ਰਾਬ ਵੇਚਣਾ ਸ਼ੁਰੂ ਕਰਨ, ਪਰ ਸ਼ੁੱਕਰਵਾਰ ਦੇਰ ਸ਼ਾਮ ਸਮਝੌਤੇ ਦੀਆਂ ਸਾਰੀਆਂ ਉਮੀਦਾਂ ਢਹਿ-ਢੇਰੀ ਹੋ ਗਈਆਂ। ਕਾਰਨੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਹ ਪਿਛਲੇ ਡੇਢ ਸਾਲ ਤੋਂ ਵਪਾਰਕ ਟੈਰਿਫਾਂ ਕਾਰਨ ਖ਼ਰਾਬ ਹੋਏ ਆਪਸੀ ਸਬੰਧ ਸੁਧਾਰਨਾ ਚਾਹੁੰਦੇ ਸਨ, ਪਰ ਉਹ ਏਨੇ ਵੀ ਮਜਬੂਰ ਨਹੀਂ ਹਨ ਕਿ ਅਮਰੀਕਾ ਦੀ ਹਰ ਸ਼ਰਤ ਅੱਗੇ ਗੋਡੇ ਟੇਕ ਦਿੱਤੇ ਜਾਣ। ਉਨ੍ਹਾ ਕਿਹਾ ਕਿ ਦੋਹਾਂ ਦੇਸ਼ਾਂ ਵਿਚਾਲੇ ਹੁੰਦੇ ਰਹੇ 28 ਅਰਬ ਡਾਲਰ ਦੇ ਵਪਾਰ ਨੂੰ ਹੋਰ ਦੇਸ਼ਾਂ ਤੱਕ ਫੈਲਾ ਕੇ ਆਪਣੇ ਦੇਸ਼ ਦੀ ਸਨਅਤ ਅਤੇ ਕਾਮਿਆਂ ਦੀ ਹਰ ਪੱਖੋਂ ਬਾਂਹ ਫੜਨਗੇ। ਉਨ੍ਹਾ ਭਾਵੁਕ ਹੁੰਦਿਆਂ ਕਿਹਾ ਕਿ ਹੁਣ ਅਮਰੀਕਾ ਨਾਲ ਡਾਲਰ-ਡਾਲਰ ਦਾ ਹਿਸਾਬ ਕੀਤਾ ਜਾਵੇਗਾ। ਸ਼ੁੱਕਰਵਾਰ ਦੇਰ ਰਾਤ ਜਾਰੀ ਕੀਤੇ ਬਿਆਨ ਵਿੱਚ ਕਾਰਨੀ ਨੇ ਕਿਹਾ ਕਿ ਕੈਨੇਡਾ ਵਪਾਰਕ ਗੱਲਬਾਤ ਹਾਲ ਦੀ ਘੜੀ ਮੁਅੱਤਲ ਕਰ ਰਿਹਾ ਹੈ ਅਤੇ ਸਮਝੌਤਾ ਟੀਮ ਨੂੰ ਵਾਪਸ ਬੁਲਾ ਲਿਆ ਗਿਆ ਹੈ। ਅਮਰੀਕਾ ਵੱਲੋਂ ਤੈਅਸ਼ੁਦਾ ਸਮਝੌਤੇ ਵਿੱਚ ਐਨ ਮੌਕੇ 'ਤੇ ਪੇਸ਼ ਕੀਤੀਆਂ ਸੋਧਾਂ ਗ਼ੈਰ-ਜ਼ਰੂਰੀ ਅਤੇ ਆਰਥਿਕ ਪੱਖੋਂ ਕੈਨੇਡਾ ਲਈ ਨੁਕਸਾਨਦੇਹ ਤਾਂ ਹਨ ਹੀ, ਨਾਲ ਦੀ ਨਾਲ ਇਹ ਸਮਝੌਤੇ ਦੀ ਭਰੋਸੇਯੋਗਤਾ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ। ਉਨ੍ਹਾਂ ਕੈਨੇਡੀਅਨ ਲੋਕਾਂ ਨੂੰ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ, ਕੈਨੇਡਾ ਜਲਦੀ ਹੀ ਆਲਮੀ ਪੱਧਰ 'ਤੇ ਹੋਰ ਦੇਸ਼ਾਂ ਨਾਲ ਵਪਾਰਕ ਸਮਝੌਤੇ ਕਰਕੇ ਇਹ ਘਾਟ ਪੂਰੀ ਕਰ ਲਵੇਗਾ।

## ਅੱਜ-ਨਾਮਾ

ਹੁੰਦੇ ਦਰਜ ਹਨ ਕੇਸ ਤਾਂ ਦਰਜ ਰਹਿੰਦੇ,
ਅੱਗੇ ਕਦਮ ਨਾ ਰਿਹਾ ਕੋਈ ਚੁੱਕ ਬੇਲੀ।
ਕਦੀ ਜਾਂਚ ਲਈ ਖੋਲ੍ਹਣੀ ਫਾਈਲ ਪੈਂਦੀ,
ਉੱਡਦਾ ਵਿੱਚੋਂ ਹੈ ਮਿੱਟੀ ਦਾ ਬੁੱਕ ਬੇਲੀ।
ਰੋਂਦੇ ਲੋਕ ਕਈ ਨੇ ਪੀੜਤ ਧਿਰਾਂ ਵਾਲੇ,
ਅੱਥਰੂ ਜਾਂਦੇ ਹਨ ਰੋਂਦਿਆਂ ਸੁੱਕ ਬੇਲੀ।
ਸਾਲਾਂ-ਬੱਧੀ ਤੇ ਲਮਕੀ ਹਨ ਕੇਸ ਜਾਂਦੇ,
ਬੰਦੇ ਕੇਸ ਤੋਂ ਜਾਣ ਪਹਿਲਾਂ ਮੁੱਕ ਬੇਲੀ।
ਖਿਝ ਕੇ ਜੱਜ ਜੇ ਕਿਸੇ ਵੀ ਹੁਕਮ ਦਿੱਤਾ,
ਮਸਲੇ ਐਵੇਂ ਨਾ ਲਟਕਦੇ ਰਹਿਣ ਬੇਲੀ।
ਬਣੀ ਖਬਰ ਆ ਦੂਜੇ ਦਿਨ ਭੁੱਲ ਜਾਂਦੀ,
ਵਗਦਾ ਦਿੱਸਦਾ ਉਵੇਂ ਹੈ ਵਹਿਣ ਬੇਲੀ।

-ਤੀਸ ਮਾਰ ਖਾਂ

## ਟਰੈਫਿਕ ਚਲਾਨਾਂ ਦਾ ਨਵਾਂ ਰਿਕਾਰਡ, ਪਰ ਵਸੂਲੀ ਘਟੀ



**ਚੰਡੀਗੜ੍ਹ** : ਪੰਜਾਬ ਵਿੱਚ ਟਰੈਫਿਕ ਚਲਾਨਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਸਾਲ 2021 ਵਿੱਚ ਜਿੱਥੇ ਸਿਰਫ਼ 53,973 ਚਲਾਨ ਹੋਏ ਸਨ, ਉਥੇ ਹੀ 2025 ਵਿੱਚ ਇਹ ਗਿਣਤੀ ਵਧ ਕੇ 20.47 ਲੱਖ ਹੋ ਗਈ, ਜੋ ਚਾਰ ਸਾਲਾਂ ਵਿੱਚ ਲਗਭਗ 38 ਗੁਣਾ ਵੱਧ ਹੈ। ਉਪਰੰਤ 2026 ਦੇ ਮਹਿਜ਼ ਸੱਤ ਮਹੀਨਿਆਂ ਅੰਦਰ ਹੀ ਇਹ ਅੰਕੜਾ ਮੁੜ ਦੁੱਗਣਾ ਹੋ ਕੇ 41.38 ਲੱਖ 'ਤੇ ਪਹੁੰਚ ਗਿਆ। ਇਸ ਸਖ਼ਤ ਕਾਰਵਾਈ ਦੇ ਪਿੱਛੇ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਹੈ, ਜਿੱਥੇ ਇੱਕ ਪਾਸੇ ਚਲਾਨ ਅਣਪ੍ਰਮਾਣਿਤ ਰਫ਼ਤਾਰ ਨਾਲ ਕੱਟੇ ਜਾ ਰਹੇ ਹਨ, ਉਥੇ ਦੂਜੇ ਪਾਸੇ ਜੁਰਮਾਨੇ ਦੀ ਵਸੂਲੀ ਉਸ ਹਿਸਾਬ ਨਾਲ ਨਹੀਂ ਹੋ ਰਹੀ। ਪਰਿਵਾਹਨ ਈ-ਚਲਾਨ ਪਲੇਟਫਾਰਮ 'ਤੇ ਮੌਜੂਦ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਪ੍ਰਤੀ ਚਲਾਨ ਔਸਤ ਵਸੂਲਿਆ ਗਿਆ ਮਾਲੀਆ 2024 ਵਿੱਚ 1,370 ਰੁਪਏ ਸੀ, ਜੋ 2025 ਵਿੱਚ ਘਟ ਕੇ 601 ਰੁਪਏ ਅਤੇ ਇਸ ਸਾਲ ਹੁਣ ਤੱਕ ਮਹਿਜ਼ 118 ਰੁਪਏ ਰਹਿ ਗਿਆ ਹੈ। ਦੋ ਸਾਲਾਂ ਅੰਦਰ ਇਸ ਵਿੱਚ 91 ਫ਼ੀਸਦੀ ਤੋਂ ਵੱਧ ਦਾ ਨਿਘਾਰ ਆਇਆ ਹੈ। ਸਾਲ 2026 ਵਿੱਚ ਚਲਾਨਾਂ ਦੀ ਗਿਣਤੀ ਦੁੱਗਣੀ ਹੋਣ ਦੇ ਬਾਵਜੂਦ ਆਮਦਨ ਵਿੱਚ 60 ਫ਼ੀਸਦੀ ਤੋਂ ਵੱਧ ਦੀ ਕਮੀ ਆਈ ਹੈ।

2025 ਵਿੱਚ ਪੰਜਾਬ ਨੇ 20,46,881 ਚਲਾਨ ਜਾਰੀ ਕੀਤੇ, ਜੋ ਕਿ ਪਿਛਲੇ ਸਾਲ ਦੇ ਕੁੱਲ ਅੰਕੜੇ ਨਾਲੋਂ ਪੰਜ ਗੁਣਾ ਤੋਂ ਵੀ ਵੱਧ ਸਨ, ਜਦੋਂ ਕਿ ਵਸੂਲੀ ਰਿਕਾਰਡ 123.04 ਕਰੋੜ 'ਤੇ ਪਹੁੰਚ ਗਈ, ਹਾਲਾਂ ਕਿ ਇਸ ਸਾਲ ਪਹਿਲੀ ਜਨਵਰੀ ਤੋਂ 6 ਅਗਸਤ ਦਰਮਿਆਨ, ਸੂਬਾ ਪਹਿਲਾਂ ਹੀ 41,37,775 ਚਲਾਨ ਜਾਰੀ ਕਰ ਚੁੱਕਾ ਹੈ, ਜੋ ਕਿ ਪੂਰੇ 2025 ਦੇ ਅੰਕੜੇ ਨਾਲੋਂ ਦੁੱਗਣੇ ਤੋਂ ਵੀ ਵੱਧ ਹੈ, ਪਰ ਵਸੂਲੀ ਸਿਰਫ਼ 49.02 ਕਰੋੜ ਰੁਪਏ ਹੀ ਹੋ ਸਕੀ ਹੈ।

MEHR CHAND POLYTECHNIC COLLEGE
ESTD. 1954
JALANDHAR (Govt. Aided DAV Institution)
• NBA Accredited Programs • Approved By AICTE, New Delhi
• Affiliated to Punjab State Board of Technical Education & Industrial Training, Chandigarh
COURSES OFFERED:
3 YEARS DIPLOMA (AFTER MATRIC)
• Civil Engg. • Electrical Engg.
• Mechanical Engg. • Elec. & Comm. Engg.
• Computer Science & Engg.
• Automobile Engg.
• Pharmacy Diploma (2 Years Diploma)
ADMISSION OPEN SESSION-2026-27
Only Few Vacant Seats Left
Seats also available for +2 pass, ITI/ Vocational pass under LEET
Scholarship Available for SC/ST & Economically Backward Students
Winner of Outstanding Polytechnic Award at National Level in 2025 from NITTTR, Chandigarh
mcpolyjal@yahoo.co.in www.mcpolyjal.com www.facebook.com\mcpolyjal
www.instagram.com\official_mehrchandpoly www.x.com\MehrChandPoly
0181-2250184, 98039-63928, 98786-01197
Dr. Jagroop Singh
Principal

## ਇੱਕੋ ਕਿਸਾਨ ਦੇ ਖੇਤਾਂ 'ਚੋਂ 10 ਦਿਨਾਂ 'ਚ 3 ਮੋਟਰਾਂ ਚੋਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਹੇਡੋਂ ਬੇਟ ਦੇ ਕਿਸਾਨ ਸੁਰਿੰਦਰ ਸਿੰਘ ਦੇ ਖੇਤਾਂ 'ਚੋਂ ਪਿਛਲੇ 10 ਦਿਨਾਂ ਅੰਦਰ 3 ਮੋਟਰਾਂ ਚੋਰੀ ਕਰ ਲਈਆਂ ਗਈਆਂ, ਜਿਸ ਕਾਰਨ ਉਸ ਦਾ ਭਾਰੀ ਆਰਥਿਕ ਨੁਕਸਾਨ ਹੋਇਆ। ਕਿਸਾਨ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਨੇੜਲੇ ਪਿੰਡ ਕੋਟਾਲਾ ਤੋਂ ਛੌੜੀਆਂ ਵਾਲੇ ਰੋਡ 'ਤੇ ਜ਼ਮੀਨ ਚਕੌਤੇ ਉੱਪਰ ਲਈ ਹੋਈ ਹੈ, ਜਿਸ ਵਿਚ ਝੋਨਾ ਲਗਾਇਆ ਹੈ। ਲੰਘੀ 9 ਤੇ 10 ਅਗਸਤ ਦੀ ਰਾਤ ਨੂੰ ਚੋਰ ਉਸ ਦੇ ਖੇਤਾਂ 'ਚੋਂ 2 ਮੋਟਰਾਂ ਚੋਰੀ ਕਰਕੇ ਲੈ ਗਏ, ਜਿਸ ਸਬੰਧੀ ਉਸ ਨੇ ਮਾਛੀਵਾੜਾ ਪੁਲਸ ਥਾਣਾ 'ਚ ਸ਼ਿਕਾਇਤ ਵੀ ਦਰਜ ਕਰਵਾਈ। ਕਿਸਾਨ ਨੇ ਦੱਸਿਆ ਕਿ ਅਜੇ ਇਹ ਚੋਰੀ ਦਾ ਮਾਮਲਾ ਸੁਲਝਿਆ ਨਹੀਂ ਸੀ ਕਿ ਰਾਤ ਫਿਰ ਚੋਰ ਉਸ ਦੇ ਖੇਤ 'ਚੋਂ ਇੱਕ ਹੋਰ ਮੋਟਰ ਚੋਰੀ ਕਰਕੇ ਲੈ ਗਏ। ਕਿਸਾਨ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਚੋਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਤੇ ਸਾਡੀਆਂ ਚੋਰੀ ਕੀਤੀਆਂ ਮੋਟਰਾਂ ਵਾਪਸ ਦਿਵਾਈਆਂ ਜਾਣ।

## ਹੈਰੀਟੇਜ ਸਟ੍ਰੀਟ 55 ਲੱਖ ਦੀ ਲਾਗਤ ਨਾਲ ਹੋਵੇਗੀ ਮੁੜ ਤਿਆਰ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿਛਲੇ ਲੰਬੇ ਸਮੇਂ ਤੋਂ ਲੋਕਾਂ ਲਈ ਸਰਾਪ ਬਣੀ ਹੈਰੀਟੇਜ ਸਟ੍ਰੀਟ ਮੁੜ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਮਿਹਨਤ ਸਦਕਾ ਵਰਦਾਨ ਬਣਨ ਜਾ ਰਹੀ ਹੈ।ਆਲੇ ਦੁਆਲੇ ਦੇ ਲੋਕਾਂ ਦੀ ਮੰਗ ਤੋਂ ਬਾਅਦ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਨੇ ਇਸ ਹੈਰੀਟੇਜ ਸਟ੍ਰੀਟ ਨੂੰ ਸੀਮੈਂਟਡ ਬਣਾਉਣ ਲਈ ਇਸ ਦਾ ਕੰਮ ਸ਼ੁੱਕਰਵਾਰ ਸ਼ੁਰੂ ਕਰਵਾ ਦਿੱਤਾ ਹੈ।ਇਸ ਉੱਪਰ 55 ਲੱਖ ਰੁਪਏ ਲੱਗਣਗੇ।ਹੈਰੀਟੇਟ ਸਟ੍ਰੀਟ ਦੇ ਨਾਮ 'ਤੇ ਕਾਂਗਰਸ ਸਰਕਾਰ ਨੇ ਲੱਖਾਂ ਰੁਪਏ ਖਰਾਬ ਕੀਤੇ, ਲੱਖਾਂ ਰੁਪਏ ਦੇ ਘੋਟਾਲੇ ਹੋਏ ਤੇ ਲੋਕਾਂ ਨੇ ਪਿਛਲੇ 6 ਸਾਲ ਇਸ ਦਾ ਨਰਕ ਭੋਗਿਆ।ਹੁਣ ਸੀਮੈਂਟਡ ਸੜਕ ਬਣਨ ਨਾਲ ਇਸ ਦਾ ਨਰਕ ਨਿਕਲ ਜਾਵੇਗਾ।ਅੱਜ ਇਨ੍ਹਾਂ ਟਾਈਲਾਂ ਨੂੰ ਪੁੱਟ ਕੇ ਸੀਮੈਂਟਡ ਸੜਕ ਬਣਾਉਣ ਦਾ ਉਦਘਾਟਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਮੇਅਰ ਕੁੰਦਨ ਗੋਗੀਆ ਸਮੇਤ ਕਮਿਸ਼ਨਰ ਸ੍ਰੀਮਤੀ ਪੂਜਾ ਗਰੇਵਾਲ ਵੱਲੋਂ ਕੀਤਾ ਗਿਆ।ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਵਾਸੀਆਂ ਲਈ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਕੋਈ ਸਮਝੌਤਾ ਨਹੀਂ ਹੋਵੇਗਾ।ਉਨ੍ਹਾਂ ਕਿਹਾ ਕਿ ਅਸੀਂ ਸਾਰੇ ਠੇਕੇਦਾਰਾਂ ਨੂੰ ਹਦਾਇਤ ਕੀਤੀ ਹੈ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹੋਏ ਹਨ ਕਿ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਹੋਵੇ ਤੇ ਕਾਰਜ ਕਰਨ ਲਈ ਪਾਏ ਜਾ ਰਹੇ ਮਟੀਰੀਅਲ ਵਿੱਚ ਕੋਈ ਸਮਝੌਤਾ ਨਹੀਂ ਹੋਵੇਗਾ।ਜੇਕਰ ਘਟੀਆ ਮਟੀਰੀਅਲ ਜਾਂ ਕੋਈ ਕਮੀ ਹੋਵੇਗੀ ਤਾਂ ਤੁਰੰਤ ਸਖ਼ਤ ਐਕਸ਼ਨ ਲਿਆ ਜਾਵੇਗਾ।

## ਸੀ ਪੀ ਐੱਫ ਕਰਮਚਾਰੀਆਂ ਸਤੌਜ ਰੈਲੀ ਦੀ ਕੀਤੀ ਤਿਆਰੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਤਹਿਸੀਲ ਗੁਰੂ ਹਰਸਹਾਏ ਦੀ ਅਹਿਮ ਮੀਟਿੰਗ ਰੇਲਵੇ ਪਾਰਕ ਗੁਰੂ ਹਰਸਹਾਏ ਵਿਖੇ ਹੋਈ।ਇਹ ਮੀਟਿੰਗ 23 ਅਗਸਤ ਨੂੰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਦੇ ਸਬੰਧੀ ਹੋਣ ਵਾਲੀ ਰੈਲੀ 'ਤੇ ਜਾਣ ਦੇ ਸਬੰਧ ਵਿੱਚ ਕੀਤੀ ਗਈ।ਇਸ ਮੀਟਿੰਗ ਵਿੱਚ ਆਗੂ ਸਾਹਿਬਾਨ ਨੇ ਰੈਲੀ ਤੇ ਜਾਣ ਸੰਬੰਧੀ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ।ਗੁਰਜੰਟ ਸਿੰਘ ਯੂਨੀਅਕ ਸਹਾਇਕ ਤਹਿਸੀਲ ਗੁਰੂ ਹਰਸਹਾਏ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਨਵੀਂ ਪੈਨਸ਼ਨ ਅਧੀਨ ਕਵਰ ਹੁੰਦੇ ਸਾਰੇ ਹੀ ਮੁਲਾਜ਼ਮਾਂ ਨੂੰ ਆਪਣੇ ਪਰਵਾਰਾਂ ਸਮੇਤ ਰੈਲੀ ਵਿੱਚ ਜਾਣਾ ਚਾਹੀਦਾ ਹੈ।ਮੈਡਮ ਅਮਰਜੀਤ ਨੇ ਕਿਹਾ ਕਿ ਸਰਕਾਰਾਂ ਨੇ ਸਾਡੀ ਪੁਰਾਣੀ ਪੈਨਸ਼ਨ ਦਾ ਹੱਕ ਸਾਡੇ ਤੋਂ ਖੋਹ ਲਿਆ ਹੈ।ਵਿਪਨ ਲੋਟਾ ਨੇ ਦੱਸਿਆ ਕਿ ਰੈਲੀ 'ਤੇ ਜਾਣ ਲਈ ਗੁਰੂ ਹਰਸਹਾਏ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਜਾਣਗੇ।ਜਸਪਾਲ ਸਿੰਘ ਹੈੱਡ ਟੀਚਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਨਵੀਂ ਪੈਨਸ਼ਨ ਸਕੀਮ ਬਹੁਤ ਵਧੀਆ ਹੈ ਤਾਂ ਐੱਮ. ਐੱਲ. ਏ. ਤੇ ਮੈਂਬਰ ਪਾਰਲੀਮੈਂਟ 'ਤੇ ਵੀ ਲਾਗੂ ਹੋਵੇ।ਅਧਿਆਪਕ ਆਗੂ ਸਤਨਾਮ ਚਾਂਦੀ ਤੇ ਸੰਪੂਰਨ ਵਿਰਕ ਨੇ ਰੈਲੀ 'ਤੇ ਜਾਣ ਸਬੰਧੀ ਰੂਪ-ਰੇਖਾ ਸਾਂਝੀ ਕੀਤੀ।ਇਸ ਮੌਕੇ ਜਤਿਨ ਕੁਮਾਰ, ਵਿਜੈ ਬੱਬਰ, ਬਿੰਦਰ ਵੜਵਾਲ, ਜੀਵਨ ਸਿੰਘ, ਜਸਵੰਤ ਲਖਮੀਰਪੁਰਾ ਆਦਿ ਹਾਜ਼ਰ ਸਨ।

## ਰਾਜ ਪੱਧਰੀ ਐੱਨ ਜੀ ਓ ਕਾਨਫਰੰਸ 'ਚ ਨੇਕੀ ਫਾਊਂਡੇਸ਼ਨ ਨੇ ਉਠਾਈ ਲੋਕਾਂ ਦੀ ਆਵਾਜ਼



**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ ਵੱਲੋਂ ਮਿਉਂਸਪਲ ਭਵਨ ਚੰਡੀਗੜ੍ਹ ਵਿਖੇ ਕਰਵਾਈ ਗਈ ਰਾਜ ਪੱਧਰੀ ਐੱਨ.ਜੀ.ਓ. ਕਾਨਫਰੰਸ ਵਿੱਚ ਨੇਕੀ ਫਾਊਂਡੇਸ਼ਨ ਬੁਢਲਾਡਾ ਨੇ ਜ਼ਿਲ੍ਹਾ ਮਾਨਸਾ ਵੱਲੋਂ ਡੈਲੀਗੇਟ ਵਜੋਂ ਸ਼ਮੂਲੀਅਤ ਕਰਦਿਆਂ ਸਮਾਜਿਕ ਤੇ ਸਿਹਤ ਸੇਵਾਵਾਂ ਨਾਲ ਜੁੜੇ ਅਹਿਮ ਮੁੱਦੇ ਜ਼ੋਰਦਾਰ ਢੰਗ ਨਾਲ ਉਠਾਏ।ਕਾਨਫਰੰਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਤੇ ਡੈਲੀਗੇਟ ਪਹੁੰਚੇ।ਇਸ ਮੌਕੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਵੱਲੋਂ ਨੇਕੀ ਫਾਊਂਡੇਸ਼ਨ ਦੀਆਂ ਸਮਾਜ ਸੇਵੀ ਤੇ ਖੂਨਦਾਨ ਨਾਲ ਸਬੰਧਤ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਸੰਸਥਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਕਾਨਫਰੰਸ ਦੌਰਾਨ ਨੇਕੀ ਫਾਊਂਡੇਸ਼ਨ ਵੱਲੋਂ ਮੰਗ ਰੱਖੀ ਗਈ ਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਲਗਾਏ ਜਾਂਦੇ ਖੂਨਦਾਨ ਕੈਂਪਾਂ ਲਈ ਸਰਕਾਰ ਵੱਧ ਤੋਂ ਵੱਧ ਸਹਿਯੋਗ ਯਕੀਨੀ ਬਣਾਵੇ।ਨੇਕੀ ਫਾਊਂਡੇਸ਼ਨ ਨੇ ਇਹ ਵੀ ਮੰਗ ਕੀਤੀ ਕਿ ਪ੍ਰਾਈਵੇਟ ਹਸਪਤਾਲਾਂ ਦੇ ਮਰੀਜ਼ਾਂ ਲਈ ਖ਼ੂਨ ਦੇ ਯੂਨਿਟ ਨਾਲ ਸਬੰਧਤ ਵਧਾਈ ਗਈ ਫੀਸ 'ਤੇ ਮੁੜ ਵਿਚਾਰ ਕੀਤਾ ਜਾਵੇ ਤੇ ਇਸ ਨੂੰ ਵਾਪਸ ਪਹਿਲਾਂ ਵਾਲੇ ਪੱਧਰ 'ਤੇ ਲਿਆਂਦਾ ਜਾਵੇ।ਇਸ ਦੌਰਾਨ ਵੱਖ-ਵੱਖ ਐੱਨ.ਜੀ.ਓਜ਼ ਵੱਲੋਂ ਆਪਣੇ ਤਜਰਬੇ ਤੇ ਸੁਝਾਅ ਸਾਂਝੇ ਕੀਤੇ ਗਏ।ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਕਾਨਫਰੰਸ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਨਾਲ ਜੁੜੇ ਮੁੱਦੇ ਉਠਾਉਣ ਨੂੰ ਸਮਾਜ ਸੇਵਾ ਦੇ ਨਾਲ-ਨਾਲ ਨੀਤੀ ਪੱਧਰ 'ਤੇ ਲੋਕਾਂ ਦੀ ਆਵਾਜ਼ ਬਣਨ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

## ਬ੍ਰਹਮਕੁਮਾਰੀਜ਼ ਆਸ਼ਰਮ ਵੱਲੋਂ ਪੱਤਰਕਾਰਾਂ ਨੂੰ ਰੱਖੜੀ ਬੰਨ੍ਹ ਕੇ ਕੀਤਾ ਸਨਮਾਨਤ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਬ੍ਰਹਮਕੁਮਾਰੀਜ਼ ਆਸ਼ਰਮ ਵਿਖੇ ਸੰਸਥਾ ਵੱਲੋਂ ਪੱਤਰਕਾਰ ਭਾਈਚਾਰੇ ਲਈ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ।ਇਸ ਮੌਕੇ ਆਸ਼ਰਮ ਦੀ ਮੁੱਖ ਸੰਚਾਲਿਕਾ ਬੀ ਕੇ ਮੀਰਾਂ ਦੀਦੀ ਨੇ ਪੱਤਰਕਾਰਾਂ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਨੂੰ ਮਹਾਨ ਸੇਵਾ ਦੱਸਦਿਆਂ ਕਿਹਾ ਕਿ ਪੱਤਰਕਾਰ ਦੇਸ਼ ਦੇ ਲੋਕਾਂ ਨੂੰ ਸਹੀ ਦਿਸ਼ਾ ਦੇਣ, ਲੋਕਾਂ ਦੇ ਮਸਲੇ ਉਠਾ ਕੇ ਸਮਾਜ ਨੂੰ ਜਾਗਰੂਕ ਕਰਕੇ ਆਪਣਾ ਫਰਜ਼ ਪੂਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਬ੍ਰਹਮਕੁਮਾਰੀ ਸੰਸਥਾ ਵੀ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਕੇ ਆਪਸੀ ਪਿਆਰ ਵੰਡ ਕੇ ਆਪਣੀ ਸੇਵਾ ਨਿਭਾ ਰਹੀ ਹੈ। ਉਨ੍ਹਾਂ ਰੱਖੜੀ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਰੱਖੜੀ ਦਾ ਤਿਉਹਾਰ ਭੈਣ ਭਾਈ ਦੇ ਪ੍ਰੇਮ ਤੇ ਸੁਰੱਖਿਆ ਦਾ ਪਰਵ ਹੀ ਨਹੀਂ, ਬਲਕਿ ਇਹ ਸਾਨੂੰ ਪਵਿੱਤਰਤਾ, ਪ੍ਰੇਮ, ਸਨਮਾਨ ਤੇ ਚੰਗੇ ਕੰਮਾਂ ਦੀ ਰੱਖਿਆ ਕਰਨ ਦਾ ਸੰਦੇਸ਼ ਦਿੰਦਾ ਹੈ।ਉਨ੍ਹਾਂ ਕਿਹਾ ਕਿ ਇਸ ਪਵਿੱਤਰ ਮੌਕੇ ਸੰਸਥਾ ਦੀਆਂ ਭੈਣਾਂ ਵੱਖ ਵੱਖ ਵਰਗਾਂ ਦੇ ਲੋਕਾਂ ਦੇ ਰੱਖੜੀ ਬੰਨ ਕੇ ਸੰਦੇਸ਼ ਦੇ ਰਹੀਆਂ ਹਨ ਕਿ ਉਹ ਆਪਣੇ ਜੀਵਨ ਵਿੱਚ ਨਸ਼ਾ ਮੁਕਤ ਤਣਾਉ ਮੁਕਤ ਤੇ ਆਪਣੇ ਅੰਦਰ ਉਸਾਰੂ ਚੰਗੀ ਸੋਚ ਪੈਦਾ ਕਰਕੇ ਆਪਣੇ ਮਨ, ਵਿਚਾਰ ਤੇ ਕਰਮਾਂ ਦੀ ਪਵਿੱਤਰਤਾ ਦੀ ਰਾਖੀ ਕਰਨ।ਇਸ ਮੌਕੇ ਸਾਰੇ ਪੱਤਰਕਾਰਾਂ ਦੇ ਰੱਖੜੀ ਬੰਨ੍ਹ ਕੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸਿਟੀ ਮੀਡੀਆ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ, ਸ੍ਰਪਰਸਤ ਕ੍ਰਿਸ਼ਨ ਸੰਦੋਹਾ, ਅਜੈਬ ਸਿੰਘ ਮੋਰਾਂਵਾਲੀ, ਸ਼ੈਲੀ ਬਾਂਸਲ, ਯਾਦਵਿੰਦਰ ਲਾਲੀ, ਜਗਰਾਜ ਸਿੰਘ, ਰਮੇਸ਼ ਗਰਗ ਤੇ ਆਸ਼ੂ ਡੋਗਰਾ, ਬੀ ਕੇ ਮੀਰਾਂ ਦੀਦੀ, ਬੀ ਕੇ ਮਾਧੁਰੀ ਦੀਦੀ, ਕੰਚਨ ਦੀਦੀ, ਕ੍ਰਿਸ਼ਨ ਚੰਦ ਆਦਿ ਹਾਜ਼ਰ ਸਨ।

## ਫਰੀਦਕੋਟ ਵਾਸੀਆਂ ਦੇ ਲੰਬਿਤ ਸਰਕਾਰੀ ਕੰਮਾਂ ਦੀ ਪੈਰਵੀ ਲਈ ਸੱਚਰ ਵੱਲੋਂ ਵਿਸ਼ੇਸ਼ ਮੁਹਿੰਮ

### 31 ਅਗਸਤ ਤੱਕ ਅਰਜ਼ੀਆਂ ਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਅਪੀਲ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਮਾਜ ਸੇਵੀ ਅਰਸ਼ ਸੱਚਰ ਵੱਲੋਂ ਫਰੀਦਕੋਟ ਵਾਸੀਆਂ ਦੇ ਲੰਬੇ ਸਮੇਂ ਤੋਂ ਪੈਂਡਿੰਗ ਪਏ ਜਾਇਜ਼ ਸਰਕਾਰੀ ਕੰਮਾਂ ਦੀ ਪੈਰਵੀ ਲਈ ਵਿਸ਼ੇਸ਼ ਲੋਕ-ਸੇਵਾ ਮੁਹਿੰਮ ਸ਼ੁਰੂ ਕੀਤੀ ਗਈ ਹੈ।ਅਰਸ਼ ਸੱਚਰ ਨੇ ਫਰੀਦਕੋਟ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦਾ ਕਿਸੇ ਸਰਕਾਰੀ ਵਿਭਾਗ ਨਾਲ ਸੰਬੰਧਤ ਕੋਈ ਜਾਇਜ਼ ਕੰਮ ਲੰਬੇ ਸਮੇਂ ਤੋਂ ਪੈਂਡਿੰਗ ਹੈ ਜਾਂ ਉਨ੍ਹਾਂ ਨੂੰ ਕੰਮ ਕਰਵਾਉਣ ਲਈ ਵਾਰ-ਵਾਰ ਦਫ਼ਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ, ਤਾਂ ਉਹ ਆਪਣੀ ਅਰਜ਼ੀ ਤੇ ਸੰਬੰਧਤ ਦਸਤਾਵੇਜ਼ਾਂ ਦੀਆਂ ਕਾਪੀਆਂ 31 ਅਗਸਤ 2026 ਤੱਕ ਉਨ੍ਹਾਂ ਕੋਲ ਜਮ੍ਹਾਂ ਕਰਵਾ ਸਕਦੇ ਹਨ।ਇਸ ਮੁਹਿੰਮ ਅਧੀਨ ਮਾਲ ਵਿਭਾਗ ਤੇ ਪਟਵਾਰਖਾਨਾ, ਨਗਰ ਕੌਂਸਲ, ਪੇਂਡੂ ਵਿਕਾਸ ਤੇ ਪੰਚਾਇਤ, ਜਲ ਸਪਲਾਈ ਤੇ ਸੈਨੀਟੇਸ਼ਨ, ਸਿਹਤ, ਸਿੱਖਿਆ, ਖੇਤੀਬਾੜੀ, ਨਹਿਰੀ ਤੇ ਸਿੰਚਾਈ, ਸਮਾਜਿਕ ਸੁਰੱਖਿਆ ਤੇ ਪੈਨਸ਼ਨ, ਬਿਜਲੀ, ਸੇਵਾ ਕੇਂਦਰ ਸਮੇਤ ਹੋਰ ਲੋਕ-ਸੇਵਾਵਾਂ ਨਾਲ ਸਬੰਧਤ ਜਾਇਜ਼ ਮਾਮਲੇ ਲਏ ਜਾਣਗੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਤੇ ਸੁਖਾਲੀਆਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਇਸੇ ਲੋਕ-ਸੇਵਾ ਦੀ ਭਾਵਨਾ ਤਹਿਤ ਲੋਕਾਂ ਤੇ ਸਰਕਾਰੀ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਬਣਾਉਣ ਤੇ ਜਾਇਜ਼ ਲੰਬਿਤ ਮਾਮਲਿਆਂ ਨੂੰ ਸਬੰਧਤ ਅਧਿਕਾਰੀਆਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

## ਉਸਾਰੀ ਕਿਰਤੀਆਂ ਦੀਆਂ ਭਲਾਈ ਸਕੀਮਾਂ ਦਾ ਪੈਸਾ ਰੋਕਣਾ ਸਿੱਧਾ ਧੋਖਾ : ਸੀਟੂ

**■ ਲਾਭ ਰੋਕਣ ਖ਼ਿਲਾਫ਼ ਸੂਬਾ ਪੱਧਰੀ ਸੰਘਰਸ਼ ਵਿੱਢਣ ਦੀ ਚਿਤਾਵਨੀ**



**ਰਾਏਕੋਟ (ਸੰਤੋਖ ਗਿੱਲ)**-ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਦੇ ਆਗੂਆਂ ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਉਪਰ ਦੋਸ਼ ਲਾਇਆ ਹੈ ਕਿ ਬਿਲਡਿੰਗ ਤੇ ਹੋਰ ਉਸਾਰੀ ਕਾਮਿਆਂ ਦੇ ਭਲਾਈ ਬੋਰਡ ਨਾਲ ਜੁੜੇ ਉਸਾਰੀ ਕਿਰਤੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਦੀ ਵੱਡੀ ਰਕਮ ਰਾਜਨੀਤਕ ਲਾਭ ਲਈ ਵਰਤਣ ਦੀਆਂ ਵਿਉਂਤਾਂ ਬਣਾਉਣ ਲੱਗੀ ਹੈ, ਜੋ ਮਜ਼ਦੂਰ ਜਮਾਤ ਨਾਲ ਸਿੱਧਾ ਧੋਖਾ ਹੈ। ਯੂਨੀਅਨ ਦੇ ਸੂਬਾਈ ਪ੍ਰਧਾਨ ਦਲਜੀਤ ਕੁਮਾਰ ਗੋਰਾ, ਸੀਨੀਅਰ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਉੱਡਤ ਤੇ ਜਨਰਲ ਸਕੱਤਰ ਨਾਇਬ ਸਿੰਘ ਲੋਚਮਾ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸੂਬਾ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸਾਰੀ ਕਿਰਤੀਆਂ ਦੇ ਰੋਕੇ ਹੋਏ ਲਾਭ ਤੁਰੰਤ ਜਾਰੀ ਨਾ ਕੀਤੇ ਗਏ ਤਾਂ ਜਥੇਬੰਦੀ ਸੂਬਾ ਪੱਧਰ 'ਤੇ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਹ ਦਾਅ ਪੁੱਠਾ ਵੀ ਪੈ ਸਕਦਾ ਹੈ।ਆਗੂਆਂ ਨੇ ਕਿਹਾ ਕਿ ਪਿਛਲੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਮਿਹਨਤਕਸ਼ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਪਰ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਨੇ ਇਨ੍ਹਾਂ ਵਾਅਦਿਆਂ ਦੀ ਹਕੀਕਤ ਸਾਹਮਣੇ ਲਿਆ ਦਿੱਤੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਉਸਾਰੀ ਕਿਰਤੀਆਂ ਲਈ ਲਾਲ ਝੰਡੇ ਦੀਆਂ ਜਥੇਬੰਦੀਆਂ ਦੇ ਲੰਮੇ ਸੰਘਰਸ਼ ਬਾਅਦ 1996 ਦੇ ਕਾਨੂੰਨ ਨੂੰ ਵੀ ਸਰਕਾਰ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਬੋਰਡ ਵਿੱਚ ਰਜਿਸਟਰਡ ਕਾਮਿਆਂ ਨੂੰ ਮਿਲਣ ਵਾਲੀਆਂ ਸਕੀਮਾਂ ਦੀ ਰਕਮ ਰੋਕ ਕੇ ਰਾਜਸੀ ਲਾਹਾ ਲੈਣ ਲਈ ਖ਼ਰਚਣ ਦੀਆਂ ਵਿਉਂਤਾਂ ਬਣਾਉਣ ਲੱਗੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਮਜ਼ਦੂਰਾਂ ਦੀ ਉਜ਼ਰਤ ਵਿੱਚ ਕੱਟੀ ਰਕਮ ਨੂੰ ਹੋਰ ਕੰਮਾਂ ਲਈ ਕਿਸੇ ਸੂਰਤ ਨਹੀਂ ਵਰਤ ਸਕਦੀ। ਸੀਟੂ ਆਗੂਆਂ ਨੇ ਸਰਕਾਰ 'ਤੇ ਸਿਆਸੀ ਲਾਭ ਲਈ ਮਜ਼ਦੂਰਾਂ ਦੇ ਹੱਕਾਂ ਨਾਲ ਖਿਲਵਾੜ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਸਾਰੀ ਕਿਰਤੀਆਂ ਦੇ ਪੈਸੇ ਨੂੰ ਕਿਸੇ ਵੀ ਹੋਰ ਮੰਤਵ ਲਈ ਵਰਤਣ ਜਾਂ ਰੋਕਣ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਸਪਸ਼ਟ ਕੀਤਾ ਕਿ ਮਜ਼ਦੂਰਾਂ ਦੇ ਹੱਕਾਂ ਲਈ ਬਣਿਆ ਕਾਨੂੰਨ ਤੇ ਭਲਾਈ ਫ਼ੰਡ ਕਿਸੇ ਸਰਕਾਰ ਦੀ ਮਿਹਰਬਾਨੀ ਨਹੀਂ, ਬਲਕਿ ਕਿਰਤੀਆਂ ਦਾ ਕਾਨੂੰਨੀ ਹੱਕ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਵਿਸ਼ਵਾਸਘਾਤ ਪੰਜਾਬ ਸਰਕਾਰ ਦੀ ਸਿਆਸੀ ਸਾਖ ਲਈ 'ਆਖ਼ਰੀ ਕਿੱਲ' ਸਾਬਿਤ ਹੋ ਸਕਦਾ ਹੈ।

## ਕੰਪਿਊਟਰ ਟੀਚਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਕੰਪਿਊਟਰ ਟੀਚਰ ਯੂਨੀਅਨ ਪੰਜਾਬ ਦੇ ਸੱਦੇ 'ਤੇ ਵੱਡੀ ਗਿਣਤੀ 'ਚ ਕੰਪਿਊਟਰ ਅਧਿਆਪਕਾਂ ਨੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਵਿਭਾਗੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਘਨ੍ਹੱਈਆ ਚੌਕ ਵਿਖੇ ਜ਼ੋਰਦਾਰ ਰੋਸ ਧਰਨਾ ਦਿੱਤਾ।ਇਸ ਦੌਰਾਨ ਅਧਿਆਪਕਾਂ ਨੇ ਸਰਕਾਰ ਦੀ ਅਣਦੇਖੀ ਤੇ ਵਾਅਦਾਖ਼ਿਲਾਫ਼ੀ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਰੋਸ ਦੇ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਆਗੂਆਂ ਨੇ ਦੱਸਿਆ ਕਿ ਕੰਪਿਊਟਰ ਅਧਿਆਪਕ ਪਿਛਲੇ ਲੰਮੇ ਸਮੇਂ ਤੋਂ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਪੂਰੀ ਇਮਾਨਦਾਰੀ ਨਾਲ ਦੇ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਵਾਰ-ਵਾਰ ਮੀਟਿੰਗਾਂ ਤੇ ਭਰੋਸਿਆਂ ਦੇ ਬਾਵਜੂਦ ਮਸਲੇ ਹੱਲ ਨਾ ਹੋਣ ਕਾਰਨ ਅਧਿਆਪਕਾਂ ਵਿੱਚ ਭਾਰੀ ਨਿਰਾਸ਼ਾ ਤੇ ਗੁੱਸਾ ਹੈ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਜਲਦ ਹੀ ਉਨ੍ਹਾਂ ਦੀਆਂ ਮੰਗਾਂ ਦਾ ਸਥਾਈ ਹੱਲ ਨਾ ਕੀਤਾ, ਤਾਂ ਯੂਨੀਅਨ ਆਉਣ ਵਾਲੇ ਦਿਨਾਂ ਵਿੱਚ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਵੇਗੀ, ਜਿਸ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ।ਇਸ ਸਮੇਂ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਜਨਰਲ ਸੈਕਟਰੀ ਕੁਲਦੀਪ ਸਿੰਘ ਚਹਿਲ, ਜ਼ਿਲ੍ਹਾ ਮੀਤ ਪ੍ਰਧਾਨ ਸੁਖਜਿੰਦਰ ਕੌਰ, ਸੁਨੀਤਾ ਰਾਣੀ, ਕਰਮਜੀਤ ਕੌਰ, ਵਨੀਸ਼ ਮੋਗਾ, ਨਰਪਿੰਦਰਜੀਤ ਸ਼ਰਮਾ, ਕੁਲਵਿੰਦਰ ਬਰਾੜ ਆਦਿ ਹਾਜ਼ਰ ਸਨ।

## ਅੱਧਾ ਕਿੱਲੋ ਤੋਂ ਵਧੇਰੇ ਹੈਰੋਇਨ ਸਮੇਤ ਦੋ ਔਰਤਾਂ ਸਣੇ ਚਾਰ ਤਸਕਰ ਗ੍ਰਿਫ਼ਤਾਰ

**ਰਾਏਕੋਟ (ਸੰਤੋਖ ਗਿੱਲ)**-ਨਸ਼ਾ ਤਸਕਰੀ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਲੁਧਿਆਣਾ (ਦਿਹਾਤੀ) ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਅੱਧਾ ਕਿੱਲੋਗਰਾਮ ਤੋਂ ਵਧੇਰੇ ਹੈਰੋਇਨ ਸਮੇਤ ਚਾਰ ਕਥਿਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਗ੍ਰਿਫ਼ਤਾਰ ਮੁਲਜ਼ਮਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ।ਗ੍ਰਿਫ਼ਤਾਰ ਮੁਲਜ਼ਮਾਂ ਦੀ ਪਹਿਚਾਣ ਜਗਰਾਉਂ ਨੇੜਲੇ ਪਿੰਡ ਚਚਰਾੜੀ ਵਾਸੀ ਕਿਰਨਦੀਪ ਸਿੰਘ ਉਰਫ਼ ਕਿਰਨ, ਜਗਦੀਪ ਸਿੰਘ ਉਰਫ਼ ਜੱਗਾ ਵਾਸੀ ਮਜੀਠਾ ਰੋਡ, ਨੌਸ਼ਹਿਰਾ (ਅੰਮ੍ਰਿਤਸਰ), ਪੂਜਾ ਰਾਣੀ ਵਾਸੀ ਸ਼ਿਮਲਾਪੁਰੀ, ਹਾਲ ਵਾਸੀ ਚੀਫ਼ ਡੇਅਰੀ, ਨਵੀਂ ਕਾਲੋਨੀ ਲੁਧਿਆਣਾ ਤੇ ਸੋਨੀਆ ਰਾਣੀ ਵਾਸੀ ਚੌਂਕ ਬੱਸੀ ਦੌਲਤ ਖਾਂ ਹੁਸ਼ਿਆਰਪੁਰ ਵਜੋਂ ਹੋਈ ਹੈ।ਇਸ ਸਬੰਧੀ ਨਸ਼ਾ ਤਸਕਰੀ ਰੋਕੂ ਕਾਨੂੰਨ ਦੀ ਧਾਰਾ 21 (ਸੀ), 25, 61, 85 ਤਹਿਤ ਥਾਣਾ ਜੋਧਾਂ ਵਿੱਚ ਕੇਸ ਦਰਜ ਕੀਤਾ ਗਿਆ ਹੈ।ਮੁਲਜ਼ਮਾਂ ਕੋਲੋਂ ਇੱਕ ਐਕਟਿਵਾ ਸਕੂਟੀ ਵੀ ਜ਼ਬਤ ਕੀਤੀ ਹੈ।ਜਗਦੀਪ ਸਿੰਘ ਉਰਫ਼ ਜੱਗਾ ਜ਼ਿਲ੍ਹਾ ਅੰਮ੍ਰਿਤਸਰ ਕੌਮਾਂਤਰੀ ਸਰਹੱਦ ਨਾਲ ਤਾਰ ਜੁੜੇ ਹੋਣ ਕਾਰਨ ਪੁਲਸ ਹੋਰ ਵਧੇਰੇ ਚੌਕੰਨੀ ਹੋ ਗਈ ਹੈ।ਥਾਣਾ ਜੋਧਾਂ ਦੀ ਮੁਖੀ ਇੰਸਪੈਕਟਰ ਕਿਰਨਦੀਪ ਕੌਰ ਅਨੁਸਾਰ ਪੁਲਸ ਪਾਰਟੀ ਵੱਲੋਂ ਨਾਰੰਗਵਾਲ ਚੌਕ ਜੋਧਾਂ ਵਿੱਚ ਵਿਸ਼ੇਸ਼ ਨਾਕਾਬੰਦੀ ਦੌਰਾਨ ਪੁਲਸ ਨੂੰ ਪੱਕੀ ਸੂਚਨਾ ਮਿਲੀ ਸੀ ਕਿ ਮੁਲਜ਼ਮ ਸ਼ਹਿਜ਼ਾਦਾ ਪਿੰਡ ਦੀ ਸੁੰਨਸਾਨ ਸਿੰਗਲਾ ਕਾਲੋਨੀ ਵਿੱਚ ਹੈਰੋਇਨ ਦੀ ਵੱਡੀ ਖੇਪ ਦੀ ਸਪਲਾਈ ਦੇਣ ਲਈ ਪਹੁੰਚੇ ਹਨ। ਹੋਰ ਵਧੇਰੇ ਪੁਲਸ ਫੋਰਸ ਦਾ ਪ੍ਰਬੰਧ ਕਰ ਕੇ ਸਖ਼ਤ ਨਾਕਾਬੰਦੀ ਤਹਿਤ ਇਹ ਕਾਰਵਾਈ ਸਿਰੇ ਚਾੜ੍ਹੀ ਗਈ। ਪੁਲਸ ਅਨੁਸਾਰ ਮੁੱਢਲੀ ਜਾਂਚ ਵਿੱਚ ਇਸ ਕਥਿਤ ਤਸਕਰ ਗਰੋਹ ਦੇ ਲੁਧਿਆਣਾ ਸਮੇਤ ਹੋਰ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰੀ ਦੇ ਤਾਰ ਜੁੜੇ ਹਨ।ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਪੁੱਛਗਿੱਛ ਜਾਰੀ ਹੈ।ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਮੁਖੀ ਡਾ. ਅੰਕੁਰ ਗੁਪਤਾ ਮਾਮਲੇ ਦੀ ਖ਼ੁਦ ਨਿਗਰਾਨੀ ਕਰ ਰਹੇ ਹਨ।ਰਿਮਾਂਡ ਦੌਰਾਨ ਨਸ਼ਾ ਕਿੱਥੋਂ ਲਿਆਂਦਾ ਤੇ ਕਿੱਥੇ ਕਿੱਥੇ ਸਪਲਾਈ ਕੀਤਾ ਜਾਣਾ ਸੀ ਤੇ ਹੋਰ ਕਿਹੜੇ ਲੋਕ ਇਸ ਲੜੀ ਦਾ ਹਿੱਸਾ ਹਨ, ਬਾਰੇ ਪਤਾ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

## ਸਾਧੂ ਨਗਰ, ਕਪੂਰੀ ਤੇ ਅਲੀਪੁਰ ਦੇ ਸੈਂਕੜੇ ਆਗੂ ਤੇ ਪਰਵਾਰ 'ਆਪ' 'ਚ ਸ਼ਾਮਲ

**ਪਾਰਟੀ 'ਚ ਸ਼ਾਮਲ ਆਗੂਆਂ ਨੂੰ ਬਣਦਾ ਮਾਣ-ਸਤਿਕਾਰ ਮਿਲੇਗਾ : ਹਡਾਣਾ**



**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਪਿੰਡ ਸਾਧੂ ਨਗਰ, ਕਪੂਰੀ ਤੇ ਅਲੀਪੁਰ ਵਜ਼ੀਰ ਸਾਹਿਬ ਵਿਖੇ ਵਿਸ਼ੇਸ਼ 'ਲੋਕ ਮਿਲਣੀ' ਪ੍ਰੋਗਰਾਮ ਕੀਤੇ ਗਏ।ਇਸ ਦੌਰਾਨ ਰਵਾਇਤੀ ਪਾਰਟੀਆਂ ਨੂੰ ਉਸ ਵੇਲੇ ਵੱਡਾ ਸਿਆਸੀ ਝਟਕਾ ਲੱਗਾ, ਜਦੋਂ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਸੈਂਕੜੇ ਆਗੂ, ਵਰਕਰ ਤੇ ਪਰਵਾਰ ਬਲਦੇਵ ਸਿੰਘ ਚੇਅਰਮੈਨ ਤੇ ਵਾਈਸ ਚੇਅਰਮੈਨ ਸਿਮਰਜੀਤ ਸੋਹਲ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਦਾ ਸਿਰੋਪਾਓ ਭੇਟ ਕਰਕੇ ਨਿੱਘਾ ਸਵਾਗਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਲਖਵੀਰ ਸਿੰਘ ਲੱਖੀ ਸੀਨੀਅਰ ਵਾਈਸ ਪ੍ਰਧਾਨ, ਗੁਰਮੇਲ ਸਿੰਘ ਬਲਾਕ ਪ੍ਰਧਾਨ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ ਮੈਂਬਰ ਬਲਾਕ ਸੰਮਤੀ, ਬਲਜਿੰਦਰ ਕੌਰ ਸਰਪੰਚ, ਗੁਰਜੰਟ ਸਿੰਘ ਸਰਪੰਚ ਤੇ ਹੋਰ 'ਆਪ' ਦੇ ਸੀਨੀਅਰ ਆਗੂ, ਸਥਾਨਕ ਸਰਪੰਚ-ਪੰਚ, ਪਾਰਟੀ ਵਰਕਰ ਤੇ ਤਿੰਨਾਂ ਪਿੰਡਾਂ ਦੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਆਖਿਆ ਕਿ ਸਾਡਾ ਮੁੱਖ ਟੀਚਾ ਹਲਕਾ ਸਨੌਰ ਦੇ ਹਰੇਕ ਪਿੰਡ ਤੱਕ ਸ਼ਹਿਰਾਂ ਵਰਗੀਆਂ ਬੁਨਿਆਦੀ ਸਹੂਲਤਾਂ ਪਹੁੰਚਾਉਣਾ ਤੇ ਲੋਕਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ।ਪਾਰਟੀ ਵਿੱਚ ਸ਼ਾਮਲ ਹੋਏ ਸਮੂਹ ਸਾਥੀਆਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਤੇ ਇਨ੍ਹਾਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## 'ਜੁਦਾ' ਦੀ ਪ੍ਰਮੋਸ਼ਨ ਲਈ ਹਨੀ ਫੱਤਣਵਾਲਾ ਦੇ ਗ੍ਰਹਿ ਪੁੱਜੇ ਗੁਲਾਬ ਸਿੱਧੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)**-ਪੰਜਾਬੀ ਗਾਇਕ ਤੇ ਅਦਾਕਾਰ ਗੁਲਾਬ ਸਿੱਧੂ ਆਪਣੀ ਆਉਣ ਵਾਲੀ ਨਵੀਂ ਫਿਲਮ 'ਜੁਦਾ' ਦੀ ਪ੍ਰਮੋਸ਼ਨ ਦੇ ਸਿਲਸਿਲੇ ਵਿੱਚ ਸ੍ਰੀ ਮੁਕਤਸਰ ਸਾਹਿਬ ਵਿਖੇ ਜਗਜੀਤ ਸਿੰਘ ਹਨੀ ਫੱਤਣਵਾਲਾ ਦੇ ਗ੍ਰਹਿ ਪੁੱਜੇ।ਇਸ ਮੌਕੇ ਫੱਤਣਵਾਲਾ ਪਰਵਾਰ ਵੱਲੋਂ ਗੁਲਾਬ ਸਿੱਧੂ ਦਾ ਨਿੱਘਾ ਤੇ ਭਰਵਾਂ ਸਵਾਗਤ ਕੀਤਾ ਗਿਆ।ਗੁਲਾਬ ਸਿੱਧੂ ਦੇ ਪਹੁੰਚਣ 'ਤੇ ਪਰਿਵਾਰਕ ਮੈਂਬਰਾਂ ਤੇ ਮੌਜੂਦ ਸਾਥੀਆਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।ਇਸ ਦੌਰਾਨ ਪੰਜਾਬੀ ਸੱਭਿਆਚਾਰ ਤੇ ਫਿਲਮ ਇੰਡਸਟਰੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵੀ ਗੱਲਬਾਤ ਕੀਤੀ ਗਈ।ਗੁਲਾਬ ਸਿੱਧੂ ਨੇ ਆਪਣੀ ਨਵੀਂ ਫਿਲਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਫਿਲਮ ਨੂੰ ਲੈ ਕੇ ਦਰਸ਼ਕਾਂ ਵਿੱਚ ਉਤਸ਼ਾਹ ਹੈ ਤੇ ਉਨ੍ਹਾਂ ਨੂੰ ਫਿਲਮ ਤੋਂ ਵੱਡੀਆਂ ਉਮੀਦਾਂ ਹਨ।ਇਸ ਮੌਕੇ ਗੁਲਾਬ ਸਿੱਧੂ ਦੇ ਨਾਲ ਪੰਜਾਬੀ ਇੰਡਸਟਰੀ ਨਾਲ ਜੁੜੀਆਂ ਹੋਰ ਵੀ ਕਈ ਸ਼ਖ਼ਸੀਅਤਾਂ ਮੌਜੂਦ ਸਨ।ਮੌਜੂਦ ਲੋਕਾਂ ਨੇ ਪੰਜਾਬੀ ਸਿਨੇਮਾ ਤੇ ਸੰਗੀਤ ਦੇ ਖੇਤਰ ਵਿੱਚ ਹੋ ਰਹੇ ਨਵੇਂ ਕੰਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਗੁਲਾਬ ਸਿੱਧੂ ਦਾ ਸਵਾਗਤ ਕਰਦਿਆਂ ਕੇਕ ਕੱਟ ਕੇ ਇਨ੍ਹਾਂ ਖ਼ੁਸ਼ੀ ਦੇ ਪਲਾਂ ਨੂੰ ਤਸਵੀਰਾਂ 'ਚ ਪਰੋਇਆ ਤੇ ਨਵੀਂ ਫਿਲਮ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਉਪਰੰਤ ਗੁਲਾਬ ਸਿੱਧੂ ਨੇ ਮਲੋਟ ਰੋਡ ਸਥਿਤ ਰਾਜਪਾਲ ਸਿਨੇਮਾ ਘਰ 'ਚ ਆਪਣੇ ਫੈਨਜ਼ ਨਾਲ ਆਪਣੀ ਨਵੀਂ ਫਿਲਮ 'ਜੁਦਾ' ਦੇ ਕੁਝ ਪਲ ਸਾਂਝੇ ਕੀਤੇ।ਇਸ ਮੌਕੇ ਉਨ੍ਹਾਂ ਨਾਲ ਗਿੱਲ ਰੌਂਤਾਂ, ਨਿਰਮਾਤਾ ਹਰਦੀਪ ਮੀਨ, ਪੱਤਰਕਾਰ ਦੀਪ ਸੰਦੀਪ ਤੋਂ ਇਲਾਵਾ ਮਨਜੀਤ ਸਿੰਘ ਫੱਤਣਵਾਲਾ ਤੇ ਜੈ ਰਾਜ ਬਰਾੜ ਫੱਤਣਵਾਲਾ ਮੌਜੂਦ ਸਨ।

## ਸਫਾ 1 ਦੇ ਬਾਕੀ...

### ਸੁਖਬੀਰ ਸਵਾਲਾਂ ਤੋਂ ਭੱਜ...

ਦੇ ਸੰਕਟ ਨੇ ਪੂਰੀ ਪੀੜ੍ਹੀ ਨੂੰ ਬਰਬਾਦ ਕੀਤਾ, ਉਸ ਦੇ ਨਾਲ-ਨਾਲ ਜ਼ਮੀਨ, ਰੇਤ ਅਤੇ ਟਰਾਂਸਪੋਰਟ ਮਾਫੀਆ ਦਾ ਉਭਾਰ ਉਨ੍ਹਾਂ ਦੀਆਂ ਸਰਕਾਰਾਂ ਦੇ ਸਮੇਂ ਨਾਲ ਜੁੜਿਆ ਹੋਇਆ ਹੈ।ਉਨ੍ਹਾ ਭਾਜਪਾ ਨੇਤਾ ਰਵਨੀਤ ਸਿੰਘ ਬਿੱਟੂ ਵੱਲੋਂ ਪੰਜਾਬ ਵਿੱਚ ਨਸ਼ਿਆਂ ਦੀ ਵਾਪਸੀ ਦੇ ਮੁੱਦੇ 'ਤੇ ਦਿੱਤੇ ਆਪਣੇ ਪਿਛਲੇ ਬਿਆਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਬਿਆਨ ਹੀ ਭਾਜਪਾ ਦੀ ਰਾਜਨੀਤੀ ਦੇ ਅੰਦਰੂਨੀ ਵਿਰੋਧਾਭਾਸ ਨੂੰ ਉਜਾਗਰ ਕਰਦਾ ਹੈ।ਨੀਲ ਗਰਗ ਨੇ ਕਿਹਾ ਕਿ ਪੰਜਾਬ ਹੁਣ ਨਾਕਾਮ ਗਠਜੋੜਾਂ ਅਤੇ ਸੱਤਾ ਦੀ ਵੰਡ ਦੇ ਇੰਤਜ਼ਾਮਾਂ 'ਤੇ ਆਧਾਰਤ ਰਾਜਨੀਤੀ ਨਹੀਂ ਚਾਹੁੰਦਾ। ਉਨ੍ਹਾ ਕਿਹਾ, 'ਲੋਕ ਕੰਮ ਅਤੇ ਵਿਕਾਸ ਦੀ ਰਾਜਨੀਤੀ ਚਾਹੁੰਦੇ ਹਨ, ਅਜਿਹੀ ਰਾਜਨੀਤੀ ਜੋ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰੇ, ਕਿਸਾਨਾਂ ਲਈ ਵਾਜਬ ਮੁੱਲ ਯਕੀਨੀ ਬਣਾਏ, ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਏ, ਬੱਚਿਆਂ ਲਈ ਚੰਗੇ ਸਕੂਲ ਮੁਹੱਈਆ ਕਰਵਾਏ ਅਤੇ ਚੰਗੀ ਸਿਹਤ ਸੰਭਾਲ ਦੀ ਗਾਰੰਟੀ ਦੇਵੇ।'

### ਪਹਿਲੀ ਸਤੰਬਰ ਦੀ...

ਵਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ।

ਜਥਾ ਮਾਰਚ ਦੀ ਅਗਵਾਈ ਬਲਵਿੰਦਰ ਸਿੰਘ ਦਦੇਹਰ ਸਾਹਿਬ, ਪਰਮਜੀਤ ਸਿੰਘ ਚੋਹਲਾ ਸਾਹਿਬ ਅਤੇ ਸੂਬੇਦਾਰ ਲੇਖ ਸਿੰਘ ਨੇ ਕੀਤੀ। ਇਸ ਜਥਾ ਮਾਰਚ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਕੈਸ਼ੀਅਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇਸ਼ ਵਿੱਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਪੂੰਜੀਵਾਦੀ ਪ੍ਰਬੰਧ ਨੂੰ ਬੜ੍ਹਾਵਾ ਦੇਣ ਲਈ ਕਾਰਪੋਰੇਟ ਘਰਾਣਿਆਂ ਲਈ ਦੇਸ਼ ਦੀ ਸਮੁੱਚੀ ਮਿਹਨਤਕਸ਼ ਜਮਾਤ ਦੀ ਖੁੱਲ੍ਹੀ ਲੁੱਟ ਕਰਵਾ ਰਹੀ ਹੈ। ਆਗੂਆਂ ਕਿਹਾ ਕਿ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਸਮੇਤ ਪੂਰੀ ਮਿਹਨਤਕਸ਼ ਜਮਾਤ ਨੂੰ ਮੁਕਤ ਵਪਾਰ ਸਮਝੌਤਾ ਬਰਬਾਦ ਕਰ ਦੇਵੇਗਾ। ਆਗੂਆਂ ਕਿਹਾ ਕਿ ਦਿਨੋਂ-ਦਿਨ ਵਧ ਰਹੀ ਮਹਿੰਗਾਈ ਕਾਰਨ ਦੇਸ਼ ਦੀ ਲੋਕਾਈ ਲਈ ਆਮ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਖੰਡ, ਘਿਓ, ਤੇਲ, ਦਾਲਾਂ, ਪੈਟਰੋਲ, ਡੀਜ਼ਲ, ਗੈਸ ਸਮੇਤ ਹਰ ਚੀਜ਼ ਖਰੀਦ ਤੋਂ ਬਾਹਰ ਹੋ ਰਹੀਆਂ ਹਨ।ਹਾਕਮ ਜਮਾਤਾਂ ਮਹਿੰਗਾਈ ਰੋਕਣ ਲਈ ਕੋਈ ਕਦਮ ਨਹੀਂ ਉਠਾ ਰਹੀਆਂ।ਬੇਰੁਜ਼ਗਾਰੀ ਕਾਰਨ ਸਮਾਜ ਵਿੱਚ ਅਫਰਾ-ਤਫਰੀ ਵਾਲਾ ਮਾਹੌਲ ਚੱਲ ਰਿਹਾ ਹੈ। ਆਗੂਆਂ 1 ਸਤੰਬਰ ਦੀ ਦਿੱਲੀ ਦੀ 'ਬਦਲਾਅ ਜ਼ਰੂਰੀ ਹੈ' ਰੈਲੀ ਲਈ ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ।ਆਗੂਆਂ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਬੰਦ ਕਰਨ, ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬ ਦੇ ਪਾਣੀਆਂ 'ਤੇ ਪੰਜਾਬ ਦਾ ਪੂਰਾ ਹੱਕ ਦੇਣ ਦੀ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ। ਪੰਜਾਬ ਵਿੱਚ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਅਤੇ ਦਿਨ-ਦਿਹਾੜੇ ਹੋ ਰਹੀਆਂ ਲੁੱਟਾਂ-ਖੋਹਾਂ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਜਥਾ ਮਾਰਚ ਚੋਹਲਾ ਸਾਹਿਬ ਤੋਂ ਨਿੱਕਾ ਚੋਹਲਾ, ਮੁਹਾਵਾ ,ਵਰ੍ਹਿਆ ਨਵੇਂ, ਪੁਰਾਣੇ ਹੁੰਦਾ ਹੋਇਆ ਨੌਸ਼ਹਿਰਾ ਪਨੂੰਆਂ ਕਸਬੇ ਵਿੱਚ ਹਾਕਮਾਂ ਖਿਲਾਫ਼ ਨਾਅਰੇਬਾਜ਼ੀ ਕਰਕੇ ਸਮਾਪਤ ਹੋਇਆ।ਹੋਰਨਾਂ ਤੋਂ ਇਲਾਵਾ ਸੇਵਾ ਸਿੰਘ, ਸੁਖਵੰਤ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਚੋਹਲਾ, ਜਗਤਾਰ ਸਿੰਘ ਚੋਹਲਾ, ਹੀਰਾ ਸਿੰਘ ਚੋਹਲਾ ਸਮੇਤ ਕਈ ਆਗੂ ਹਾਜ਼ਰ ਸਨ।

## ਵਿਵੇਕਾਨੰਦ ਜੂਨੀਅਰ-ਏ ਪ੍ਰਾਇਮਰੀ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਜੂਨੀਅਰ ਏ ਪ੍ਰਾਇਮਰੀ ਸਕੂਲ ਵਿਖੇ ਪੰਜਾਬੀ ਸੱਭਿਆਚਾਰ, ਪ੍ਰੰਪਰਾਵਾਂ ਤੇ ਆਪਸੀ ਸਾਂਝ ਦਾ ਪ੍ਰਤੀਕ 'ਤੀਜ ਧੀਆਂ ਦੀ' ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਮਾਹੌਲ ਪੰਜਾਬੀ ਸੱਭਿਆਚਾਰ ਦੇ ਰੰਗਾਂ ਤੇ ਰਵਾਇਤੀ ਰੌਣਕ ਨਾਲ ਸਰਾਬੋਰ ਨਜ਼ਰ ਆਇਆ। ਸਮਾਗਮ ਵਿਚ ਵਿਵੇਕਾਨੰਦ ਵਰਲਡ ਸਕੂਲ ਤੇ ਵਿਵੇਕਾਨੰਦ ਜੂਨੀਅਰ ਦੀ ਪੈਟਰਨ-ਇਨ-ਚੀਫ਼ ਪ੍ਰਭਾ ਭਾਸਕਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ। ਇਸ ਤੋਂ ਇਲਾਵਾ ਡੌਲੀ ਭਾਸਕਰ, ਸਕੱਤਰ, ਵੀ.ਡਬਲਿਊ.ਐੱਸ. ਤੇ ਮਹਿਮਾ ਕਪੂਰ, ਵੀ ਪੀ ਐਡਮਿਨ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰੀ ਭਰਦਿਆਂ ਸਮਾਗਮ ਨੂੰ ਹੋਰ ਵੀ ਗੌਰਵਮਈ ਬਣਾਇਆ। ਸਮਾਗਮ ਦੀ ਸ਼ੁਰੂਆਤ ਆਏ ਹੋਏ ਸਨਮਾਨਤ ਮਹਿਮਾਨਾਂ ਦੇ ਨਿੱਘੇ ਸਵਾਗਤ ਨਾਲ ਹੋਈ। ਇਸ ਉਪਰੰਤ ਪ੍ਰਬੰਧਨ ਦੀ ਇਕ ਸਨਮਾਨਤ ਮੈਂਬਰ ਵੱਲੋਂ ਪੇਸ਼ ਕੀਤੀ ਗਈ ਮਨਮੋਹਕ ਕਿੱਕਲੀ ਨੇ ਪੰਜਾਬੀ ਲੋਕ-ਪ੍ਰੰਪਰਾ ਦੀ ਖ਼ੂਬਸੂਰਤੀ ਨਾਲ ਸਮਾਗਮ ਲਈ ਰੰਗੀਨ ਤੇ ਖ਼ੁਸ਼ਨੁਮਾ ਮਾਹੌਲ ਸਿਰਜਿਆ। ਤੀਆਂ ਦੀ ਥੀਮ ਅਨੁਸਾਰ ਕੀਤੀ ਗਈ ਸ਼ਾਨਦਾਰ ਸਜਾਵਟ ਨੇ ਵੀ ਸਮਾਗਮ ਦੀ ਰੌਣਕ ਵਿੱਚ ਵਾਧਾ ਕੀਤਾ। ਸਮਾਗਮ ਦੌਰਾਨ ਵੱਖ-ਵੱਖ ਮਨੋਰੰਜਕ ਖੇਡਾਂ, ਹਾਸੇ-ਖ਼ੁਸ਼ੀ ਦੇ ਪਲਾਂ ਤੇ ਰੈਂਪ ਵਾਕ ਦਾ ਆਯੋਜਨ ਕੀਤਾ ਗਿਆ। ਵਿਵੇਕਾਨੰਦ ਜੂਨੀਅਰ ਦੀ ਟੀਮ ਵੱਲੋਂ ਪੇਸ਼ ਕੀਤੀ ਗਈ ਕਿੱਕਲੀ ਨੇ ਪੰਜਾਬੀ ਸੱਭਿਆਚਾਰ ਦੀ ਜੀਵੰਤਤਾ ਤੇ ਰੰਗੀਨਤਾ ਨੂੰ ਬੇਹੱਦ ਸੁੰਦਰ ਢੰਗ ਨਾਲ ਪੇਸ਼ ਕੀਤਾ। ਇਸ ਮੌਕੇ ਵਿਵੇਕਾਨੰਦ ਜੂਨੀਅਰ-ਏ ਪ੍ਰਾਇਮਰੀ ਸਕੂਲ ਦੀਆਂ 'ਲਿਟਲ ਪੰਜਾਬਣਾਂ' ਵੱਲੋਂ ਪੇਸ਼ ਕੀਤੇ ਗਏ ਮਨਮੋਹਕ ਗਿੱਧੇ ਨੇ ਦਰਸ਼ਕਾਂ ਨੂੰ ਮੋਹਿਤ ਕਰ ਦਿੱਤਾ। ਗਿੱਧੇ ਦੀ ਪੇਸ਼ਕਾਰੀ ਨੇ ਪੂਰੇ ਮਾਹੌਲ ਨੂੰ ਪੰਜਾਬੀ ਲੋਕ-ਸੱਭਿਆਚਾਰ ਦੀ ਖ਼ੁਸ਼ਬੂ ਨਾਲ ਭਰ ਦਿੱਤਾ ਤੇ ਹਰ ਪਾਸੇ ਖ਼ੁਸ਼ੀ ਤੇ ਉਤਸ਼ਾਹ ਦੀ ਲਹਿਰ ਦਿਖਾਈ ਦਿੱਤੀ। ਸਮਾਗਮ ਵਿਚ ਸਕੂਲ ਪ੍ਰਬੰਧਨ ਦੇ ਸਾਰੇ ਸਨਮਾਨਤ ਮੈਂਬਰਾਂ ਦੀ ਇਕੱਠੀ ਸ਼ਮੂਲੀਅਤ ਨੇ ਏਕਤਾ, ਸਾਂਝ ਤੇ ਆਪਸੀ ਪਿਆਰ ਦਾ ਸੁੰਦਰ ਸੰਦੇਸ਼ ਦਿੱਤਾ। ਸਮਾਗਮ ਦੇ ਅੰਤ ਵਿਚ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਦੌਰਾਨ ਗੁਰਮੀਤ ਕੌਰ ਨੂੰ 'ਲੰਬੀ ਗੁੱਤ ਮੁਟਿਆਰ', ਗੀਤ ਨੂੰ 'ਸੋਹਣੀ ਮੁਟਿਆਰ' ਤੇ ਗੁਰਮੀਤ ਕੌਰ (ਬੇਬੀ) ਨੂੰ 'ਮਿਸ ਤੀਜ' ਦੇ ਖ਼ਿਤਾਬ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਦਾ ਸਮਾਪਨ ਸਾਰਿਆਂ ਵੱਲੋਂ ਕੀਤੀ ਗਈ ਡਾਂਸ ਪੇਸ਼ਕਾਰੀ ਨਾਲ ਹੋਇਆ।

## ਸ਼ਹੀਦ ਮੋਹਿਤ ਗਰਗ ਇਨਵਾਇਰਮੈਂਟ ਪਾਰਕ ਦਾ ਡੀ ਐੱਸ ਪੀ ਵੱਲੋਂ ਦੌਰਾ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਡੀ ਐੱਸ ਪੀ ਸਮਾਣਾ ਸ੍ਰ. ਫਤਿਹ ਸਿੰਘ ਬਰਾੜ ਵੱਲੋਂ ਸ਼ਹੀਦ ਫਲਾਈਟ ਲੈਫ਼ਟੀਨੈਂਟ ਮੋਹਿਤ ਗਰਗ ਇਨਵਾਇਰਮੈਂਟ ਪਾਰਕ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਆਪਣੇ ਹੱਥੀਂ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਤੇ ਵੱਧ ਤੋਂ ਵੱਧ ਹਰਿਆਵਲ ਨੂੰ ਉਤਸ਼ਾਹਤ ਕਰਨ ਦਾ ਸੰਦੇਸ਼ ਦਿੱਤਾ।ਇਸ ਦੌਰਾਨ ਡੀ ਐੱਸ ਪੀ ਫਤਿਹ ਸਿੰਘ ਬਰਾੜ ਨੇ ਪਾਰਕ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਪਾਰਕ ਦੀ ਰੱਜ ਕੇ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਪਾਰਕ ਦਾ ਮਾਹੌਲ ਤੇ ਇੱਥੇ ਕੀਤੇ ਜਾ ਰਹੇ ਕਾਰਜ ਬਹੁਤ ਪ੍ਰਭਾਵਸ਼ਾਲੀ ਹਨ ਤੇ ਪਾਰਕ ਨੇ ਉਨ੍ਹਾਂ ਦਾ ਮਨ ਮੋਹ ਲਿਆ ਹੈ।ਸ਼ਹੀਦ ਫਲਾਈਟ ਲੈਫ਼ਟੀਨੈਂਟ ਮੋਹਿਤ ਗਰਗ ਇਨਵਾਇਰਮੈਂਟ ਵੈੱਲਫੇਅਰ ਨੇ ਸ੍ਰ. ਬਰਾੜ ਨੂੰ ਪਾਰਕ ਦੇ ਸ਼ੁਰੂਆਤੀ ਦੌਰ ਵਿੱਚ ਕੀਤੇ ਗਏ ਕਾਰਜਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਸਤਵਿੰਦਰ ਸਿੰਘ ਤੇ ਗੋਗੀ ਰਟੋਲ ਨੇ ਸ੍ਰ. ਬਰਾੜ ਨੂੰ ਦੱਸਿਆ ਕਿ ਜਿਸ ਪਾਰਕ ਨੂੰ ਲੋਕ ਨਸ਼ੇੜੀਆਂ ਤੇ ਆਸ਼ਕਾਂ ਦਾ ਅੱਡਾ ਕਹਿੰਦੇ ਸਨ, ਅੱਜ ਪੱਤਰਕਾਰਾਂ ਤੇ ਸੈਰ ਕਰਨ ਆਉਂਦੇ ਲੋਕਾਂ ਦੇ ਯਤਨਾਂ ਸਦਕਾ ਪਾਰਕ ਦੀ ਨੁਹਾਰ ਬਦਲ ਚੁੱਕੀ ਹੈ।ਇਸ ਮੌਕੇ ਹਰਜਿੰਦਰ ਸਿੰਘ ਜਵੰਦਾ, ਸ੍ਰੀ ਜੈ ਪਾਲ ਗਰਗ, ਮਨੀਸ਼ ਸਿੰਗਲਾ ਰੋਕੀ, ਲਵ ਮਿੱਤਲ, ਸਤਵਿੰਦਰਪਾਲ ਸਿੰਘ, ਗੋਗੀ ਰਟੋਲ, ਮਾਲੀ ਰਜਿੰਦਰ ਸਿੰਘ ਤੇ ਮਾਲੀ ਲਖਵਿੰਦਰ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

## ਨਾਨਕਸਰ ਰੇਲਵੇ ਸਟੇਸ਼ਨ 'ਤੇ 25 ਤੋਂ 29 ਤੱਕ ਕਈ ਟਰੇਨਾਂ ਦਾ ਅਸਥਾਈ ਠਹਿਰਾਅ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਾਨਕਸਰ ਵਿਖੇ ਬਾਬਾ ਨੰਦ ਸਿੰਘ ਜੀ ਦੇ ਬਰਸੀ ਸਮਾਗਮ ਨੂੰ ਮੁੱਖ ਰੱਖਦਿਆਂ ਰੇਲਵੇ ਨੇ 25 ਤੋਂ 29 ਅਗਸਤ ਤੱਕ ਕਈ ਟਰੇਨਾਂ ਦੇ ਨਾਨਕਸਰ ਸਟੇਸ਼ਨ 'ਤੇ ਅਸਥਾਈ ਠਹਿਰਾਅ ਦਾ ਫੈਸਲਾ ਕੀਤਾ ਹੈ। ਫਿਰੋਜ਼ਪੁਰ ਮੰਡਲ ਅਧੀਨ ਨਾਨਕਸਰ ਰੇਲਵੇ ਸਟੇਸ਼ਨ 'ਤੇ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਤੇ ਰੇਲ ਯਾਤਰੀਆਂ ਦੀ ਸਹੂਲਤ ਲਈ 25 ਤੋਂ 29 ਅਗਸਤ 2026 ਤੱਕ ਕਈ ਟਰੇਨਾਂ ਨੂੰ ਅਸਥਾਈ ਠਹਿਰਾਅ ਦਿੱਤਾ ਜਾਵੇਗਾ। ਰੇਲਵੇ ਵੱਲੋਂ ਜਾਰੀ ਜਾਣਕਾਰੀ ਅਨੁਸਾਰ 14614 ਫਿਰੋਜ਼ਪੁਰ ਛਾਉਣੀ-ਐੱਸ.ਏ.ਐੱਸ. ਨਗਰ ਮੋਹਾਲੀ ਤੇ 14613 ਮੋਹਾਲੀ-ਫਿਰੋਜ਼ਪੁਰ ਛਾਉਣੀ ਟਰੇਨਾਂ ਦਾ ਠਹਿਰਾਅ ਉਕਤ ਪੰਜੇ ਦਿਨ ਰਹੇਗਾ। ਇਨ੍ਹਾਂ ਦਾ ਨਾਨਕਸਰ ਵਿਖੇ ਕ੍ਰਮਵਾਰ ਸਵੇਰੇ 6:05 ਤੋਂ 6:07 ਤੇ ਰਾਤ 9:10 ਤੋਂ 9:12 ਵਜੇ ਤੱਕ ਠਹਿਰਾਅ ਹੋਵੇਗਾ। ਇਸੇ ਤਰ੍ਹਾਂ 19611 ਅਜਮੇਰ-ਅੰਮ੍ਰਿਤਸਰ ਟਰੇਨ 28 ਅਗਸਤ ਨੂੰ ਸਵੇਰੇ 9:43 ਤੋਂ 9:45 ਵਜੇ, ਜਦਕਿ 19612 ਅੰਮ੍ਰਿਤਸਰ-ਅਜਮੇਰ ਟਰੇਨ 25 ਤੇ 27 ਅਗਸਤ ਨੂੰ ਸ਼ਾਮ 4:40 ਤੋਂ 4:42 ਵਜੇ ਤੱਕ ਰੁਕੇਗੀ। 22486 ਮੋਗਾ-ਨਵੀਂ ਦਿੱਲੀ ਤੇ 22485 ਨਵੀਂ ਦਿੱਲੀ-ਮੋਗਾ ਟਰੇਨਾਂ ਦਾ 28 ਅਗਸਤ ਨੂੰ ਕ੍ਰਮਵਾਰ 4:42 ਤੋਂ 4:44 ਤੇ 1:33 ਤੋਂ 1:35 ਵਜੇ ਤੱਕ ਠਹਿਰਾਅ ਰਹੇਗਾ। 14720 ਅੰਮ੍ਰਿਤਸਰ-ਬੀਕਾਨੇਰ ਤੇ 14719 ਬੀਕਾਨੇਰ-ਅੰਮ੍ਰਿਤਸਰ ਵੀ 28 ਅਗਸਤ ਨੂੰ ਨਾਨਕਸਰ ਰੁਕਣਗੀਆਂ। ਇਸ ਤੋਂ ਇਲਾਵਾ ਫਿਰੋਜ਼ਪੁਰ ਛਾਉਣੀ-ਜਗਰਾਉਂ ਵਿਚਕਾਰ ਡੀਐੱਮਯੂ ਸਪੈਸ਼ਲ 04668 ਤੇ ਜਗਰਾਉਂ-ਫਿਰੋਜ਼ਪੁਰ ਛਾਉਣੀ ਵਿਚਕਾਰ 04667 ਦਾ 25 ਤੋਂ 29 ਅਗਸਤ ਤੱਕ ਅਸਥਾਈ ਸੰਚਾਲਨ ਹੋਵੇਗਾ। 04668 ਸਵੇਰੇ 9:55 ਵਜੇ ਫਿਰੋਜ਼ਪੁਰ ਤੋਂ ਚੱਲ ਕੇ ਦੁਪਹਿਰ 12:20 ਵਜੇ ਜਗਰਾਉਂ ਪਹੁੰਚੇਗੀ, ਜਦਕਿ 04667 ਦੁਪਹਿਰ 12:40 ਵਜੇ ਜਗਰਾਉਂ ਤੋਂ ਚੱਲ ਕੇ 2:50 ਵਜੇ ਫਿਰੋਜ਼ਪੁਰ ਪਹੁੰਚੇਗੀ। ਦੋਵੇਂ ਟਰੇਨਾਂ ਸੈਦਾਵਾਲਾ, ਢੀਂਡਸਾ, ਫਿਰੋਜ਼ਸ਼ਾਹ, ਸੁਲਹਾਨੀ, ਤਲਵੰਡੀ, ਮਹੇਸਰੀ ਸੰਧੂਆ, ਡੱਗਰੂ, ਘਲਕਲਾਂ, ਮੋਗਾ, ਪੜਾਅ ਮਹਿਣਾ, ਅਜੀਤਵਾਲ ਤੇ ਨਾਨਕਸਰ ਸਟੇਸ਼ਨਾਂ 'ਤੇ ਰੁਕਣਗੀਆਂ।

## ਡੀ ਸੀ ਐੱਮ ਇੰਟਰਨੈਸ਼ਨਲ ਦੇ ਬੱਚਿਆਂ ਵੱਲੋਂ ਬਿਰਧ ਆਸ਼ਰਮ ਦਾ ਦੌਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅੰਤਰਰਾਸ਼ਟਰੀ ਸੀਨੀਅਰ ਨਾਗਰਿਕ ਦਿਵਸ ਨੂੰ ਡੀ ਸੀ ਐੱਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਰਾਮ ਬਾਗ ਬਿਰਧ ਸੇਵਾ ਆਸ਼ਰਮ ਵਿੱਚ ਜਾ ਕੇ ਬਜ਼ੁਰਗਾਂ ਨਾਲ ਸਮਾਂ ਬਿਤਾ ਕੇ ਮਨਾਇਆ। ਪ੍ਰਿੰਸੀਪਲ ਅਨੁਰਾਧਾ ਚੰਦੇਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਬਜ਼ੁਰਗਾਂ ਨੂੰ ਭਜਨ ਤੇ ਮਨਮੋਹਕ ਗੀਤ ਸੁਣਾਏ ਤੇ ਉਨ੍ਹਾਂ ਨਾਲ ਸੁੱਖ-ਦੁੱਖ ਸਾਂਝੇ ਕੀਤੇ। ਡੀਜੀਐੱਮ ਗਗਨਦੀਪ ਕੌਰ ਨੇ ਸਾਰੇ ਬਜ਼ੁਰਗਾਂ ਦਾ ਸਵਾਗਤ ਕੀਤਾ ਤੇ ਦੱਸਿਆ ਕਿ ਬੱਚਿਆਂ ਦੇ ਅੰਦਰ ਮਾਤਾ-ਪਿਤਾ ਤੇ ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਨਾਲ ਸਮੇਂ-ਸਮੇਂ 'ਤੇ ਅਜਿਹੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਉਹ ਬਜ਼ੁਰਗਾਂ ਦਾ ਆਦਰ ਕਰ ਸਕਣ। ਇਸ ਦੌਰਾਨ ਸਕੂਲ ਦੀਆਂ ਛਾਤਰਾਵਾਂ ਨੇ ਬਜ਼ੁਰਗਾਂ ਦੇ ਗਲੇ ਲੱਗ ਕੇ ਉਨ੍ਹਾਂ ਨੂੰ ਆਪਣਾਪਣ ਦਾ ਅਹਿਸਾਸ ਕਰਵਾਇਆ, ਜਦਕਿ ਛਾਤਰਾਂ ਨੇ ਚਰਨ ਛੂਹ ਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਬੱਚਿਆਂ ਨੇ ਕਿਹਾ ਕਿ ਉਹ ਆਪਣਾ ਜਨਮ ਦਿਨ ਇੱਥੇ ਆ ਕੇ ਬਜ਼ੁਰਗਾਂ ਨਾਲ ਮਨਾਉਣਗੇ ਤੇ ਅਜਿਹਾ ਕਰਨ ਨਾਲ ਉਨ੍ਹਾਂ ਦੀ ਖ਼ੁਸ਼ੀ ਦੁੱਗਣੀ ਹੋ ਜਾਵੇਗੀ। ਬਿਰਧ ਆਸ਼ਰਮ ਵਿੱਚ ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਦੇ ਸਕੱਤਰ ਤੇ ਸੀਜੇਐੱਮ ਅਸਮਾਨ ਗੁਪਤਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਬੱਚਿਆਂ ਦੁਆਰਾ ਬਜ਼ੁਰਗਾਂ ਪ੍ਰਤੀ ਪ੍ਰਗਟ ਕੀਤੇ ਗਏ ਭਾਵਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਬਜ਼ੁਰਗਾਂ ਨੇ ਬੱਚਿਆਂ ਨੂੰ ਬਹੁਤ ਪਿਆਰ ਤੇ ਆਸ਼ੀਰਵਾਦ ਦਿੱਤਾ। ਇਸ ਮੌਕੇ ਐਕਟੀਵਿਟੀ ਕੋਆਰਡੀਨੇਟਰ ਗੀਤਾ, ਅਧਿਆਪਕਾ ਅਨੂ ਤ੍ਰੇਹਨ, ਸੰਗੀਤ ਅਧਿਆਪਕ ਗਗਨਦੀਪ, ਅਭਿਮੰਨਿਊ ਆਦਿ ਹਾਜ਼ਰ ਸਨ।

## ਸਹਿਬਾਜਪੁਰ ਵਿਖੇ ਘਰ 'ਚੋਂ ਗਹਿਣੇ ਤੇ ਨਕਦੀ ਚੋਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਸਹਿਬਾਜਪੁਰ ਵਿਖੇ ਅੱਧੀ ਰਾਤ ਨੂੰ ਚੋਰਾਂ ਨੇ ਘਰ ਅੰਦਰ ਦਾਖ਼ਲ ਹੋ ਕੇ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ ਕਰ ਲਈ। ਘਰ ਦੀ ਮਾਲਕਣ ਇੰਦਰਜੀਤ ਕੌਰ ਨੇ ਦੱਸਿਆ ਕਿ ਉਹ ਘਰ ਦੇ ਇੱਕ ਕਮਰੇ ਵਿੱਚ ਆਪਣੇ ਪਰਵਾਰ ਸਮੇਤ ਸੁੱਤੇ ਪਏ ਸਨ, ਜਦਕਿ ਉਨ੍ਹਾਂ ਦਾ ਪਤੀ ਮਾਛੀਵਾੜਾ ਵਿਖੇ ਰਾਤ ਦੀ ਡਿਊਟੀ 'ਤੇ ਗਿਆ ਸੀ। ਇੰਦਰਜੀਤ ਕੌਰ ਨੇ ਦੱਸਿਆ ਕਿ ਰਾਤ 12 ਵਜੇ ਤੱਕ ਘਰ ਵਿੱਚ ਸਭ ਕੁਝ ਠੀਕ ਸੀ ਤੇ ਕਰੀਬ ਡੇਢ ਵਜੇ ਬਿਜਲੀ ਸਪਲਾਈ ਬੰਦ ਕੀਤੀ, ਜਿਸ ਤੋਂ ਬਾਅਦ ਕੁਝ ਚੋਰ ਕੰਧ ਟੱਪ ਕੇ ਉਨ੍ਹਾਂ ਦੇ ਘਰ ਅੰਦਰ ਦਾਖ਼ਲ ਹੋ ਗਏ। ਚੋਰਾਂ ਵੱਲੋਂ ਕਮਰੇ ਦੇ ਨਾਲ ਬਣੇ ਸਟੋਰ ਦਾ ਦਰਵਾਜ਼ਾ ਤੋੜਿਆ ਤੇ ਉਸ ਵਿੱਚ ਪਈ ਅਲਮਾਰੀ ਦਾ ਲਾਕਰ ਵੀ ਤੋੜ ਦਿੱਤਾ। ਚੋਰਾਂ ਨੇ ਸਾਰੀ ਅਲਮਾਰੀ ਦੀ ਚੰਗੀ ਤਰ੍ਹਾਂ ਫਰੋਲਾ-ਫਰਾਲੀ ਕੀਤੀ ਤੇ ਉਸ 'ਚੋਂ ਕਰੀਬ 7 ਤੋਲੇ ਸੋਨੇ ਦੇ ਗਹਿਣੇ ਤੇ ਕੁਝ ਨਕਦੀ ਚੋਰੀ ਕਰ ਲਈ। ਚੋਰਾਂ ਵੱਲੋਂ ਜਿਸ ਕਮਰੇ ਵਿਚ ਉਹ ਸੁੱਤੇ ਪਏ ਸੀ, ਉਸ ਦਾ ਦਰਵਾਜ਼ਾ ਵੀ ਖੜਕਾਉਣਾ ਸ਼ੁਰੂ ਕੀਤਾ ਤਾਂ ਉਹ ਡਰ ਕੇ ਉੱਠ ਪਏ। ਇੰਦਰਜੀਤ ਕੌਰ ਨੇ ਦੱਸਿਆ ਕਿ ਉਸ ਨੇ ਆਪਣੇ ਫੋਨ ਰਾਹੀਂ ਗੁਆਂਢੀਆਂ ਨੂੰ ਸੂਚਿਤ ਕੀਤਾ ਤੇ ਉਹ ਸਾਰੇ ਇਕੱਠੇ ਹੋ ਗਏ, ਜਿਸ ਤੋਂ ਬਾਅਦ ਚੋਰ ਫ਼ਰਾਰ ਹੋ ਗਏ। ਇੰਦਰਜੀਤ ਕੌਰ ਨੇ ਦੱਸਿਆ ਕਿ ਚੋਰੀ ਸਬੰਧੀ ਤੁਰੰਤ ਸੂਚਨਾ ਮਾਛੀਵਾੜਾ ਪੁਲਸ ਨੂੰ ਦਿੱਤੀ, ਜੋ ਮੌਕੇ 'ਤੇ ਪਹੁੰਚ ਗਈ। ਪਿੰਡ ਵਾਸੀਆਂ ਤੇ ਪੁਲਸ ਵੱਲੋਂ ਆਸ-ਪਾਸ ਪਿੰਡਾਂ ਵਿੱਚ ਚੋਰਾਂ ਦਾ ਪਿੱਛਾ ਵੀ ਕੀਤਾ ਗਿਆ, ਪਰ ਕੋਈ ਸੁਰਾਗ ਨਾ ਮਿਲਿਆ। ਘਰ ਦੀ ਮਾਲਕਣ ਅਨੁਸਾਰ ਉਸ ਦਾ 10 ਲੱਖ ਰੁਪਏ ਮੁੱਲ ਦੇ ਗਹਿਣੇ ਤੇ ਨਕਦੀ ਚੋਰੀ ਹੋ ਗਈ।

## ਡੀ ਏ ਵੀ ਕਾਲਜ ਵਿਖੇ ਤੀਜ ਦਾ ਤਿਉਹਾਰ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੀ ਏ ਵੀ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਕੈਂਟ ਵਿਖੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਤੇ ਖ਼ੁਸ਼ੀ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ, ਲੋਕ-ਵਿਰਸੇ ਤੇ ਰਵਾਇਤੀ ਕਦਰਾਂ-ਕੀਮਤਾਂ ਨਾਲ ਜੋੜਨਾ ਸੀ। ਇਸ ਮੌਕੇ ਪ੍ਰਿੰਸੀਪਲ ਡਾ. ਸੀਮਾ ਅਰੋੜਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੀਜ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੇ ਲੋਕ-ਪ੍ਰੰਪਰਾਵਾਂ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਤੇ ਸੱਭਿਆਚਾਰ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕਤਾ ਤੇ ਆਪਸੀ ਸਾਂਝ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਉਨ੍ਹਾਂ ਵਿਦਿਆਰਥਣਾਂ ਨੂੰ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਤੇ ਸਟਾਫ਼ ਮੈਂਬਰਾਂ ਨੇ ਰਵਾਇਤੀ ਪੰਜਾਬੀ ਪਹਿਰਾਵਿਆਂ 'ਚ ਸੱਜ-ਧੱਜ ਕੇ ਸਮਾਗਮ ਵਿੱਚ ਭਾਗ ਲਿਆ। ਵਿਦਿਆਰਥਣਾਂ ਨੇ ਵੱਖ-ਵੱਖ ਸੱਭਿਆਚਾਰਕ ਤੇ ਮਨੋਰੰਜਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੀ ਵਿਸ਼ੇਸ਼ ਖਿੱਚ ਤੀਜ ਤੇ ਫਰੈਸ਼ਰਜ਼ ਟਾਈਟਲ ਮੁਕਾਬਲਾ ਰਿਹਾ। ਵਿਦਿਆਰਥਣਾਂ ਨੇ ਆਤਮ-ਵਿਸ਼ਵਾਸ, ਪ੍ਰਤਿਭਾ ਤੇ ਮਨਮੋਹਕ ਪੇਸ਼ਕਾਰੀ ਰਾਹੀਂ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ।

## ਸਰਕਾਰ ਐੱਨ ਓ ਸੀ ਸਮੇਤ ਹੋਰ ਸ਼ਰਤਾਂ ਖਤਮ ਕਰੇ : ਕੌਲ, ਭੀਮ ਸ਼ਰਮਾ



**ਨਾਭਾ (ਅਮਨ ਗਰਗ)**-ਪ੍ਰਾਪਰਟੀ ਡੀਲਰਾਂ ਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਪੰਜਾਬ ਸਰਕਾਰ ਐੱਨ ਓ ਸੀ ਦੀ ਸ਼ਰਤ ਨੂੰ ਤੁਰੰਤ ਖਤਮ ਕਰੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਾਪਰਟੀ ਡੀਲਰ ਐਸੋਸੀਏਸ਼ਨ ਨਾਭਾ ਦੇ ਚੇਅਰਮੈਨ ਗੁਰਤੇਜ ਸਿੰਘ ਕੌਲ ਤੇ ਸੈਕਟਰੀ ਭੀਮ ਸ਼ਰਮਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪ੍ਰਾਪਰਟੀ ਵੇਚ ਖਰੀਦ ਧੰਦੇ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜੇ ਲੱਖਾਂ ਲੋਕ ਸਰਕਾਰ ਦੀਆਂ ਗਲਤ ਪਾਲਿਸੀਆਂ ਕਾਰਨ ਮੰਦੀ ਦੀ ਮਾਰ ਝੱਲ ਰਹੇ। ਉਨ੍ਹਾ ਕਿਹਾ ਸਰਕਾਰ ਵੱਲੋਂ ਜਿੱਥੇ ਜਿਹੜੀਆਂ ਕਲੋਨੀਆਂ 25 ਪ੍ਰਤੀਸ਼ਤ ਤੋਂ ਉੱਪਰ ਵਿਕਸਤ ਹੋ ਚੁੱਕੀਆਂ ਹਨ, ਨੂੰ ਫੌਰੀ ਰੈਗੂਲਰ ਕਰੇ, ਉੱਥੇ ਹੀ ਪਲਾਟ ਨੂੰ ਵੰਡ ਕੇ ਵੇਚਣ ਦਾ ਅਧਿਕਾਰ ਦੇਵੇ, ਜੇਕਰ ਸਰਕਾਰ ਇਨ੍ਹਾਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਜਲਦੀ ਹੀ ਸਮੂਹ ਭਾਈਚਾਰੇ ਨੂੰ ਨਾਲ ਲੈ ਕੇ ਸਰਕਾਰ ਖਿਲਾਫ ਵੱਡੇ ਪੱਧਰ 'ਤੇ ਧਰਨੇ ਮੁਜ਼ਾਹਰੇ ਕੀਤੇ ਜਾਣਗੇ। ਇਸ ਮੌਕੇ ਉਨ੍ਹਾ ਨਾਲ ਖਜ਼ਾਨਚੀ ਪਰਮਜੀਤ ਸਿੰਘ ਮੰਡੋਰ, ਅਮਰੀਕ ਸਿੰਘ ਅਲੋਹਰਾ, ਸਤਨਾਮ ਸਿੰਘ ਖਹਿਰਾ, ਸੁਰਿੰਦਰ ਰਾਵਲ, ਗਰੇਵਾਲ ਸਾਬਕਾ ਪ੍ਰਧਾਨ, ਹਰਜਿੰਦਰ ਸਿੰਘ ਗੁਰਨਾ, ਗੁਰਮੀਤ ਢੀਂਡਸਾ, ਅਜੀਜ਼ ਮੁਹੰਮਦ ਆਦਿ ਹਾਜ਼ਰ ਸਨ।

## ਐੱਨ.ਐੱਚ.ਐੱਮ. ਇੰਪਲਾਈਜ਼ ਨੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਨੈਸ਼ਨਲ ਹੈਲਥ ਮਿਸ਼ਨ ਦੀ ਹੜਤਾਲ ਦੇ 9ਵੇਂ ਦਿਨ ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਮੋਗਾ ਦੇ ਮੁੱਖ ਚੌਕ ਵਿੱਚ ਰੋਸ ਪ੍ਰਦਰਸ਼ਨ ਕਰਦੇ ਹੋਏ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ ਤੇ ਪੰਜਾਬ ਸਰਕਾਰ ਖਿਲਾਫ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਮਲਟੀ ਪਰਪਜ਼ ਹੈਲਥ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਬੀਰ ਸਿੰਘ ਢਿੱਲੋਂ ਆਪਣੇ ਸਾਥੀਆਂ ਸਮੇਤ ਤੇ ਪੰਜਾਬ ਸਬਾਰਡੀਨੇਟ ਸਰਵਿਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਰਜਿੰਦਰ ਸਿੰਘ ਰਿਆੜ, ਐੱਨ.ਐੱਚ.ਐੱਮ. ਇੰਪਲਾਈਜ਼ ਐਸੋਸੀਏਸ਼ਨ ਮੋਗਾ ਨੂੰ ਆਪਣਾ ਸਮਰਥਨ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਸੂਬਾ ਪ੍ਰਧਾਨ ਕੁਲਬੀਰ ਸਿੰਘ ਢਿੱਲੋਂ ਨੇ ਸਰਕਾਰ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਸਿਹਤ ਮੁਲਾਜ਼ਮਾਂ ਦੀਆਂ ਸਾਂਝੀਆਂ ਹੱਕੀ ਮੰਗਾਂ ਨਹੀਂ ਮੰਨਦੀ ਤਾਂ ਸਾਂਝੇ ਤੌਰ 'ਤੇ ਸਰਕਾਰ ਖਿਲਾਫ਼ ਮੋਰਚਾ ਖੋਲ੍ਹਿਆ ਜਾਵੇਗਾ।ਇਸ ਮੌਕੇ ਐੱਨ.ਐੱਚ.ਐੱਮ. ਇੰਪਲਾਈ ਐਸੋਸੀਏਸ਼ਨ ਮੋਗਾ ਦੇ ਬੁਲਾਰੇ ਜਸਬੀਰ ਸਿੰਘ ਕੋਟੀਆ, ਡਾ. ਸਿਮਰਪਾਲ ਸਿੰਘ ਢੁੱਡੀਕੇ ਤੇ ਵੱਡੀ ਗਿਣਤੀ 'ਚ ਐੱਨ.ਐੱਚ.ਐੱਮ. ਮੁਲਾਜ਼ਮ ਹਾਜ਼ਰ ਸਨ।

## ਠੱਗ ਏਜੰਟਾਂ ਤੋਂ ਤੰਗ ਆ ਕੇ ਜੋੜੇ ਵੱਲੋਂ ਜ਼ਹਿਰ ਖਾ ਕੇ ਖੁਦਕੁਸ਼ੀ

**ਜ਼ੀਰਕਪੁਰ** : ਵਿਦੇਸ਼ ਭੇਜਣ ਦੇ ਨਾਂਅ 'ਤੇ 36 ਲੱਖ ਰੁਪਏ ਦੀ ਠੱਗੀ ਦਾ ਸ਼ਿਕਾਰ ਹੋਏ ਬਰਨਾਲਾ ਜ਼ਿਲ੍ਹੇ ਦੇ ਪਤੀ-ਪਤਨੀ ਵੱਲੋਂ ਜ਼ੀਰਕਪੁਰ ਵਿੱਚ ਜ਼ਹਿਰੀਲੀ ਚੀਜ਼ ਨਿਗਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਵਿੱਚ ਪਤਨੀ ਗਗਨਦੀਪ ਕੌਰ ਅਤੇ ਪਤੀ ਹਾਕਮ ਸਿੰਘ ਦੀ ਮੌਤ ਹੋ ਗਈ। ਪ੍ਰਾਪਤ ਵੇਰਵੇ ਅਨੁਸਾਰ ਹਾਕਮ ਸਿੰਘ ਅਤੇ ਗਗਨਦੀਪ ਕੌਰ ਬਰਨਾਲਾ ਜ਼ਿਲ੍ਹੇ ਦੇ ਪਿੰਡ ਸ਼ੇਖਾ ਦੇ ਰਹਿਣ ਵਾਲੇ ਸਨ ਅਤੇ ਦੋਵਾਂ ਨੇ ਪ੍ਰੇਮ ਵਿਆਹ ਕਰਵਾਇਆ ਸੀ। ਦੋਵੇਂ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਸਨ। ਇਸੇ ਦੌਰਾਨ ਵਿਦੇਸ਼ ਭੇਜਣ ਦੇ ਨਾਂਅ 'ਤੇ ਉਨ੍ਹਾਂ ਨਾਲ ਕਰੀਬ 36 ਲੱਖ ਰੁਪਏ ਦੀ ਧੋਖਾਧੜੀ ਹੋ ਗਈ। ਇਸ ਠੱਗੀ ਤੋਂ ਬਾਅਦ ਦੋਵੇਂ ਮਾਨਸਿਕ ਅਤੇ ਆਰਥਿਕ ਤੌਰ 'ਤੇ ਪਰੇਸ਼ਾਨ ਸਨ। ਪੁਲਸ ਵੱਲੋਂ ਮਾਮਲੇ ਦੇ ਸਾਰੇ ਪੱਖਾਂ ਦੀ ਜਾਂਚ ਕੀਤੀ ਜਾ ਰਹੀ ਹੈ। ਥਾਣਾ ਮੁਖੀ ਜ਼ੀਰਕਪੁਰ ਜਸਬੀਰ ਸਿੰਘ ਤੁੜ ਨੇ ਦੱਸਿਆ ਕਿ ਖੁਦਕੁਸ਼ੀ ਨੋਟ ਉਨ੍ਹਾ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

## ਆਈਫੋਨ ਦੀ ਕਿਸ਼ਤ ਨੇ ਕਰ'ਤਾ ਪੂਰਾ ਪਰਵਾਰ ਖ਼ਤਮ

**ਮੁੰਬਈ** : ਘਰੇਲੂ ਵਿਵਾਦ ਕਾਰਨ ਇੱਕ 18 ਸਾਲਾ ਨੌਜਵਾਨ ਪਹਾੜੀ 'ਤੇ ਚੜ੍ਹ ਗਿਆ ਤੇ ਕਿਨਾਰੇ ਉਪਰ ਖੜ੍ਹਾ ਹੋ ਕੇ ਛਾਲ ਮਾਰਨ ਦੀਆਂ ਚਿਤਾਵਨੀਆਂ ਦੇਣ ਲੱਗ ਪਿਆ। ਉਸ ਦੇ ਮਾਪਿਆਂ ਅਤੇ ਹੋਰਨਾਂ ਨੇ ਉਸ ਨੂੰ ਸੁਰੱਖਿਅਤ ਥਾਂ 'ਤੇ ਜਾਣ ਲਈ ਮਨਾਉਣ ਵਿੱਚ ਲਗਭਗ ਤਿੰਨ ਘੰਟੇ ਬਿਤਾਏ, ਪਰ ਉਹ ਨਹੀਂ ਮੰਨਿਆ। ਸਥਿਤੀ ਉਸ ਸਮੇਂ ਦੁਖਦਾਇਕ ਅੰਤ 'ਚ ਤਬਦੀਲ ਹੋ ਗਈ ਜਦੋਂ ਨੌਜਵਾਨ ਪਹਾੜੀ ਤੋਂ ਹੇਠਾਂ ਡਿੱਗ ਗਿਆ ਤੇ ਮਨਾਉਣ ਦੀ ਕੋਸ਼ਿਸ਼ ਵਿਚ ਉਸ ਦਾ ਪਿਤਾ ਮੁਰਲੀਧਰ ਚੰਦਗੁਡੇ ਵੀ ਨਾਲ ਹੀ ਹੇਠਾਂ ਜਾ ਡਿੱਗਾ। ਘਬਰਾਹਟ ਵਿੱਚ ਮਾਂ ਸੰਗੀਤਾ ਵੀ ਕੁਝ ਪਲਾਂ ਬਾਅਦ ਪਹਾੜੀ ਤੋਂ ਡਿੱਗ ਪਈ। ਪਰਵਾਰ ਦੇ ਤਿੰਨੋਂ ਮੈਂਬਰਾਂ ਦੀ ਮੌਤ ਹੋ ਗਈ। ਇਹ ਦੁਖਦਾਇਕ ਘਟਨਾ ਛਤਰਪਤੀ ਸੰਭਾਜੀਨਗਰ ਜ਼ਿਲ੍ਹੇ ਦੇ ਖਵਡਾ ਪਹਾੜੀ ਵਿਖੇ ਵਾਪਰੀ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਵਾਇਰਲ ਹੋ ਰਹੀ ਹੈ। ਪੁਲਸ ਨੇ ਦੱਸਿਆ ਕਿ 18 ਸਾਲਾ ਕੁਨਾਲ ਨੇ ਇੱਕ ਆਈਫੋਨ ਖਰੀਦਣ ਵਿੱਚ ਤਾਂ ਕਾਮਯਾਬੀ ਹਾਸਲ ਕਰ ਲਈ, ਪਰ ਉਹ ਇਸ ਦੀਆਂ ਕਿਸ਼ਤਾਂ (ਈ ਐੱਮ ਆਈ) ਅਦਾ ਕਰਨ ਵਿੱਚ ਅਸਮਰੱਥ ਸੀ। ਇਹੀ ਗੱਲ ਕਿਸ਼ੋਰ ਦੀ ਆਪਣੇ ਪਰਵਾਰ ਨਾਲ ਲੜਾਈ ਦੀ ਜੜ੍ਹ ਬਣ ਗਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# 1.20 ਕਰੋੜ ਰੁਪਏ ਦੀ ਲਾਗਤ ਨਾਲ ਭੋਆ ਹਲਕੇ ਦੇ ਚਾਰ ਪਿੰਡਾਂ 'ਚ ਸੜਕਾਂ ਦੇ ਨਿਰਮਾਣ ਕਾਰਜ ਸ਼ੁਰੂ

ਪਠਾਨਕੋਟ (ਦਵਿੰਦਰ ਸਿੰਘ) ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਲਗਾਤਾਰ ਉਪਰਾਲਿਆਂ ਤਹਿਤ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ



ਕਟਾਰੂਚੱਕ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਬਲਾਕ ਨਰੋਟ ਜੈਮਲ ਸਿੰਘ ਦੇ ਵੱਖ-ਵੱਖ ਪਿੰਡਾਂ ਵਿੱਚ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖ ਕੇ ਆਗਾਜ਼ ਕਰਵਾਇਆ ਗਿਆ।ਇਨ੍ਹਾਂ ਸੜਕਾਂ ਦੇ ਨਿਰਮਾਣ 'ਤੇ ਕਰੀਬ 1 ਕਰੋੜ 20 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਲਗਭਗ 2 ਕਿਲੋਮੀਟਰ ਲੰਬਾਈ ਵਾਲੀਆਂ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਇਨ੍ਹਾਂ ਵਿਕਾਸ ਕਾਰਜਾਂ ਦੇ ਸ਼ੁਰੂ ਹੋਣ ਨਾਲ ਪਿੰਡ ਬਹਾਦਰਪੁਰ, ਨਡੋਲੀ, ਘੋਹ ਅਤੇ ਝੜੋਲੀ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੜਕਾਂ ਦੀ ਸਮੱਸਿਆ ਦਾ ਹੱਲ ਹੋਵੇਗਾ। ਉਨ੍ਹਾਂ ਦੱਸਿਆ ਕਿ ਪਿੰਡ ਬਹਾਦਰਪੁਰ ਤੋਂ ਐੱਸ.ਸੀ. ਕਲੋਨੀ ਨੂੰ ਜਾਣ ਵਾਲੀ ਸੜਕ ਪਿਛਲੇ ਲਗਭਗ 50-60 ਸਾਲਾਂ ਤੋਂ ਕੱਚੀ ਸੀ, ਜਿਸ ਕਾਰਨ ਇਲਾਕਾ ਵਾਸੀਆਂ ਨੂੰ ਆਉਣ-ਜਾਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਸੜਕ ਨੂੰ ਪੱਕਾ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪਿੰਡ ਨਡੋਲੀ ਵਿੱਚ ਕੁਝ ਘਰਾਂ ਅਤੇ ਅੱਗੇ ਸ਼ਮਸ਼ਾਨ ਘਾਟ ਨਾਲ ਜੁੜਨ ਵਾਲੀ ਕੱਚੀ ਸੜਕ ਦੇ ਨਿਰਮਾਣ ਦਾ ਕੰਮ ਵੀ ਸ਼ੁਰੂ ਕਰਵਾਇਆ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਘੋਹ ਤੋਂ ਫਤਿਹਪੁਰ ਅੱਡੇ ਨਾਲ ਜੋੜਨ ਵਾਲੀ ਸੜਕ ਦਾ ਨਿਰਮਾਣ ਵੀ ਸ਼ੁਰੂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿੰਡ ਝੜੋਲੀ ਦੇ ਆਲੇ-ਦੁਆਲੇ ਫਿਰਨੀ ਨੂੰ ਪੱਕਾ ਕਰਨ ਦਾ ਕੰਮ ਵੀ ਅੱਜ ਆਰੰਭ ਕਰਵਾਇਆ ਗਿਆ ਹੈ। ਇਸ ਮੌਕੇ ਜ਼ਿਲ੍ਹਾ ਚੇਅਰਮੈਨ ਬਲਾਕ ਸੰਮਤੀ ਨਰੋਟ ਜੈਮਲ ਸਿੰਘ ਧਰਮਪਾਲ,ਪਰਿਸ਼ਦ ਮੈਂਬਰ ਸ੍ਰੀਮਤੀ ਕਿਰਨ ਕੁਮਾਰੀ, ਬਲਾਕ ਸੰਮਤੀ ਮੈਂਬਰ ਅਨੀ, ਸਰਪੰਚ ਡਾ. ਵਿਨੋਦ ਕੁਮਾਰ, ਬਲਾਕ ਪ੍ਰਧਾਨ ਸੂਬੇਦਾਰ ਕੁਲਵੰਤ ਸਿੰਘ, ਮੁਕੇਸ਼ ਸ਼ਰਮਾ, ਸਿਕਰਜੀਤ ਹੈਰੀ, ਸਰਪੰਚ ਘੋਹ ਪੂਜਾ ਰਾਣੀ, ਪੁਰਸ਼ੋਤਮ ਲਾਲ ਛੋਟਾ ਠਾਕੁਰ, ਮਨੀਸ਼ ਫਤਿਹਪੁਰ, ਦੇਵਰਾਜ ਸਾਬਕਾ ਸਰਪੰਚ, ਮਨੀਸ਼ ਕੁਮਾਰ, ਸੰਦੀਪ ਮਹਾਜਨ, ਨਵਨੀਤ ਕੌਰ ਸਰਪੰਚ ਬਹਾਦਰਪੁਰ, ਪ੍ਰਧਾਨ ਪ੍ਰਧਾਨ ਅਸ਼ਵਨੀ ਕੁਮਾਰ ਲਾਡੀ, ਮੈਂਬਰ ਪੰਚਾਇਤ ਮੰਗਤ ਰਾਮ, ਰਕੇਸ਼ ਕੁਮਾਰ, ਪੰਚਾਇਤ ਮੈਂਬਰ ਮਧੂਬਾਲਾ, ਬੌਧਰਾਜ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ, ਪੰਚ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿਖੇ ਲੱਗਾ ਪੱਕਾ ਮੋਰਚਾ ਜਾਰੀ

ਵਲਟੋਹਾ (ਰਣਜੀਤ ਸਿੰਘ ਵਲਟੋਹਾ) ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ 21 ਮਈ 2026 ਤੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿਖੇ ਪੱਕਾ ਮੋਰਚਾ ਚੱਲ ਰਿਹਾ ਹੈ।ਇਹ ਮੋਰਚਾ ਕਿਸਾਨ ਜਥੇਬੰਦੀਆਂ ਵੱਲੋਂ [illegible]



ਇਸ ਕਰਕੇ ਲਗਾਇਆ ਗਿਆ ਕਿਉਂਕਿ ਪੰਜਾਬ ਸਰਕਾਰ ਵੱਲੋਂ ਨਵੰਬਰ 2025 ਵਿੱਚ ਸਰਕਾਰੀ ਖੰਡ ਮਿਲ ਸ਼ੇਰੋਂ ਦੀ ਮਾਲਕੀ ਤਬਦੀਲ ਕਰ ਦਿੱਤੀ ਗਈ ਸੀ।ਇਸ ਦਾ ਵਿਰੋਧ ਪ੍ਰਗਟ ਕਰਨ ਲਈ ਪਹਿਲਾਂ ਫਰਵਰੀ 2026 ਵਿੱਚ ਸਰਕਾਰੀ ਮਿੱਲ [illegible] ਜਿਸ ਦੌਰਾਨ ਕਿਸਾਨ ਆਗੂਆਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ ਅਤੇ ਜਨਤਕ ਦਬਾਅ ਕਾਰਨ ਉਹਨਾਂ ਨੂੰ ਰਿਹਾ ਕਰਨਾ ਪਿਆ ਸੀ।ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਕੰਵਰ ਸਿੰਘ, ਤਰਸੇਮ ਸਿੰਘ ਸੁਹਾਵਾ, ਨਛੱਤਰ ਸਿੰਘ [illegible], ਲੱਖਾ ਸਿੰਘ ਫੈਲੋਕੇ, ਡਾ ਇੰਦਰਜੀਤ ਸਿੰਘ ਮਰਹਾਣਾ, ਗੁਰਪ੍ਰੀਤ ਸਿੰਘ ਗੰਡੀਵਿੰਡ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸਹਿਕਾਰੀ ਖੰਡ ਮਿੱਲ ਨੂੰ ਆਪਣੀ ਮਰਜ਼ੀ ਨਾਲ ਨਹੀਂ ਵੇਚ ਸਕਦੀ ਕਿਉਂਕਿ ਇਸ ਵਿੱਚ ਕਿਸਾਨਾਂ ਦੇ 60 ਫੀਸਦੀ ਸ਼ੇਅਰ ਹਨ ਅਤੇ ਪੰਜਾਬ ਸਰਕਾਰ ਨੇ ਗੈਰ ਕਾਨੂੰਨੀ ਢੰਗ ਨਾਲ ਕਿਸੇ ਕਿਸਾਨਾਂ ਤੋਂ ਰਾਏ [illegible] ਲਿਆ ਇਸ ਖੰਡ ਮਿੱਲ ਦੀ ਮਾਲਕੀ ਤਬਦੀਲ ਕਰ ਦਿੱਤੀ ਜੋ ਕਿ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ।ਉਨ੍ਹਾਂ ਕਿਹਾ ਕਿ ਇਸ ਮੋਰਚੇ ਦੇ ਆਗੂਆਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਉਲੀਕਿਆ ਸੀ ਜਿਸ ਵਿੱਚ [illegible] ਨੂੰ ਤਾਂ ਮੰਗ ਪੱਤਰ ਦੇ ਦਿੱਤੇ ਗਏ ਸਨ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਂ ਰਹਿੰਦਿਆਂ ਦਖਲ ਨਾ ਦਿੱਤਾ ਗਿਆ ਤਾਂ ਮੋਰਚੇ ਵੱਲੋਂ ਆਉਣ ਵਾਲੇ ਦਿਨਾਂ 'ਚ ਤਿੱਖਾ ਐਕਸ਼ਨ ਦਿੱਤਾ ਜਾਵੇਗਾ। [illegible] ਇਲਾਵਾ, ਮਨਜੀਤ ਸਿੰਘ ਬੱਗੂ, ਬਲਵਿੰਦਰ ਸਿੰਘ ਫੈਲੋਕੇ, ਬਲਵਿੰਦਰ ਸਿੰਘ ਨਿਹੰਗ, ਮੰਗਲ ਸਿੰਘ, ਬਲਦੇਵ ਸਿੰਘ, ਬੂਟਾ ਸਿੰਘ, ਮਨਜੀਤ ਸਿੰਘ ਰੰਧਾਵਾ, ਸੁਖਦੇਵ ਸਿੰਘ ਕਸ਼ਮੀਰ ਸਿੰਘ ਚੱਕ, ਸੁਖਬਾਜ ਸਿੰਘ ਸਿੱਧੂ, ਗੁਰਪ੍ਰਤਾਪ ਸਿੰਘ ਮੁਗਲ ਚੱਕ, ਨਾਜਰ ਸਿੰਘ ਸਰਹਾਲੀ, ਸਰਦਾਰਾ ਸਿੰਘ ਸਖੀਰਾ ਅਤੇ ਕਾਕਾ ਅੰਗਦਬੀਰ ਸਿੰਘ ਸੈਰੋ ਹਾਜ਼ਰ ਸਨ।

# ਪ੍ਰੋ. ਹਰਪ੍ਰੀਤ ਸਿੰਘ ਕੋਟ ਨੂੰ 'ਆਪ' ਵੱਲੋਂ ਮਿਲੀ ਵੱਡੀ ਜ਼ਿੰਮੇਵਾਰੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਆਮ ਆਦਮੀ ਪਾਰਟੀ ਵੱਲੋਂ ਸੰਗਠਨ ਦੇ ਢਾਂਚੇ ਦਾ ਵਿਸਥਾਰ ਕਰਦਿਆਂ ਵੱਖ-ਵੱਖ ਜ਼ਿਲ੍ਹਿਆਂ ਤੋਂ ਹੋਰ ਸਾਥੀਆਂ ਨੂੰ ਨਵੀਆਂ ਜ਼ਿੰਮੇਵਾਰੀਆਂ ਦਿੱਤੀਆਂ



ਹਨ।ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਜ਼ਿਲ੍ਹਾ ਪ੍ਰਧਾਨ ਮੀਡੀਆ ਜਨਰਲ ਸਕੱਤਰ ਪੰਜਾਬ ਪ੍ਰੋ. ਹਰਪ੍ਰੀਤ ਸਿੰਘ ਕੋਟ ਨੂੰ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਸਪੋਕਸਮੈਨ ਅਤੇ ਟੀ ਵੀ ਪੈਨਲਿਸਟ ਦੀ ਜ਼ੁੰਮੇਵਾਰੀ ਦਿੱਤੀ ਹੈ ।ਇਸ ਖ਼ਬਰ ਨਾਲ ਹਲਕਾ ਖਡੂਰ ਸਾਹਿਬ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵਰਕਰਾਂ ਵਿੱਚ ਜੋਸ਼ ਅਤੇ ਖੁਸ਼ੀ ਵਾਲਾ ਮਾਹੌਲ ਬਣਿਆ ਹੋਇਆ ਹੈ।ਪ੍ਰੋ. ਹਰਪ੍ਰੀਤ ਸਿੰਘ ਕੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਨ ਜਿਸ ਨੇ ਮੇਰੇ 'ਤੇ ਵਿਸ਼ਵਾਸ ਪ੍ਰਗਟਾਇਆ ਅਤੇ ਨਵੀਂ ਜ਼ੁੰਮੇਵਾਰੀ ਦਿੱਤੀ ਹੈ।ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਹਿਲਾਂ ਦੀ ਤਰ੍ਹਾਂ ਪਾਰਟੀ ਲਈ ਦਿਨ ਰਾਤ ਕੰਮ ਕਰਾਂਗਾ।ਉਨ੍ਹਾਂ ਹਲਕਾ ਖਡੂਰ ਸਾਹਿਬ ਦੇ ਸਮੁੱਚੇ ਵਰਕਰਾਂ ਅਤੇ ਆਮ ਲੋਕਾਂ ਦਾ ਵੀ ਧੰਨਵਾਦ ਕੀਤਾ।

# ਰਜਧਾਨ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਾਇਆ

ਬਿਆਸ (ਪਰਮਜੀਤ ਸਿੰਘ ਰੱਖੜਾ) ਪਿੰਡ ਰਜਧਾਨ ਦੇ ਵੱਡੇ ਗੁਰਦੁਆਰਾ ਸਾਹਿਬ ਵਿਖੇ ਸਿਵਲ ਸਰਜਨ ਡਾਕਟਰ ਰਸ਼ਮੀ ਵਿੱਜ ਅਤੇ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਨੀਰਜ ਭਾਟੀਆ ਵੱਲੋਂ ਅੱਖਾਂ ਦਾ ਮੁਫਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ



ਡਾਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ 145 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ, ਜਿਨ੍ਹਾਂ ਨੂੰ ਅੱਖਾਂ ਵਿੱਚ ਪਾਉਣ ਲਈ ਦਾਰੂ ਅਤੇ 105 ਮਰੀਜ਼ਾਂ ਨੂੰ ਨਿਗ੍ਹਾ ਦੀਆਂ ਐਨਕਾਂ ਮੁਫ਼ਤ ਦਿੱਤੀਆਂ ਗਈਆਂ ਅਤੇ 8 ਮਰੀਜ਼ਾਂ ਦੇ ਫ੍ਰੀ ਅਪਰੇਸ਼ਨ ਕਰਨ ਲਈ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿੱਚ ਰੈਫਰ ਕੀਤਾ ਗਿਆ। ਇਸ ਮੌਕੇ ਉਹਨਾ ਨਾਲ ਕਮਿਊਨਟੀ ਹੈੱਲਥ ਅਫਸਰ ਡਾਕਟਰ ਨਵਰੂਪ ਕੌਰ, ਏਨਮ ਗੁਰਬਿੰਦਰ ਕੌਰ, ਸੁਖਵਿੰਦਰ ਸਿੰਘ ਅਤੇ ਸੁਖਚੈਨ ਸਿੰਘ (ਐੱਮ ਪੀ ਐੱਚ ਡਬਲਿਊ), ਦਲਜੀਤ ਕੌਰ, ਗੁਰਜੀਤ ਕੌਰ (ਆਸ਼ਾ ਵਰਕਰ), ਰਜਧਾਨ ਦੇ ਸਰਪੰਚ ਬਲਵਿੰਦਰ ਸਿੰਘ ਅਤੇ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।

# ਵਿਦਿਆਰਥੀਆਂ ਨੂੰ "ਖੇਡ ਪਿਟਾਰੀ" ਰਾਹੀਂ ਪੁਸਤਕਾਂ ਨਾਲ ਜੋੜਨ ਦੀ ਪਹਿਲਕਦਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਚੀਫ਼ ਖ਼ਾਲਸਾ ਦੀਵਾਨ ਵੱਲੋਂ ਇਸ ਅਧੀਨ ਚੱਲ ਰਹੇ ਸਮੂਹ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿਚ ਵਿਦਿਆਰਥੀਆਂ ਨੂੰ ਪੁਸਤਕਾਂ ਨਾਲ



ਜੋੜਣ ਅਤੇ ਸਿੱਖਣ-ਪੜ੍ਹਨ ਦੀ ਰੁਚੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਪਹਿਲ ਕਦਮੀ ਕੀਤੀ ਗਈ ਹੈ। ਸੀ.ਕੇ.ਡੀ ਐਲੂਮਨੀ ਡਾ.ਪ੍ਰਭਜੋਤ ਕੌਰ ਸੰਧੂ (ਸਾਬਕਾ ਚੀਫ਼ ਲਾਇਬ੍ਰੇਰੀਅਨ ਪੰਜਾਬ) ਵੱਲੋਂ ਪ੍ਰੋਜੈਕਟ ਕਿਤਾਬ ਬੋਲਦੀ ਹੈ-ਪੜ੍ਹੋ ਤੇ ਵਧੋ ਅਧੀਨ ਤਿਆਰ ਕੀਤੀ ਗਈ ਖੇਡ ਪਿਟਾਰੀ ਕਿੱਟ ਬੱਚਿਆਂ ਲਈ ਲਾਇਬ੍ਰੇਰੀ ਵਿਚ ਪੜ੍ਹਾਈ ਨੂੰ ਰਿਵਾਇਤੀ ਢੰਗ ਦੀ ਬਜਾਏ ਖੇਡਾਂ, ਗਤੀਵਿਧੀਆਂ ਰਾਹੀਂ ਮਨੋਰੰਜਕ ਅਤੇ ਦਿਲਚਸਪ ਬਣਾਉਣ ਦਾ ਉਪਰਾਲਾ ਹੈ। ਇਸ ਖੇਡ ਪਿਟਾਰੀ ਵਿਚ ਲਗਭਗ 16 ਤਰ੍ਹਾਂ ਦੀਆਂ ਵੱਖ-ਵੱਖ ਰਚਨਾਤਮਕ ਅਤੇ ਵਿੱਦਿਅਕ ਗਤੀਵਿਧੀਆਂ ਸ਼ਾਮਲ ਕੀਤੀਆਂ ਗਈਆਂ ਹਨ। ਉਹਨਾਂ ਨੇ ਦੱਸਿਆ ਕਿ ਪਿਛਲੇ ਦਿਨੀ ਉਹਨਾਂ ਵੱਲੋਂ ਸੀ.ਕੇ.ਡੀ ਸਕੂਲਾਂ ਦੇ ਲਾਇਬ੍ਰੇਰੀਅਨ ਨੂੰ ਇਸ ਖੇਡ ਪਿਟਾਰੀ ਨੂੰ ਵਰਤਣ ਦੀ ਸਿਖਲਾਈ ਦਿੱਤੀ ਜਾ ਚੁੱਕੀ ਹੈ ਤਾਂ ਜੋ ਉਹ ਲਾਇਬ੍ਰੇਰੀ ਨੂੰ ਜੀਵਤ ਸਿੱਖਿਆ ਕੇਂਦਰ ਬਣਾ ਕੇ ਇਹਨਾਂ ਦਿਲਚਸਪ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਬੱਚਿਆਂ ਤੱਕ ਪਹੁੰਚਾ ਸਕਣ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਰਮਨੀਕ ਸਿੰਘ, ਡਾਇਰੈਕਟਰ ਡਾ.ਏ.ਪੀ.ਐਸ.ਚਾਵਲਾ, ਡਿਪਟੀ ਡਾਇਰੈਕਟਰ ਸ੍ਰੀਮਤੀ ਉਰਮਿੰਦਰ ਕੌਰ, ਡਾ.ਜਸਵਿੰਦਰ ਕੌਰ, ਡਾ.ਪ੍ਰਭਜੋਤ ਕੌਰ ਸੰਧੂ ਆਦਿ ਹਾਜ਼ਰ ਸਨ।

# ਸੰਗਤ ਦਰਸ਼ਨ ਤਹਿਤ ਪਿੰਡ ਕਾਹਲਵਾਂ ਪਹੁੰਚੇ ਬੀਬਾ ਰਮਨਦੀਪ ਸੇਰੋਂ ਤੇ ਬਿੱਲਾ ਸੇਰੋਂ

ਚੋਹਲਾ ਸਾਹਿਬ (ਰਮਨ ਚੱਢਾ)- ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਵਿੱਚ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦੇ ਮਕਸਦ ਨਾਲ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਸੇਰੋਂ ਅਤੇ ਸੀਨੀਅਰ



ਅਕਾਲੀ ਆਗੂ ਸਰਪੰਚ ਅਵਤਾਰ ਸਿੰਘ ਬਿੱਲਾ ਸੇਰੋਂ ਵੱਲੋਂ ਪਿੰਡ ਪੱਧਰ 'ਤੇ ਸੰਗਤ ਦਰਸ਼ਨ ਦਾ ਸਿਲਸਿਲਾ ਜਾਰੀ ਹੈ।ਇਸੇ ਤਹਿਤ ਪਿੰਡ ਕਾਹਲਵਾਂ ਵਿਖੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਅਤੇ ਸੁਝਾਅ ਸੁਣੇ ਗਏ।ਪਿੰਡ ਵਾਸੀਆਂ ਨੇ ਪਿੰਡ ਨਾਲ ਸਬੰਧਤ ਵੱਖ-ਵੱਖ ਮਸਲੇ ਦੋਵਾਂ ਆਗੂਆਂ ਦੇ ਧਿਆਨ ਵਿੱਚ ਲਿਆਂਦੇ।ਬੀਬਾ ਰਮਨਦੀਪ ਕੌਰ ਸੇਰੋਂ ਨੇ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਹੀ ਸੰਗਤ ਦਰਸ਼ਨ ਦਾ ਮਕਸਦ ਹੈ, ਤਾਂ ਜੋ ਪਿੰਡ ਵਾਸੀਆਂ ਨੂੰ ਆਪਣੀਆਂ ਮੁਸ਼ਕਲਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਯੋਗ ਪੱਧਰ ਤੱਕ ਪਹੁੰਚਾਇਆ ਜਾ ਸਕੇ।ਇਸ ਮੌਕੇ ਅਵਤਾਰ ਸਿੰਘ ਬਿੱਲਾ ਨੇ ਕਿਹਾ ਕਿ ਪਿੰਡਾਂ ਦੇ ਲੋਕਾਂ ਵੱਲੋਂ ਸਾਹਮਣੇ ਲਿਆਂਦੇ ਮਸਲਿਆਂ ਨੂੰ ਸਿਰਫ਼ ਸੁਣਨਾ ਹੀ ਨਹੀਂ, ਸਗੋਂ ਉਨ੍ਹਾਂ ਦੇ ਹੱਲ ਲਈ ਲਗਾਤਾਰ ਯਤਨ ਕਰਨਾ ਵੀ ਸਾਡੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨਾਲ ਹਰ ਪੱਧਰ 'ਤੇ ਖੜ੍ਹ ਰਹਿ ਕੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਉਠਾਇਆ ਜਾਵੇਗਾ।ਇਸ ਮੌਕੇ ਸਰਕਲ ਪ੍ਰਧਾਨ ਦਿਲਬਾਗ ਸਿੰਘ ਕਾਹਲਵਾਂ, ਸਿਕੰਦਰ ਸਿੰਘ ਵਰਾਣਾ, ਕਿਰਪਾ ਸਿੰਘ, ਮੈਨੇਜਰ ਨਿਰਮਲ ਸਿੰਘ ਕਾਹਲਵਾਂ, ਸੁਖਦੇਵ ਸਿੰਘ, ਵਜ਼ੀਰ ਸਿੰਘ,ਜਗਦੀਪ ਸਿੰਘ ਮਿੰਟੂ, ਹਰਭਜਨ ਸਿੰਘ, ਸਵਰਨ ਸਿੰਘ, ਜਸਬੀਰ ਸਿੰਘ, ਨਿਸ਼ਾਨ ਸਿੰਘ, ਸਕੱਤਰ ਸਿੰਘ ਆਦਿ ਹਾਜ਼ਰ ਸਨ।

# ਕਾਰਪੋਰੇਸ਼ਨ ਬਟਾਲਾ ਦੀ ਪਹਿਲੀ ਹਾਊਸ ਦੀ ਮੀਟਿੰਗ 'ਚ ਇਤਿਹਾਸਕ ਮਤੇ ਪਾਸ : ਸ਼ੈਰੀ ਕਲਸੀ


ਬਟਾਲਾ (ਡਾਕਟਰ ਮਲਵਿੰਦਰ ਸਿੰਘ) ਕਾਰਪੋਰੇਸ਼ਨ ਬਟਾਲਾ ਹਾਊਸ ਦੀ ਪਹਿਲੀ ਮੀਟਿੰਗ ਵਿੱਚ ਬਟਾਲਾ ਸ਼ਹਿਰ ਦੇ ਵਿਕਾਸ ਤੇ ਤਰੱਕੀ ਲਈ ਇਤਿਹਾਸਕ ਮਤੇ ਪਾਸ ਕੀਤੇ ਗਏ।ਹਾਊਸ ਦੀ ਮੀਟਿੰਗ ਵਿੱਚ ਬਟਾਲਾ ਦੇ



ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕਾਰਪੋਰੇਸ਼ਨ ਦੇ ਕਮਿਸ਼ਨਰ ਗੁਰਸਿਮਰਨ ਸਿੰਘ ਢਿੱਲੋਂ, ਕਾਰਪੋਰੇਸ਼ਨ ਦੇ ਮੇਅਰ ਸੁਖਦੀਪ ਸਿੰਘ ਬਾਜਵਾ, ਸੀਨੀਅਰ ਡਿਪਟੀ ਮੇਅਰ ਸ੍ਰੀਮਤੀ ਸੁਖਰਾਜ ਕੌਰ ਅਤੇ ਡਿਪਟੀ ਮੇਅਰ ਸ੍ਰੀਮਤੀ ਨੀਲਮ ਚੌਹਾਨ ਸਮੇਤ ਸਮੂਹ ਕੌਂਸਲਰ ਮੌਜੂਦ ਸਨ।ਹਾਊਸ ਦੀ ਮੀਟਿੰਗ ਦੌਰਾਨ ਵਿਧਾਇਕ ਸ਼ੈਰੀ ਕਲਸੀ, ਕਮਿਸ਼ਨਰ ਕਾਰਪੋਰੇਸ਼ਨ ਅਤੇ ਮੇਅਰ ਬਾਜਵਾ ਵੱਲੋਂ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਮੂਹ ਕੌਂਸਲਰਾਂ ਦੇ ਸਹਿਯੋਗ ਨਾਲ ਬਟਾਲਾ ਸ਼ਹਿਰ ਅੰਦਰ ਲੋਕਪੱਖੀ ਵਿਕਾਸ ਕਾਰਜ ਕਰਵਾਏ ਜਾਣਗੇ ਅਤੇ ਅਸੀਂ ਸਾਰੇ ਬਟਾਲਾ ਸ਼ਹਿਰ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਆਪਸੀ ਸਹਿਯੋਗ ਨਾਲ ਕੰਮ ਕਰਾਂਗੇ। ਹਾਊਸ ਮੀਟਿੰਗ ਵਿੱਚ ਵੱਖ-ਵੱਖ 27 ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਸ਼ਹਿਰ ਦੀ [illegible] ਵੱਡੀ ਸਮੱਸਿਆ ਕੂੜੇ ਦੇ ਡੰਪ [illegible] ਅਤੇ ਪਿਛਲੇ ਕਰੀਬ 7 ਦਹਾਕਿਆਂ ਤੋਂ ਬਟਾਲਾ ਵਾਸੀ ਇਸ ਸਮੱਸਿਆ ਨਾਲ ਜੂਝ ਰਹੇ ਹਨ। ਪਰ ਆਮ ਆਦਮੀ ਪਾਰਟੀ ਬਟਾਲਾ ਵਾਸੀਆਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਏਗੀ। ਉਨ੍ਹਾਂ ਦੱਸਿਆ ਕਿ ਅੱਜ ਹਾਊਸ ਦੀ ਮੀਟਿੰਗ ਵਿੱਚ [illegible] ਬਟਾਲਾ ਦੀ ਪ੍ਰਮੁੱਖ [illegible] ਜਾਵੇਗੀ। [illegible] ਨੂੰ ਸਾਰਿਆਂ ਦੇ ਸਹਿਯੋਗ ਨਾਲ ਮੁਕੰਮਲ ਕੀਤਾ ਜਾਵੇਗਾ।

# ਖਾਲਸਾ ਕਾਲਜ ਆਫ ਨਰਸਿੰਗ ਨੇ ਅੰਤਰਰਾਸ਼ਟਰੀ ਅੰਗ ਦਾਨ ਦਿਵਸ ਮਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )— ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਲੋਕਾਂ 'ਚ ਅੰਗ ਦਾਨ ਸਬੰਧੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਐਟਲਾਂਟਿਸ ਹਸਪਤਾਲ ਵਿਖੇ ਅੰਤਰਰਾਸ਼ਟਰੀ ਅੰਗ ਦਾਨ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮਨਾਇਆ ਗਿਆ ਉਕਤ ਦਿਵਸ 'ਡਰ ਤੋਂ ਉਮੀਦ ਵੱਲ: ਅੰਗਦਾਨ ਰਾਹੀਂ ਜੀਵਨ ਦੀ ਰੱਖਿਆ' ਵਿਸ਼ੇ 'ਤੇ



ਅਧਾਰਿਤ ਸੀ। ਇਹ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਪ੍ਰੋਗਰਾਮ ਮੈਡੀਕਲ-ਸਰਜੀਕਲ ਨਰਸਿੰਗ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਡਾ. ਤਰਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ ਵੰਦਨਾ ਅਤੇ ਨਰਸਿੰਗ ਟਿਊਟਰ ਦੀਪਤੀ ਸ਼ਰਮਾ ਦੀ ਅਗਵਾਈ ਹੇਠ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਮੌਕੇ ਕਾਲਜ ਵਿਦਿਆਰਥੀਆਂ ਵੱਲੋਂ ਹਸਪਤਾਲ ਵਿਖੇ ਸਮੂਹ ਪ੍ਰਸ਼ਾਸਨਿਕ ਸਟਾਫ਼ ਦੀ ਮੌਜੂਦਗੀ 'ਚ ਅੰਗਦਾਨ ਸਬੰਧੀ ਸਿਹਤ ਸਿੱਖਿਆ ਪ੍ਰਦਾਨ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੇ ਅੰਗਦਾਨ ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਦਰਸਾਉਂਦੇ ਚਾਰਟ ਵੀ ਪ੍ਰਦਰਸ਼ਿਤ ਕੀਤੇ। ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਓ. ਪੀ. ਡੀ. 'ਚ ਆਏ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਲਗਭਗ 100 ਵਿਅਕਤੀਆਂ ਨੂੰ ਅੰਗਦਾਨ ਸਬੰਧੀ ਵਿਸਥਾਰਪੂਰਵਕ ਸਿਹਤ ਸਿੱਖਿਆ ਪ੍ਰਦਾਨ ਕੀਤੀ ਗਈ। ਇਸ ਮੌਕੇ ਡਾ. ਕੁਲਦੀਪ ਸ਼ਰਮਾ (ਐਗਜ਼ੀਕਿਊਟਿਵ ਡਾਇਰੈਕਟਰ), ਡਾ. ਵਿਨੋਦ ਸ਼ਰਮਾ (ਹੈੱਡ ਐਡਮਿਨਿਸਟਰੇਟਰ), ਡਾ. ਵੀਰੂ ਅਤੇ ਡਾ. ਰਣਜੀਤ ਕੌਰ (ਮੈਡੀਕਲ ਸੁਪਰਡੈਂਟ) ਨੇ ਜਾਗਰੂਕਤਾ ਮੁਹਿੰਮ 'ਚ ਵਿਦਿਆਰਥੀਆਂ ਦੁਆਰਾ ਵਿਖਾਏ ਗਏ ਉਤਸ਼ਾਹ ਅਤੇ ਜੋਸ਼ ਦੀ ਸ਼ਲਾਘਾ ਕੀਤੀ।

# ਆਰ. ਡੀ. ਖੋਸਲਾ ਸਕੂਲ ਦੀਆਂ ਦੋ ਵਿਦਿਆਰਥਣਾਂ ਦੀ ਯੋਗਾ ਮੁਕਾਬਲੇ ਲਈ ਚੋਣ

ਬਟਾਲਾ, (ਡਾ. ਮਾਲਵਿੰਦਰ ਸਿੰਘ)- ਜ਼ਿਲ੍ਹਾ ਸਕੂਲ ਖੇਡ ਕਮੇਟੀ ਗੁਰਦਾਸਪੁਰ ਵੱਲੋਂ ਆਰ. ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਆਯੋਜਿਤ ਜ਼ਿਲ੍ਹਾ ਪੱਧਰੀ



ਯੋਗਾ ਮੁਕਾਬਲੇ ਦੇ ਦੂਜੇ ਦਿਨ, ਸਕੂਲ ਦੀਆਂ ਵਿਦਿਆਰਥਣਾਂ ਨੇ ਇਤਿਹਾਸਕ ਸਫਲਤਾ ਪ੍ਰਾਪਤ ਕੀਤੀ।19 ਅਗਸਤ ਨੂੰ ਸਮਾਪਤ ਹੋਏ ਇਸ ਮੁਕਾਬਲੇ ਵਿੱਚ ਅਨੁਰੀਤ ਕੌਰ ਮੱਲ੍ਹੀ ਅਤੇ ਖੁਸ਼ਮੀਤ ਕੌਰ ਮੱਲ੍ਹੀ ਨੇ ਆਪਣੇ ਬੇਮਿਸਾਲ ਸੰਤੁਲਨ ਅਤੇ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਅਤੇ ਕੁੱਲ ਚਾਰ ਸੋਨ ਤਮਗੇ ਪ੍ਰਾਪਤ ਕੀਤੇ।ਅੰਡਰ-19 ਲੜਕੀਆਂ ਦੇ ਵਰਗ ਵਿੱਚ ਦੋਵਾਂ ਵਿਦਿਆਰਥਣਾਂ ਨੇ ਸ਼ਾਨਦਾਰ ਤਾਲਮੇਲ ਦਾ ਪ੍ਰਦਰਸ਼ਨ ਕੀਤਾ, ਕਲਾਤਮਕ ਜੋੜਾ ਅਤੇ ਰਿਦਮਿਕ ਜੋੜਾ ਸ਼੍ਰੇਣੀਆਂ ਵਿੱਚ ਪਹਿਲਾ ਸਥਾਨ (ਸੋਨੇ ਦੇ ਤਗਮੇ) ਪ੍ਰਾਪਤ ਕੀਤਾ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ ਤੇ ਅਨੁਰੀਤ ਕੌਰ ਅਤੇ ਖੁਸ਼ਮੀਤ ਕੌਰ ਨੂੰ ਰਾਜ ਪੱਧਰੀ ਯੋਗਾ ਮੁਕਾਬਲੇ ਲਈ ਗੁਰਦਾਸਪੁਰ ਜ਼ਿਲ੍ਹਾ ਯੋਗਾ ਟੀਮ ਲਈ ਚੁਣਿਆ ਗਿਆ ਹੈ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਦੋਵਾਂ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਯੋਗਾ ਇੰਸਟ੍ਰਕਟਰ ਯੋਗਾਚਾਰੀਆ ਵਿਨੈ ਪੁਸ਼ਕਰਨਾ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।

# ਪੀਰ ਬਾਬਾ ਕੜ੍ਹਬੀ ਸ਼ਾਹ ਦਾ ਸਾਲਾਨਾ ਸੱਭਿਆਚਾਰਕ ਮੇਲਾ ਭਲਕੇ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਸਥਾਨਕ ਨਗਰ ਚੇਤਨਪੁਰਾ ਅਤੇ ਇਥੋਂ ਇੱਕ ਕਿਲੋ ਮੀਟਰ ਤੇ ਪੈਂਦੇ ਪਿੰਡ ਮੱਜੂਪੁਰਾ ਵਿਚਕਾਰ ਸਥਿਤ ਪੀਰ ਬਾਬਾ ਕੜ੍ਹਬੀ ਸ਼ਾਹ ਦੀ ਮਜ਼ਾਰ ਤੇ ਸਲਾਨਾ ਸੱਭਿਆਚਾਰਕ ਮੇਲਾ 24 ਅਗਸਤ ਨੂੰ ਦੋਵਾਂ ਪਿੰਡਾਂ ਦੇ ਵਸਨੀਕਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਬੜੇ ਜੋਸ਼ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਹਰੇਕ ਸਾਲ ਕਰਵਾਏ ਜਾਣ ਵਾਲੇ ਇਸ ਮੇਲੇ ਲਈ ਦੋਵਾਂ ਪਿੰਡਾਂ ਦੇ ਐੱਨ.ਆਰ.ਆਈ ਵੀਰਾਂ ਵੱਲੋਂ ਵਿਸ਼ੇਸ਼ ਰੂਪ ਵਿੱਚ ਸਹਿਯੋਗ ਦਿੱਤਾ ਜਾਂਦਾ ਹੈ।ਮੇਲੇ ਦੇ ਪ੍ਰਬੰਧਕਾਂ ਵੱਲੋਂ ਸੰਯੁਕਤ ਰੂਪ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਸਾਲ 23 ਅਗਸਤ ਦੀ ਰਾਤ ਨੂੰ ਪ੍ਰਸਿੱਧ ਕਵਾਲਾਂ ਵੱਲੋਂ ਕਵਾਲੀਆਂ ਪੇਸ਼ ਕਰਕੇ ਪੀਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ।ਅਗਲੇ ਦਿਨ ਦੁਪਹਿਰ ਸਮੇਂ ਇੱਕ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਸਮੇਂ ਪੰਜਾਬ ਦੇ ਮਸ਼ਹੂਰ ਲੋਕ ਗਾਇਕ ਹਰਪ੍ਰੀਤ ਢਿੱਲੋਂ-ਮੈਡਮ ਸਿਮ ਕੌਰ ਅਤੇ ਲਵੀ ਮਾਨ-ਰੋਜ਼ੀ ਮਾਨ ਵੱਲੋਂ ਆਪਣੇ ਨਵੇਂ ਪੁਰਾਣੇ ਗੀਤਾਂ ਰਾਹੀਂ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ। ਇਸ ਦਿਨ ਸੱਭਿਆਚਾਰਕ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ਼ਾਮ 4 ਵਜੇ ਕਬੱਡੀ ਕੱਪ ਕਰਵਾਇਆ ਜਾਵੇਗਾ ਜਿਸ ਵਿਚ ਬਾਬਾ ਬੁੱਢਾ ਸਾਹਿਬ ਕਲੱਬ ਰਮਦਾਸ ਯੂ.ਐਸ.ਏ. ਅਤੇ ਬਾਬਾ ਚੰਦ ਕਬੱਡੀ ਕਲੱਬ ਢੱਡਿਆਲਾ ਨੱਤ ਵਿਚਕਾਰ ਮੈਚ ਖੇਡਿਆ ਜਾਵੇਗਾ। ਪਿੰਡ ਚੇਤਨਪੁਰਾ ਦੇ ਨੌਜਵਾਨਾਂ ਵੱਲੋਂ ਇਸ ਸਮੇਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਉਣ ਦਾ ਪ੍ਰਬੰਧ ਕੀਤਾ ਗਿਆ ਹੈ।ਲੰਗਰ ਸਾਰਾ ਦਿਨ ਅਟੁੱਟ ਵਰਤੇਗਾ।

# ਤਲਬੀਰ ਸਿੰਘ ਗਿੱਲ ਨੇ ਮੁੱਖ ਮੰਤਰੀ ਦੇ ਦੌਰੇ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ) ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪਿੰਡ ਚਵਿੰਡਾ ਦੇਵੀ ਵਿਖੇ ਪਹੁੰਚ ਕੇ ਸਰਪੰਚ, ਪੰਚਾਇਤ ਮੈਂਬਰਾਂ, ਪਾਰਟੀ ਆਗੂਆਂ, ਵਰਕਰਾਂ ਅਤੇ ਪਿੰਡ ਦੇ ਮੋਹਤਬਰਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਦੌਰਾਨ 26 ਅਗਸਤ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੰਡ ਚਵਿੰਡਾ ਦੇਵੀ ਵਿਖੇ ਆਗਮਨ ਸੰਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਨੂੰ ਲੈ ਕੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਤਲਬੀਰ ਸਿੰਘ ਗਿੱਲ ਨੇ ਇਸ ਮੌਕੇ ਪਿੰਡ ਵਿੱਚ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਆਗੂਆਂ ਅਤੇ ਵਰਕਰਾਂ ਨਾਲ ਪ੍ਰਬੰਧਾਂ ਬਾਰੇ ਗੱਲਬਾਤ ਕੀਤੀ। ਇਸ ਉਪਰੰਤ ਉਨ੍ਹਾਂ ਨੇ ਚਵਿੰਡਾ ਦੇਵੀ ਵਿਖੇ ਖੇਡ ਸਟੇਡੀਅਮ ਦਾ ਦੌਰਾ ਕਰਕੇ ਸਟੇਜ, ਬੈਠਣ, ਸੁਰੱਖਿਆ ਅਤੇ ਹੋਰ ਲੋੜੀਂਦੇ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਸਰਦਾਰ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ 26 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਪਿੰਡ ਚਵਿੰਡਾ ਦੇਵੀ ਵਿਖੇ ਪਹੁੰਚਣਗੇ ਅਤੇ ਮਾਤਾ ਚਵਿੰਡਾ ਦੇਵੀ ਜੀ ਦੇ ਪਵਿੱਤਰ ਅਸਥਾਨ 'ਤੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕਰਨਗੇ। ਇਸ ਤੋਂ ਬਾਅਦ ਉਹ ਚਵਿੰਡਾ ਦੇਵੀ ਵਿਖੇ ਬਣੇ ਖੇਡ ਸਟੇਡੀਅਮ ਵਿੱਚ ਮਜੀਠਾ ਹਲਕੇ ਦੇ ਲੋਕਾਂ ਨਾਲ ਰੂ-ਬ-ਰੂ ਹੋਣਗੇ। ਇਸ ਮੌਕੇ ਬਲਜਿੰਦਰ ਸਿੰਘ ਛੀਨਾ, ਡੀਐਸਪੀ ਮਜੀਠਾ ਕਮਲਮੀਤ, ਸਰਪੰਚ ਪਰਮਜੀਤ ਕੌਰ, ਹੁਸਨਪ੍ਰੀਤ ਸਿੰਘ ਜ਼ਿਲ੍ਹਾ ਪਰਿਸ਼ਦ ਮੈਂਬਰ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪ੍ਰਗਟ ਸਿੰਘ ਚੁਗਾਵਾਂ, ਸਾਬਕਾ ਸਰਪੰਚ ਸਰਵਨਜੀਤ ਸਿੰਘ ਕੁਰਾਲੀਆਂ, ਚੇਅਰਮੈਨ ਦੀਪਕ ਭੰਡਾਰੀ, ਬਲਾਕ ਪ੍ਰਧਾਨ ਜਗਦੀਸ਼ ਸਿੰਘ ਸ਼ਹਿਜ਼ਾਦਾ, ਨੰਬਰਦਾਰ ਲਾਟੀ, ਮਨਦੀਪ ਸੁੰਦਰ ਬਾਊ, ਹਰਦੇਵ ਸਿੰਘ ਰੰਧਾਵਾ, ਸੋਨੀ ਰੰਧਾਵਾ, ਕੁਲਵੰਤ ਸੁੰਦਰ, ਮੈਂਬਰ ਪਾਲੀ, ਮੈਂਬਰ ਜੰਗ ਸਿੰਘ ਜੰਗੀ, ਮੈਂਬਰ ਸੁਖ, ਸਾਬਕਾ ਮੈਂਬਰ ਜਸਪਾਲ ਸ਼ਰਮਾ, ਅਮਨਪ੍ਰੀਤ ਸਿੰਘ ਸ਼ਹਿਜ਼ਾਦਾ, ਬੰਟੀ ਢਿੰਗ-ਨੰਗਲ, ਭੋਲਾ ਸਿੰਘ, ਕਰਨਬੀਰ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਬਾਬਾ ਬਕਾਲਾ ਸਾਹਿਬ ਵਿਖੇ ਕਰਵਾਈ ਜਾ ਰਹੀ ਕਾਨਫਰੰਸ ਸੰਬੰਧੀ ਸਿੰਘਪੁਰਾ 'ਚ ਮੀਟਿੰਗ


ਬਿਆਸ/ ਰਈਆ (ਪਰਮਜੀਤ ਸਿੰਘ ਰੱਖੜਾ, ਡੀ ਕੇ ਰੈਡੀ) ਭਾਜਪਾ ਵੱਲੋਂ 'ਸਾਚਾ ਗੁਰ ਲਾਧੋ ਰੇ' ਦਿਵਸ ਮੌਕੇ ਕਰਵਾਈ ਜਾ ਰਹੀ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਪਿੰਡ ਸਿੰਘਪੁਰਾ ਵਿਖੇ ਇੱਕ ਅਹਿਮ ਮੀਟਿੰਗ ਗਿਆਨ ਸਿੰਘ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿੱਚ ਭਾਜਪਾ ਦੇ ਸੂਬਾ ਸਕੱਤਰ ਮਨਜੀਤ ਸਿੰਘ ਮੰਨਾ, ਜਿਨ੍ਹਾ ਦੀ ਅਗਵਾਈ ਹੇਠ ਭਾਜਪਾ ਪਲੇਠੀ ਕਾਨਫਰੰਸ ਕਰਵਾਉਣ ਜਾ ਰਹੀ ਹੈ, ਉਚੇਚੇ ਤੌਰ 'ਤੇ ਸ਼ਾਮਿਲ ਹੋਏ।



ਮੰਨਾ ਵੱਲੋਂ ਇਤਿਹਾਸਕ ਨਗਰੀ ਬਾਬਾ ਬਕਾਲਾ ਸਾਹਿਬ ਵਿਖੇ ਮਨਾਏ ਜਾ ਰਹੇ ਪਵਿੱਤਰ ਦਿਹਾੜੇ ਮੌਕੇ ਭਾਰਤੀ ਜਨਤਾ ਪਾਰਟੀ ਵੱਲੋਂ ਕਰਵਾਈ ਜਾ ਰਹੀ ਵਿਸ਼ਾਲ ਕਾਨਫਰੰਸ ਦੀਆਂ ਤਿਆਰੀਆਂ ਨੂੰ ਲੈ ਕੇ ਹਲਕੇ ਅੰਦਰ ਸਰਗਰਮੀਆਂ ਤੇਜ਼ ਕੀਤੀਆਂ ਹੋਈਆਂ ਹਨ। ਸਰਕਲ ਖਿਲਚੀਆਂ ਦੇ ਪਿੰਡ ਸਿੰਘਪੁਰਾ ਵਿਖੇ ਪਾਰਟੀ ਵਰਕਰਾਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਉਹਨਾ ਕਿਹਾ ਕਿ ਉਹ ਧੰਨਵਾਦੀ ਹਨ, ਜੋ ਹਲਕੇ ਦੀ ਸੰਗਤ ਨੂੰ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਕਰ ਰਹੇ ਹਨ। ਇਸ ਮੌਕੇ ਸਰਕਲ ਪ੍ਰਧਾਨ ਕਰਮ ਸਿੰਘ, ਜਨਰਲ ਸੈਕਟਰੀ ਰਾਕੇਸ਼ ਟਾਂਗਰੀ, ਪਿੰਦਰ ਸਿੰਘ ਦੌਲੋ ਨੰਗਲ, ਲਾਟ ਬਿਆਸ, ਲਖਬੀਰ ਸਿੰਘ, ਜੁਗਿੰਦਰ ਸਿੰਘ, ਦਲਬੀਰ ਸਿੰਘ, ਸੋਨੂੰ ਸਿੰਘ, ਸਾਬਕਾ ਸਰਪੰਚ ਸੁੱਚਾ ਸਿੰਘ, ਅਜੀਤ ਸਿੰਘ, ਦਲਜੀਤ ਸਿੰਘ ਜਸਪਾਲ, ਡਾਕਟਰ ਅਵਤਾਰ ਸਿੰਘ ਰਈਆ, ਕਰਮ ਸਿੰਘ, ਸੁਖਦੇਵ ਸਿੰਘ ਧੂਲਕਾ, ਮੱਖਣ ਮੱਦੇਪੁਰ, ਹਰਦੀਪ ਧੂਲਕਾ, ਗੁਰਨਾਮ ਸਿੰਘ ਬੁਟਾਰੀ, ਗਗਨ ਭਿੰਡਰ, ਦਿਲਬਾਗ ਸਿੰਘ ਮੱਦੇਪੁਰ, ਸੁਰਿੰਦਰ, ਰਵੀ ਟਪਿਆਲਾ, ਹੈਪੀ ਖੱਖ, ਐੱਮ ਸੀ ਸੁਖਦੇਵ ਸਿੰਘ ਅਤੇ ਹੋਰ ਭਾਜਪਾ ਦੇ ਆਗੂ ਅਤੇ ਵਰਕਰ ਮੌਜੂਦ ਸਨ।

# ਪਰੀਨੀਤ ਸ਼ਰਮਾ ਨੇ ਯੂਨੀਵਰਸਿਟੀ 'ਚ ਮੈਰਿਟ ਹਾਸਲ ਕੀਤੀ

ਧਾਰੀਵਾਲ, (ਮਨਦੀਪ ਵਿੱਕੀ)- ਬੇਬੇ ਨਾਨਕੀ ਖਾਲਸਾ ਕਾਲਜ ਫਾਰ ਵੂਮੈਨ ਧਾਰੀਵਾਲ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਕਾਲਜ ਦੀ ਵਿਦਿਆਰਥਣ ਪਰੀਨੀਤ ਸ਼ਰਮਾ ਨੇ ਬੀ ਸੀ ਏ ਸਮੈਸਟਰ-2



ਵਿੱਚ 80% ਅੰਕ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਦੇ ਸਕੱਤਰ ਕੁਲਦੀਪ ਸਿੰਘ ਪਟਵਾਰੀ, ਕਾਲਜ ਪ੍ਰਿੰਸੀਪਲ ਡਾ. ਬਲਬੀਰ ਕੌਰ, ਕਾਲਜ ਇੰਚਾਰਜ ਗੀਤੂ ਸ਼ਰਮਾ ਅਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥਣ ਪਰੀਨੀਤ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਾਲਜ ਵੱਲੋਂ ਉਸ ਨੂੰ ਯਾਦਗਾਰੀ ਚਿੰਨ੍ਹ (ਮੋਮੈਂਟੋ) ਅਤੇ ਨਕਦ ਇਨਾਮ ਦੇ ਕੇ ਉਸ ਦੀ ਸ਼ਾਨਦਾਰ ਪ੍ਰਾਪਤੀ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ।ਕਾਲਜ ਦੇ ਸਮੂਹ ਸਟਾਫ਼ ਨੇ ਪਰੀਨੀਤ ਸ਼ਰਮਾ ਦੀ ਇਸ ਉਪਲਬਧੀ ਨੂੰ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਦੱਸਦਿਆਂ ਉਸ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

# ਅਰੋੜਾ ਵੰਸ਼ ਸਭਾ ਵੱਲੋਂ ਬਿਰਧ ਘਰ 'ਚ ਰਹਿ ਰਹੇ ਬਜ਼ੁਰਗਾਂ ਲਈ ਲੋੜਵੰਦ ਵਸਤੂਆਂ ਭੇਟ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਜੋ ਕਿ ਪਿਛਲੇ ਪੰਜ ਸਾਲ ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦਿੰਦਾ ਆ ਰਿਹਾ ਹੈ। ਵਿੱਚ ਅਰੋੜਾ ਵੰਸ਼



ਸਭਾ ਪਠਾਨਕੋਟ ਨੇ ਬਿਰਧ ਘਰ ਵਿੱਚ ਰਹਿ ਰਹੇ ਬਜ਼ੁਰਗਾਂ ਦੇ ਲਈ ਰਾਸ਼ਨ ਅਤੇ ਲੋੜਵੰਦ ਵਸਤੂਆਂ ਭੇਟ ਕੀਤੀਆਂ। ਉਹਨਾਂ ਦਾ ਕਹਿਣਾ ਹੈ। ਕਿ ਸਾਨੂੰ ਬਜ਼ੁਰਗਾਂ ਦੀ ਸੇਵਾ ਕਰਕੇ ਬਹੁਤ ਦਿਲ ਨੂੰ ਸਕੂਨ ਮਿਲਦਾ ਹੈ। ਅਸੀਂ ਚਾਹੁੰਦੇ ਹਾਂ ਕਿ ਅਸੀਂ ਇਹਨਾਂ ਬਜ਼ੁਰਗਾਂ ਦੀ ਜ਼ਰੂਰ ਸੇਵਾ ਕਰੀਏ। ਇਸ ਦੇ ਨਾਲ ਹੀ ਉਹਨਾਂ ਨੇ ਬਜ਼ੁਰਗਾਂ ਦਾ ਹਾਲ ਚਾਲ ਪੁੱਛਿਆ। ਉਹਨਾਂ ਨੇ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਜ਼ਰੂਰਤ ਪੈਂਦੀ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰੋ। ਉਹਨਾਂ ਨੇ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਪ੍ਰਧਾਨ ਸਤਨਾਮ ਸਿੰਘ ਨੂੰ ਕਿਹਾਕਿ ਤੁਸੀਂ ਇਹ ਜੋ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਬਹੁਤ ਵੱਡੀ ਸੇਵਾ ਹੈ । ਆਸ਼ਰਮ ਸੁਪਰਡੈਂਟ ਅੰਜਲੀ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਅਰੋੜਾ ਵੰਸ਼ ਸਭਾ ਪ੍ਰਧਾਨ ਮਨੋਹਰ ਲਾਲ ਅਰੋੜਾ, ਸਵਿਤਾ ਅਰੋੜਾ, ਨਿਮਰਤਾ, ਜੋਤੀ, ਰਜਨੀ, ਨੀਤੂ , ਸੁਨੀਤਾ ਅਰੋੜਾ, ਸੁਨੇਹ ਅਤੇ ਆਸ਼ਰਮ ਸਮੂਹ ਸਟਾਫ ਚੇਅਰ ਪਰਸਨ ਗੀਨਾ ਸਰਮਾਲ, ਸੁਪਰਡੈਂਟ ਅੰਜਲੀ ਸ਼ਰਮਾ, ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਇੰਦਰਜੀਤ ਕੌਰ , ਮਮਤਾ ਮੈਡਮ, ਸਵਿਤਾ, ਸੁਰਜੀਤ ਕੌਰ, ਆਸ਼ਾ ਰਾਣੀ, ਸ਼ਾਰਦਾ, ਵਿਪਨ ਕੁਮਾਰ ,ਓਮਰਾਜ ਆਦਿ ਮੌਜੂਦ ਸਨ।

# ਹਿਊਮੈਨਿਟੀ ਫਰਸਟ ਪੰਜਾਬ ਵੱਲੋਂ ਵੱਖ-ਵੱਖ ਸਥਾਨਾਂ 'ਤੇ ਸੇਵਾ ਕਾਰਜਾਂ ਨੂੰ ਅੰਜਾਮ



ਕਾਦੀਆਂ, (ਯਾਦਵਿੰਦਰ ਸਿੰਘ ਮਲੋਹੋਤਰਾ) ਅਜ਼ਾਦੀ ਦਿਵਸ ਮੌਕੇ ਹਿਊਮੈਨਿਟੀ ਫਰਸਟ ਪੰਜਾਬ ਦੀ ਟੀਮ ਵੱਲੋਂ ਬਟਾਲਾ ਅਤੇ ਕਾਦੀਆਂ ਵਿੱਚ ਵੱਖ-ਵੱਖ ਸਥਾਨਾਂ 'ਤੇ ਜਾ ਕੇ ਸੇਵਾ ਕਾਰਜ ਕੀਤੇ ।ਇਸ ਸੰਬੰਧ ਵਿੱਚ ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਮੌਲਾਨਾ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਕਿ ਟੀਮ ਨੇ ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਅਤੇ ਕੁਸ਼ਟ ਆਸ਼ਰਮ ਵਿੱਚ ਰਹਿਣ ਵਾਲੇ ਲੋਕਾਂ ਨੂੰ ਫਲਾਂ ਦੇ ਪੈਕਟ ਵੰਡੇ ਗਏ ।ਇਸ ਤੋਂ ਇਲਾਵਾ ਕਾਦੀਆਂ ਵਿੱਚ ਠੰਡੇ ਸ਼ਰਬਤ ਦੀ ਛਬੀਲ ਵੀ ਲਗਾਈ।ਸਿਵਿਲ ਹਸਪਤਾਲ ਬਟਾਲਾ ਦਾ ਦੌਰਾ ਵੀ ਕੀਤਾ ਤੇ ਮਰੀਜ਼ਾਂ ਨੂੰ ਫਲ ਵੰਡੇ। ਇਸ ਮੌਕੇ ਹਸਪਤਾਲ ਦੇ ਡਾਕਟਰਾਂ ਨੇ ਹਿਊਮੈਨਿਟੀ ਫਰਸਟ ਦੀ ਇਸ ਸੇਵਾ ਭਾਵਨਾ ਦਾ ਸਵਾਗਤ ਕੀਤਾ।ਇਸ ਮੌਕੇ ਹਾਜ਼ਰ ਲੋਕਾਂ ਨੇ ਹਿਊਮੈਨਿਟੀ ਫਰਸਟ ਦੁਆਰਾ ਮਾਨਵਤਾ ਦੀ ਸੇਵਾ ਲਈ ਤਿਆਰ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਟੀਮ ਪ੍ਰਤੀ ਧੰਨਵਾਦ ਪ੍ਰਗਟ ਕੀਤਾ।

# ਸੜਕਾਂ 'ਤੇ ਫ਼ਿਰਦੇ ਪਸ਼ੂਆਂ ਕਾਰਨ ਵਧ ਰਹੇ ਹਨ ਹਾਦਸੇ, ਜ਼ਿਲ੍ਹਾ ਪ੍ਰਸ਼ਾਸਨ ਧਿਆਨ ਦੇਵੇ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੜਕਾਂ 'ਤੇ ਫ਼ਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ



ਨਜ਼ਰ ਆ ਰਹੇ ਹਨ। ਇਸ ਸੰਬੰਧੀ ਗੱਲਬਾਤ ਕਰਦਿਆਂ ਨਸੀਬ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਨੇ ਦੱਸਿਆ ਕਿ ਸੜਕਾਂ 'ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿੱਥੇ ਫ਼ਸਲਾਂ ਨੂੰ ਖ਼ਰਾਬ ਕਰਦੇ ਹਨ ਉੱਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਕਿਹਾ ਗੁੱਜਰਾਂ ਵੱਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ ਦੇ ਕੰਢਿਆਂ 'ਤੇ ਚਾਰਾ ਚੁਗਣ ਲਈ ਲਿਜਾਇਆ ਜਾਂਦਾ ਹੈ। ਇਹ ਪਸ਼ੂਆਂ ਦੇ ਝੁੰਡ ਸੜਕ ਕੰਢੇ ਚੁਗਦੇ-ਚੁਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ ਜਿਸ ਨਾਲ ਕਈ ਵਾਰ ਵਹੀਕਲ ਚਾਲਕ ਜ਼ਖ਼ਮੀ ਹੋ ਕੇ ਸੱਟਾਂ ਲਗਵਾ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ। ਉਨ੍ਹਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ 'ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾਂ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਅਗਾਂਹ ਤੋਂ ਆਵਾਜਾਈ ਵਿਚ ਕੋਈ ਵਿਘਨ ਨਾ ਪੈ ਸਕੇ।

# 'ਸਕੂਲ ਸਵੱਛਤਾ ਤੇ ਤਿਆਰੀ ਅਭਿਆਨ' ਦਾ ਆਗਾਜ਼

ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸੈਸ਼ਨ 2026-27 ਦੌਰਾਨ ਸਰਕਾਰੀ ਸਕੂਲਾਂ ਨੂੰ ਸਾਫ਼-ਸੁਥਰਾ, ਸੁਰੱਖਿਅਤ, ਸੁਵਿਧਾਜਨਕ ਅਤੇ ਵਿਦਿਆਰਥੀਆਂ ਲਈ ਬਿਹਤਰ ਸਿੱਖਣ ਵਾਲਾ ਵਾਤਾਵਰਨ ਪ੍ਰਦਾਨ ਕਰਨ ਦੇ ਮੰਤਵ ਨਾਲ 'ਸਕੂਲ ਸਵੱਛਤਾ ਅਤੇ ਤਿਆਰੀ ਅਭਿਆਨ' ਚਲਾਇਆ ਜਾ ਰਿਹਾ ਹੈ।ਇਸ ਤਹਿਤ ਤਰਨ ਤਾਰਨ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਸਫ਼ਾਈ ਅਤੇ ਬੁਨਿਆਦੀ ਸਹੂਲਤਾਂ ਦੀ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਅਤੇ ਸੈਕੰਡਰੀ) ਤਰਨ ਤਾਰਨ ਰਾਜੀਵ ਕੁਮਾਰ ਛਾਬੜਾ ਨੇ ਦੱਸਿਆ ਕਿ ਅਭਿਆਨ ਤਹਿਤ ਸਕੂਲਾਂ ਦੇ ਕਲਾਸਰੂਮਾਂ, ਬਰਾਮਦਿਆਂ, ਪਖਾਨਿਆਂ ਅਤੇ ਪੀਣ ਵਾਲੇ ਪਾਣੀ ਵਾਲੀਆਂ ਥਾਵਾਂ ਦੀ ਸਫ਼ਾਈ ਯਕੀਨੀ ਬਣਾਉਣ ਦੇ ਨਾਲ-ਨਾਲ ਸਾਫ਼ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਉਪਲਬਧਤਾ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।ਇਸ ਦੇ ਨਾਲ ਹੀ ਬਿਜਲੀ, ਬੈਂਚ-ਡੈਸਕ, ਪਖਾਨੇ ਅਤੇ ਹੋਰ ਜ਼ਰੂਰੀ ਸਕੂਲੀ ਸੁਵਿਧਾਵਾਂ ਦੀ ਕਾਰਗੁਜ਼ਾਰੀ ਦੀ ਵੀ ਜਾਂਚ ਕੀਤੀ ਜਾਵੇਗੀ।ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਕੁਮਾਰ ਛਾਬੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ ਨੇ ਸਮੂਹ ਸਕੂਲ ਮੁਖੀਆਂ, ਅਧਿਆਪਕਾਂ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਅਭਿਆਨ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲੈਣ ਅਤੇ ਆਪਣੇ ਸਕੂਲਾਂ ਨੂੰ ਸਾਫ਼-ਸੁਥਰਾ, ਸੁਰੱਖਿਅਤ, ਸੁੰਦਰ ਅਤੇ ਪ੍ਰੇਰਨਾਦਾਇਕ ਬਣਾਉਣ ਲਈ ਸਾਂਝੇ ਯਤਨ ਕਰਨ।

# ਸਵਾਗਤ-2026 ਫ੍ਰੈਸ਼ਰਜ਼ ਪਾਰਟੀ : ਵਿਦਿਆਰਥੀਆਂ ਨੂੰ ਕਾਰੋਬਾਰ ਸ਼ੁਰੂ ਕਰਨ ਲਈ ਕੀਤਾ ਪ੍ਰੇਰਿਤ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਸਤਯਮ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਅੰਮ੍ਰਿਤਸਰ ਵਿੱਚ ਨਵੇਂ ਵਿਦਿਆਰਥੀਆਂ ਦੇ ਸਵਾਗਤ ਲਈ ਸਵਾਗਤ 2026 ਫ੍ਰੈਸ਼ਰਜ਼ ਪਾਰਟੀ ਦਾ ਆਯੋਜਨ ਬੜੇ ਹੀ



ਜੋਸ਼ੋ ਖਰੋਸ਼ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਸੀਨੀਅਰ ਅਤੇ ਜੂਨੀਅਰ ਵਿਦਿਆਰਥੀਆਂ ਵਿਚਕਾਰ ਆਪਸੀ ਸਾਂਝ ਅਤੇ ਭਾਈਚਾਰਾ ਵਧਾਉਣਾ ਅਤੇ ਨਵੇਂ ਵਿਦਿਆਰਥੀਆਂ ਨੂੰ ਕਾਲਜ ਦੇ ਮਾਹੌਲ ਨਾਲ ਜਾਣੂ ਕਰਵਾਉਣਾ ਸੀ। ਸਮਾਗਮ ਦੀ ਸ਼ੁਰੂਆਤ ਚੇਅਰਮੈਨ ਡਾ. ਰਾਜੇਸ਼ ਭਾਰਦਵਾਜ, ਮੈਨੇਜਿੰਗ ਡਾਇਰੈਕਟਰ ਮ੍ਰਿਦੁਲਾ ਭਾਰਦਵਾਜ, ਡਾਇਰੈਕਟਰ ਸਤਯਮ ਭਾਰਦਵਾਜ ਅਤੇ ਡਾਇਰੈਕਟਰ ਸ਼ੁਭੀ ਭਾਰਦਵਾਜ ਵੱਲੋਂ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ। ਇਸ ਮੌਕੇ ਕਾਲਜ ਦੀ ਫੈਕਲਟੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਰਹੇ। ਫ੍ਰੈਸ਼ਰਜ਼ ਪਾਰਟੀ ਦੌਰਾਨ ਵਿਦਿਆਰਥੀਆਂ ਨੇ ਡਾਂਸ, ਗਾਇਕੀ, ਕਾਮੇਡੀ ਅਤੇ ਫੈਸ਼ਨ ਸ਼ੋਅ ਰੰਗਾਰੰਗ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਮਿਸਟਰ ਐਂਡ ਮਿਸ ਫ੍ਰੈਸ਼ਰ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਰੈਂਪ ਵਾਕ ਅਤੇ ਟੈਲੈਂਟ ਰਾਊਂਡ ਵਿੱਚ ਹਿੱਸਾ ਲਿਆ। ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਡਾ. ਰਾਜੇਸ਼ ਭਾਰਦਵਾਜ ਨੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਗਿਆਨ 'ਤੇ ਵਿਸ਼ੇਸ਼ ਧਿਆਨ ਦੇਣ ਦੀ ਸਲਾਹ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਵੀ ਸਾਡੇ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਮੈਨੇਜਿੰਗ ਡਾਇਰੈਕਟਰ ਮ੍ਰਿਦੁਲਾ ਭਾਰਦਵਾਜ ਨੇ ਨਵੇਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਅਨੁਸ਼ਾਸਨ ਅਤੇ ਮਿਹਨਤ ਨਾਲ ਆਪਣੇ ਟੀਚਿਆਂ ਵੱਲ ਅੱਗੇ ਵਧਣਾ ਚਾਹੀਦਾ ਹੈ। ਡਾਇਰੈਕਟਰ ਸਤਯਮ ਭਾਰਦਵਾਜ ਅਤੇ ਡਾਇਰੈਕਟਰ ਸ਼ੁਭੀ ਭਾਰਦਵਾਜ ਨੇ ਵੀ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ।

# ਸੜਕ ਦੇ ਪੈਚਵਰਕ ਤੇ ਲੇਅਰਿੰਗ ਦੇ ਕੰਮ ਦਾ ਔਜਲਾ ਨੇ ਕੀਤਾ ਉਦਘਾਟਨ


ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਅਜਨਾਲਾ ਤੋਂ ਪੂੰਗਾ ਹੁੰਦੇ ਹੋਏ ਲੋਪੋਕੇ ਜਾਣ ਵਾਲੀ ਅਹਿਮ ਸੜਕ ਦੀ ਖਸਤਾ ਹਾਲਤ ਸੜਕ ਨੂੰ ਲੈ ਕੇ ਇਲਾਕਾ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਹੁਣ ਬੂਰ ਪਿਆ ਹੈ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੜਕ ਦੀ ਮੁਰੰਮਤ, ਪੈਚਵਰਕ ਅਤੇ ਲੇਅਰਿੰਗ ਦੇ



ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਇਲਾਕਾ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਦੌਰਾਨ ਸੰਸਦ ਮੈਂਬਰ ਔਜਲਾ ਦੇ ਭਰਾ ਅਤੇ ਹਲਕਾ ਅਜਨਾਲਾ ਤੋਂ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਔਜਲਾ ਵੀ ਮੌਜੂਦ ਰਹੇ। ਸੁਖਜਿੰਦਰ ਸਿੰਘ ਔਜਲਾ ਵੱਲੋਂ ਇਸ ਸੜਕ ਦੀ ਮੁਰੰਮਤ ਅਤੇ ਨਿਰਮਾਣ ਲਈ ਸੰਬੰਧਤ ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਗਿਆ ਸੀ। ਗੁਰਜੀਤ ਸਿੰਘ ਔਜਲਾ ਅਤੇ ਸੁਖਜਿੰਦਰ ਸਿੰਘ ਔਜਲਾ ਨੇ ਕਿਹਾ ਕਿ ਅਜਨਾਲਾ ਤੋਂ ਲੋਪੋਕੇ, ਅਟਾਰੀ ਹੁੰਦੇ ਹੋਏ ਸਰਹੱਦੀ ਇਲਾਕਿਆਂ ਵੱਲ ਜਾਣ ਵਾਲੀ ਇਹ ਸੜਕ ਬਹੁਤ ਮਹੱਤਵਪੂਰਨ ਹੈ। ਸੜਕ ਦੀ ਮੌਜੂਦਾ ਹਾਲਤ ਨੂੰ ਦੇਖਦਿਆਂ ਪਹਿਲਾਂ ਇਸ ਦੀ ਮੁਰੰਮਤ ਅਤੇ ਪੈਚਵਰਕ ਕਰਵਾਉਣਾ ਜ਼ਰੂਰੀ ਸੀ। ਉਨ੍ਹਾਂ ਦੱਸਿਆ ਕਿ ਸੜਕ ਨੂੰ ਲਗਭਗ 5 ਮੀਟਰ ਤੋਂ ਵਧਾ ਕੇ 10 ਮੀਟਰ ਕਰਨ ਲਈ ਵਾਈਡਨਿੰਗ ਦਾ ਨਵਾਂ ਪ੍ਰੋਜੈਕਟ ਵੀ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਕਿਹਾ ਕਿ ਸੜਕ ਦੀ ਖਸਤਾ ਹਾਲਤ ਕਾਰਨ ਹਾਦਸਿਆਂ ਦਾ ਖ਼ਤਰਾ ਬਣਿਆ ਰਹਿੰਦਾ ਸੀ ਅਤੇ ਵਾਹਨਾਂ ਨੂੰ ਵੀ ਨੁਕਸਾਨ ਪਹੁੰਚਦਾ ਸੀ। ਇਸ ਲਈ ਲੋਕਾਂ ਦੀ ਮੰਗ ਨੂੰ ਪਹਿਲ ਦੇ ਆਧਾਰ 'ਤੇ ਲੈਂਦਿਆਂ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।


# ਤਲਬੀਰ ਗਿੱਲ ਨੇ ਸਰਪੰਚਾਂ ਤੇ ਪੰਚਾਇਤ ਮੈਂਬਰਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਹਲਕੇ ਦੇ ਰੋਇਲ ਵਿਲਾ ਪੈਲੇਸ ਵਿਖੇ ਵਿਸ਼ੇਸ਼ ਮੀਟਿੰਗ ਕੀਤੀ



ਗਈ।ਮੀਟਿੰਗ ਦੌਰਾਨ ਹਲਕੇ ਦੇ ਸਰਪੰਚਾਂ ਅਤੇ ਮੈਂਬਰ ਸਾਹਿਬਾਨ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 26 ਅਗਸਤ ਨੂੰ ਹਲਕਾ ਮਜੀਠਾ ਦੇ ਪਿੰਡ ਚਵਿੰਡਾ ਦੇਵੀ ਵਿਖੇ ਲੋਕ ਮਿਲਣੀ ਲਈ ਪਹੁੰਚ ਰਹੇ ਹਨ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਭ ਤੋਂ ਪਹਿਲਾਂ ਮਾਤਾ ਚਾਮੁੰਡਾ ਦੇਵੀ ਮੰਦਰ ਵਿਖੇ ਨਤਮਸਤਕ ਹੋਣਗੇ।ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿੰਡ ਚਵਿੰਡਾ ਦੇਵੀ ਦੇ ਖੇਡ ਸਟੇਡੀਅਮ ਵਿਖੇ ਲੋਕਾਂ ਨਾਲ ਰੂ-ਬਰੂ ਹੋਣਗੇ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਮੌਕੇ 'ਤੇ ਹੀ ਉਨ੍ਹਾਂ ਦੇ ਹੱਲ ਲਈ ਯਤਨ ਕਰਨਗੇ।ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਲੋਕ ਮਿਲਣੀ ਨੂੰ ਸਫ਼ਲ ਬਣਾਉਣ ਲਈ ਪਾਰਟੀ ਵਰਕਰਾਂ, ਸਰਪੰਚਾਂ ਅਤੇ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ ਅਤੇ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।


# ਬਾਜਵਾ ਨਮਿਤ ਅੰਤਮ ਅਰਦਾਸ ਅੱਜ



ਬਿਆਸ (ਰੱਖੜਾ) ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਪੰਜਾਬ ਦੇ ਸਾਬਕਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਚਾਹਲ ਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਹਰਪਿੰਦਰ ਸਿੰਘ ਚਾਹਲ ਵੱਲੋਂ ਪਿਛਲੇ ਦਿਨੀਂ ਬਲਵਿੰਦਰ ਸਿੰਘ ਬਾਜਵਾ ਦੇ ਵੱਡੇ ਭਰਾਤਾ ਸੁਖਦੇਵ ਸਿੰਘ ਬਾਜਵਾ ਦਾ ਦੇਹਾਂਤ ਹੋਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਸੁਖਦੇਵ ਸਿੰਘ ਬਾਜਵਾ ਨਮਿਤ ਅੰਤਮ ਅਰਦਾਸ 23 ਅਗਸਤ (ਐਤਵਾਰ) ਨੂੰ ਉਹਨਾ ਦੀ ਜੱਦੀ ਪਿੰਡ ਪੁਲ ਪੁਖਤਾ, ਨੇੜੇ ਟਾਂਡਾ ਵਿਖੇ ਹੋਵੇਗੀ। ਦੁੱਖ ਪ੍ਰਗਟ ਕਰਨ ਵਾਲਿਆਂ 'ਚ ਰਈਆ ਮੰਡਲ ਬਿਆਸ ਦੇ ਪ੍ਰਧਾਨ ਸੁਰਿੰਦਰ ਸਿੰਘ ਕੰਗ, ਜਨਰਲ ਸਕੱਤਰ ਹਰਜੀਤ ਸਿੰਘ ਖੋਜਕੀਪੁਰ, ਪਵਨ ਕੁਮਾਰ ਰਈਆ, ਅਵਤਾਰ ਸਿੰਘ, ਪਰਮਜੀਤ ਸਿੰਘ ਚਾਹਲ, ਜੰਗ ਸਿੰਘ ਬਿਆਸ, ਹਰਜਿੰਦਰ ਸਿੰਘ ਬਾਬਾ ਬਕਾਲਾ, ਗੁਰਬੀਰ ਸਿੰਘ ਗੁਰਭੇਜ ਸਿੰਘ ਫੇਰੂਮਾਨ, ਹਰਜਿੰਦਰ ਸਿੰਘ ਭੋਲਾ, ਜਗਤਾਰ ਸਿੰਘ ਬੁਟਾਰੀ, ਗੁਰਪਾਲ ਸਿੰਘ ਕਾਕਾ ਆਦਿ ਮੌਜੂਦ ਸਨ।

# ਡਿਜ਼ਾਈਨ ਤੇ ਕ੍ਰੀਏਟਿਵ ਖੇਤਰਾਂ 'ਚ ਕਰੀਅਰ ਦੇ ਮੌਕਿਆਂ ਬਾਰੇ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ

ਪਠਾਨਕੋਟ (ਦਵਿੰਦਰ ਸਿੰਘ) ਸ਼ਹੀਦ ਅਕਸ਼ੇ ਪਠਾਨੀਆਂ ਸਰਕਾਰੀ ਹਾਈ ਸਕੂਲ ਚੱਕੜ (ਧਾਰ-1), ਜ਼ਿਲ੍ਹਾ ਪਠਾਨਕੋਟ ਵਿਖੇ ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਪ੍ਰੋਗਰਾਮ ਤਹਿਤ 'ਡਿਜ਼ਾਈਨ, ਆਰਟ ਐਂਡ ਕਲਚਰ' ਵਿਸ਼ੇ ਸੰਬੰਧੀ ਵਿਸ਼ੇਸ਼ ਐਕਸਪਰਟ ਵਿਜ਼ਿਟ ਕਰਵਾਈ ਗਈ।ਇਸ ਦੌਰਾਨ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਡਿਜ਼ਾਈਨ ਅਤੇ ਕ੍ਰੀਏਟਿਵ ਖੇਤਰਾਂ ਵਿੱਚ ਉੱਚ ਸਿੱਖਿਆ,




ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਸਕੂਲ ਦੀ ਮੁੱਖ ਅਧਿਆਪਿਕਾ ਸ਼੍ਰੀਮਤੀ ਕਿਰਨ ਬਾਲਾ ਅਤੇ ਕੈਰੀਅਰ ਗਾਈਡੈਂਸ ਇੰਚਾਰਜ ਸੋਹਨ ਲਾਲ ਦੇ ਯਤਨਾਂ ਸਦਕਾ ਕਰਵਾਏ ਗਏ ਇਸ ਵਿਸ਼ੇਸ਼ ਸੈਸ਼ਨ ਵਿੱਚ ਪੰਡਿਤ ਦੀਨਾ ਨਾਥ ਮੈਮੋਰੀਅਲ ਇੰਸਟੀਚਿਊਟ ਦੇ ਡਾਇਰੈਕਟਰ ਪਵਨ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਅਨੀਮੇਸ਼ਨ, ਗ੍ਰਾਫਿਕ ਡਿਜ਼ਾਈਨ, ਫੈਸ਼ਨ ਡਿਜ਼ਾਈਨ ਅਤੇ ਹੋਰ ਕ੍ਰੀਏਟਿਵ ਖੇਤਰਾਂ ਵਿੱਚ ਉਪਲਬਧ ਕੈਰੀਅਰ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ। ਪਵਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਸਕਿੱਲ ਇੰਡੀਆ, ਨੈਸ਼ਨਲ ਸਕਿੱਲ ਕਵਾਲੀਫਿਕੇਸ਼ਨ ਫ੍ਰੇਮਵਰਕ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਅਤੇ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸਕੂਲ ਪ੍ਰਬੰਧਨ ਵੱਲੋਂ ਡਾਇਰੈਕਟਰ ਪਵਨ ਸ਼ਰਮਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਸਾਲਾਨਾ ਕਵੀ ਦਰਬਾਰ 30 ਨੂੰ : ਡਾ: ਲੇਖ ਰਾਜ

ਧਾਰੀਵਾਲ, (ਮਨਦੀਪ ਵਿੱਕੀ)- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸਹਿਯੋਗ ਨਾਲ ਸਾਲਾਨਾ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ 30 ਅਗਸਤ ਦਿਨ ਐਤਵਾਰ ਨੂੰ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਜ਼ੇਲ੍ਹ ਰੋਡ ਗੁਰਦਾਸਪੁਰ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ ਨੇ ਦੱਸਿਆ ਕਿ ਇਸ ਸਮਾਰੋਹ ਦੌਰਾਨ ਜ਼ਿਲ੍ਹਾ ਸਾਹਿਤ ਕੇਂਦਰ ਵੱਲੋਂ ਪ੍ਰਗਤੀਵਾਦੀ ਸ਼ਾਇਰ ਜਨਾਬ ਹਰਭਜਨ ਸਿੰਘ ਹੁੰਦਲ ਯਾਦਗਾਰੀ



ਸਨਮਾਨ ਡਾ. ਸੁਰਿੰਦਰ ਸਿੰਘ ਕਾਹਲੋਂ ਨੂੰ ਅਤੇ ਪ੍ਰਸਿੱਧ ਲੋਕ-ਕਵੀ ਦਿਵਾਨ ਸਿੰਘ ਮਹਿਰਮ ਯਾਦਗਾਰੀ ਸਨਮਾਨ ਡਾ. ਮਲਕੀਤ ਸਿੰਘ ਸੋਹਲ ਨੂੰ ਦੇਣ ਦਾ ਫੈਸਲਾ ਲਿਆ ਹੈ।ਪ੍ਰਧਾਨ ਡਾਕਟਰ ਲੇਖ ਰਾਜ ਨੇ ਦੱਸਿਆ ਕਿ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਤੋਂ ਪਹਿਲਾਂ ਬੁੱਧੀਜੀਵੀ ਬਨਾਮ ਦਿਮਾਗੀ ਨਕਸਲੀ ਵਿਸ਼ੇ ਤੇ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਜਾਵੇਗੀ।ਵਿਚਾਰ ਚਰਚਾ ਵਿੱਚ ਉਘੇ ਵਿਦਵਾਨ ਡਾਕਟਰ ਜਸਵੰਤ ਰਾਏ ਅਤੇ ਮੱਖਣ ਕੁਹਾੜ ਭਾਗ ਲੈਣਗੇ। ਉਹਨਾਂ ਨੇ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਜ਼ਿਲ੍ਹੇ ਦੇ ਸਭ ਕਵੀਆਂ, ਗ਼ਜ਼ਲਕਾਰਾਂ, ਲੇਖਕਾਂ, ਪਾਠਕਾਂ ਤੇ ਸਾਹਿਤ ਪ੍ਰੇਮੀਆਂ ਨੂੰ ਸਨੇਹੀਆਂ ਨੂੰ ਸਮਾਰੋਹ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।


# ਆੜ੍ਹਤੀਆਂ ਵੱਲੋਂ ਮੰਗਾਂ ਤੇ ਸਮੱਸਿਆਵਾਂ ਨੂੰ ਲੈ ਕੇ ਤੀਸਰਾ ਸਾਲਾਨਾ ਅਜਲਾਸ 29 ਨੂੰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਫੈਡਰੇਸ਼ਨ ਆਫ ਆੜ੍ਹਤੀਆਂ ਐਸੋਸੀਏਸ਼ਨ ਤਰਨਤਾਰਨ ਵੱਲੋਂ ਜ਼ਿਲ੍ਹੇ ਦੇ ਆੜ੍ਹਤੀਆਂ ਦਾ ਤੀਸਰਾ ਸਾਲਾਨਾ ਇਜਲਾਸ 29 ਅਗਸਤ ਨੂੰ ਸਤਲੁਜ ਪੈਲੇਸ ਹਰੀਕੇ ਵਿਖੇ ਕਰਵਾਇਆ ਜਾ ਰਿਹਾ ਹੈ ।ਅਜਲਾਸ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਨਾਲ ਸਬੰਧਤ ਆੜ੍ਹਤੀਏ ਸ਼ਮੂਲੀਅਤ ਕਰਨਗੇ ।ਫੈਡਰੇਸ਼ਨ ਦੇ ਪੰਜਾਬ ਪ੍ਰਧਾਨ ਵਿਜੇ ਕਾਲੜਾ ਇਜਲਾਸ ਨੂੰ ਸੰਬੋਧਨ ਕਰਨਗੇ ।ਇਹ ਜਾਣਕਾਰੀ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਕਸੇਲ ਨੇ ਦਿੱਤੀ ।ਕੁਲਬੀਰ ਸਿੰਘ ਕਸੇਲ ਨੇ ਦੱਸਿਆ ਕਿ ਇਜਲਾਸ ਦੌਰਾਨ ਆੜ੍ਹਤੀ ਵਰਗ ਨੂੰ ਦਰਪੇਸ਼ ਮੁਸ਼ਕਲਾਂ ਅਤੇ ਝੋਨੇ ਦੇ ਆਉਣ ਵਾਲੇ ਸੀਜ਼ਨ ਸਬੰਧੀ ਅਹਿਮ ਮਸਲਿਆਂ ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ।ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਭਗਤਾਂਵਾਲਾ ਮੰਡੀ ਦੇ ਪ੍ਰਧਾਨ



ਅਮਨਦੀਪ ਸਿੰਘ ਛੀਨਾ, ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਮਨਬੀਰ ਸਿੰਘ, ਬਟਾਲਾ ਮੰਡੀ ਦੇ ਪ੍ਰਧਾਨ ਗੁਰਬਿੰਦਰ ਸਿੰਘ ਜੌਲੀ, ਪਠਾਨਕੋਟ ਦੇ ਪ੍ਰਧਾਨ ਗੁਰਨਾਮ ਸਿੰਘ ਛੀਨਾ, ਤਰਨਤਾਰਨ ਮੰਡੀ ਦੇ ਪ੍ਰਧਾਨ ਅਵਤਾਰ ਸ਼ਰਮਾ ਅਤੇ ਝਬਾਲ ਮੰਡੀ ਦੇ ਪ੍ਰਧਾਨ ਸ਼ਰਨਜੀਤ ਸਿੰਘ ਚੀਮਾ ਸਮੇਤ ਵੱਖ-ਵੱਖ ਮੰਡੀਆਂ ਦੇ ਆਗੂ ਸ਼ਾਮਲ ਹੋਣਗੇ । ਇਸ ਮੌਕੇ ਖਾਲੜਾ, ਮਾੜੀ ਮੇਘਾ, ਅਲਗੋਂ ਕੋਠੀ, ਅਮਰਕੋਟ, ਖੇਮਕਰਨ, ਕੋਟਬੁੱਢਾ, ਤੂਤ, ਹਰੀਕੇ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਫਤਿਹਾਬਾਦ, ਕੈਰੋਂ, ਪੱਟੀ, ਉਬੋਕੇ, ਭਿੱਖੀਵਿੰਡ, ਵਾਂ, ਰਾਜੋਕੇ, ਬਹਾਦਰ ਨਗਰ, ਘਰਿਆਲਾ, ਭੰਗਾਲਾ ਅਤੇ ਨੌਸ਼ਹਿਰਾ ਪੰਨੂਆਂ ਸਮੇਤ ਹੋਰ ਮੰਡੀਆਂ ਦੇ ਆੜ੍ਹਤੀਏ ਵੀ ਹਾਜ਼ਰੀ ਭਰਨਗੇ ।ਉਨ੍ਹਾਂ ਦੱਸਿਆ ਕਿ ਇਜਲਾਸ ਵਿੱਚ ਟਰਾਂਸਪੋਰਟ ਪਾਲਿਸੀ ਵਿੱਚ ਸੋਧ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ । ਆੜ੍ਹਤੀਆਂ ਦੀ ਮੰਗ ਹੈ ਕਿ ਟੈਂਡਰਕਾਰਾਂ ਰਾਹੀਂ ਹੋਣ ਵਾਲੀ ਲਿਫਟਿੰਗ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਯਕੀਨੀ ਬਣਾਇਆ ਜਾਵੇ ਜਾਂ ਠੇਕੇਦਾਰੀ ਸਿਸਟਮ ਖਤਮ ਕਰਕੇ ਲਿਫਟਿੰਗ ਦਾ ਕੰਮ ਆੜ੍ਹਤੀਆਂ ਨੂੰ ਸੌਂਪਿਆ ਜਾਵੇ। ਇਸ ਤੋਂ ਇਲਾਵਾ ਗੁਦਾਮਾਂ ਵਿੱਚ ਲੇਬਰ ਦੇ ਯੋਗ ਪ੍ਰਬੰਧ, ਲੇਬਰ ਪਾਲਿਸੀ ਤਹਿਤ ਵਰਕਰਾਂ ਦੀ ਗਿਣਤੀ ਦੁੱਗਣੀ ਕਰਨ, ਝੋਨੇ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਰ. ਓ. ਅਲਾਟਮੈਂਟਾਂ ਦਾ ਪ੍ਰਬੰਧ ਕਰਨ ਅਤੇ ਟੈਂਡਰਕਾਰਾਂ ਵੱਲ ਆੜ੍ਹਤੀਆਂ ਦੇ ਪਿਛਲੇ ਸਮੇਂ ਤੋਂ ਬਕਾਇਆ ਕਿਰਾਇਆ ਦਿਵਾਉਣ ਦੇ ਮਸਲੇ ਵੀ ਵਿਚਾਰੇ ਜਾਣਗੇ ।ਕਸੇਲ ਨੇ ਕਿਹਾ ਕਿ ਅਜਲਾਸ ਦਾ ਮਕਸਦ ਆੜ੍ਹਤੀ ਵਰਗ ਦੀਆਂ ਸਾਂਝੀਆਂ ਸਮੱਸਿਆਵਾਂ ਨੂੰ ਇਕ ਮੰਚ ਤੇ ਵਿਚਾਰ ਕੇ ਉਨ੍ਹਾਂ ਦੇ ਹੱਲ ਲਈ ਸਰਕਾਰ ਅਤੇ ਸਬੰਧਤ ਵਿਭਾਗਾਂ ਤੱਕ ਆਵਾਜ਼ ਪਹੁੰਚਾਉਣਾ ਹੈ ।

# 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਵਿਸ਼ੇਸ਼ ਟੀਮਾਂ ਰਵਾਨਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਵਿਭਾਗ ਵੱਲੋਂ "ਹਰ ਸ਼ੁਕਰਵਾਰ ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਸ਼ਹਿਰ ਭਰ ਵਿੱਚ ਐਂਟੀ ਲਾਰਵਾ ਗਤੀਵਿਧੀਆਂ, ਫੌਗਿੰਗ, ਸਪਰੇਅ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਟੀਮਾਂ ਰਵਾਨਾ ਕੀਤੀਆਂ ਗਈਆਂ। ਇਹ ਟੀਮਾਂ ਸ਼ਹਿਰ ਦੇ ਡੇਂਗੂ ਪ੍ਰਭਾਵਿਤ ਹੌਟਸਪਾਟ ਇਲਾਕਿਆਂ ਵਿੱਚ ਜਾ ਕੇ ਐਂਟੀ ਲਾਰਵਾ ਕਾਰਵਾਈ ਕਰਨ ਦੇ ਨਾਲ-ਨਾਲ ਫੌਗਿੰਗ, ਸਪਰੇਅ ਅਤੇ ਜਾਗਰੂਕਤਾ ਮੁਹਿੰਮ ਵੀ ਚਲਾ ਰਹੀਆਂ ਹਨ। ਇਸ ਦੌਰਾਨ ਸਿਵਲ ਹਸਪਤਾਲ, ਸਰਕਾਰੀ ਪ੍ਰਾਈਵੇਟ ਨਰਸਿੰਗ ਕਾਲਜਾਂ ਦੇ ਨਾਲ ਨਾਲ ਰਾਮ ਬਾਗ, ਜਹਾਜਗੜ੍ਹ, ਪੁਤਲੀਘਰ, ਮਜੀਠਾ ਰੋਡ, ਰੋਡਵੇਜ਼ ਅਤੇ ਭਗਤਾਂਵਾਲਾ ਸਮੇਤ ਹੋਰ ਹੌਟਸਪਾਟ ਇਲਾਕਿਆਂ ਵਿੱਚ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਰਸ਼ਮੀ ਵਿੱਜ ਨੇ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਕਈ ਥਾਵਾਂ 'ਤੇ ਪਾਣੀ ਇਕੱਠਾ ਹੋਣਾ ਸੁਭਾਵਿਕ ਹੈ, ਪਰ ਜਿੱਥੇ ਪਾਣੀ ਖੜ੍ਹਾ ਰਹਿੰਦਾ ਹੈ ਉੱਥੇ ਮੱਛਰਾਂ ਦੀ ਪੈਦਾਵਾਰ ਵੀ ਤੇਜ਼ੀ ਨਾਲ ਹੁੰਦੀ ਹੈ। ਇਸ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਵਿੱਚ ਸਿਹਤ ਵਿਭਾਗ ਦਾ ਸਹਿਯੋਗ ਕਰੇ ਅਤੇ "ਹਰ ਸ਼ੁਕਰਵਾਰ ਡੇਂਗੂ 'ਤੇ ਵਾਰ" ਮੁਹਿੰਮ ਵਿੱਚ ਆਪਣਾ ਯੋਗਦਾਨ ਪਾਓ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਸਹਾਇਕ ਮਲੇਰੀਆ ਅਫ਼ਸਰ ਗੁਰਦੇਵ ਸਿੰਘ, ਬਲਜੀਤ ਸਿੰਘ, ਐਸ.ਆਈ. ਸੁਖਦੇਵ ਸਿੰਘ, ਪਰਮਜੀਤ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਆਈ.ਸੀ. ਹਰਮੀਤ ਸਿੰਘ, ਸੰਜੀਵ ਕੁਮਾਰ, ਕੁਲਦੀਪ ਸਿੰਘ, ਰਣਜੋਧ ਸਿੰਘ, ਫੀਲਡ ਵਰਕਰ ਅਤੇ ਬਰੀਡਿੰਗ ਚੈੱਕਰ ਹਾਜ਼ਰ ਸਨ।

## 4 ਕੁਇੰਟਲ ਚੂਰਾ ਪੋਸਤ ਸਮੇਤ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸ੍ਰੀ ਗੌਰਵ ਯਾਦਵ ਆਈ.ਪੀ.ਐੱਸ, ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ ਦੇ ਨਿਰਦੇਸ਼ਾਂ ਅਨੁਸਾਰ ਬਠਿੰਡਾ ਪੁਲਸ ਦੀ ਨਿਗਰਾਨੀ ਵਿੱਚ ਸ੍ਰੀ ਮਨੋਜ ਕੁਮਾਰ ਡੀ.ਐੱਸ.ਪੀ. ਰੂਲ ਦੀ ਅਗਵਾਈ ਵਿੱਚ ਥਾਣਾ ਭਗਤਾ ਭਾਈਕਾ ਦੇ ਐੱਸ ਐੱਚ ਓ ਪਰਗਤ ਸਿੰਘ ਦੀਆਂ ਪੁਲਸ ਟੀਮਾਂ ਵੱਲੋਂ ਮੁਖਬਰੀ ਦੇ ਅਧਾਰ 'ਤੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਪਾਸੋਂ 4 ਕੁਇੰਟਲ ਚੂਰਾ ਪੋਸਤ (ਭੁੱਕੀ) ਬਰਾਮਦ ਕਰਾ ਕੇ ਵੱਡੀ ਕਾਮਯਾਬੀ ਹਾਸਲ ਕੀਤੀ।ਥਾਣਾ ਭਗਤਾ ਭਾਈ ਕਾ ਨੂੰ ਇਤਲਾਹ ਮਿਲੀ ਕਿ ਜਗਸੀਰ ਸਿੰਘ ਪੁੱਤਰ ਰੂਪ ਸਿੰਘ ਵਾਸੀ ਅਕਲੀਆ ਜਲਾਲ ਜ਼ਿਲ੍ਹਾ ਬਠਿੰਡਾ ਜੋ ਕਿ ਭੁੱਕੀ ਵੇਚਣ ਦਾ ਆਦੀ ਹੈ, ਨੂੰ ਭਰੋਸੇਯੋਗ ਇਤਲਾਹ ਹੋਣ 'ਤੇ ਥਾਣਾ ਭਗਤਾ ਦੀ ਪੁਲਸ ਪਾਰਟੀ ਵੱਲੋਂ ਕਾਰਵਾਈ ਕਰਦੇ ਹੋਏ ਉਕਤ ਜਗਸੀਰ ਸਿੰਘ ਦੀ ਖੇਤ ਵਾਲੀ ਮੋਟਰ ਵਾਲੇ ਕਮਰੇ ਵਿੱਚੋਂ 4 ਕੁਇੰਟਲ ਵਜ਼ਨੀ ਚੂਰਾ ਪੋਸਤ ਸਮੇਤ ਕਾਬੂ ਕਰਕੇ ਕੇਸ ਦਰਜ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਉਕਤ ਵਿਅਕਤੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਜਿਸ ਤੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਗੁਰੂ ਰਵਿਦਾਸ ਜੀ ਦੇ ਸੰਦੇਸ਼ ਬਾਰੇ ਕਰਾਇਆ ਜਾਣੂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਚਲਾਈ ਜਾ ਰਹੀ ਰਾਜ ਪੱਧਰੀ ਜਾਗਰੂਕਤਾ ਮੁਹਿੰਮ ਤਹਿਤ ਐਲ. ਈ. ਡੀ. ਵੈਨ ਵੱਲੋਂ ਬੀਤੀ ਸ਼ਾਮ ਬਲਾਕ ਗੁਰੂ ਹਰਸਹਾਏ ਦੇ ਪਿੰਡ ਮੇਘਾ ਰਾਏ ਉਤਾੜ, ਬਾਜੇ ਕੇ ਤੇ ਮਾੜੇ ਕਲਾਂ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਤੇ ਉਪਦੇਸ਼ਾਂ ਬਾਰੇ ਜਾਣੂ ਕਰਾਇਆ ਗਿਆ।ਸ੍ਰੀ ਗੁਰੂ ਰਵਿਦਾਸ ਦੇ ਜੀਵਨ ਨੂੰ ਦਰਸਾਉਂਦੀ ਡਾਕੂਮੈਂਟਰੀ ਵੈਨ ਰਾਹੀਂ ਅੱਧੇ ਘੰਟੇ ਦੀ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਫਲਸਫੇ ਤੇ ਉਨ੍ਹਾਂ ਵੱਲੋਂ ਦਿੱਤੇ ਮਨੁੱਖਤਾ, ਸਮਾਨਤਾ, ਸਮਾਜਿਕ ਨਿਆਂ, ਸੇਵਾ, ਭਾਈਚਾਰੇ ਤੇ ਸਦਭਾਵਨਾ ਦੇ ਸਰਬਵਿਆਪੀ ਸੰਦੇਸ਼ ਨੂੰ ਦਰਸਾਉਂਦੀ ਡਾਕੂਮੈਂਟਰੀ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨੇ ਪਿੰਡ ਵਾਸੀਆਂ ਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ ਦਰਸ਼ਨ, ਸਮਾਜ ਸੁਧਾਰਕ ਵਿਚਾਰਾਂ ਤੇ ਸਮਾਜ ਵਿੱਚ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਦੇ ਯੋਗਦਾਨ ਬਾਰੇ ਜਾਣੂ ਕਰਾਇਆ।

## ਮਾਡਰਨ ਕਾਲਜ ਬੀਰ ਕਲਾਂ 'ਚ ਮਨਾਇਆ ਤੀਆਂ ਦਾ ਤਿਉਹਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ ਕਾਲਜ ਬੀਰ ਕਲਾਂ ਵਿਖੇ ਸਾਵਣ ਦੇ ਮਹੀਨੇ ਤੇ ਤੀਆਂ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਤੀਆਂ ਦਾ ਤਿਉਹਾਰ ਮਨਾਇਆ ਗਿਆ।ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਤੀਆਂ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਮਹਿੰਦੀ ਲਾਈ ਗਈ ਤੇ ਪੰਜਾਬ ਦਾ ਲੋਕ ਨਾਚ ਗਿੱਧਾ ਵੀ ਪਾਇਆ ਗਿਆ।ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਸਾਡਾ ਪੰਜਾਬੀ ਸੱਭਿਆਚਾਰ ਇੱਕ ਬਹੁਤ ਹੀ ਵਿਲੱਖਣ ਵਿਰਸਤ ਦਾ ਮਾਲਕ ਹੈ।ਸਾਵਣ ਮਹੀਨਾ ਪੰਜਾਬ ਦੀਆਂ ਮੁਟਿਆਰਾਂ ਲਈ ਖਾਸ ਹੁੰਦਾ ਹੈ।ਇਸੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਮਾਡਰਨ ਗਰੁੱਪ ਆਫ ਕਾਲਜ ਬੀਰ ਕਲਾਂ ਵਿਖੇ ਗਿੱਧਾ ਕੰਪੀਟੀਸ਼ਨ ਵੀ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵੱਖ-ਵੱਖ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ।ਇਸ ਮੁਕਾਬਲੇ ਵਿੱਚੋਂ ਵਿਦਿਆਰਥਣ ਜਸਪ੍ਰੀਤ ਕੌਰ ਤੇ ਜੋਬਨਪ੍ਰੀਤ ਕੌਰ ਨੇ ਮਿਸ ਪੰਜਾਬਣ ਦਾ ਖ਼ਿਤਾਬ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਵਿੱਚੋਂ ਪੁਜ਼ੀਸ਼ਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਕਾਲਜ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਵੱਲੋਂ ਇਨਾਮ ਤੇ ਸਰਟੀਫਿਕੇਟ ਤਕਸੀਮ ਕੀਤੇ ਗਏ।

## ਐਂਟੀ-ਰੈਗਿੰਗ ਜਾਗਰੂਕਤਾ ਹਫ਼ਤਾ ਮਨਾਇਆ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਪ੍ਰਿੰਸੀਪਲ ਡਾ. ਸੀਮਾ ਭੱਟੀ ਦੀ ਅਗਵਾਈ ਹੇਠ ਐਂਟੀ-ਰੈਗਿੰਗ ਜਾਗਰੂਕਤਾ ਹਫ਼ਤਾ ਸਫ਼ਲਤਾਪੂਰਵਕ ਮਨਾਇਆ ਗਿਆ।ਸਮਾਗਮ ਵਿੱਚ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਰਜਿਸਟਰਾਰ ਡਾ. ਗਿਰੀਸ਼ ਸਾਹਨੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਫਾਰਮਾਕੋਲੋਜੀ ਵਿਭਾਗ ਦੇ ਮੁਖੀ ਡਾ. ਰਾਜ ਕੁਮਾਰ ਨੇ ਪ੍ਰੋਗਰਾਮ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ।ਸਮਾਗਮ ਦੌਰਾਨ ਡਾ. ਰੋਹਤ ਚੋਪੜਾ (ਅਡੀਸ਼ਨਲ ਰਜਿਸਟਰਾਰ), ਡਾ. ਗੁਰਚਰਨ ਸਿੰਘ ਢੀਂਡਸਾ ਤੇ ਹੋਰ ਫੈਕਲਟੀ ਮੈਂਬਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਐਮ.ਬੀ.ਬੀ.ਐਸ. ਪਹਿਲੇ ਪ੍ਰੋਫੈਸ਼ਨ ਦੇ ਨਵੇਂ ਵਿਦਿਆਰਥੀਆਂ ਨੂੰ ਐਂਟੀ-ਰੈਗਿੰਗ ਦੀ ਸਹੁੰ ਚੁਕਾਈ ਗਈ। ਐਮ.ਬੀ.ਬੀ.ਐਸ. ਫਾਈਨਲ ਪ੍ਰੋਫੈਸ਼ਨਲ ਦੇ ਵਿਦਿਆਰਥੀਆਂ ਲਈ ਰੈਗਿੰਗ ਵਿਰੋਧੀ ਲਘੂ ਫ਼ਿਲਮ ਦਾ ਪ੍ਰਦਰਸ਼ਨ ਕੀਤਾ ਗਿਆ।ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਤੇ ਰੰਗੋਲੀ ਮੁਕਾਬਲੇ ਕਰਾਏ ਗਏ, ਜਿਸ ਵਿੱਚ ਉਨ੍ਹਾਂ ਨੇ ਕਲਾ ਰਾਹੀਂ ਰੈਗਿੰਗ ਵਿਰੋਧੀ ਸੰਦੇਸ਼ ਦਿੱਤੇ।ਡਾ. ਗਿਰੀਸ਼ ਸਾਹਨੀ (ਰਜਿਸਟਰਾਰ) ਨੇ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੈਡੀਕਲ ਸਿੱਖਿਆ ਵਿੱਚ ਰੈਗਿੰਗ ਲਈ ਕੋਈ ਥਾਂ ਨਹੀਂ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਪੇਸ਼ੇਵਰਾਨਾ ਵਿਹਾਰ, ਹਮਦਰਦੀ ਤੇ ਆਪਸੀ ਸਨਮਾਨ ਬਣਾਏ ਰੱਖਣ ਲਈ ਪ੍ਰੇਰਿਤ ਕੀਤਾ।

## ਡੀ ਟੀ ਐਫ਼ ਵੱਲੋਂ ਸਤੌਜ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਮਾਨਸਾ (ਆਤਮਾ ਸਿੰਘ ਪਮਾਰ)**-ਪੁਰਾਣੀ ਪੈਨਸ਼ਨ ਬਾਹਲੀ ਦੀ ਮੁੱਖ ਮੰਗ ਨੂੰ ਲੈ ਕੇ ਪੈਨਸ਼ਨ ਬਹਾਲੀ ਮੰਚ ਵੱਲੋਂ 23 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ 'ਚ ਕੀਤੀ ਜਾ ਰਹੀ ਰੈਲੀ 'ਚ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਹਜ਼ਾਰਾਂ ਕਾਰਕੁਨ ਸ਼ਮੂਲੀਅਤ ਕਰਨਗੇ।ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ 'ਚ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਫਰੀਦਕੋਟ, ਮੁਕਤਸਰ, ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ, ਫਤਹਿਗੜ੍ਹ ਸਾਹਿਬ, ਲੁਧਿਆਣਾ, ਮਲੇਰਕੋਟਲਾ, ਮੋਗਾ, ਫਿਰੋਜ਼ਪੁਰ, ਜਲੰਧਰ, ਕਪੂਰਥਲਾ, ਗੁਰਦਾਸਪੁਰ ਤੇ ਪਠਾਨਕੋਟ 'ਚ ਇਸ ਰੈਲੀ ਦੀਆਂ ਤਿਆਰੀਆਂ ਵੱਡੇ ਪੱਧਰ 'ਤੇ ਚੱਲ ਰਹੀਆਂ ਹਨ।ਆਗੂਆਂ ਦੀਆਂ ਟੀਮਾਂ ਇੱਕ ਇੱਕ ਸਕੂਲ ਵਿੱਚ ਜਾ ਕੇ ਅਧਿਆਪਕਾਂ ਨੂੰ ਇਸ ਰੈਲੀ 'ਤੇ ਜਾਣ ਲਈ ਪ੍ਰੇਰਿਤ ਕਰ ਰਹੀਆਂ ਹਨ। ਡੀ ਟੀ ਐਫ਼ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬਹਿਣੀਵਾਲ, ਮੀਤ ਪ੍ਰਧਾਨ ਨਵੀਨ ਗੋਇਲ ਬੋਹਾ,ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੋਟਾਂ ਤੋਂ ਪਹਿਲਾਂ ਮੁਲਾਜ਼ਮਾਂ ਦੇ ਧਰਨਿਆਂ 'ਚ ਆ ਕੇ ਮੁਲਾਜ਼ਮਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਦੇ ਵਾਅਦੇ ਕਰਦੇ ਸਨ, ਪਰ ਹੁਣ ਸਾਢੇ ਚਾਰ ਸਾਲ ਬੀਤਣ 'ਤੇ ਵੀ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਪੁਰਾਣੀ ਪੈਨਸ਼ਨ ਬਹਾਲ ਕਰਨੀ, 18% ਪੈਂਡਿੰਗ ਡੀ ਏ ਜਾਰੀ ਕਰਨਾ, 17-07-2020 ਤੇ 15-01-2015 ਦੇ ਮੁਲਾਜ਼ਮ ਮਾਰੂ ਪੱਤਰ ਰੱਦ ਕਰਨੇ, ਪੇਂਡੂ ਭੱਤੇ ਸਮੇਤ 37 ਤਰਾਂ ਦੇ ਭੱਤੇ ਬਹਾਲ ਕਰਨੇ, ਕੱਚੇ ਮੁਲਾਜ਼ਮ ਪੱਕੇ ਕਰਨੇ, ਪੇਅ ਕਮਿਸ਼ਨ ਦੇ ਬਕਾਏ ਜਾਰੀ ਕਰਨ ਵਰਗੀਆਂ ਮੰਗਾਂ ਜਿਉਂ ਦੀਆਂ ਤਿਉਂ ਪਈਆਂ ਹਨ।

## ਦੇਸ਼ ਭਗਤ ਯੂਨੀਵਰਸਿਟੀ 'ਚ ਸਿੱਖਿਆ ਸੰਬੰਧੀ ਵਿਸ਼ੇਸ਼ ਸੰਮੇਲਨ




**ਸਮਰਾਲਾ (ਸੁਰਜੀਤ ਸਿੰਘ)**-ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਡੀਬੀਯੂ-ਆਈਸੀਸੀ ਲੀਡਰਸ਼ਿਪ ਸਮਿਟ 2026 ਕਰਾਇਆ ਗਿਆ।ਇਹ ਇੱਕ ਪ੍ਰੇਰਣਾਦਾਇਕ ਅਗਵਾਈ ਸੰਮੇਲਨ ਸੀ, ਜਿਸ ਵਿੱਚ ਪ੍ਰਮੁੱਖ ਆਗੂਆਂ, ਸਿੱਖਿਆਵਿਦਾਂ ਤੇ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ ਨੇ ਸ਼ਮੂਲੀਅਤ ਕੀਤੀ ਅਤੇ ਅਗਵਾਈ, ਸਿੱਖਿਆ ਤੇ ਉੱਭਰ ਰਹੇ ਮੌਕਿਆਂ ਨਾਲ ਸਬੰਧਤ ਵਿਚਾਰਾਂ, ਗਿਆਨ ਅਤੇ ਦ੍ਰਿਸ਼ਟੀਕੋਣਾਂ ਦਾ ਸਾਰਥਕ ਆਦਾਨ-ਪ੍ਰਦਾਨ ਕੀਤਾ।ਸਮਾਗਮ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਤੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਦੀ ਗੌਰਵਮਈ ਹਾਜ਼ਰੀ ਰਹੀ। ਮੁੱਖ ਭਾਸ਼ਣ ਦਿੰਦਿਆਂ ਉਪ-ਕੁਲਪਤੀ ਪ੍ਰੋ. (ਡਾ.) ਹਰਸ਼ ਸਦਾਵਰਤੀ ਨੇ ਡੀਬੀਯੂ ਦੀ ਅਕਾਦਮਿਕ ਉੱਤਮਤਾ, ਵੱਖ ਵੱਖ ਪਾਠਕ੍ਰਮਾਂ ਤੇ ਬਦਲਦੇ ਵਿਸ਼ਵ ਪੱਧਰੀ ਸਿੱਖਿਅਕ ਮਾਹੌਲ ਵਿੱਚ ਵਿਦਿਆਰਥੀਆਂ ਲਈ ਉਪਲਬਧ ਵਿਆਪਕ ਮੌਕਿਆਂ ਬਾਰੇ ਜਾਣਕਾਰੀ ਭਰਪੂਰ ਤੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕੀਤੇ।ਸਮਿਟ ਵਿੱਚ ਪ੍ਰਮੁੱਖ ਮਹਿਮਾਨਾਂ ਦੀ ਮੌਜੂਦਗੀ ਰਹੀ, ਜਿਨ੍ਹਾਂ ਵਿੱਚ ਐਜੂਕਨੈਕਟ ਦੇ ਸੰਸਥਾਪਕ ਸੰਦੀਪ ਸ਼ਰਮਾ ਦੇਸ਼ ਭਗਤ ਯੂਨੀਵਰਸਿਟੀ ਦੇ ਰਣਨੀਤੀਆਂ ਤੇ ਵਿਕਰੀ ਸਲਾਹਕਾਰ ਦਿਨੇਸ਼ ਸ਼ਰਮਾ, ਦਾਖਲਾ ਤੇ ਕਾਊਂਸਲਿੰਗ ਮੁਖੀ ਪਰਮਜੀਤ ਸ਼ਾਹ ਤੇ ਦਾਖਲਾ ਅਤੇ ਕਾਊਂਸਲਿੰਗ ਦੇ ਸੀਨੀਅਰ ਮੈਨੇਜਰ ਰਵੀ ਸ਼ਰਮਾ ਸ਼ਾਮਲ ਸਨ।ਸਮਿਟ ਦੌਰਾਨ ਬਿਜ਼ਨੈੱਸ ਮੈਨੇਜਮੈਂਟ ਤੇ ਕਾਮਰਸ ਦੀ ਡਾਇਰੈਕਟਰ ਡਾ. ਨਿਧੀ ਗੁਪਤਾ ਨੇ ਡੀਬੀਯੂ ਆਨਲਾਈਨ ਤੇ ਓਪਨ ਐਂਡ ਡਿਸਟੈਂਸ ਲਰਨਿੰਗ (ਓਡੀਐਲ) ਸਿੱਖਿਆ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।ਸਮਿਟ ਦੀ ਸਮਾਪਤੀ ਸਨਮਾਨ ਸਮਾਰੋਹ ਨਾਲ ਹੋਈ, ਜਿਸ ਦੌਰਾਨ ਵਿਸ਼ੇਸ਼ ਮਹਿਮਾਨਾਂ ਤੇ ਪਤਵੰਤਿਆਂ ਨੂੰ ਉਨ੍ਹਾਂ ਦੀ ਗੌਰਵਮਈ ਹਾਜ਼ਰੀ, ਮਾਰਗਦਰਸ਼ਨ ਤੇ ਸੰਮੇਲਨ ਦੀ ਸਫਲਤਾ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਸਨਮਾਨਤ ਕੀਤਾ ਗਿਆ।

## ਡੀ ਸੀ ਦਫ਼ਤਰ ਦੇ ਕਰਮਚਾਰੀ ਦੀ ਵਾਰ-ਵਾਰ ਬਦਲੀ ਕਾਰਨ ਰੋਸ, ਡੀ ਸੀ ਨੂੰ 25 ਤੱਕ ਨੋਟਿਸ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਦਫ਼ਤਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿੱਚ ਕੰਮ ਕਰਦੇ ਇੱਕ ਕਰਮਚਾਰੀ ਦੀ 2 ਮਹੀਨੇ ਵਿੱਚ 4 ਵਾਰ ਬਦਲੀ ਕਰਨ ਦੇ ਰੋਸ ਵਿੱਚ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੀ ਕਾਰਜਕਾਰੀ ਬਾਡੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਦਫ਼ਤਰ ਦੇ ਕਰਮਚਾਰੀ ਦੀ ਪਿਛਲੇ 2 ਮਹੀਨਿਆਂ ਦੇ ਅੰਦਰ 4 ਵਾਰ ਬਦਲੀ ਕੀਤੀ ਗਈ ਹੈ, ਇਸ ਨਾਲ ਕਰਮਚਾਰੀ ਦੇ ਮਨੋਬਲ 'ਤੇ ਅਸਰ ਪਾਇਆ ਜਾ ਰਿਹਾ ਹੈ।ਇਸ ਲਈ ਜਥੇਬੰਦੀ ਵੱਲੋਂ ਮੀਟਿੰਗ ਕਰਕੇ ਇਹ ਫੈਸਲਾ ਲਿਆ ਗਿਆ ਹੈ ਕਿ ਡਿਪਟੀ ਕਮਿਸ਼ਨਰ ਨੂੰ 25 ਅਗਸਤ ਤੱਕ ਬਦਲੀ ਨੂੰ ਰੱਦ ਕਰਨ ਦਾ ਸਮਾਂ ਦਿੱਤਾ ਜਾਵੇ, ਜੇਕਰ 25 ਅਗਸਤ ਤੱਕ ਬਦਲੀ ਰੱਦ ਨਹੀਂ ਹੁੰਦੀ ਤਾਂ 26 ਅਗਸਤ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਮੂਹ ਕਰਮਚਾਰੀਆਂ ਵੱਲੋਂ ਦਫ਼ਤਰੀ ਕੰਮ ਠੱਪ ਰੱਖਿਆ ਜਾਵੇਗਾ ਤੇ ਲੋੜ ਪਈ ਤਾਂ ਇਸ ਸੰਘਰਸ਼ ਨੂੰ ਸੂਬਾ ਪੱਧਰ 'ਤੇ ਲਿਜਾਇਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਰਲ ਗੁਰਮੀਤ ਪਾਲ, ਬਲਵਿੰਦਰ ਸਿੰਘ, ਬਲਰਾਜ, ਓਮਪਾਲ, ਹਰਬੰਸ ਸਿੰਘ, ਭੁਪਿੰਦਰ ਸਿੰਘ, ਜਗਪ੍ਰੀਤ ਸਿੰਘ, ਗਗਨਦੀਪ ਸਿੰਘ, ਦੀਪਕ ਕੁਮਾਰ, ਕਮਲਦੀਪ ਕੌਰ, ਸੁਖਪਾਲ ਕੌਰ, ਨੇਹਾ, ਹਰਭਜਨ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।

# ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਤੇ ਸੁਰੱਖਿਅਤ ਰੁਜ਼ਗਾਰ ਦਿਵਾਉਣ ਤੱਕ ਸੰਘਰਸ਼ ਜਾਰੀ ਰੱਖਣ ਦੀ ਚੇਤਾਵਨੀ



**ਜਲਾਲਾਬਾਦ (ਜੀਤ ਕੁਮਾਰ/ਸੰਜੀਰ ਕੰਬੋ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਸੀਨੀਅਰ ਮੀਤ ਪ੍ਰਧਾਨ ਜਗਰੂਪ ਸਿੰਘ, ਹਾਕਮ ਸਿੰਘ ਧਨੇਠਾ, ਸੂਬਾ ਖ਼ਜ਼ਾਨਚੀ ਰੁਪਿੰਦਰ ਸਿੰਘ, ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ, ਮਨਪ੍ਰੀਤ ਸਿੰਘ, ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਹਾਇਕ ਖਜ਼ਾਨਚੀ ਸੁਰਿੰਦਰ ਸਿੰਘ, ਸੂਬਾ ਦਫ਼ਤਰੀ ਸਕੱਤਰ ਓਂਕਾਰ ਸਿੰਘ, ਸੂਬਾ ਪ੍ਰਚਾਰ ਸਕੱਤਰ ਪ੍ਰਦੁਮਣ ਸਿੰਘ, ਬਲਜੀਤ ਸਿੰਘ ਭੱਟੀ, ਤਜਿੰਦਰ ਸਿੰਘ ਮਾਨ, ਗੁਰਵਿੰਦਰ ਸਿੰਘ ਬਾਠ, ਜੱਥੇਬੰਦਕ ਸਕੱਤਰ ਜਸਵੀਰ ਜਿੰਦਵੜੀ, ਗੁਰਵਿੰਦਰ ਪੰਜੋਲੀ, ਮੇਜਰ ਮੋਹਾਲੀ ਨੇ ਕਿਹਾ ਕਿ 23 ਅਗਸਤ ਨੂੰ ਜਥੇਬੰਦੀ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਈਸੜੂ ਭਵਨ ਵਿਖੇ ਕਰਕੇ ਇਨਲਿਸਟਮੈਂਟ ਤੇ ਇਨਲਿਸਟਮੈਂਟ ਵਰਕਰਾਂ ਨੂੰ ਵਿਭਾਗ 'ਚ ਕੰਟਰੈਕਟ ਅਧੀਨ ਮਰਜ ਕਰਕੇ ਪੱਕਾ ਅਤੇ ਸੁਰੱਖਿਅਤ ਰੁਜ਼ਗਾਰ ਕਰਾਉਣ ਤੋਂ ਪੰਜਾਬ ਸਰਕਾਰ ਤੇ ਵਿਭਾਗੀ ਮੈਨੇਜਮੈਂਟ ਦੇ ਖਿਲਾਫ ਅਗਲੇ ਤਿੱਖੇ ਐਕਸ਼ਨ ਉਲੀਕ ਕਰਨ ਲਈ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।

ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਕੈਬਨਿਟ-ਸਬ-ਕਮੇਟੀ ਦੇ ਚੇਅਰਮੈਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਅਤੇ ਵਿਭਾਗ ਦੀ ਮੈਨੇਜਮੈਂਟ ਵੱਲੋਂ ਯੂਨੀਅਨ ਦੇ ਨਾਲ ਬੀਤੇ ਸਮੇਂ ਦੌਰਾਨ ਮੀਟਿੰਗਾਂ ਹੋਈਆਂ ਹਨ, ਜਿਨ੍ਹਾਂ ਵਿੱਚ ਪੰਜਾਬ ਸਟੇਟ ਆਊਟਸੋਰਸ ਪਰਸੋਨਲ ਬਿੱਲ 2026 'ਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ 20-22 ਸਾਲਾਂ ਤੋਂ ਲਗਾਤਾਰ ਕੰਮ ਕਰਦੇ ਇਨਲਿਸਟਮੈਂਟ ਵਰਕਰਾਂ ਨੂੰ ਸ਼ਾਮਲ ਕਰਨ ਲਈ ਸਹਿਮਤੀ ਬਣੀ ਹੈ, ਪਰ ਅਜੇ ਤੱਕ ਯੂਨੀਅਨ ਦੀਆਂ ਮੰਗਾਂ-ਮਸਲਿਆਂ ਦਾ ਹੱਲ ਨਹੀਂ ਕੀਤਾ ਜਾ ਰਿਹਾ ਹੈ ਤੇ ਹਰ ਵਾਰ ਸਿਰਫ ਲਾਰੇ ਹੀ ਲਾਏ ਜਾਂਦੇ ਹਨ, ਜਦਕਿ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਨੀਤੀਆਂ ਲਾਗੂ ਕਰਕੇ ਇਨਲਿਸਟਮੈਂਟ ਵਰਕਰਾਂ ਦੇ ਕੱਚੇ ਪਿੱਲੇ ਰੁਜਗਾਰ ਨੂੰ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸਦੇ ਚਲਦੇ ਵਰਕਰਾਂ ਵੱਲੋਂ ਮਜਬੂਰੀ ਵੱਸ ਆਪਣੇ ਕੱਚੇ-ਪਿੱਲੇ ਰੁਜਗਾਰ ਨੂੰ ਬਚਾਉਣ ਲਈ ਸੰਘਰਸ਼ ਦਾ ਰਸਤਾ ਅਪਣਾਇਆ ਜਾ ਰਿਹਾ ਹੈ।

## ਲੋਕ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣਗੇ : ਕਮਲਜੀਤ ਚੱਕ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਲੋਕਾਂ ਦੀਆਂ ਹੱਕੀ ਮੰਗਾਂ ਤੋਂ ਪਾਸਾ ਵੱਟ ਕੇ ਹੱਕ ਮੰਗਦੇ ਲੋਕਾਂ ਉਪਰ ਜ਼ੁਲਮ ਢਾਹਿਆ ਜਾ ਰਿਹਾ ਹੈ।ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਸਰਕਾਰ ਹੁਣ ਲੋਕਾਂ ਦੇ ਮਨਾਂ 'ਚੋਂ ਲਹਿ ਗਈ ਹੈ।ਕਾਂਗਰਸ ਦੇ ਸੀਨੀਅਰ ਆਗੂ ਕਮਲਜੀਤ ਸਿੰਘ ਚੱਕ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਤੇ ਭਾਜਪਾ ਦੀ ਕਾਰਸਤਾਨੀ ਵਿੱਚ ਕੋਈ ਵੱਡਾ ਅੰਤਰ ਨਹੀਂ ਹੈ ਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨਾਲ ਸਖ਼ਤੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹੁਣ ਲੋਕ ਸਰਕਾਰ ਤੋਂ ਹਰ ਕਾਰਵਾਈ ਤੇ ਹਰ ਫ਼ੈਸਲੇ ਦਾ ਹਿਸਾਬ ਮੰਗਣਗੇ।ਕਾਂਗਰਸੀ ਆਗੂ ਚੱਕ ਨੇ ਕਿਹਾ ਕਿ ਲੋਕਤੰਤਰ ਵਿੱਚ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖਣਾ ਹਰ ਨਾਗਰਿਕ ਦਾ ਅਧਿਕਾਰ ਹੈ ਤੇ ਸਰਕਾਰਾਂ ਨੂੰ ਇਸ ਅਧਿਕਾਰ ਦਾ ਸਤਿਕਾਰ ਕਰਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਹਲਕਾ ਮਹਿਲ ਕਲਾਂ ਅੰਦਰ ਕਾਂਗਰਸ ਪਾਰਟੀ ਦੀ ਸਥਿਤੀ ਹੇਠਲੇ ਪੱਧਰ ਤੱਕ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ, ਬਲਾਕ ਪ੍ਰਧਾਨ ਸ਼ੇਰਪੁਰ ਜਸਮੇਲ ਸਿੰਘ ਬੜੀ ਆਦਿ ਆਗੂਆਂ ਦੀ ਗਤੀਸ਼ੀਲ ਅਗਵਾਈ ਹੇਠ ਹਲਕੇ ਦੇ ਹਰ ਪਿੰਡ 'ਚ ਸੰਪਰਕ ਮੁਹਿੰਮ ਚਲਾਈ ਗਈ ਹੈ।

## ਮਾਤਾ ਗੁਜਰੀ ਸਕੂਲ ਦਾ ਕਲਸਟਰ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ/ਸਨੌਰ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਅੰਡਰ-14 ਲੜਕੀਆਂ ਨੇ ਸੀ.ਬੀ.ਐੱਸ.ਈ. ਕਲਸਟਰ-17 ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਮੁਕਾਬਲੇ ਮਾਈਲਸਟੋਨ ਸਮਾਰਟ ਸਕੂਲ ਘਨੌਰ ਵਿਖੇ ਕਰਵਾਏ ਗਏ।ਟੀਮ ਦੀ ਸ਼ਾਨਦਾਰ ਖੇਡ ਦੇ ਚਲਦਿਆਂ ਅੰਡਰ-14 ਲੜਕੀਆਂ ਦੀ ਟੀਮ ਦੀ ਸੀ.ਬੀ.ਐੱਸ.ਈ. ਨੈਸ਼ਨਲ ਪੱਧਰ ਦੇ ਮੁਕਾਬਲਿਆਂ ਲਈ ਚੋਣ ਹੋਈ ਹੈ।ਇਹ ਉਪਲਬਧੀ ਸਕੂਲ ਦੇ ਵਿਦਿਆਰਥੀਆਂ, ਮਾਪਿਆਂ ਤੇ ਸਮੂਹ ਸਟਾਫ਼ ਲਈ ਮਾਣ ਦਾ ਵਿਸ਼ਾ ਹੈ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਨੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਟੀਮ ਦੇ ਕੋਚ ਸ: ਅਰਸ਼ਦੀਪ ਸਿੰਘ ਨੇ ਖਿਡਾਰੀਆਂ ਦੀ ਮਿਹਨਤ, ਅਨੁਸ਼ਾਸਨ ਤੇ ਲਗਨ ਦੀ ਸ਼ਲਾਘਾ ਕੀਤੀ ਤੇ ਨੈਸ਼ਨਲ ਪੱਧਰ 'ਤੇ ਹੋਰ ਵਧੀਆ ਪ੍ਰਦਰਸ਼ਨ ਕਰਨ ਦਾ ਵਿਸ਼ਵਾਸ ਪ੍ਰਗਟਾਇਆ।ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੀ ਇਸ ਪ੍ਰਾਪਤੀ ਨਾਲ ਸਕੂਲ, ਇਲਾਕੇ ਤੇ ਮਾਪਿਆ ਵਿੱਚ ਖ਼ੁਸ਼ੀ ਦੀ ਲਹਿਰ ਹੈ।

## ਸਰਕਾਰੀ ਸਕੂਲ ਕੁੱਬਾ ਨੇ ਜ਼ੋਨਲ ਖੇਡਾਂ 'ਚ ਮੱਲਾਂ ਮਾਰੀਆਂ



**ਸਮਰਾਲਾ (ਸੁਰਜੀਤ ਸਿੰਘ)**-ਜ਼ਿਲ੍ਹਾ ਲੁਧਿਆਣਾ ਵਿੱਚ ਹੋਈਆਂ ਜ਼ੋਨਲ ਖੇਡਾਂ ਵਿੱਚ ਸਰਕਾਰੀ ਸਕੂਲ ਕੁੱਬਾ ਦੇ ਖਿਡਾਰੀਆਂ ਨੇ ਅੰਡਰ-17 ਲੜਕੇ ਸਰਕਲ ਕਬੱਡੀ ਵਿੱਚ ਦੂਜੀ ਪੁਜ਼ੀਸ਼ਨ, ਅੰਡਰ 19 ਸਰਕਲ ਕਬੱਡੀ ਵਿੱਚ ਸੈਕਿੰਡ ਪੁਜ਼ੀਸ਼ਨ, ਅੰਡਰ-17 ਲੜਕੀਆਂ ਸਰਕਲ ਕਬੱਡੀ ਵਿੱਚ ਸੈਕਿੰਡ ਪੁਜ਼ੀਸ਼ਨ, ਰੱਸਾ ਕੱਸੀ ਅੰਡਰ-19 ਸੈਕਿੰਡ ਪੁਜ਼ੀਸ਼ਨ ਤੇ ਪਹਿਲਵਾਨਾਂ ਨੇ ਸੈਕਿੰਡ ਪੁਜ਼ੀਸ਼ਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਪ੍ਰਿੰਸੀਪਲ ਜਸਵੀਰ ਕੌਰ ਨੇ ਜੇਤੂ ਖਿਡਾਰੀਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਕਰਦੀਆਂ ਹਨ ਤੇ ਚੰਗੀ ਪ੍ਰਾਪਤੀ ਕਰਨ ਵਾਲੇ ਖਿਡਾਰੀ ਉੱਚੀਆਂ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਉਤਸ਼ਾਹ ਨਾਲ ਭਾਗ ਲੈਣਾ ਚਾਹੀਦਾ ਹੈ।ਇਸ ਮੌਕੇ ਸਕੂਲ ਅਧਿਆਪਕ ਗੁਰਇਕਬਾਲ ਸਿੰਘ, ਹਰਜਿੰਦਰ ਕੌਰ, ਸੁਰਿੰਦਰ ਸਿੰਘ, ਰੁਪਿੰਦਰ ਪਾਲ ਗਿੱਲ, ਮਨਪ੍ਰੀਤ ਸਿੰਘ, ਪ੍ਰਵੀਨ ਲਤਾ, ਮਨਜਿੰਦਰ ਕੌਰ, ਜਸਪ੍ਰੀਤ ਕੌਰ, ਪ੍ਰੀਤਪਾਲ ਕੌਰ, ਬਲਪ੍ਰੀਤ ਕੌਰ, ਅੰਮ੍ਰਿਤਪਾਲ ਸਿੰਘ, ਮਨਦੀਪ ਕੌਰ, ਅਰਵਿੰਦਰ ਸਿੰਘ, ਹਰਵਿੰਦਰ ਸਿੰਘ, ਕਸ਼ਮੀਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ।

## 'ਸਵਰਨ ਭੰਗੂ ਸਿਮਰਤੀ ਪਰਵਾਜ਼' ਰਿਲੀਜ਼ ਤੇ ਗੁਰਪ੍ਰੀਤ ਭੰਗੂ ਦਾ ਸਨਮਾਨ 30 ਨੂੰ

**ਬਠਿੰਡਾ (ਬਖਤੌਰ ਢਿੱਲੋਂ)**

ਸਾਹਿਤ ਸੱਭਿਆਚਾਰ ਮੰਚ ਬਠਿੰਡਾ ਦੀ ਇੱਕ ਵਿਸ਼ੇਸ਼ ਮੀਟਿੰਗ ਕਹਾਣੀਕਾਰ ਅਤਰਜੀਤ ਦੇ ਘਰ ਕਥਾ ਨਿਵਾਸ ਵਿਖੇ ਹੋਈ। ਇਸ ਮੌਕੇ ਕਈ ਸਾਲਾਂ ਤੋਂ ਮੰਚ ਦੀ ਨਵੀਂ ਟੀਮ ਦੀ ਲਟਕਦੀ ਆ ਰਹੀ ਵਿਉਂਤਬੰਦੀ 'ਤੇ ਵਿਚਾਰ ਹੋਈ ਤੇ ਨਵੀਂ ਟੀਮ ਦਾ ਐਲਾਨ ਕੀਤਾ ਗਿਆ। ਇਸ ਦੌਰਾਨ ਗੀਤਕਾਰ ਅੰਮ੍ਰਿਤਪਾਲ ਬੰਗੇ ਨੂੰ ਪ੍ਰਧਾਨ, ਗਜ਼ਲਗੋ ਅੰਮ੍ਰਿਤਪਾਲ ਅੰਮ੍ਰਿਤ ਮੀਤ ਪ੍ਰਧਾਨ ਤੇ ਤੇਜਾ ਸਿੰਘ ਪ੍ਰੇਮੀ ਨੂੰ ਖਜ਼ਾਨਚੀ ਚੁਣਿਆ ਗਿਆ। ਮੈਗਜ਼ੀਨ ਪਰਵਾਜ਼ ਦੇ ਸੰਪਾਦਕੀ ਮੰਡਲ ਵਿੱਚ ਪਹਿਲੇ ਹਸਤਾਖ਼ਰ ਅਤਰਜੀਤ ਕਹਾਣੀਕਾਰ, ਰਣਬੀਰ ਰਾਣਾ ਤੇ ਬਲਵਿੰਦਰ ਸਿੰਘ ਭੁੱਲਰ ਬਣੇ ਰਹਿਣਗੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਅਤਰਜੀਤ ਨੇ ਦੱਸਿਆ ਕਿ ਮਰਹੂਮ ਸਵਰਨ ਭੰਗੂ ਨੂੰ ਸਮਰਪਤ ਪਰਵਾਜ਼ ਮੈਗਜ਼ੀਨ ਦਾ ਵਿਸ਼ੇਸ਼ ਅੰਕ 'ਸਵਰਨ ਭੰਗੂ ਸਿਮਰਤੀ ਪਰਵਾਜ਼' ਛਪ ਚੁੱਕਾ ਹੈ। ਉਨ੍ਹਾਂ ਦੀ ਯਾਦ ਨੂੰ ਸਮਰਪਤ 30 ਅਗਸਤ ਨੂੰ ਕੀਤੇ ਜਾਣ ਵਾਲੇ ਪ੍ਰੋਗਰਾਮ ਵਿੱਚ ਰਿਲੀਜ਼ ਕੀਤਾ ਜਾਵੇਗਾ। ਇਸ ਮੌਕੇ ਮਰਹੂਮ ਭੰਗੂ ਦੀ ਹਮਰਾਹ ਗੁਰਪ੍ਰੀਤ ਭੰਗੂ ਦਾ ਸਨਮਾਨ ਵੀ ਕੀਤਾ ਜਾਵੇਗਾ।

# ਮੁਲਾਜ਼ਮ ਤੇ ਪੈਨਸ਼ਨਰ 27 ਨੂੰ ਜੈਤੋ ਤਹਿਸੀਲ ਪ੍ਰਬੰਧਕੀ ਕੰਪਲੈਕਸ ਸਾਹਮਣੇ ਰੋਸ ਧਰਨਾ ਦੇਣਗੇ



**ਕੋਟਕਪੂਰਾ (ਰਛਪਾਲ ਭੁੱਲਰ)**-ਪੈਨਸ਼ਨਰ ਦਫ਼ਤਰ ਵਿਖੇ ਸਾਂਝੀ ਤਾਲਮੇਲ ਕਮੇਟੀ ਤਹਿਸੀਲ ਜੈਤੋ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਮੀਟਿੰਗ ਪਾਵਰਕੌਮ ਪੈਨਸ਼ਨਰ ਆਗੂ ਸੁਰਿੰਦਰਪਾਲ ਸਿੰਘ ਤੇ ਪੈਨਸ਼ਨਰ ਆਗੂ ਗੁਰਦੀਪ ਸਿੰਘ ਰਾਮੇਆਣਾ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਸੂਬਾਈ ਪੈਨਸ਼ਨਰ ਆਗੂ ਪ੍ਰੇਮ ਚਾਵਲਾ ਨੇ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਸਾਢੇ ਚਾਰ ਸਾਲ ਦੇ ਰਾਜ ਭਾਗ ਦੌਰਾਨ ਅਪਣਾਏ ਜਾ ਰਹੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਇਸ ਸਰਕਾਰ ਨੂੰ ਸਬਕ ਸਿਖਾਉਣ ਲਈ ਕਮਰਕੱਸੇ ਕੱਸਣ ਦਾ ਸਦਾ ਦਿੱਤਾ।ਉਨ੍ਹਾਂ ਦੱਸਿਆ ਕਿ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 27 ਅਗਸਤ ਨੂੰ ਪੰਜਾਬ ਦੇ ਸਮੂਹ ਸਰਕਾਰੀ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਪੰਜਾਬ ਦਾ ਸਾਰਾ ਸਰਕਾਰੀ ਕੰਮ ਬਿਲਕੁੱਲ ਠੱਪ ਕਰਨਗੇ।ਮੀਟਿੰਗ ਨੂੰ ਵੱਖ-ਵੱਖ ਜਥੇਬੰਦੀਆਂ ਦੇ ਆਗੂ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਣਦਾ 18 ਫੀਸਦੀ ਡੀ ਏ ਨਾ ਦਿੱਤਾ ਗਿਆ, ਪੁਰਾਣੀ ਪੈਨਸ਼ਨ ਸਕੀਮ ਬਹਾਰ ਨਾ ਕੀਤੀ ਗਈ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕੀਤਾ ਗਿਆ ਤੇ ਸਕੀਮ ਵਰਕਰਾਂ ਦੀਆਂ ਉਜ਼ਰਤਾਂ ਵਿੱਚ ਢੁੱਕਵਾਂ ਵਾਧਾ ਨਾ ਕੀਤਾ ਗਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮੁੱਚੀ ਆਮ ਆਦਮੀ ਪਾਰਟੀ ਨੂੰ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਇਸ ਵਤੀਰੇ ਦਾ ਖਮਿਆਜ਼ਾ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ।ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਤਹਿਸੀਲ ਜੈਤੋ ਦੇ ਮੁਲਾਜ਼ਮ ਤੇ ਪੈਨਸ਼ਨਰ 27 ਅਗਸਤ ਨੂੰ ਸਵੇਰੇ ਠੀਕ 9-30 ਵਜੇ ਤਹਿਸੀਲ ਪ੍ਰਬੰਧਕੀ ਕੰਪਲੈਕਸ ਜੈਤੋਂ ਸਾਹਮਣੇ ਭਗਵੰਤ ਮਾਨ ਸਰਕਾਰ ਦੇ ਖਿਲਾਫ ਰੋਸ ਧਰਨਾ ਦੇਣਗੇ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਣਗੇ।

ਗੁਰਮੀਤ ਸਿੰਘ ਜੈਤੋ, ਬਿਜਲੀ ਬੋਰਡ ਦੇ ਆਗੂ ਚੰਦਰ ਸ਼ੇਖਰ, ਗੁਰਮੀਤ ਸਿੰਘ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਕਰਨਵੀਰ ਸਿੰਘ ਝੱਖੜਵਾਲਾ, ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਆਗੂ ਗੁਰਜੀਤ ਸਿੰਘ ਤੇ ਰਵੀ ਕੁਮਾਰ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ ਦੇ ਆਗੂ

## ਬੈਡਮਿੰਟਨ 'ਚ ਮੈਡਲ ਜੇਤੂ ਖਿਡਾਰੀਆਂ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਥਾਨਕ ਪੁਲਸ ਲਾਈਨਜ਼ ਸੰਗਰੂਰ ਵਿਖੇ ਕਰਾਈਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਦੌਰਾਨ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਦੇ ਵਿਦਿਆਰਥੀਆਂ ਨੇ ਬੈਡਮਿੰਟਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਸਕੂਲ ਤੇ ਇਲਾਕੇ ਦਾ ਨਾਂ ਰੋਸ਼ਨ ਕੀਤਾ ਹੈ।ਖੇਡਾਂ ਦੇ ਅੰਡਰ-14 ਲੜਕੀਆਂ ਦੇ ਬੈਡਮਿੰਟਨ ਮੁਕਾਬਲਿਆਂ ਵਿੱਚ ਸਕੂਲ ਦੀ ਹੋਣਹਾਰ ਵਿਦਿਆਰਥਣ ਮਨਸੀਰਤ ਕੌਰ ਪੁੱਤਰੀ ਰੁਪਿੰਦਰ ਸਿੰਘ ਤੇ ਚਾਰੁਲ ਪੁੱਤਰੀ ਅਮਰਜੀਤ ਨੇ ਆਪਣੀ ਖੇਡ ਦਾ ਬਿਹਤਰੀਨ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਮਗਾ (ਸਿਲਵਰ ਮੈਡਲ) ਪ੍ਰਾਪਤ ਕੀਤਾ, ਜਦਕਿ ਦੂਜੇ ਪਾਸੇ ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਆਪਣਾ ਦਬਦਬਾ ਕਾਇਮ ਰੱਖਦਿਆਂ ਉਪਰਾਜ ਜੁਝਾਰ ਸਿੰਘ ਪੁੱਤਰ ਰੁਪਿੰਦਰ ਸਿੰਘ ਤੇ ਸਮਰਾਟਦੀਪ ਸਿੰਘ ਪੁੱਤਰ ਗਗਨਦੀਪ ਸਿੰਘ ਨੇ ਸੋਨੇ ਦਾ ਤਮਗਾ ਜਿੱਤਿਆ।ਇਸ ਬਿਹਤਰੀਨ ਜਿੱਤ ਦੀ ਬਦੌਲਤ ਇਨ੍ਹਾਂ ਚਾਰੇ ਖਿਡਾਰੀਆਂ ਨੇ ਰਾਜ ਪੱਧਰੀ ਖੇਡ ਮੁਕਾਬਲਿਆਂ ਲਈ ਆਪਣੀ ਥਾਂ ਪੱਕੀ ਕਰ ਲਈ ਹੈ।ਇਨ੍ਹਾਂ ਜੇਤੂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਮੁੱਖ ਮੰਤਰੀ ਫੀਲਡ ਅਫ਼ਸਰ ਅਰਵਿੰਦ ਕੁਮਾਰ (ਪੀ.ਸੀ.ਐੱਸ.) ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਡਾ. ਅਨਵਰ ਭਸੌੜ ਨੇ ਉਚੇਚੇ ਤੌਰ 'ਤੇ ਇਨ੍ਹਾ ਖਿਡਾਰੀਆਂ ਨੂੰ ਸਨਮਾਨਤ ਕਰਦਿਆਂ ਮੁਬਾਰਕਬਾਦ ਦਿੱਤੀ ਤੇ ਭਵਿੱਖ 'ਚ ਸਟੇਟ ਤੇ ਨੈਸ਼ਨਲ ਪੱਧਰ 'ਤੇ ਹੋਰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

## ਭਾਸ਼ਾ ਵਿਭਾਗ ਵੱਲੋਂ ਪ੍ਰੋ. ਅਜਮੇਰ ਔਲਖ ਦੇ ਜਨਮ ਦਿਨ 'ਤੇ ਨਾਟ ਮੰਚਨ ਤੇ ਵਿਸ਼ੇਸ਼ ਭਾਸ਼ਣ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਸ਼ਾ ਵਿਭਾਗ ਦੀ ਰਹਿਨੁਮਾਈ ਅਤੇ ਡਿਪਟੀ ਕਮਿਸ਼ਨਰ ਨਵਜੋਤ ਕੌਰ, ਆਈ.ਏ.ਐਸ ਦੀ ਨਿਗਰਾਨੀ ਹੇਠ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਐਸ.ਡੀ. ਕੰਨਿਆ ਮਹਾਂਵਿਦਿਆਲਾ ਦੇ ਸਹਿਯੋਗ ਨਾਲ ਪ੍ਰੋ. ਔਲਖ ਦੇ ਜਨਮ ਦਿਨ 'ਤੇ ਨਟ-ਮੰਚਣ ਤੇ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਪ੍ਰਧਾਨਗੀ ਅਦਾਕਾਰ ਮਨਜੀਤ ਕੌਰ ਔਲਖ ਤੇ ਇੰਜ. ਵਿਨੋਦ ਜਿੰਦਲ ਵੱਲੋਂ ਕੀਤੀ ਗਈ।ਸਵਾਗਤ ਕਰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਕਿਹਾ ਕਿ ਮਾਨਸਾ ਲੇਖਕਾਂ, ਅਦਾਕਾਰਾਂ ਤੇ ਸੰਘਰਸ਼ੀ ਯੋਧਿਆਂ ਦੀ ਧਰਤੀ ਹੈ।ਮਾਨਸਾ ਦਾ ਨਾਂਅ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਕਰਕੇ ਪੂਰੀ ਦੁਨੀਆ 'ਚ ਜਾਣਿਆ ਜਾਂਦਾ ਹੈ।ਤੇਜਿੰਦਰ ਕੌਰ ਨੇ ਹਾਜ਼ਰੀਨ ਨੂੰ ਵਿਭਾਗ ਦੀਆਂ ਗਤੀਵਿਧੀਆਂ ਤੇ ਸਕੀਮਾਂ ਤੋਂ ਵੀ ਜਾਣੂ ਕਰਾਇਆ। ਵਿਭਾਗ ਦੇ ਖੋਜ ਅਫ਼ਸਰ ਤੇ ਕਵੀ ਗੁਰਪ੍ਰੀਤ ਨੇ ਪ੍ਰੋ. ਔਲਖ ਦੇ ਜੀਵਨ ਅਤੇ ਨਾਟ-ਕਲਾ ਬਾਰੇ ਵਿਸਥਾਰ 'ਚ ਦੱਸਿਆ ਕਿ ਪ੍ਰੋ. ਔਲਖ ਪੰਜਾਬੀ ਦੇ ਅਜਿਹੇ ਨਾਟਕਕਾਰ ਹੋਏ ਹਨ, ਜਿਨ੍ਹਾਂ ਨੂੰ ਇੱਕੋ ਵੇਲੇ ਆਮ ਦਰਸ਼ਕਾਂ ਤੇ ਬੁੱਧੀਜੀਵੀ ਵਰਗ ਨੇ ਸਵੀਕਾਰਿਆ।

ਅਜਮੇਰ ਸਿੰਘ ਔਲਖ ਦੀ ਸ਼ਖਸੀਅਤ ਦੀ ਇਹ ਖਾਸੀਅਤ ਸੀ, ਕਿ ਉਹ ਵਿਸ਼ੇਸ਼ ਹੁੰਦੇ ਹੋਏ ਵੀ ਸਾਧਾਰਨ ਸਨ। ਪ੍ਰੋ. ਔਲਖ ਨੇ ਆਪਣੇ ਨਾਟਕਾਂ 'ਚ ਗ਼ਰੀਬ ਕਿਸਾਨਾਂ, ਖੇਤ-ਮਜ਼ਦੂਰਾਂ, ਔਰਤਾਂ, ਮਜ਼ਲੂਮਾਂ ਤੇ ਹਾਸ਼ੀਏ 'ਤੇ ਧੱਕੀਆਂ ਅਖੌਤੀ ਨੀਵੀਆਂ ਜਾਤਾਂ ਦੇ ਸੰਤਾਪ ਨੂੰ ਚਿਤਰਿਆ ਹੈ।ਉਨ੍ਹਾਂ ਦੇ ਦੁੱਖ ਤਕਲੀਫ਼ਾਂ, ਅਧੂਰੀਆਂ ਖਾਹਿਸ਼ਾਂ-ਉਮੰਗਾਂ ਨੂੰ ਪ੍ਰਦਰਸ਼ਤ ਕੀਤਾ ਹੈ।ਗੁਰਪ੍ਰੀਤ ਨੇ ਅੱਗੇ ਦੱਸਿਆ ਕਿ ਔਲਖ ਦੇ ਰੰਗਮੰਚ ਦੀ ਇਹ ਖੂਬੀ ਹੈ ਕਿ ਉਹ ਮਹਿੰਗੀ ਮੰਚ ਸੱਜਾ ਦਾ ਮੁਥਾਜ ਨਹੀਂ, ਸਗੋਂ ਪਿੰਡਾਂ ਦੀਆਂ ਸੱਥਾਂ ਵਿਚ ਥੜ੍ਹਿਆਂ 'ਤੇ ਆਮ ਲੋਕਾਂ ਦੇ ਪਹਿਰਾਵੇ 'ਚ ਮੰਚਿਤ ਹੁੰਦਾ ਹੈ।ਦਰਸ਼ਕ ਤੇ ਕਲਾਕਾਰ ਇਕਮਿਕ ਹੋ ਜਾਂਦੇ ਹਨ।

ਡਾ. ਅਜਮੀਤ ਕੌਰ ਦੀ ਨਿਰਦੇਸ਼ਨਾ ਹੇਠ ਪ੍ਰੋ. ਔਲਖ ਰਚਿਤ ਨਾਟਕ 'ਤੂੰ ਚਰਖਾ ਘੁਕਦਾ ਰੱਖ ਜਿੰਦੇ' ਦਾ ਮੰਚਣ ਕੀਤਾ ਗਿਆ ਜਿਸ 'ਚ ਜਗਤਾਰ ਔਲਖ, ਹਰਪਾਲ ਸਿੰਘ, ਬਿੱਟੂ ਮਾਨਸਾ, ਕੁਲਦੀਪ ਮੰਦਰਾਂ, ਹਰਪ੍ਰੀਤ ਪੁਰਬਾ ਤੇ ਅਜਮੀਤ ਕੌਰ ਨੇ ਅਦਾਕਾਰੀ ਬਾਖੂਬੀ ਨਿਭਾਈ। ਨਾਟਕ ਵੇਖਦਿਆਂ ਵਿਦਿਆਰਥੀਆਂ, ਅਧਿਆਪਕਾਂ ਤੇ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ।ਪਰਵਾਰ ਵੱਲੋਂ ਡਾ. ਸੁਪਨਦੀਪ ਕੌਰ ਨੇ ਪ੍ਰੋਫੈਸਰ ਸਾਹਿਬ ਬਾਰੇ ਯਾਦਾਂ ਸਾਂਝੀਆਂ ਕੀਤੀਆਂ।ਕਾਲਜ ਪ੍ਰਿੰਸੀਪਲ ਡਾ. ਗਰਿਮਾ ਮਹਾਜਨ ਨੇ ਸਭ ਦਾ ਧੰਨਵਾਦ ਕੀਤਾ ਤੇ ਡਾ. ਬਲਜੀਤ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

## ਜੂਆ ਖੇਡਦੇ ਪੰਜ ਵਿਅਕਤੀ ਸਾਢੇ ਪੰਜ ਲੱਖ ਦੀ ਨਕਦੀ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਪੰਜ ਵਿਅਕਤੀਆਂ ਨੂੰ ਰੰਗੇ ਹੱਥੀਂ ਜੂਆ ਖੇਡਦੇ ਹੋਏ ਗ੍ਰਿਫ਼ਤਾਰ ਕੀਤਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਮੰਡੀ ਗੋਬਿੰਦਗੜ੍ਹ ਦੇ ਅਗਰਸੇਨ ਪਾਰਕ ਵਿੱਚ ਬੈਠੇ ਕੁਝ ਵਿਅਕਤੀ ਤਾਸ਼ 'ਤੇ ਪੈਸੇ ਲਗਾ ਕੇ ਜੂਆ ਖੇਡ ਰਹੇ ਹਨ, ਜਿਸ 'ਤੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਅਗਰਸੈਨ ਪਾਰਕ 'ਚ ਛਾਪੇਮਾਰੀ ਕਰਦੇ ਹੋਏ ਤਾਸ਼ ਨਾਲ ਜੂਆ ਖੇਡ ਰਹੇ ਪੰਜ ਵਿਅਕਤੀਆਂ ਨੂੰ ਕਾਬੂ ਕੀਤਾ, ਜਿਨ੍ਹਾਂ ਕੋਲੋਂ ਤਾਸ਼ ਦੇ ਪੱਤੇ ਤੇ 5 ਲੱਖ 50 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਦੇ ਨੋਟ ਬਰਾਮਦ ਹੋਏ।


ਇਸ ਸਬੰਧੀ ਦਰਜ ਕੀਤੇ ਮੁਕੱਦਮੇ ਵਿੱਚ ਸੋਹਣ ਲਾਲ ਸ਼ਰਮਾ, ਅਮਨਦੀਪ ਗੌਤਮ, ਮਨੀਸ਼ ਗਰਗ, ਵਿਕਰਮ ਸ਼ਰਮਾ ਤੇ ਸੋਨੂੰ ਸ਼ਰਮਾ ਨੂੰ ਗ੍ਰਿਫ਼ਤਾਰ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਡੱਲੇਵਾਲ ਬੀ ਕੇ ਯੂ ਏਕਤਾ ਡਕੌਂਦਾ ਇਕਾਈ ਦੀ ਚੋਣ



**ਭਵਾਨੀਗੜ੍ਹ (ਰਾਜ ਖੁਰਮੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਿੰਡ ਡੱਲੇਵਾਲ ਵਿਖੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਦੀ ਹਾਜ਼ਰੀ ਵਿੱਚ ਇਕਾਈ ਦੀ ਚੋਣ ਕਰਵਾਈ ਗਈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਅਤੇ ਬਲਾਕ ਪ੍ਰਧਾਨ ਚਮਕੌਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਪਿੰਡ ਵਾਸੀਆਂ ਅਤੇ ਕਿਸਾਨ ਆਗੂਆਂ ਦੀ ਸਰਬਸੰਮਤੀ ਨਾਲ ਹੋਈ ਚੋਣ ਦੌਰਾਨ ਗੁਰਸੇਵਕ ਸਿੰਘ ਨੂੰ ਇਕਾਈ ਦਾ ਪ੍ਰਧਾਨ, ਕੇਵਲ ਸਿੰਘ ਨੂੰ ਮੀਤ ਪ੍ਰਧਾਨ ਅਤੇ ਗੁਰਜੀਤ ਸਿੰਘ ਨੂੰ ਕੈਸ਼ੀਅਰ ਚੁਣਿਆ ਗਿਆ। ਨਵ-ਨਿਯੁਕਤ ਅਹੁਦੇਦਾਰਾਂ ਨੇ ਜਥੇਬੰਦੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਅਤੇ ਕਿਸਾਨਾਂ ਦੀਆਂ ਮੰਗਾਂ ਤੇ ਹੱਕਾਂ ਲਈ ਡਟ ਕੇ ਆਵਾਜ਼ ਬੁਲੰਦ ਕਰਨ ਦਾ ਭਰੋਸਾ ਦਿੱਤਾ।

## ਬਾਬਾ ਫ਼ਰੀਦ ਸਕੂਲ ਦੇ ਵਿਦਿਆਰਥੀਆਂ ਨੇ ਅਡਵੈਂਚਰ ਸਪੋਰਟਸ ਕੈਂਪ 'ਚ ਲਿਆ ਭਾਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੇ ਵਿਦਿਆਰਥੀਆਂ ਨੇ ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਵੱਲੋਂ ਤਾਰਾ ਦੇਵੀ, ਸ਼ਿਮਲਾ ਵਿਖੇ ਲਾਏ ਗਏ ਹੈਕਿੰਗ, ਟ੍ਰੈਕਿੰਗ ਤੇ ਐਡਵੈਂਚਰ ਸਪੋਰਟਸ ਕੈਂਪ ਵਿੱਚ ਉਤਸ਼ਾਹ ਨਾਲ ਭਾਗ ਲਿਆ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਪਰਮਜੀਤ ਕੌਰ ਨੇ ਦੱਸਿਆ ਕਿ ਸਕੂਲ ਦੇ ਕੁੱਲ 130 ਵਿਦਿਆਰਥੀ ਲੜਕੀਆਂ ਤੇ ਲੜਕਿਆਂ ਅਤੇ 8 ਸਟਾਫ਼ ਮੈਂਬਰਾਂ ਨੇ ਇਸ ਕੈਂਪ ਵਿੱਚ ਸ਼ਮੂਲੀਅਤ ਕੀਤੀ।ਉਨ੍ਹਾਂ ਦੱਸਿਆ ਕਿ ਕੈਂਪ ਦੀ ਅਗਵਾਈ ਜਤਿੰਦਰ ਕੁਮਾਰ ਤੇ ਦਿਪਾਸ਼ੂ ਨੇ ਕੀਤੀ, ਜਦਕਿ ਸਟੇਟ ਆਰਗਨਾਈਜ਼ਰ ਕਮਿਸ਼ਨਰ ਓਂਕਾਰ ਸਿੰਘ ਦੀ ਦੇਖ-ਰੇਖ ਹੇਠ ਕੈਂਪ ਸਫ਼ਲਤਾਪੂਰਵਕ ਕਰਵਾਇਆ ਗਿਆ।ਕੈਂਪ ਦੌਰਾਨ ਵਿਦਿਆਰਥੀਆਂ ਨੂੰ ਹੈਕਿੰਗ, ਟ੍ਰੈਕਿੰਗ ਤੇ ਵੱਖ-ਵੱਖ ਐਡਵੈਂਚਰ ਗਤੀਵਿਧੀਆਂ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਸ਼ਿਮਲਾ ਤੇ ਛੱਤਬੀੜ ਚਿੜੀਆਘਰ ਦਾ ਵੀ ਦੌਰਾ ਕੀਤਾ ਤੇ ਕੁਦਰਤੀ ਵਾਤਾਵਰਨ ਨੂੰ ਨੇੜਿਓਂ ਦੇਖਿਆ।ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ।

## ਜੀ ਟੀ ਯੂ ਵਿਗਿਆਨਕ ਦੇ ਸਾਥੀ 27 ਨੂੰ ਸਮੂਹਿਕ ਛੁੱਟੀ ਲੈਣਗੇ : ਜੰਬਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਹਿਮ ਮੀਟਿੰਗ ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ ਨੇ ਕਿਹਾ ਕਿ ਅਧਿਆਪਕ ਸਾਥੀ 27 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਮੁਲਾਜ਼ਮ ਤੇ ਪੈਨਸ਼ਨਰ ਮੋਰਚਾ ਦੇ ਹੱਥ ਮਜ਼ਬੂਤ ਕਰਨਗੇ।7 ਅਗਸਤ ਦੀ ਚੰਡੀਗੜ੍ਹ ਰੈਲੀ ਦੀ ਸਫਲਤਾ ਤੋਂ ਘਬਰਾ ਕੇ ਸਰਕਾਰ ਨੇ ਮੋਰਚੇ ਦੇ ਆਗੂਆ ਨੂੰ 27 ਅਗਸਤ ਨੂੰ ਮੁੱਖ ਮੰਤਰੀ ਨਾਲ ਮੀਟਿੰਗ 'ਤੇ ਸੱਦਿਆ ਹੈ, ਜੇਕਰ ਸਰਕਾਰ ਨੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਾ ਕੀਤੀਆਂ ਤਾਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਗੁਰਪ੍ਰੀਤ ਸਿੰਘ ਸੰਧੂ, ਜਸਵਿੰਦਰ ਸਿੰਘ ਭੋਲਾ ਸਿੰਘ, ਸੁਮੇਸ਼ ਕੁਮਾਰ, ਅਜੀਤਪਾਲ ਸਿੰਘ, ਨਵਦੀਪ ਅਹੂਜਾ, ਨੇਪਾਲ ਸਿੰਘ, ਸੁਖਜਿੰਦਰ ਸਿੰਘ, ਮੋਹਨ ਲਾਲ, ਸੁਖਵੰਤ ਸਿੰਘ, ਸੁਨੀਲ ਕੁਮਾਰ ਨਾਰੰਗ, ਭੁਪਿੰਦਰ ਸਿੰਘ, ਗਗਨਦੀਪ ਸਿੰਘ ਬਰਾੜ, ਸਾਹਿਬ ਸਿੰਘ, ਗੁਰਮੀਤ ਸਿੰਘ, ਕੰਵਰਜੀਤ ਸਿੰਘ ਤੇ ਪਵਿੱਤਰ ਸਿੰਘ ਆਦਿ ਮੀਟਿੰਗ ਵਿੱਚ ਹਾਜ਼ਰ ਸਨ।

# ਵਿਸ਼ਵ ਸੀਨੀਅਰ ਸਿਟੀਜ਼ਨ ਦਿਹਾੜੇ ਨੂੰ ਸਮਰਪਤ ਸੱਭਿਆਚਾਰਕ ਤੇ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**

ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਅਧਿਆਕਰੀਆਂ ਤੇ ਕਰਮਚਾਰੀਆਂ, ਸਮਾਜ ਸੇਵੀਆਂ ਦੀ ਸੰਸਥਾ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਵ ਸੀਨੀਅਰ ਸਿਟੀਜਨ ਦਿਹਾੜਾ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਬੜੇ ਉਤਸ਼ਾਹ ਤੇ ਸਤਿਕਾਰ ਨਾਲ ਮਨਾਇਆ ਗਿਆ।ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਵਾਈਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਓਮ ਪ੍ਰਕਾਸ਼ ਖਿੱਪਲ, ਕਰਨੈਲ ਸਿੰਘ ਸੇਖੋਂ, ਡਾ. ਮਨਮੋਹਨ ਸਿੰਘ, ਕਿਸ਼ੋਰੀ ਲਾਲ, ਸਕੱਤਰ ਜਨਰਲ ਤਿਲਕ ਰਾਜ ਸਤੀਜਾ, ਮੀਤ ਪ੍ਰਧਾਨ ਰਜਿੰਦਰ ਗੋਇਲ, ਰਜਿੰਦਰ ਸਿੰਘ ਚੰਗਾਲ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਆਰਗੇਨਾਈਜ਼ਰ ਸਕੱਤਰ ਰਾਜ ਕੁਮਾਰ ਬਾਂਸਲ, ਨੈਸ਼ਨਲ ਐਵਾਰਡੀ ਮਾਸਟਰ ਸਤਦੇਵ ਸ਼ਰਮਾ, ਬਲਦੇਵ ਰਾਜ ਮਦਾਨ ਤੇ ਵਿਸ਼ੇਸ਼ ਤੌਰ 'ਤੇ ਉੱਘੇ ਸਮਾਜ ਸੇਵੀ, ਉੱਘੇ ਖਿਡਾਰੀ, ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਮੰਗਵਾਲ, ਜਨਰਲ ਸਕੱਤਰ ਅਵਿਨਾਸ਼ ਸ਼ਰਮਾ ਤੇ ਸੁਰਿੰਦਰਪਾਲ ਗਰਗ ਵੱਲੋਂ ਸ਼ਿਰਕਤ ਕੀਤੀ ਗਈ।ਜਨਰਲ ਸਕੱਤਰ ਕੰਵਲਜੀਤ ਸਿੰਘ ਤੇ ਰਜਿੰਦਰ ਸਿੰਘ ਚੰਗਾਲ ਅਤੇ ਮਹੇਸ਼ ਜੌਹਰ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਅੱਜ ਵਿਸ਼ਵ ਸੀਨੀਅਰ ਸਿਟੀਜਨ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ ਤੇ ਬਜ਼ੁਰਗਾਂ ਨੂੰ ਸਤਿਕਾਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਬਜ਼ੁਰਗਾਂ ਨੂੰ ਮਾਨ ਸਤਿਕਾਰ ਦੇਣਾ ਸਾਡਾ ਸਾਰੀਆਂ ਦਾ ਫਰਜ਼ ਬਣਦਾ ਹੈ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ ਗੁਰਦੀਪ ਸਿੰਘ ਮੰਗਵਾਲ, ਅਵਿਨਾਸ਼ ਸ਼ਰਮਾ ਨੇ ਕਿਹਾ ਕਿ ਬਜ਼ੁਰਗ ਸਾਡੀ ਹੋਂਦ ਹੁੰਦੇ ਹਨ।ਬਜ਼ੁਰਗਾਂ ਤੋਂ ਬਿਨਾਂ ਅਸੀਂ ਕੁੱਝ ਵੀ ਕਰਨ ਦੇ ਯੋਗ ਨਹੀਂ। ਚੇਅਰਮੈਨ ਸ੍ਰੀ ਰਵਿੰਦਰ ਸਿੰਘ ਗੁੱਡੂ ਨੇ ਕਿਹਾ ਕਿ ਬਜ਼ੁਰਗਾਂ ਦੇ ਆਨ-ਸ਼ਾਨ ਤੇ ਸਤਿਕਾਰ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਣੀ ਚਾਹੀਦੀ, ਕਿਉਂਕਿ ਬਜ਼ੁਰਗ ਸਮਾਜ ਦਾ ਸਰਮਾਇਆ ਹਨ।ਨੈਸ਼ਨਲ ਐਵਾਰਡੀ ਸੱਤਦੇਵ ਸ਼ਰਮਾ, ਲਾਲ ਚੰਦ ਸੈਣੀ, ਗੋਬਿੰਦਰ ਸ਼ਰਮਾ, ਡਾ. ਮਨਮੋਹਨ ਸਿੰਘ, ਕਰਨੈਲ ਸਿੰਘ ਸੇਖੋਂ, ਕਿਸ਼ੋਰੀ ਲਾਲ, ਤਿਲਕ ਰਾਜ ਸਤੀਜਾ, ਜਤਿੰਦਰ ਗੁੱਪਤਾ, ਰਜਿੰਦਰ ਸਿੰਘ ਚੰਗਾਲ, ਮਹੇਸ਼ ਜੌਹਰ, ਬਲਦੇਵ ਰਾਜ ਮਦਾਨ ਆਦਿ ਨੇ ਵੀ ਸੰਬੋਧਨ ਕੀਤਾ।ਇਸ ਮੌਕੇ 80 ਸਾਲਾ ਤੇ ਹੋਰਨਾਂ ਸਮਾਜ ਸੇਵੀ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਤੇ ਸ਼ਾਲ ਨਾਲ ਸਨਮਾਨਤ ਵੀ ਕੀਤਾ ਗਿਆ ਅਤੇ ਸੱਭਿਆਚਾਰਕ ਸਮਾਮਗ ਦਾ ਵੀ ਆਯੋਜਨ ਕਰਕੇ ਬਜ਼ੁਰਗਾਂ ਦਾ ਮੰਨੋਰੰਜਨ ਕੀਤਾ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਕੈਂਬਰਿਜ ਕਾਨਵੈਂਟ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਵਿੱਚ ਪੰਜਾਬੀ ਸੱਭਿਆਚਾਰ ਤੇ ਵਿਰਸੇ ਨੂੰ ਉਤਸ਼ਾਹਤ ਕਰਨ ਲਈ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਮੌਕੇ ਕਾਜਲ ਮਾਲੜਾ ਤੇ ਮਹਿਕ ਮਾਲੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਸਮਾਗਮ ਦੀ ਰੌਣਕ ਵਧਾਇਆ।ਸਮਾਗਮ ਦੌਰਾਨ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਵੱਖ-ਵੱਖ ਰੰਗਾਰੰਗ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਵਿਦਿਆਰਥਣਾਂ ਨੇ ਗਿੱਧਾ, ਬੋਲੀਆਂ, ਲੋਕ-ਗੀਤਾਂ ਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਵੱਖ-ਵੱਖ ਗਤੀਵਿਧੀਆਂ ਤੇ ਪੇਸ਼ਕਾਰੀਆਂ ਵਿੱਚ ਭਾਗ ਲਿਆ।ਇਸ ਮੌਕੇ 'ਮਿਸ ਤੀਜ' ਮੁਕਾਬਲਾ ਵੀ ਕਰਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਮੁਕਾਬਲੇ ਵਿੱਚ ਨੌਵੀਂ ਜਮਾਤ ਦੀ ਵਿਦਿਆਰਥਣ ਯਾਦਵੀ ਨੂੰ 'ਮਿਸ ਤੀਜ' ਚੁਣਿਆ ਗਿਆ।ਉਸ ਦੀ ਚੋਣ 'ਤੇ ਸਾਰਿਆਂ ਨੇ ਖ਼ੁਸ਼ੀ ਪ੍ਰਗਟ ਕੀਤੀ ਅਤੇ ਉਸ ਨੂੰ ਵਧਾਈ ਦਿੱਤੀ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਪੰਜਾਬੀ ਪਹਿਰਾਵੇ ਪਹਿਨ ਕੇ ਤੀਆਂ ਦੇ ਰਵਾਇਤੀ ਰੰਗ ਨੂੰ ਹੋਰ ਵੀ ਖ਼ੂਬਸੂਰਤ ਬਣਾਇਆ।ਵਿਦਿਆਰਥੀਆਂ ਨੇ ਝੂਲਿਆਂ ਅਤੇ ਹੋਰ ਮਨੋਰੰਜਕ ਗਤੀਵਿਧੀਆਂ ਦਾ ਵੀ ਖ਼ੂਬ ਆਨੰਦ ਮਾਣਿਆ।ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਨੇ ਵੀ ਇਸ ਰੰਗਾਰੰਗ ਸਮਾਗਮ ਦਾ ਬਹੁਤ ਆਨੰਦ ਮਾਣਿਆ।

# ਬਜ਼ੁਰਗਾਂ ਲਈ ਲਾਹੇਵੰਦ ਸਾਬਤ ਹੋ ਰਹੀ ਮੁੱਖ ਮੰਤਰੀ ਤੀਰਥ ਯਾਤਰਾ : ਸੁਖਵੀਰ ਸਿੰਘ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਬਜ਼ੁਰਗਾਂ ਦੀ ਸੇਵਾ ਅਤੇ ਸੂਬੇ ਦੀ ਤਰੱਕੀ ਹੀ ਸਾਡੀ ਮੁੱਖ ਤਰਜ਼ੀਹ ਹੈ।'ਤੀਰਥ ਯਾਤਰਾ ਯੋਜਨਾ' ਰਾਹੀਂ ਸਾਡੇ ਬਜ਼ੁਰਗ ਪੂਰੇ ਮਾਣ-ਸਤਿਕਾਰ ਨਾਲ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ।ਸੁਖਾਲੀ ਯਾਤਰਾ, ਰਿਹਾਇਸ਼ ਤੇ ਖਾਣ-ਪੀਣ ਦੇ ਬਿਹਤਰੀਨ ਪ੍ਰਬੰਧਾਂ ਨਾਲ ਅਸੀਂ ਦਿਲੋਂ ਆਪਣਾ ਫ਼ਰਜ਼ ਨਿਭਾਅ ਰਹੇ ਹਾਂ ਤੇ ਇਹ ਸਕੀਮ ਪੰਜਾਬ ਦੇ ਬਜ਼ੁਰਗਾਂ ਲਈ ਲਾਹੇਬੰਦ ਸਾਬਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦਾ ਵਿਸਥਾਰ ਕੀਤਾ ਗਿਆ ਹੈ।ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਾਏ ਜਾ ਰਹੇ ਹਨ ਤਾਂ ਜੁ ਉਹ ਬਿਨਾਂ ਕਿਸੇ ਵਿੱਤੀ ਬੋਝ ਦੇ ਆਪਣੀ ਤੀਰਥ ਯਾਤਰਾ ਦੀ ਇੱਛਾ ਪੂਰੀ ਕਰ ਸਕਣ।ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ 50 ਸਾਲ ਤੇ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯਾਤਰਾ ਕਰ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਸ਼ਰਧਾਲੂਆਂ ਲਈ ਏ.ਸੀ. ਸਲੀਪਰ ਬੱਸ ਯਾਤਰਾ ਦੇ ਨਾਲ-ਨਾਲ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਮੁਫ਼ਤ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਤੇ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਯੋਜਨਾ ਦੇ ਪਹਿਲੇ ਪੜਾਅ ਤਹਿਤ ਹੁਣ ਤੱਕ ਕਰੀਬ 4 ਲੱਖ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ-ਨੈਣਾ ਦੇਵੀ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ।ਇਸ ਯਾਤਰਾ 'ਤੇ ਹੁਣ ਤੱਕ 148 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਕੁੱਲ 10 ਲੱਖ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨ ਕਰਾਉਣ ਦਾ ਟੀਚਾ ਮਿੱਥਿਆ ਗਿਆ ਹੈ।ਉਨ੍ਹਾਂ ਕਿਹਾ ਕਿ ਯੋਜਨਾ ਦਾ ਵਿਸਥਾਰ ਕਰਦਿਆਂ ਹੁਣ ਸ੍ਰੀ ਖਾਟੂ ਸ਼ਿਆਮ-ਸਾਲਾਸਰ ਬਾਲਾਜੀ, ਹਰਿਦੁਆਰ-ਰਿਸ਼ੀਕੇਸ਼ ਅਤੇ ਮਥੁਰਾ-ਵ੍ਰਿੰਦਾਵਨ ਧਾਮ ਵਰਗੇ ਪਵਿੱਤਰ ਅਸਥਾਨਾਂ ਨੂੰ ਵੀ ਤੀਰਥ ਯਾਤਰਾ ਨਾਲ ਜੋੜਿਆ ਗਿਆ ਹੈ।

## ਚਿੱਟੇ ਦੇ ਨਸ਼ੇ ਨੇ ਪੰਜਾਬ ਦੇ ਨੌਜਵਾਨਾਂ ਨੂੰ ਤਬਾਹੀ ਵੱਲ ਧੱਕਿਆ : ਭਾਨ ਸਿੰਘ ਜੱਸੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਬੱਤ ਦਾ ਭਲਾ ਮਿਸ਼ਨ ਦੇ ਸੂਬਾ ਸਰਪ੍ਰਸਤ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਪੰਜਾਬ ਵਿੱਚ ਨਿੱਤ ਦਿਨ ਵਧ ਰਹੇ ਚਿੱਟੇ ਦੇ ਨਸ਼ਿਆਂ ਕਾਰਨ ਨੌਜਵਾਨਾਂ 'ਤੇ ਪੈ ਰਹੇ ਮਾਰੂ ਪ੍ਰਭਾਵਾਂ ਕਾਰਨ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।ਉਨ੍ਹਾਂ ਕਿਹਾ ਕਿ ਜੇਕਰ ਇੰਜ ਹੀ ਚੱਲਦਾ ਰਿਹਾ ਤਾਂ ਚਿੱਟਾ ਨਸ਼ਾ ਵੇਚਣ ਵਾਲੇ ਨਸ਼ਾ ਤਸਕਰਾਂ ਨੇ ਆਪਣੇ ਪੈਸੇ ਬਣਾਉਣ ਦੇ ਲਾਲਚ ਵਿੱਚ ਪੰਜਾਬ ਦੀ ਨੌਜਵਾਨੀ ਨੂੰ ਬਿਲਕੁਲ ਖਤਮ ਕਰ ਦੇਣਾ ਹੈ।ਲਗਭਗ 35 ਵਰ੍ਹਿਆਂ ਤੋਂ ਲੋੜਵੰਦਾਂ ਦੀ ਮਦਦ ਤੇ ਗਰੀਬ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇਣ ਦੀ ਸੇਵਾ ਵਿੱਚ ਜੁਟੇ ਸਮਾਜ ਸੇਵੀ ਭਾਨ ਸਿੰਘ ਜੱਸੀ (ਜੱਸੀ ਪੇਧਨੀ) ਨੇ ਦੁੱਖ ਜ਼ਾਹਰ ਕੀਤਾ ਹੈ ਕਿ ਵੱਡੀ ਗਿਣਤੀ ਰਾਜਨੀਤਿਕ ਲੋਕ ਆਪਣੀ ਕੁਰਸੀ ਦੀ ਭੁੱਖ ਖਾਤਰ ਲੋਕਾਂ ਦੀਆਂ ਵੋਟਾਂ ਲੈਣ ਤੱਕ ਹੀ ਸੀਮਤ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਵੋਟਾਂ ਬਟੋਰਨ ਵਾਲੇ ਇਹ ਰਾਜਨੀਤਿਕ ਟੋਲੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾ ਕੇ ਉਨ੍ਹਾਂ ਨੂੰ ਚਿੱਟੇ ਵਰਗੇ ਘਾਤਕ ਨਸ਼ਿਆਂ ਤੋਂ ਸੁਚੇਤ ਕਰਦੇ ਹੋਏ ਉਨ੍ਹਾਂ ਨੂੰ ਜ਼ਿੰਦਗੀ ਦੇ ਅਰਥਾਂ ਤੋਂ ਜਾਣੂ ਕਰਾਉਂਦੇ ਤਾਂ ਪੰਜਾਬ ਨੂੰ ਆਹ ਦਿਨ ਦੇਖਣੇ ਨਾ ਪੈਂਦੇ।ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਗੱਭਰੂਆਂ ਨੂੰ ਨਸ਼ਿਆਂ ਰਾਹੀਂ ਮੌਤ ਦੇ ਖੂਹ ਵਿੱਚ ਸੁੱਟਣ ਵਾਲੇ ਲੋਕਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

## ਅਤਲਾ ਖੁਰਦ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ



**ਭੀਖੀ (ਧਰਮਵੀਰ ਸ਼ਰਮਾ)**-ਡਾ. ਆਤਮਾ ਰਾਮ ਅੱਖਾਂ ਦਾ ਹਸਪਤਾਲ ਭੀਖੀ ਤੇ ਜਨਕ ਨਰਸਿੰਗ ਹੋਮ ਮਾਨਸਾ ਵੱਲੋਂ ਪਿੰਡ ਅਤਲਾ ਖੁਰਦ ਵਿਖੇ ਅੱਖਾਂ ਤੇ ਜਨਰਲ ਬਿਮਾਰੀਆਂ ਸਬੰਧੀ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪਹੁੰਚ ਕੇ ਆਪਣੀ ਸਿਹਤ ਦੀ ਜਾਂਚ ਕਰਵਾਈ। ਕੈਂਪ ਵਿੱਚ ਕੁੱਲ 125 ਮਰੀਜ਼ਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ। ਇਸ ਤੋਂ ਇਲਾਵਾ ਮਰੀਜ਼ਾਂ ਦੀ ਮੁਫਤ ਸ਼ੂਗਰ, ਬੀ.ਪੀ. ਦੀ ਜਾਂਚ ਕੀਤੀ ਗਈ ਤੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਦੌਰਾਨ ਅੱਖਾਂ ਦੇ ਮਾਹਰ ਡਾਕਟਰ ਅਨਿਲ ਗਰਗ ਤੇ ਜਨਰਲ ਬਿਮਾਰੀਆਂ ਦੇ ਮਾਹਰ ਡਾਕਟਰ ਜਨਕ ਰਾਜ ਸਿੰਗਲਾ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਉਨ੍ਹਾਂ ਮਰੀਜ਼ਾਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਅ, ਸਮੇਂ ਸਿਰ ਇਲਾਜ ਤੇ ਲੋੜੀਂਦੇ ਪ੍ਰਹੇਜ਼ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਅੱਖਾਂ ਦੇ ਮਾਹਰ ਡਾਕਟਰ ਅਨਿਲ ਗਰਗ ਨੇ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਨਿਯਮਤ ਜਾਂਚ ਕਰਵਾਉਣ, ਅੱਖਾਂ ਦੀ ਸਫ਼ਾਈ ਦਾ ਧਿਆਨ ਰੱਖਣ ਤੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਲਾਪ੍ਰਵਾਹੀ ਨਾ ਕਰਨ ਦੀ ਸਲਾਹ ਦਿੱਤੀ। ਡਾਕਟਰ ਜਨਕ ਰਾਜ ਸਿੰਗਲਾ ਨੇ ਆਮ ਬਿਮਾਰੀਆਂ ਤੋਂ ਬਚਣ ਲਈ ਸੰਤੁਲਿਤ ਖੁਰਾਕ, ਸਾਫ਼-ਸਫ਼ਾਈ, ਨਿਯਮਤ ਕਸਰਤ ਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਬਲਜੀਤ ਸਿੰਘ ਅਤਲਾ ਤੋਂ ਇਲਾਵਾ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਮੌਜੂਦ ਸੀ।

# ਕਿਸਾਨਾਂ ਦੀਆਂ ਮੋਟਰਾਂ 'ਤੇ ਚੋਰਾਂ ਦਾ ਧਾਵਾ

## ਸੱਤ ਕਿਸਾਨਾਂ ਦੀਆਂ ਮੋਟਰਾਂ ਤੋਂ ਸੈਂਕੜੇ ਫੁੱਟ ਕੇਬਲ ਵੱਢ ਕੇ ਲੈ ਗਏ ਚੋਰ, ਵਾਰ-ਵਾਰ ਹੋ ਰਹੀਆਂ ਚੋਰੀਆਂ ਕਾਰਨ ਕਿਸਾਨਾਂ 'ਚ ਸਹਿਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਸਬਾ ਮਹਿਲ ਕਲਾਂ ਤੇ ਪਿੰਡ ਗੰਗੋਹਰ ਵਿਚਕਾਰੋਂ ਲੰਘਦੇ ਕਲਿਆਣਾ ਰਜਵਾਹੇ ਦੀ ਪਟੜੀ ਨਾਲ ਲੱਗਦੇ ਖੇਤਾਂ ਵਿੱਚ ਚੋਰਾਂ ਵੱਲੋਂ ਕਿਸਾਨਾਂ ਦੀਆਂ ਮੋਟਰਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਤਾਜ਼ਾ ਮਾਮਲੇ ਵਿੱਚ ਚੋਰ ਸੱਤ ਕਿਸਾਨਾਂ ਦੀਆਂ ਮੋਟਰਾਂ ਤੋਂ ਕੀਮਤੀ ਕੇਬਲ ਤਾਰਾਂ ਵੱਢ ਕੇ ਲੈ ਗਏ, ਜਿਸ ਕਾਰਨ ਕਿਸਾਨਾਂ ਵਿੱਚ ਰੋਸ ਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।ਮਿਲੀ ਜਾਣਕਾਰੀ ਅਨੁਸਾਰ ਕਿਸਾਨ ਸਾਧੂ ਸਿੰਘ ਜੌਹਲ ਦੇ ਖੇਤ ਵਿੱਚ ਬਣੀ ਕੋਠੀ ਦੇ ਜਿੰਦਰੇ ਤੋੜ ਕੇ ਮੋਟਰ ਤੋਂ ਕਰੀਬ 60 ਫੁੱਟ ਕੇਬਲ ਤਾਰ ਚੋਰੀ ਕੀਤੀ ਗਈ।ਇਸੇ ਤਰ੍ਹਾਂ ਭੋਲਾ ਸਿੰਘ ਦੀਆਂ ਦੋ ਮੋਟਰਾਂ ਤੋਂ ਕਰੀਬ 100 ਫੁੱਟ, ਮਲਕੀਤ ਸਿੰਘ ਨਾਰੀਕੇ ਦੀ ਮੋਟਰ ਤੋਂ 40 ਫੁੱਟ, ਬੱਗਾ ਸਿੰਘ ਰਾਏਸ਼ਰੀਏ ਦੀ ਮੋਟਰ ਤੋਂ 40 ਫੁੱਟ ਤੇ ਜਗਦੀਪ ਸਿੰਘ ਮਹਿਲ ਕਲਾਂ ਦੀ ਮੋਟਰ ਤੋਂ ਕਰੀਬ 40 ਫੁੱਟ ਕੇਬਲ ਤਾਰ ਵੱਢ ਕੇ ਚੋਰੀ ਕਰ ਲਈ ਗਈ।ਕਿਸਾਨਾਂ ਅਨੁਸਾਰ ਕੁੱਲ ਮਿਲਾ ਕੇ ਕਰੀਬ 280 ਫੁੱਟ ਕੇਬਲ ਤਾਰ ਚੋਰੀ ਹੋਣ ਦੀ ਜਾਣਕਾਰੀ ਹੈ।ਕਿਸਾਨਾਂ ਨੇ ਦੱਸਿਆ ਕਿ ਚੋਰੀ ਦਾ ਪਤਾ ਸਵੇਰੇ ਉਸ ਸਮੇਂ ਲੱਗਾ, ਜਦੋਂ ਉਹ ਪਸ਼ੂਆਂ ਲਈ ਹਰਾ ਚਾਰਾ ਲੈਣ ਵਾਸਤੇ ਖੇਤਾਂ ਵਿੱਚ ਗਏ।ਖੇਤਾਂ ਵਿੱਚ ਬਣੀਆਂ ਕੋਠੀਆਂ ਤੇ ਮੋਟਰਾਂ ਕੋਲ ਪਹੁੰਚਣ 'ਤੇ ਤਾਰਾਂ ਵੱਢੀਆਂ ਹੋਈਆਂ ਦੇਖ ਕੇ ਉਨ੍ਹਾਂ ਨੂੰ ਚੋਰੀ ਦਾ ਪਤਾ ਲੱਗਿਆ।ਕਿਸਾਨਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਦੌਰਾਨ ਵੀ ਇਸ ਇਲਾਕੇ ਵਿੱਚ ਮੋਟਰਾਂ ਤੋਂ ਕੇਬਲ ਤਾਰਾਂ ਚੋਰੀ ਕਰਨ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ।ਵਾਰ-ਵਾਰ ਹੋ ਰਹੀਆਂ ਚੋਰੀਆਂ ਕਾਰਨ ਕਿਸਾਨਾਂ ਨੂੰ ਆਪਣੀਆਂ ਮੋਟਰਾਂ ਤੇ ਖੇਤੀਬਾੜੀ ਦੇ ਸਾਮਾਨ ਦੀ ਸੁਰੱਖਿਆ ਦੀ ਚਿੰਤਾ ਸਤਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਰਾਤ ਸਮੇਂ ਖੇਤਾਂ ਵਿੱਚ ਚੋਰਾਂ ਦੀਆਂ ਸਰਗਰਮੀਆਂ ਕਾਰਨ ਕਿਸਾਨਾਂ ਤੇ ਆਮ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ।ਕਿਸਾਨਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰੀ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਚੋਰ ਗਰੋਹ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਕਾਬੂ ਕੀਤਾ ਜਾਵੇ। ਥਾਣਾ ਮਹਿਲ ਕਲਾਂ ਦੇ ਮੁਖੀ ਕੁਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਭਾਰਤ ਨਗਰ 'ਚ ਹੋਈ ਚੋਰੀ ਨੂੰ ਪੁਲਸ ਨੇ ਕੀਤਾ ਟਰੇਸ

## ਕਰੀਬ 2 ਕਿੱਲੋ 400 ਗ੍ਰਾਮ ਸੋਨਾ ਤੇ 3 ਕਿੱਲੋ ਚਾਂਦੀ ਦੇ ਗਹਿਣੇ ਬਰਾਮਦ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ੍ਰ. ਅਰੁਣ ਮੁੰਡਨ ਪੀ.ਪੀ.ਐੱਸ. ਡੀ.ਐੱਸ.ਪੀ. (ਸਿਟੀ-2) ਬਠਿੰਡਾ, ਸ੍ਰ. ਸੰਦੀਪ ਸਿੰਘ ਭਾਟੀ ਡੀ.ਐੱਸ.ਪੀ. (ਇਨਵੈਸਟੀਗੇਸ਼ਨ) ਬਠਿੰਡਾ ਦੀ ਅਗਵਾਈ ਵਿੱਚ ਉਕਤ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਸਬੰਧੀ ਥਾਣਾ ਕੈਂਟ ਬਠਿੰਡਾ ਤੇ ਸੀ.ਆਈ.ਏ. ਸਟਾਫ-2 ਦੀ ਪੁਲਸ ਪਾਰਟੀ ਨੇ ਮੁਕੱਦਮਾ ਉਕਤ ਵਿੱਚ ਮੁੱਦਈ ਮੁਕੱਦਮਾ ਨੂੰ ਭਾਰਤ ਨਗਰ ਵਿਖੇ ਇੱਕ ਘਰ ਵਿੱਚੋਂ ਚੋਰੀ ਕਰਨ ਵਾਲੇ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਕਰੀਬ 2 ਕਿੱਲੋ 400 ਗ੍ਰਾਮ ਸੋਨਾ ਤੇ ਕਰੀਬ 3 ਕਿੱਲੋ ਚਾਂਦੀ ਦੇ ਗਹਿਣੇ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ।

ਮੁੱਦਈ ਮੁਕੱਦਮਾ ਨੇ ਬਿਆਨ ਦਰਜ ਕਰਵਾਇਆ ਕਿ ਬੀਤੀ 19 ਤਰੀਕ ਦੀ ਰਾਤ ਨੂੰ ਉਹ ਪਰਵਾਰ ਸਮੇਤ ਸੈਫਰੋਨ ਪੈਲੇਸ ਮੌੜ ਵਿਖੇ ਵਿਆਹ ਦੇ ਫੰਕਸ਼ਨ 'ਤੇ ਗਏ ਸੀ, ਜਦੋਂ ਪਰਿਵਾਰਕ ਮੈਂਬਰ ਰਾਤ 11 ਵਜੇ ਦੇ ਕਰੀਬ ਵਿਆਹ ਤੋਂ ਵਾਪਸ ਆਏ ਤਾਂ ਦੇਖਿਆ ਘਰ ਦੇ ਡਰਾਇੰਗ ਰੂਮ ਵਾਲਾ ਗੇਟ ਟੁੱਟਿਆ ਹੋਇਆ ਸੀ ਤੇ ਕਮਰੇ ਦੇ ਕੱਪਬੋਰਡ ਟੁੱਟੇ ਪਏ ਸਨ ਅਤੇ ਉਨ੍ਹਾਂ ਵਿੱਚ ਪਏ ਸੋਨੇ ਦੇ ਕਰੀਬ 2 ਕਿੱਲੋ 600 ਗ੍ਰਾਮ ਸੋਨੇ ਦੇ ਗਹਿਣੇ ਤੇ ਪਰਸ ਵਿੱਚੋ 7000/- ਰੁਪਏ ਗਾਇਬ ਸਨ, ਜੋ ਕਿ ਚੋਰੀ ਕੀਤੇ ਗਏ ਸਨ।ਇਸ ਸਬੰਧੀ ਮਾਨਯੋਗ ਸੀਨੀਅਰ ਕਪਤਾਨ ਪੁਲਸ ਬਠਿੰਡਾ ਵੱਲੋਂ ਚੋਰੀ ਦੀ ਵਾਰਦਾਤ ਨੂੰ ਟਰੇਸ ਕਰਨ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ।ਇਸ ਦੀ ਤਫਤੀਸ਼ ਟੈਕਨੀਕਲ ਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਮਦਦ ਨਾਲ 4 ਵਿਅਕਤੀਆਂ ਦਲਜੀਤ ਸਿੰਘ ਉਰਫ ਲੱਭੀ ਪੁੱਤਰ ਬਹਾਦਰ ਸਿੰਘ ਵਾਸੀ ਮੌੜ ਕਲਾਂ ਜ਼ਿਲ੍ਹਾ ਬਠਿੰਡਾ, ਜਸਵਿੰਦਰ ਸਿੰਘ ਉਰਫ ਜੱਸੀ ਪੁੱਤਰ ਪ੍ਰਕਾਸ਼ ਸਿੰਘ ਵਾਸੀ ਮੌੜ ਮੰਡੀ, ਕੁਲਦੀਪ ਸਿੰਘ ਉਰਫ ਸੋਨੂੰ ਪੁੱਤਰ ਰਾਮ ਪੱਤ ਉਰਫ ਲਾਲਾ ਵਾਸੀ ਟੀਚਰ ਕਲੋਨੀ ਮੌੜ ਮੰਡੀ ਤੇ ਮਨੀਸ਼ ਬਾਂਸਲ ਪੁੱਤਰ ਬ੍ਰਿੱਜ ਮੋਹਨ ਵਾਸੀ ਮੌੜ ਮੰਡੀ ਨੂੰ ਮੁਕੱਦਮਾ ਉਕਤ ਵਿੱਚ ਨੂੰ ਨਾਮਜ਼ਦ ਕੀਤਾ ਗਿਆ।ਜਿਸ ਤੋਂ ਬਾਅਦ ਦਲਜੀਤ ਸਿੰਘ ਉਰਫ ਲੱਭੀ ਪੁੱਤਰ ਬਹਾਦਰ ਸਿੰਘ ਵਾਸੀ ਮੌੜ ਕਲਾਂ ਜ਼ਿਲ੍ਹਾ ਬਠਿੰਡਾ, ਜਸਵਿੰਦਰ ਸਿੰਘ ਉਰਫ ਜੱਸੀ ਪੁੱਤਰ ਪ੍ਰਕਾਸ਼ ਸਿੰਘ ਵਾਸੀ ਮੌੜ ਮੰਡੀ ਨੂੰ ਮੁਕੱਦਮਾ ਉਕਤ ਵਿੱਚ ਗ੍ਰਿਫਤਾਰ ਕਰ ਲਿਆ ਗਿਆ।ਦੌਰਾਨੇ ਪੁੱਛਗਿੱਛ ਇਨ੍ਹਾਂ ਨੇ ਦੱਸਿਆ ਕਿ ਜਸਵਿੰਦਰ ਸਿੰਘ ਮੁੱਦਈ ਮੁਕੱਦਮਾ ਦਾ ਪੁਰਾਣਾ ਦੋਸਤ ਹੈ, ਇਹ ਮੁੱਦਈ ਘਰ ਅਕਸਰ ਹੀ ਆਉਂਦਾ ਜਾਂਦਾ ਸੀ ਤੇ ਮੁੱਦਈ ਦੇ ਘਰ ਬਾਰੇ ਸਭ ਪਤਾ ਰੱਖਦਾ ਸੀ, ਜਿਸ 'ਤੇ ਜਸਵਿੰਦਰ ਸਿੰਘ ਨੇ ਦਲਜੀਤ ਸਿੰਘ ਨੂੰ ਕਿਹਾ ਕਿ ਚੋਰੀ ਲਈ ਦੋ ਵਿਅਕਤੀ ਚਾਹੀਦੇ ਹਨ, ਜਿਸ ਵਿੱਚ ਜਸਵਿੰਦਰ ਸਿੰਘ ਨੇ ਕੁਲਦੀਪ ਸਿੰਘ ਉਰਫ ਸੋਨੂੰ ਪੁੱਤਰ ਰਾਮ ਪੱਤ ਉਰਫ ਲਾਲਾ ਵਾਸੀ ਟੀਚਰ ਕਲੋਨੀ ਮੌੜ ਮੰਡੀ ਤੇ ਮਨੀਸ਼ ਬਾਂਸਲ ਪੁੱਤਰ ਬ੍ਰਿੱਜ ਮੋਹਨ ਵਾਸੀ ਮੌੜ ਮੰਡੀ ਨੂੰ ਮਿਲਾ ਦਿੱਤਾ।ਮੁਕੱਦਮਾ ਉਕਤ ਵਿੱਚ ਜਸਵਿੰਦਰ ਸਿੰਘ ਨੇ ਦਲਜੀਤ ਸਿੰਘ ਦੀ ਮਿਲੀਭੁਗਤ ਕਰਕੇ ਕੁਲਦੀਪ ਸਿੰਘ ਉਰਫ ਸੋਨੂੰ ਤੇ ਮਨੀਸ਼ ਬਾਂਸਲ ਵੱਲੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ।ਇਸ ਚੋਰੀ ਨੂੰ ਟਰੇਸ ਕਰਨ ਲਈ ਟੈਕਨੀਕਲ ਤੇ ਹਿਊਮਨ ਇੰਟੈਲੀਜੈਂਸ ਦੀ ਮੱਦਦ ਨਾਲ ਚਾਰਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਨ੍ਹਾਂ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਬਰਸੀ 'ਤੇ ਵਿਸ਼ੇਸ਼ — ਕਾਮਰੇਡ ਜੰਗੀਰ ਸਿੰਘ ਜੋਗਾ : ਪਰਜਾ ਮੰਡਲ ਤੋਂ ਵਿਧਾਨ ਸਭਾ ਤੱਕ ਲੋਕਾਂ ਦੀ ਆਵਾਜ਼



ਪੰਜਾਬ ਦੇ ਲੋਕ ਸੰਘਰਸ਼ਾਂ ਦਾ ਇਤਿਹਾਸ ਲਿਖਿਆ ਜਾਵੇ ਤਾਂ ਕੁਝ ਅਜਿਹੇ ਨਾਂ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੂੰ ਕਿਸੇ ਇੱਕ ਰਾਜਨੀਤਕ ਪਾਰਟੀ ਜਾਂ ਇੱਕ ਦੌਰ ਦੀ ਸੀਮਾ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ।ਕਾਮਰੇਡ ਜੰਗੀਰ ਸਿੰਘ ਜੋਗਾ ਅਜਿਹੇ ਹੀ ਲੋਕ-ਆਗੂ ਸਨ।ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਤਿੰਨ ਮਹੱਤਵਪੂਰਨ ਦੌਰ 'ਅੰਗਰੇਜ਼ੀ ਸਾਮਰਾਜ ਵਿਰੁੱਧ ਆਜ਼ਾਦੀ ਦੀ ਲੜਾਈ, ਦੇਸੀ ਰਿਆਸਤਾਂ ਵਿਰੁੱਧ ਪਰਜਾ ਮੰਡਲ ਅੰਦੋਲਨ ਤੇ ਆਜ਼ਾਦ ਭਾਰਤ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੇ ਹੱਕਾਂ ਲਈ ਜਮਹੂਰੀ ਸੰਘਰਸ਼' ਨੂੰ ਇੱਕੋ ਜਿਹੀ ਦ੍ਰਿੜ੍ਹਤਾ ਨਾਲ ਹੰਢਾਇਆ।ਇਹੀ ਕਾਰਨ ਹੈ ਕਿ ਉਹ ਸਿਰਫ਼ ਇੱਕ ਰਾਜਨੀਤਕ ਆਗੂ ਨਹੀਂ, ਸਗੋਂ ਪੰਜਾਬ ਦੇ ਲੋਕ ਇਤਿਹਾਸ ਦਾ ਅਹਿਮ ਅਧਿਆਇ ਹਨ।11 ਅਕਤੂਬਰ 1908 ਨੂੰ ਬ੍ਰਿਟਿਸ਼ ਮਲਾਇਆ ਦੇ ਕੁਆਲਾਲੰਪੁਰ ਵਿੱਚ ਨੰਬਰਦਾਰ ਉੱਤਮ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ ਜਨਮੇ ਜੰਗੀਰ ਸਿੰਘ ਦਾ ਪਰਿਵਾਰ ਮੂਲ ਰੂਪ ਵਿੱਚ ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗਾ ਨਾਲ ਸੰਬੰਧਤ ਸੀ।ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੇ ਅੱਗੇ ਦੀ ਪੜ੍ਹਾਈ ਰਾਜਿੰਦਰਾ ਸਕੂਲ ਬਠਿੰਡਾ ਵਿੱਚ ਹੋਈ।ਸਕੂਲੀ ਦਿਨਾਂ ਦੌਰਾਨ ਹੀ ਅਧਿਆਪਕ ਕਰਮ ਚੰਦ ਤੇ ਬਰਮਾ ਨੰਦ ਨੇ ਉਨ੍ਹਾਂ ਦੇ ਮਨ ਵਿੱਚ ਦੇਸ਼ਭਗਤੀ, ਸਮਾਜਿਕ ਬਰਾਬਰੀ ਤੇ ਅਨਿਆਂ ਵਿਰੁੱਧ ਸੰਘਰਸ਼ ਦੀ ਚੇਤਨਾ ਪੈਦਾ ਕੀਤੀ।ਇਹ ਪ੍ਰਭਾਵ ਇੰਨਾ ਡੂੰਘਾ ਸੀ ਕਿ ਸਿਰਫ਼ ਚੌਦਾਂ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਆਪਣਾ ਜੀਵਨ ਲੋਕ ਸੰਘਰਸ਼ਾਂ ਲਈ ਸਮਰਪਤ ਕਰਨ ਦਾ ਫ਼ੈਸਲਾ ਕਰ ਲਿਆ।

ਦਸਵੀਂ ਜਮਾਤ ਦੇ ਇਮਤਿਹਾਨਾਂ ਤੋਂ ਬਾਅਦ ਉਹ ਆਪਣੇ ਸਾਥੀਆਂ ਨਾਲ ਲਾਹੌਰ ਦੇ ਮੋਰੀ ਗੇਟ ਵਿਖੇ ਹੋਏ ਇੱਕ ਵਿਸ਼ਾਲ ਜਨ-ਇਕੱਠ ਵਿੱਚ ਪਹੁੰਚੇ, ਉੱਥੇ ਬਾਬਾ ਖੜਕ ਸਿੰਘ, ਲਾਲਾ ਲਾਜਪਤ ਰਾਏ, ਅਬਦੁਲ ਕਾਦਰ ਕਸੂਰੀ ਤੇ ਸਰਦੂਲ ਸਿੰਘ ਕਵੀਸ਼ਰ ਵਰਗੇ ਪ੍ਰਮੁੱਖ ਆਗੂਆਂ ਦੇ ਭਾਸ਼ਣ ਸੁਣਨ ਦਾ ਮੌਕਾ ਮਿਲਿਆ। ਬ੍ਰੈਡਲੇ ਹਾਲ ਵਿੱਚ ਹੋਏ ਸੈਮੀਨਾਰ ਨੇ ਉਨ੍ਹਾਂ ਦੀ ਸੋਚ ਨੂੰ ਹੋਰ ਮਜ਼ਬੂਤ ਕੀਤਾ।ਸਵਦੇਸ਼ੀ ਅੰਦੋਲਨ ਵਿੱਚ ਸ਼ਮੂਲੀਅਤ ਤੇ ਸ਼ਰਾਬ ਦੇ ਠੇਕੇ ਅੱਗੇ ਧਰਨੇ ਨੇ ਉਨ੍ਹਾਂ ਨੂੰ ਪਹਿਲੀ ਵਾਰ ਜੇਲ੍ਹ ਤੱਕ ਪਹੁੰਚਾਇਆ, ਪਰ ਇਹੀ ਉਨ੍ਹਾਂ ਦੇ ਲੰਮੇ ਸੰਘਰਸ਼ਮਈ ਜੀਵਨ ਦੀ ਸ਼ੁਰੂਆਤ ਵੀ ਬਣੀ।

ਅਗਲੇ ਸਾਲਾਂ ਵਿੱਚ ਉਨ੍ਹਾਂ ਨੇ ਭਾਈ ਫੇਰੂ ਮੋਰਚੇ, ਅਕਾਲੀ ਲਹਿਰ ਤੇ ਰਿਆਸਤਸ਼ਾਹੀ ਵਿਰੋਧੀ ਅੰਦੋਲਨਾਂ ਵਿੱਚ ਸਰਗਰਮ ਭੂਮਿਕਾ ਨਿਭਾਈ।ਲਾਹੌਰ, ਅੰਮ੍ਰਿਤਸਰ, ਕੈਂਪਬੈਲਪੁਰ, ਪਟਿਆਲਾ ਤੇ ਨਾਭਾ ਦੀਆਂ ਜੇਲ੍ਹਾਂ ਵਿੱਚ ਉਨ੍ਹਾਂ ਆਪਣੇ ਜੀਵਨ ਦੇ ਲਗਭਗ ਚੌਦਾਂ ਸਾਲ ਬਿਤਾਏ।ਸੰਨ 1928 ਵਿੱਚ ਜਦੋਂ ਪੰਜਾਬ ਦੀਆਂ ਦੇਸੀ ਰਿਆਸਤਾਂ ਵਿੱਚ ਪਰਜਾ ਮੰਡਲ ਲਹਿਰ ਦੀ ਨੀਂਹ ਰੱਖੀ ਗਈ ਤਾਂ ਜੰਗੀਰ ਸਿੰਘ ਜੋਗਾ ਇਸ ਦੇ ਮੋਹਰੀ ਆਗੂਆਂ ਵਿੱਚੋਂ ਇੱਕ ਬਣੇ।ਉਸ ਸਮੇਂ ਰਿਆਸਤਾਂ ਵਿੱਚ ਲੋਕਾਂ ਨੂੰ ਨਾ ਬੋਲਣ ਦੀ ਆਜ਼ਾਦੀ ਸੀ, ਨਾ ਜਥੇਬੰਦੀ ਬਣਾਉਣ ਦਾ ਹੱਕ ਤੇ ਨਾ ਹੀ ਲੋਕਤੰਤਰੀ ਪ੍ਰਤੀਨਿੱਧਤਾ।ਪਰਜਾ ਮੰਡਲ ਲਹਿਰ ਨੇ ਪਹਿਲੀ ਵਾਰ ਰਿਆਸਤਾਂ ਦੀ ਪਰਜਾ ਨੂੰ ਜਮਹੂਰੀ ਹੱਕਾਂ ਲਈ ਸੰਗਠਿਤ ਕੀਤਾ।ਸੇਵਾ ਸਿੰਘ ਠੀਕਰੀਵਾਲਾ, ਭਗਵਾਨ ਸਿੰਘ ਲੌਂਗੋਵਾਲੀਆ ਤੇ ਹੋਰ ਸਾਥੀਆਂ ਨਾਲ ਮਿਲ ਕੇ ਜੋਗਾ ਜੀ ਨੇ ਇਸ ਸੰਘਰਸ਼ ਨੂੰ ਨਵੀਂ ਤਾਕਤ ਦਿੱਤੀ।

ਜੇਲ੍ਹ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਸੰਗਤ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਨਵੀਂ ਦਿਸ਼ਾ ਦਿੱਤੀ। ਸੁਤੰਤਰ ਜੀ ਦੇ ਸਟੱਡੀ ਸਰਕਲਾਂ ਵਿੱਚ ਉਨ੍ਹਾਂ ਨੇ ਮਾਰਕਸਵਾਦ, ਸਮਾਜਵਾਦ ਤੇ ਕਿਸਾਨ-ਮਜ਼ਦੂਰ ਅੰਦੋਲਨਾਂ ਦਾ ਡੂੰਘਾ ਅਧਿਐਨ ਕੀਤਾ।ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਸਿਰਫ਼ ਰਾਜਨੀਤਕ ਆਜ਼ਾਦੀ ਕਾਫ਼ੀ ਨਹੀਂ; ਸਮਾਜਿਕ ਤੇ ਆਰਥਿਕ ਬਰਾਬਰੀ ਤੋਂ ਬਿਨਾਂ ਆਜ਼ਾਦੀ ਅਧੂਰੀ ਹੈ।ਇਸ ਵਿਚਾਰਕ ਯਾਤਰਾ ਨੇ ਉਨ੍ਹਾਂ ਨੂੰ ਕਮਿਊਨਿਸਟ ਲਹਿਰ ਨਾਲ ਜੋੜ ਦਿੱਤਾ।

ਮੁਜ਼ਾਰਾ ਲਹਿਰ ਵਿੱਚ ਕਾਮਰੇਡ ਜੰਗੀਰ ਸਿੰਘ ਜੋਗਾ ਨੇ ਮੋਹਰੀ ਭੂਮਿਕਾ ਨਿਭਾਈ।ਉਹ ਮੰਨਦੇ ਸਨ ਕਿ ਜੋ ਕਿਸਾਨ ਜ਼ਮੀਨ ਜੋਤਦਾ ਹੈ, ਉਸ ਨੂੰ ਉਸ ਜ਼ਮੀਨ 'ਤੇ ਹੱਕ ਵੀ ਮਿਲਣਾ ਚਾਹੀਦਾ ਹੈ।ਉਨ੍ਹਾਂ ਨੇ ਪਿੰਡ-ਪਿੰਡ ਜਾ ਕੇ ਮੁਜ਼ਾਰਿਆਂ ਨੂੰ ਸੰਗਠਿਤ ਕੀਤਾ ਤੇ ਜਗੀਰਦਾਰੀ ਪ੍ਰਣਾਲੀ ਵਿਰੁੱਧ ਸੰਘਰਸ਼ ਦੀ ਅਗਵਾਈ ਕੀਤੀ।ਉਨ੍ਹਾਂ ਦੇ ਜੀਵਨ ਦਾ ਸਭ ਤੋਂ ਪ੍ਰੇਰਕ ਪ੍ਰਸੰਗ ਉਨ੍ਹਾਂ ਦੀ ਇਮਾਨਦਾਰੀ ਨਾਲ ਜੁੜਿਆ ਹੈ। ਜਦੋਂ ਉਨ੍ਹਾਂ ਨੇ ਕਾਂਗਰਸ ਛੱਡ ਕੇ ਕਮਿਊਨਿਸਟ ਪਾਰਟੀ ਨਾਲ ਕੰਮ ਕਰਨ ਦਾ ਫ਼ੈਸਲਾ ਕੀਤਾ, ਉਸ ਵੇਲੇ ਉਹ ਪਰਜਾ ਮੰਡਲ ਦੇ ਖ਼ਜ਼ਾਨਚੀ ਸਨ ਤੇ ਉਨ੍ਹਾਂ ਕੋਲ 75,000 ਦਾ ਫੰਡ ਸੀ।ਕੁਝ ਸਾਥੀਆਂ ਨੇ ਇਹ ਰਕਮ ਕਮਿਊਨਿਸਟ ਲਹਿਰ ਲਈ ਵਰਤਣ ਦੀ ਸਲਾਹ ਦਿੱਤੀ, ਪਰ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਕਿਹਾ ਕਿ ਇਹ ਜਨਤਾ ਦੀ ਅਮਾਨਤ ਹੈ ਤੇ ਇਸ ਨੂੰ ਉਸੇ ਸੰਸਥਾ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ, ਜਿਸ ਦੀ ਇਹ ਮਲਕੀਅਤ ਹੈ।ਜੰਗੀਰ ਸਿੰਘ ਜੋਗਾ ਨੇ ਬਿਨਾਂ ਕਿਸੇ ਹਿਚਕਚਾਹਟ ਦੇ ਪੂਰੀ ਰਕਮ ਪਰਜਾ ਮੰਡਲ ਦੇ ਆਗੂਆਂ ਨੂੰ ਸੌਂਪ ਦਿੱਤੀ।ਇਹ ਘਟਨਾ ਅੱਜ ਵੀ ਜਨਤਕ ਨੈਤਿਕਤਾ ਦੀ ਇੱਕ ਉੱਚੀ ਮਿਸਾਲ ਮੰਨੀ ਜਾਂਦੀ ਹੈ।1954 ਵਿੱਚ ਉਹ ਜੇਲ੍ਹ ਵਿੱਚ ਰਹਿੰਦਿਆਂ ਹੀ ਮਾਨਸਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ।ਇਸ ਤੋਂ ਬਾਅਦ 1962, 1967 ਤੇ 1972 ਵਿੱਚ ਵੀ ਉਹ ਲਗਾਤਾਰ ਵਿਧਾਇਕ ਬਣੇ।ਵਿਧਾਨ ਸਭਾ ਵਿੱਚ ਉਨ੍ਹਾਂ ਨੇ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਵਿਕਾਸ, ਸਹਿਕਾਰਤਾ ਤੇ ਸਮਾਜਿਕ ਨਿਆਂ ਦੇ ਮੁੱਦਿਆਂ ਨੂੰ ਦ੍ਰਿੜ੍ਹਤਾ ਨਾਲ ਉਠਾਇਆ।ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਬੈਂਕਾਂ ਦੇ ਰਾਸ਼ਟਰੀਕਰਨ ਲਈ ਚਲਾਈ ਮੁਹਿੰਮ ਦੌਰਾਨ ਵੀ ਉਨ੍ਹਾਂ ਬਠਿੰਡਾ ਜ਼ਿਲ੍ਹੇ ਵਿੱਚ ਸਰਗਰਮ ਭੂਮਿਕਾ ਨਿਭਾਈ।23 ਅਗਸਤ 2002 ਨੂੰ ਕਾਮਰੇਡ ਜੰਗੀਰ ਸਿੰਘ ਜੋਗਾ ਇਸ ਸੰਸਾਰ ਤੋਂ ਵਿਦਾਅ ਹੋ ਗਏ, ਪਰ ਉਨ੍ਹਾਂ ਦੀ ਵਿਰਾਸਤ ਅੱਜ ਵੀ ਪੰਜਾਬ ਦੇ ਲੋਕ ਅੰਦੋਲਨਾਂ ਵਿੱਚ ਜ਼ਿੰਦਾ ਹੈ।ਉਨ੍ਹਾਂ ਆਪਣੇ ਜੀਵਨ ਰਾਹੀਂ ਇਹ ਸਾਬਿਤ ਕੀਤਾ ਕਿ ਸੱਚੀ ਰਾਜਨੀਤੀ ਸੱਤਾ ਨਹੀਂ, ਸਗੋਂ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਹੈ।ਅੰਗਰੇਜ਼ੀ ਸਾਮਰਾਜ ਤੋਂ ਲੈ ਕੇ ਰਿਆਸਤਸ਼ਾਹੀ ਤੇ ਜਗੀਰਦਾਰੀ ਤੱਕ ਹਰ ਜ਼ੁਲਮ ਵਿਰੁੱਧ ਉਨ੍ਹਾਂ ਦਾ ਸੰਘਰਸ਼, ਉਨ੍ਹਾਂ ਦੀ ਸਾਦਗੀ, ਇਮਾਨਦਾਰੀ ਤੇ ਲੋਕ-ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਅੱਜ ਵੀ ਪ੍ਰੇਰਨਾ ਦਾ ਸਰੋਤ ਹੈ।ਕਾਮਰੇਡ ਜੰਗੀਰ ਸਿੰਘ ਜੋਗਾ ਨੂੰ ਯਾਦ ਕਰਨਾ ਸਿਰਫ਼ ਇੱਕ ਵਿਅਕਤੀ ਨੂੰ ਸ਼ਰਧਾਂਜਲੀ ਦੇਣਾ ਨਹੀਂ, ਸਗੋਂ ਪੰਜਾਬ ਦੀ ਉਸ ਲੋਕ-ਪੱਖੀ, ਜਮਹੂਰੀ ਤੇ ਸੰਘਰਸ਼ਸ਼ੀਲ ਪ੍ਰੰਪਰਾ ਨੂੰ ਨਮਨ ਕਰਨਾ ਹੈ, ਜਿਸ ਨੇ ਸਮਾਜਿਕ ਨਿਆਂ, ਬਰਾਬਰੀ ਤੇ ਲੋਕਤੰਤਰ ਦੀ ਨੀਂਹ ਮਜ਼ਬੂਤ ਕੀਤੀ।ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਦਿੰਦਾ ਰਹੇਗਾ ਕਿ ਅਸਲ ਵਿੱਚ ਲੋਕਾਂ ਦਾ ਨੇਤਾ ਉਹੀ ਹੁੰਦਾ ਹੈ, ਜੋ ਆਪਣੇ ਲਈ ਨਹੀਂ, ਲੋਕਾਂ ਲਈ ਜੀਉਂਦਾ ਹੈ।ਕਾਮਰੇਡ ਜੰਗੀਰ ਸਿੰਘ ਜੋਗਾ ਜੀ ਦੀ 24ਵੀਂ ਬਰਸੀ ਅੱਜ ਉਨ੍ਹਾਂ ਦੇ ਪਿੰਡ ਜੋਗਾ ਵਿਖੇ ਮਨਾਈ ਜਾ ਰਹੀ ਹੈ।

— ਐੱਮ ਐੱਸ ਭਾਟੀਆ

## ਕਾਤਰਾਂ

### ਬਿਜਲੀ ਕੱਟਾਂ ਤੋਂ ਲੋਕ ਪ੍ਰੇਸ਼ਾਨ

**ਬਰੇਟਾ (ਰੀਤਵਾਲ)**-ਪਿਛਲੇ ਕਈ ਦਿਨਾਂ ਤੋਂ ਸ਼ਹਿਰ ਵਿੱਚ ਲਗਾਤਾਰ ਲੱਗ ਰਹੇ ਬਿਜਲੀ ਦੇ ਕੱਟਾਂ ਨੇ ਲੋਕਾਂ ਦਾ ਜਿਊਣਾ ਮੁਸ਼ਕਲ ਕਰ ਦਿੱਤਾ ਹੈ।ਗਰਮੀ ਦੇ ਮੌਸਮ ਵਿੱਚ ਘੰਟਿਆਂਬੱਧੀ ਬਿਜਲੀ ਗੁੱਲ ਰਹਿਣ ਕਾਰਨ ਆਮ ਜਨਤਾ, ਵਪਾਰੀ ਵਰਗ ਤੇ ਕਿਸਾਨ ਸਭ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ ਵਸਨੀਕਾਂ ਦਾ ਕਹਿਣਾ ਹੈ ਕਿ ਦਿਨ ਵਿੱਚ ਕਈ-ਕਈ ਵਾਰ ਬਿਜਲੀ ਆਉਂਦੀ-ਜਾਂਦੀ ਰਹਿੰਦੀ ਹੈ, ਜਿਸ ਕਾਰਨ ਘਰੇਲੂ ਕੰਮ-ਕਾਜ ਤੋਂ ਲੈ ਕੇ ਕਾਰੋਬਾਰ ਤੱਕ ਸਭ ਕੁਝ ਪ੍ਰਭਾਵਿਤ ਹੁੰਦਾ ਹੈ।ਛੋਟੇ ਦੁਕਾਨਦਾਰਾਂ ਤੇ ਫੈਕਟਰੀ ਮਾਲਕਾਂ ਦਾ ਕਹਿਣਾ ਹੈ ਕਿ ਬਿਜਲੀ ਨਾ ਹੋਣ ਕਾਰਨ ਉਨ੍ਹਾਂ ਦਾ ਕੰਮ-ਧੰਦਾ ਠੱਪ ਹੋ ਜਾਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਹੀ ਇਸ ਸਮੱਸਿਆ ਦਾ ਹੱਲ ਨਾ ਕੱਢਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾਣਗੇ।ਸੰਬੰਧਤ ਬਿਜਲੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਨੇ ਤਕਨੀਕੀ ਖ਼ਰਾਬੀ ਤੇ ਵਧ ਰਹੀ ਮੰਗ ਨੂੰ ਕੱਟਾਂ ਦਾ ਕਾਰਨ ਦੱਸਿਆ, ਪਰ ਸਮੱਸਿਆ ਦੇ ਪੱਕੇ ਹੱਲ ਬਾਰੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ।

### ਹਾਦਸੇ 'ਚ ਪੁੱਤ ਦੀ ਮੌਤ, ਮਾਂ ਗੰਭੀਰ

**ਸਿਰਸਾ (ਜਗਤਾਰ ਸਮਾਲਸਰ)**-ਏਲਨਾਬਾਦ ਵਿੱਚ ਇੱਕ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਉਸ ਦੀ ਮਾਂ ਗੰਭੀਰ ਜ਼ਖਮੀ ਹੋ ਗਈ।ਜਾਣਕਾਰੀ ਅਨੁਸਾਰ ਮੱਖਣ ਸਿੰਘ ਤੇ ਉਸ ਦੀ ਮਾਤਾ ਸੰਤੋਸ਼ ਦੇਵੀ ਲੰਘੀ ਦੇਰ ਸ਼ਾਮ ਕੰਮ ਖਤਮ ਕਰਕੇ ਆਪਣੀ ਰੇਹੜੀ ਲੈ ਕੇ ਘਰ ਵਾਪਸ ਆ ਰਹੇ ਸਨ।ਜਦੋਂ ਉਹ ਬਾਈਪਾਸ 'ਤੇ ਜੈ ਹਨੂੰਮਾਨ ਟਰੈਕਟਰ ਏਜੰਸੀ ਕੋਲ ਪਹੁੰਚੇ ਤਾਂ ਪਿੱਛੇ ਤੋਂ ਆ ਰਹੇ ਇੱਕ ਤੇਲ ਟੈਂਕਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ।ਮੱਖਣ ਤੇ ਉਸ ਦੀ ਮਾਂ ਨੂੰ ਗੰਭੀਰ ਸੱਟਾਂ ਲੱਗੀਆਂ। ਰਾਹਗੀਰਾਂ ਨੇ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਮੁੱਢਲੀ ਸਹਾਇਤਾ ਤੋਂ ਬਾਅਦ ਦੋਵਾਂ ਨੂੰ ਸਿਰਸਾ ਦੇ ਸਰਕਾਰੀ ਹਸਪਤਾਲ ਰੈਫਰ ਕਰ ਦਿੱਤਾ ਗਿਆ।ਗੰਭੀਰ ਸੱਟਾਂ ਕਾਰਨ ਮੱਖਣ ਦੀ ਰਸਤੇ ਵਿੱਚ ਹੀ ਮੌਤ ਹੋ ਗਈ, ਜਦੋਂ ਕਿ ਸੰਤੋਸ਼ ਦੇਵੀ ਨੂੰ ਅਗਰੋਹਾ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ।ਪੁਲਸ ਨੇ ਤੇਲ ਟੈਂਕਰ ਚਾਲਕ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਹੈ।

### ਬੱਕਰੀਆਂ ਚੋਰੀ ਕਰਨ ਵਾਲੇ ਗਰੋਹ ਦੇ 4 ਮੈਂਬਰ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਪੁਲਸ ਦੀ ਪਥਰਾਲਾ ਚੌਕੀ ਨੇ ਬੱਕਰੀਆਂ ਚੋਰੀ ਕਰਨ ਵਾਲੇ ਇੱਕ ਗਰੋਹ ਖ਼ਿਲਾਫ਼ ਤੇਜ਼ ਕਾਰਵਾਈ ਕਰਦਿਆਂ ਅੱਠ ਘੰਟਿਆਂ ਦੇ ਅੰਦਰ ਚਾਰ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਡੀ ਐੱਸ ਪੀ ਹਰਵਿੰਦਰ ਸਰਾਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਪਥਰਾਲਾ ਤੇ ਕੁੱਟੀ ਕਿਸ਼ਨਪੁਰਾ ਨੇੜਲੇ ਪਿੰਡਾਂ ਵਿੱਚੋਂ ਬੱਕਰੀਆਂ ਚੋਰੀ ਹੋਣ ਦੀ ਸੂਚਨਾ ਮਿਲਣ 'ਤੇ ਚੌਕੀ ਦੇ ਥਾਣੇਦਾਰ ਨੇ ਪੁਲਸ ਪਾਰਟੀ ਸਮੇਤ ਤੁਰੰਤ ਜਾਂਚ ਸ਼ੁਰੂ ਕੀਤੀ।ਵੱਖ-ਵੱਖ ਸੁਰਾਗਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪਥਰਾਲਾ ਪੁਲਸ ਨੇ ਅੱਠ ਘੰਟਿਆਂ ਵਿੱਚ ਚਾਰ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰ ਲਿਆ।ਪੁਲਸ ਵੱਲੋਂ ਕਾਬੂ ਕੀਤੇ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਇਸ ਗਰੋਹ ਨੇ ਹੋਰ ਕਿਹੜੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।ਪੁਲਸ ਵੱਲੋਂ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ।ਪਥਰਾਲਾ ਚੌਕੀ ਦੀ ਇਸ ਤੁਰੰਤ ਕਾਰਵਾਈ ਨਾਲ ਇਲਾਕੇ ਵਿੱਚ ਪੁਲਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

# ਬੋਹਾ ਰਜਵਾਹੇ 'ਚ ਮਿਲ ਰਹੇ ਗਲ਼ੇ-ਸੜੇ ਜਾਨਵਰ, ਲੋਕ ਦੂਸ਼ਿਤ ਪਾਣੀ ਪੀਣ ਲਈ ਮਜਬੂਰ

**ਬਰੇਟਾ (ਰੀਤਵਾਲ)**-ਬੋਹਾ ਦੇ ਰਜਵਾਹੇ ਵਿੱਚ ਪਿਛਲੇ ਕੁਝ ਦਿਨਾਂ ਤੋਂ ਗਲ਼ੇ-ਸੜੇ ਜਾਨਵਰਾਂ ਦੀਆਂ ਲਾਸ਼ਾਂ ਵਹਿ ਕੇ ਆ ਰਹੀਆਂ ਹਨ, ਜਿਸ ਕਾਰਨ ਨਹਿਰ ਦਾ ਪਾਣੀ ਬੁਰੀ ਤਰ੍ਹਾਂ ਦੂਸ਼ਿਤ ਹੋ ਗਿਆ ਹੈ।ਇਸ ਗੰਧਲੇ ਤੇ ਦੂਸ਼ਿਤ ਪਾਣੀ ਕਾਰਨ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕਿਉਂਕਿ ਇਹੀ ਪਾਣੀ ਬਰੇਟਾ ਸ਼ਹਿਰ ਤੇ ਇਲਾਕਾ ਵਾਸੀਆਂ ਦੀ ਵਰਤੋਂ ਲਈ ਸਪਲਾਈ ਹੁੰਦਾ ਹੈ ਤੇ ਲੋਕ ਮਜਬੂਰੀ ਵਿੱਚ ਇਹੀ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ।ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਕੁਝ ਲੋਕ ਮਰੇ ਹੋਏ ਪਸ਼ੂਆਂ ਨੂੰ ਨਹਿਰ ਵਿਚ ਸੁੱਟ ਦਿੰਦੇ ਹਨ, ਜਿਸ ਨਾਲ ਪਾਣੀ ਦੂਸ਼ਿਤ ਹੋ ਜਾਂਦਾ ਹੈ ਤੇ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਇਸ ਨਾਲ ਪਸ਼ੂਆਂ ਤੇ ਇਨਸਾਨਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ।ਬਦਬੂ ਕਾਰਨ ਆਲੇ-ਦੁਆਲੇ ਦੇ ਲੋਕਾਂ ਦਾ ਜਿਊਣਾ ਵੀ ਮੁਸ਼ਕਲ ਹੋ ਗਿਆ ਹੈ।

ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਰੇ ਪਸ਼ੂ ਨਹਿਰ ਵਿਚ ਸੁੱਟਣ ਵਾਲੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਨਹਿਰ ਦੀ ਸਫਾਈ ਕਰਵਾਈ ਜਾਵੇ ਤਾਂ ਜੋ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਹੋ ਸਕੇ।ਉਨ੍ਹਾਂ ਸਿਹਤ ਵਿਭਾਗ ਤੋਂ ਵੀ ਮੰਗ ਕੀਤੀ ਕਿ ਇਲਾਕੇ ਵਿਚ ਜਲਦ ਤੋਂ ਜਲਦ ਪਾਣੀ ਦੀ ਜਾਂਚ ਕਰਵਾਈ ਜਾਵੇ ਤਾਂ ਜੋ ਕਿਸੇ ਵੱਡੀ ਬਿਮਾਰੀ ਤੋਂ ਬਚਿਆ ਜਾ ਸਕੇ। ਪ੍ਰਸ਼ਾਸਨ ਵੱਲੋਂ ਜਲਦੀ ਧਿਆਨ ਨਾ ਦਿੱਤੇ ਜਾਣ 'ਤੇ ਪਿੰਡ ਵਾਸੀਆਂ ਨੇ ਰੋਸ ਪ੍ਰਦਰਸ਼ਨ ਦੀ ਚਿਤਾਵਨੀ ਵੀ ਦਿੱਤੀ।

# ਸੀ ਪੀ ਆਈ ਜ਼ਿਲ੍ਹਾ ਕੌਂਸਲ ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਸੀਪੀਆਈ ਜ਼ਿਲ੍ਹਾ ਕੌਂਸਲ ਸੰਗਰੂਰ ਦੀ ਮੀਟਿੰਗ ਸੁਤੰਤਰ ਭਵਨ ਵਿਖੇ ਸਾਥੀ ਗੁਰਮੇਲ ਸਿੰਘ ਅਨੇਰੀ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੇ ਫੈਸਲੇ ਰਿਲੀਜ਼ ਕਰਦਿਆਂ ਸਾਥੀ ਨਵਜੀਤ ਸਿੰਘ ਤੇ ਨਿਰਮਲ ਸਿੰਘ ਬੱਟੜਿਆਣਾ ਮੀਤ ਸਕੱਤਰ ਨੇ ਦੱਸਿਆ ਕਿ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ ਤੇ ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਨੇ ਸ਼ਾਮਲ ਹੋ ਕੇ ਦੱਸਿਆ ਕਿ 1 ਸਤੰਬਰ ਨੂੰ ਰਾਮਲੀਲ੍ਹਾ ਗਰਾਊਂਡ ਨਵੀਂ ਦਿੱਲੀ ਵਿਖੇ ਬਦਲਾਓ ਜ਼ਰੂਰੀ ਹੈ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅੱਜ ਦੇਸ਼ ਅੰਦਰ ਲੋਕਤੰਤਰ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਜੇ ਕੋਈ ਸਵਾਲ ਪੁੱਛਦਾ ਹੈ ਤਾਂ ਉਸ ਨੂੰ ਅੱਤਵਾਦੀ ਕਰਾਰ ਦਿੱਤਾ ਜਾਂਦਾ ਹੈ, ਪਰ ਜੇਤਰ ਮੰਤਰ 'ਤੇ ਇਕੱਠੇ ਹੋਏ ਵਿਦਿਆਰਥੀਆਂ ਤੇ ਨੌਜਵਾਨਾਂ 'ਤੇ ਪਲੇਟਗੰਨ ਦੀਆਂ ਗੋਲੀਆਂ ਵਰਾਈਆਂ ਜਾ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਪੇਪਰ ਲੀਕ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਰਹੀ, ਸਗੋਂ ਇਨਸਾਫ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਜੇਲ੍ਹ ਡੱਕਿਆ ਜਾ ਰਿਹਾ ਹੈ, 29 ਲੇਬਰ ਕਾਨੂੰਨ ਖਤਮ ਕਰਕੇ ਚਾਰ ਲੇਬਰ ਕੋਡ ਰਾਹੀਂ ਮਜ਼ਦੂਰ ਜਮਾਤ ਤੋਂ ਨੌਕਰੀ ਦੀ ਸੁਰੱਖਿਆ ਖੋਹੀ ਜਾ ਚੁੱਕੀ ਹੈ, ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢਣ ਦੀ ਤਲਵਾਰ ਮਾਲਕਾਂ ਹੱਥ ਫੜਾਈ ਜਾ ਚੁੱਕੀ ਹੈ, ਵਧ ਰਹੀ ਮਹਿੰਗਾਈ ਤੇ ਬੇਰੁਜ਼ਗਾਰੀ ਨੂੰ ਰੋਕਣ ਲਈ ਕੋਈ ਯਤਨ ਨਾ ਕਰਦੇ ਹੋਏ ਬਿਜਲੀ ਪ੍ਰਾਈਵੇਟ ਕੀਤੀ ਜਾ ਰਹੀ ਹੈ, ਕਾਰਪੋਰੇਟਾਂ ਨੂੰ ਦੇ ਜੇਟੀਰਾਂ ਦੇ ਕਰਜ਼ੇ ਮਾਫ ਕਰਕੇ ਉਨ੍ਹਾਂ ਨੂੰ ਗੱਫੇ ਦਿੱਤੇ ਜਾ ਰਹੇ ਹਨ। ਕਿਸਾਨਾਂ ਦੀਆਂ ਫਸਲਾਂ ਦੀ ਖਰੀਦ 'ਤੇ ਐੱਮਐੱਸਪੀ ਦੀ ਗਰੰਟੀ ਤੋਂ ਕੋਰਾ ਜਵਾਬ ਦਿੱਤਾ ਜਾ ਰਿਹਾ ਹੈ। ਬਿਜਲੀ ਸੋਧ ਬਿੱਲ, ਬੀਜ ਸੋਧ ਬਿੱਲ ਨੂੰ ਵਾਪਸ ਲੈਣ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ।ਨਰੇਗਾ ਕਾਨੂੰਨ ਨੂੰ ਬੰਦ ਕਰਕੇ ਜੀ ਰਾਮ ਜੀ ਰਾਹੀਂ ਲੋਕਾਂ ਦਾ ਰੁਜ਼ਗਾਰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਕੰਮ ਦੇ ਘੰਟਿਆਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਹੋਰ ਕਈ ਤਰ੍ਹਾਂ ਦੇ ਲੋਕਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਵਿਰੁੱਧ ਸੀਪੀਆਈ ਦੀ ਕੇਂਦਰੀ ਲੀਡਰਸ਼ਿਪ ਨੇ ਅਜਿਹੀ ਹਕੂਮਤ ਨੂੰ ਬਦਲ ਸੁੱਟਣ ਲਈ ਬਦਲਾਓ ਜ਼ਰੂਰੀ ਦਾ ਨਾਹਰਾ ਦਿੱਤਾ ਹੈ, ਜਿਸ ਦੇ ਪ੍ਰੋਗਰਾਮ ਤਹਿਤ 1 ਸਤੰਬਰ ਨੂੰ ਦਿੱਲੀ ਚੱਲੋ ਦੇ ਨਾਹਰੇ ਹੇਠ ਜ਼ਿਲ੍ਹਾ ਸੰਗਰੂਰ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਦਿੱਲੀ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ। ਇਸ ਦੀ ਤਿਆਰੀ ਲਈ ਪਿੰਡ ਪਿੰਡ ਝੰਡਾ ਮਾਰਚ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਪਰੰਤ ਸ਼ਹਿਰ ਵਿੱਚ ਝੰਡਾ ਮਾਰਚ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਹਰਦੇਵ ਸਿੰਘ ਬਖ਼ਸ਼ੀਵਾਲਾ ਨੀਲੇ ਖਾਂ, ਇੰਦਰ ਸਿੰਘ ਬਿਰਜਲਾਲ, ਸੀਤਾ ਰਾਮ ਸ਼ਰਮਾ, ਭਜਨ ਸਿੰਘ, ਰਾਮ ਸਿੰਘ, ਨਿਰੰਜਣ ਸਿੰਘ ਚੁਨਾਗਰਾ ਤੇ ਬਜ਼ੁਰਗ ਆਗੂ ਸਾਥੀ ਸੰਪੂਰਨ ਸਿੰਘ ਵਕੀਲ, ਮੇਲਾ ਸਿੰਘ, ਅਮਰਜੀਤ ਸਿੰਘ, ਰਜਿੰਦਰ ਸਿੰਘ, ਬੁਗਰਾ ਜਾਗਰ ਸਿੰਘ ਘਨੌਰੀ ਕਲਾ ਆਦਿ ਆਗੂ ਸਾਥੀ ਹਾਜ਼ਰ ਸਨ। ਇਹ ਜਾਣਕਾਰੀ ਜ਼ਿਲ੍ਹਾ ਸਕੱਤਰ ਨੇ ਜਾਰੀ ਕੀਤੀ।

# ਦਿਵਿਆਂਗ ਏਕਤਾ ਮੋਰਚੇ ਵੱਲੋਂ ਰੋਸ ਮਾਰਚ, ਕੱਕੜਵਾਲ ਚੌਕ 'ਚ ਚੱਕਾ ਜਾਮ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਲੰਬੀ 6 ਅਗਸਤ ਤੋਂ ਸੰਘਰਸ਼ ਕਰ ਰਹੇ 'ਦਿਵਿਆਂਗ ਏਕਤਾ ਮੋਰਚਾ ਪੰਜਾਬ' ਨੇ ਅੰਦੋਲਨ ਨੂੰ ਹੋਰ ਪ੍ਰਚੰਡ ਕਰਦਿਆਂ ਸ਼ਹਿਰ ਦੇ ਬਜ਼ਾਰਾਂ 'ਚ ਰੋਸ ਮਾਰਚ ਕੱਢਿਆ।ਪ੍ਰਦਰਸ਼ਨਕਾਰੀਆਂ ਨੇ ਆਪਣੇ ਪੱਕੇ ਧਰਨੇ ਨੂੰ ਅਨਾਜ ਮੰਡੀ ਤੋਂ ਤ੍ਰਿਵੇਣੀ ਚੌਕ ਵਿਖੇ ਤਬਦੀਲ ਕਰ ਦਿੱਤਾ ਤੇ ਕੱਕੜਵਾਲ ਚੌਕ 'ਚ ਧਰਨਾ ਲਗਾ ਕੇ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿੱਤੀ। ਇਸ ਮੌਕੇ ਪ੍ਰਧਾਨ ਲਾਭ ਸਿੰਘ ਹੀਰਾ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਹਰੇਕ ਦਿਵਿਆਂਗ ਨੂੰ 5,000 ਰੁਪਏ ਮਹੀਨਾਵਾਰ ਗੁਜ਼ਾਰਾ ਭੱਤਾ ਦਿੱਤਾ ਜਾਵੇ।ਇਸ ਤੋਂ ਇਲਾਵਾ ਸਰਕਾਰੀ ਨੌਕਰੀਆਂ ਵਿੱਚ ਪਹਿਲ ਦੇਣ ਦੇ ਨਾਲ-ਨਾਲ ਪ੍ਰਾਈਵੇਟ ਕੰਪਨੀਆਂ ਤੇ ਫੈਕਟਰੀਆਂ ਵਿੱਚ 5 ਫੀਸਦੀ ਕੋਟਾ ਰਾਖਵਾਂ ਕਰਨ, ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਲਈ ਮੁਫ਼ਤ ਸਿੱਖਿਆ, ਬਿਨਾਂ ਗਾਰੰਟੀ ਬੈਂਕ ਲੋਨ, ਈ-ਰਿਕਸ਼ਾ ਦੀ ਸੁਵਿਧਾ ਤੇ ਸਰਕਾਰੀ ਨੌਕਰੀਆਂ ਲਈ ਫ਼ੀਸ ਮੁਆਫ਼ੀ ਵਰਗੀਆਂ ਮੰਗਾਂ ਵੀ ਜ਼ੋਰ-ਸ਼ੋਰ ਨਾਲ ਉਠਾਈਆਂ ਗਈਆਂ।ਉਨ੍ਹਾਂ ਅੰਗਹੀਣ ਭਲਾਈ ਐਕਟ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ, ਰੋਜ਼ਗਾਰ ਲਈ ਵਿਸ਼ੇਸ਼ ਸਕੀਮਾਂ ਚਲਾਉਣ, ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ, ਅੰਗਹੀਣ ਖਿਡਾਰੀਆਂ ਨੂੰ ਨੌਕਰੀਆਂ ਵਿੱਚ ਪਹਿਲ ਤੇ ਕੌਂਸਲਰ ਤੋਂ ਲੈ ਕੇ ਪਾਰਲੀਮੈਂਟ ਚੋਣਾਂ ਤੱਕ ਵਿਸ਼ੇਸ਼ ਕੋਟਾ ਨਿਸ਼ਚਿਤ ਕਰਨ ਦੀ ਵਕਾਲਤ ਕੀਤੀ।ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਮੰਗਾਂ ਦਾ ਪੱਕਾ ਹੱਲ ਹੋਣ ਤੱਕ ਇਹ ਸੰਘਰਸ਼ ਨਿਰੰਤਰ ਜਾਰੀ ਰਹੇਗਾ।

# ਪ੍ਰਾਈਵੇਟ ਸਕੂਲ ਵੈਨ ਨੂੰ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼ਨੀਵਾਰ ਸਕੂਲ ਸਮੇਂ ਜਦੋਂ ਪ੍ਰਾਈਵੇਟ ਸਕੂਲਾਂ ਦੀ ਛੁੱਟੀ ਹੋਈ ਤਾਂ ਇੱਕ ਨਾਮੀ ਸਕੂਲ ਦੀ ਸਕੂਲ ਵੈਨ, ਜੋ 43 ਬੱਚਿਆਂ ਨੂੰ ਲੈ ਕੇ ਘਰੋਂ ਘਰੀ ਛੱਡਣ ਲਈ ਜਾ ਰਹੀ ਸੀ ਤੇ ਜਦੋਂ ਬੀਬੀ ਵਾਲਾ ਰੋਡ 'ਤੇ ਪਹੁੰਚੀ ਤਾਂ ਅਚਾਨਕ ਸਕੂਲ ਵੈਨ ਦੇ ਬੋਨਟ ਵਿੱਚ ਸਪਾਰਕ ਹੋਣ ਕਰਕੇ ਅੱਗ ਲੱਗ ਗਈ, ਜਿਸ ਕਰਕੇ ਸਕੂਲ ਵੈਨ ਵਿੱਚ ਬੈਠੇ ਬੱਚਿਆਂ ਨੇ ਜਦੋਂ ਧੂੰਆਂ ਨਿਕਲਦਾ ਦੇਖਿਆ ਤਾਂ ਚੀਕ ਚਿਹਾੜਾ ਪੈ ਗਿਆ, ਪ੍ਰੰਤੂ ਡਰਾਈਵਰ ਦੀ ਹੁਸ਼ਿਆਰੀ ਕਰਕੇ ਵੱਡੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।ਇਸ ਹਾਦਸੇ 'ਚ ਸਕੂਲ ਬੈਨ ਦਾ ਤਾਂ ਨੁਕਸਾਨ ਹੋਇਆ,



ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ।ਡਰਾਈਵਰ ਦੀ ਸੂਝ-ਬੂਝ ਕਰਕੇ ਲੋਕਾਂ ਨੇ ਸ਼ੀਸ਼ੇ ਭੰਨ ਕੇ ਸੁਰੱਖਿਅਤ ਬਾਹਰ ਕੱਢ ਲਿਆ।ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪੀਸੀਓ ਪ੍ਰਧਾਨ ਅਮਰਜੀਤ ਮਹਿਤਾ ਵੀ ਪਹੁੰਚ ਗਏ ਤੇ ਉਨ੍ਹਾਂ ਨੇ ਸਮੂਹ ਬੱਚਿਆਂ ਦਾ ਹਾਲ-ਚਾਲ ਜਾਣਿਆ ਤੇ ਸਕੂਲ ਬੈਗ ਬਾਹਰ ਕੱਢ ਕੇ ਸਕੂਲੀ ਬੱਚਿਆਂ ਦੇ ਮਾਪਿਆਂ ਨਾਲ ਫੋਨ 'ਤੇ ਸੰਪਰਕ ਕਰਕੇ ਸੁਰੱਖਿਅਤ ਬੱਚਿਆਂ ਨੂੰ ਮਾਪਿਆਂ ਹਵਾਲੇ ਕੀਤਾ।ਅਮਰਜੀਤ ਮਹਿਤਾ ਨੇ ਦੱਸਿਆ ਕਿ ਸਕੂਲ ਬੈਨ ਦੇ ਡਰਾਈਵਰ ਅਨੁਸਾਰ ਪਤਾ ਚੱਲਿਆ ਹੈ ਕਿ ਤਾਰਾਂ ਦੀ ਸਪਾਰਕਿੰਗ ਕਰਕੇ ਸਕੂਲ ਵੈਨ ਦੇ ਬੋਰਨਟ ਵਿੱਚੋਂ ਅਚਾਨਕ ਧੂਆਂ ਨਿਕਲਣਾ ਸ਼ੁਰੂ ਹੋ ਗਿਆ, ਜਿਸ ਕਰਕੇ ਉਸ ਨੇ ਤੁਰੰਤ ਸਕੂਲ ਬੈਨ ਬੀਬੀ ਵਾਲਾ ਰੋਡ ਦੇ ਕਿਨਾਰੇ ਲਾ ਦਿੱਤੀ ਤੇ ਬੱਚਿਆਂ ਨੂੰ ਹੌਲੀ ਹੌਲੀ ਬਾਹਰ ਕੱਢਿਆ।ਉਨ੍ਹਾਂ ਦੱਸਿਆ ਕਿ ਬੱਚਿਆਂ ਵਿੱਚ ਅਫਰਾ ਤਫਰੀ ਮੱਚ ਗਈ, ਜਿਸ ਕਰਕੇ ਰੌਲਾ ਪੈਣਾ ਸ਼ੁਰੂ ਹੋ ਗਿਆ, ਪ੍ਰੰਤੂ ਲੋਕਾਂ ਤੇ ਡਰਾਈਵਰ ਦੀ ਸੂਝ-ਬੂਝ ਨਾਲ ਸਾਰੇ ਬੱਚੇ ਸੁਰੱਖਿਅਤ ਬਾਹਰ ਕੱਢ ਲਏ ਅਤੇ ਕਿਸੇ ਵੀ ਤਰ੍ਹਾਂ ਦਾ ਕੋਈ ਵੱਡਾ ਨੁਕਸਾਨ ਨਹੀਂ ਹੋਇਆ।

# ਸਾਂਝਾ ਮੁਲਾਜ਼ਮ ਮੋਰਚਾ ਬਲਾਕ ਜਲਾਲਾਬਾਦ ਦੀ ਅਹਿਮ ਮੀਟਿੰਗ

## ਸਤੌਜ ਮਹਾਂ ਰੈਲੀ ਤੇ 27 ਦੇ ਮਹਾਂਬੰਦ ਪੰਜਾਬ ਦੀ ਕੀਤੀ ਤਿਆਰੀ



**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਸਾਂਝਾ ਮੁਲਾਜ਼ਮ ਮੋਰਚਾ ਬਲਾਕ ਜਲਾਲਾਬਾਦ ਦੀ ਅਹਿਮ ਮੀਟਿੰਗ ਜਗਨੰਦਨ ਸਿੰਘ, ਗੁਰਮੀਤ ਸਿੰਘ ਢਾਬਾਂ, ਅਮਰਜੀਤ ਸਿੰਘ ਬਿੱਟੂ, ਸੰਦੀਪ ਕੁਮਾਰ ਕਾਲੜਾ, ਜੋਗਿੰਦਰ ਸਿੰਘ ਲੰਮੋਚੜ, ਛਿੰਦਰ ਸਿੰਘ ਲਾਧੂਕਾ, ਮੰਗਲ ਸਿੰਘ ਸੀਐਚਟੀ ਤੇ ਗੁਰਪ੍ਰੀਤ ਦੀ ਦੇਖ ਰੇਖ ਹੇਠ ਹੋਈ। ਇਸ ਮੀਟਿੰਗ ਵਿੱਚ ਬਹੁਤ ਸਾਰੇ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ, ਜਿਵੇਂ ਕਿ ਸਾਂਝੇ ਤੌਰ ਤੇ ਉਲੀਕੇ ਹੋਏ ਸੰਘਰਸ਼ ਨੂੰ ਸਫਲ ਬਣਾਉਣ ਸਬੰਧੀ 23 ਅਗਸਤ 2026 ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਜੱਦੀ ਪਿੰਡ ਸਤੌਜ ਵਿਖੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਤੇ ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਸੱਦੇ 'ਤੇ ਹੋਣ ਵਾਲੀ ਮਹਾਂ-ਰੈਲੀ ਵਿੱਚ ਸਾਂਝੇ ਰੂਪ ਵਿੱਚ ਸ਼ਾਮਲ ਹੋਣ ਲਈ, 27 ਅਗਸਤ 2026 ਨੂੰ ਮਹਾਂਬੰਦ ਪੰਜਾਬ ਨੂੰ ਸਫਲ ਬਣਾਉਣ ਦੀ ਤਿਆਰੀ ਕੀਤੀ ਗਈ। ਸਮੂਹ ਮੁੱਦਿਆਂ 'ਤੇ ਵਿਚਾਰ ਚਰਚਾ ਕਰਨ ਤੋਂ ਬਾਅਦ ਸਾਂਝੇ ਤੌਰ 'ਤੇ ਫੈਸਲਾ ਲਿਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਜਿੰਨੇ ਵੀ ਸੰਘਰਸ਼ ਪੰਜਾਬ ਪੱਧਰ ਤੇ ਲੜੇ ਜਾ ਰਹੇ ਹਨ, ਉਨ੍ਹਾਂ ਵਿੱਚ ਬਲਾਕ ਜਲਾਲਾਬਾਦ ਵੱਲੋਂ ਮੁਲਾਜ਼ਮ ਸਾਂਝਾ ਮੁਲਾਜ਼ਮ ਮੰਚ ਵੱਲੋਂ ਇਕੱਠੇ ਹੋ ਕੇ ਸੰਘਰਸ਼ ਲੜਿਆ ਜਾਵੇਗਾ। ਕਿਸੇ ਵੀ ਤਰ੍ਹਾਂ ਦਾ ਵਖਰੇਵਾਂ ਜਾਂ ਵੱਖਵਾਦ ਨੀਤੀ ਤੋਂ ਦੂਰ ਹੋ ਕੇ ਇਮਾਨਦਾਰੀ ਦੇ ਨਾਲ ਸੰਘਰਸ਼ ਤੇ ਸੰਗਠਨ ਨੂੰ ਹੋਰ ਮਜਬੂਤ ਕੀਤਾ ਜਾਵੇਗਾ। ਇਸ ਸਮੇਂ ਬੋਲਦਿਆਂ ਅਧਿਆਪਕ ਆਗੂ ਜਗਨੰਦਨ ਸਿੰਘ ਨੇ ਕਿਹਾ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ ਇੱਕਜੁੱਟ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਆਪਣੇ ਹੱਕਾਂ ਦੀ ਪ੍ਰਾਪਤੀ ਕੀਤੀ ਜਾ ਸਕੇ। ਗੁਰਮੀਤ ਸਿੰਘ ਢਾਬਾਂ ਨੇ ਪੰਜਾਬ ਸਰਕਾਰ ਦੇ ਖਿਲਾਫ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਸਾਢੇ 4 ਸਾਲ ਦੇ ਕਰੀਬ ਸਮਾਂ ਹੋ ਚੁੱਕਿਆ ਹੈ, ਜਿਸ ਨੇ 18% ਡੀਏ ਤੇ 37 ਤਰ੍ਹਾਂ ਦੇ ਭੱਤੇ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਸਬੰਧੀ ਅਧੂਰੇ ਨੋਟੀਫਿਕੇਸ਼ਨ ਨੂੰ ਲਾਗੂ ਨਾ ਕਰਕੇ ਮੁਲਾਜ਼ਮਾਂ ਨਾਲ ਸਰੇਆਮ ਧੋਖਾ ਕਰ ਰਹੀ ਹੈ। ਇਸ ਦੇ ਖਿਲਾਫ ਵੱਡੀ ਪੱਧਰ ਤੇ ਮੁਲਾਜ਼ਮ ਇੱਕਜੁੱਟ ਹੋ ਚੁੱਕੇ ਹਨ। ਸਰਕਾਰ ਦੇ ਵਿਰੁੱਧ ਇੱਟ ਨਾਲ ਇੱਟ ਖੜਕਾਉਣ ਲਈ ਮੁਲਾਜ਼ਮ ਤਿਆਰ-ਬਰ-ਤਿਆਰ ਹਨ, ਇਸ ਦੀ ਉਦਾਹਰਨ 7 ਅਗਸਤ ਦੀ ਚੰਡੀਗੜ੍ਹ ਸੈਕਟਰ-39 ਵਿੱਚ ਕੀਤੀ ਰੈਲੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਸਮੇਂ ਹਾਜ਼ਰ ਸੀ.ਐੱਚ.ਟੀ. ਮੰਗਲ ਸਿੰਘ ਨੇ ਬਲਾਕ ਗੁਰੂ ਹਰਸਾਏ ਤਿੰਨ ਦੇ ਸਮੂਹ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਬਲਾਕ ਵਿੱਚੋਂ ਵੱਧ ਤੋਂ ਵੱਧ ਸਾਥੀ ਸਤੌਜ ਧਰਨੇ ਲਈ ਤਿਆਰ-ਬਰ-ਤਿਆਰ ਰਹਿਣ ਤਾਂ ਜੋ ਐਤਵਾਰ ਨੂੰ ਸਵੇਰੇ 6 ਵਜੇ ਰਵਾਨਾ ਹੋ ਸਕੀਏ।

# ਧਰਮਪਾਲ ਉਪਾਸ਼ਕ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



**ਜ਼ੀਰਾ (ਨਰਿੰਦਰ ਅਨੇਜਾ)**-ਸਾਹਿਤ ਸਭਾ ਜ਼ੀਰਾ ਦੀ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਦਲਜੀਤ ਰਾਏ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਉੱਘੇ ਸਾਹਿਤਕਾਰ ਤੇ ਪੱਤਰਕਾਰ ਧਰਮਪਾਲ ਉਪਾਸ਼ਕ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਮੀਟਿੰਗ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ।ਧਰਮਪਾਲ ਉਪਾਸ਼ਕ ਜ਼ੀਰਾ ਨੇੜਲੇ ਪਿੰਡ ਨੀਲੇਵਾਲਾ ਦੇ ਜੰਮਪਲ ਸਨ।ਉਹ ਮੁੱਢਲੇ ਦੌਰ ਵਿੱਚ ਜੁਝਾਰਵਾਦੀ ਕਵੀ ਅਵਤਾਰ ਪਾਸ਼ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਿਤ ਹੁੰਦੇ ਮੈਗਜ਼ੀਨ ਸਿਆੜ ਦੇ ਸਹਿ-ਸੰਪਾਦਕ ਰਹੇ।ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ 'ਗੁੰਮਸ਼ੁਦਾ ਪੈੜਾਂ' ਤੇ 'ਮੋਏ ਖਤ ਨਹੀਂ ਲਿਖਿਆ ਕਰਦੇ' ਕਾਵਿ ਸੰਗ੍ਰਹਿ ਪਾਏ।ਉਹ ਪਿਛਲੇ ਲੰਬੇ ਸਮੇਂ ਤੋਂ ਮੋਹਾਲੀ ਤੋਂ ਅਜੀਤ ਤੇ ਪੰਜਾਬੀ ਟ੍ਰਿਬਿਊਨ ਦੇ ਪ੍ਰਤੀਨਿਧ ਸਨ।ਸ਼ੋਕ ਮੀਟਿੰਗ ਵਿੱਚ ਗੁਰਚਰਨ ਸਿੰਘ ਨੂਰਪੁਰ, ਜਰਨੈਲ ਸਿੰਘ ਭੁੱਲਰ, ਪ੍ਰਤਾਪ ਸਿੰਘ ਹੀਰਾ, ਮੇਜਰ ਸਿੰਘ ਸੰਧੂ, ਬਲਦੇਵ ਸਿੰਘ ਜ਼ੀਰਾ, ਬਿੰਦਰ ਸਿੰਘ ਬੰਬ, ਸੁਖਰਾਜ ਸਿੰਘ ਜ਼ੀਰਾ, ਕਾਲਾ ਬੇਰੀ ਵਾਲਾ, ਅਮਰਜੀਤ ਸਨੇਰਵੀ, ਨਰਿੰਦਰ ਸਿੰਘ ਬਿੰਦ, ਦੀਪ ਜੀਰਵੀ, ਬਲਜੀਤ ਸਿੰਘ ਬਾਦਸ਼ਾਹ, ਮੁਖਤਿਆਰ ਸਿੰਘ ਬਰਾੜ, ਪਰਮਜੀਤ ਸਿੰਘ ਬਰਾੜ, ਹਰੀ ਦਾਸ ਚੌਹਾਨ, ਤਾਰਾ ਸਿੰਘ ਫੌਜੀ, ਪ੍ਰਿਤਪਾਲ ਸਿੰਘ ਮਣਕੂ, ਹਰਪ੍ਰੀਤ ਸਿੰਘ ਰੱਬੀ ਸ਼ਾਇਰ, ਡਾਕਟਰ ਜਸਵੰਤ ਸਿੰਘ ਭੱਟੀ, ਦਲਜੀਤ ਸਿੰਘ ਨੂਰਪੁਰ, ਬਲਵੀਰ ਸਿੰਘ ਲੋਹਗੜ੍ਹ, ਹਰਬੰਸ ਸਿੰਘ ਗੈਦੂ ਸ਼ਾਮਲ ਹੋਏ।ਸਾਹਿਤ ਸਭਾ ਜ਼ੀਰਾ ਵੱਲੋਂ ਪੱਤਰਕਾਰ ਹਰਮੇਸ਼ ਪਾਲ ਨੀਲੇਵਾਲਾ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਹਜ਼ਾਰਾਂ ਨਮ ਅੱਖਾਂ ਨੇ ਦਿੱਤੀ ਬਸ਼ੰਬਰ ਨਾਥ ਗਰੋਵਰ ਨੂੰ ਅੰਤਮ ਵਿਦਾਇਗੀ

## ਪੱਤਰਕਾਰ ਪਵਨ ਤੇ ਬਿੱਟੂ ਗਰੋਵਰ ਨੇ ਦਿੱਤੀ ਪਿਤਾ ਦੀ ਚਿਖਾ ਨੂੰ ਅਗਨੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੱਤਰਕਾਰ ਤੇ ਸਮਾਜ ਸੇਵੀ ਪਵਨ ਗਰੋਵਰ ਕੈਨੇਡਾ ਤੇ ਪੱਤਰਕਾਰ ਕੇਵਲ ਕ੍ਰਿਸ਼ਨ (ਬਿੱਟੂ ਗਰੋਵਰ) ਦੇ ਸਤਿਕਾਰਯੋਗ ਪਿਤਾ ਬਸ਼ੰਬਰ ਨਾਥ ਗਰੋਵਰ, ਜੋ ਕਿ ਕੁਝ ਸਮਾਂ ਬਿਮਾਰ ਰਹਿਣ ਪਿੱਛੋਂ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਸ਼ਮਸ਼ਾਨਘਾਟ ਅਜੀਤਵਾਲ ਵਿਖੇ ਪੂਰੀਆਂ ਧਾਰਮਿਕ ਰਸਮਾਂ ਨਾਲ ਕੀਤਾ ਗਿਆ।ਇਸ ਮੌਕੇ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਪਵਨ ਗਰੋਵਰ, ਬਿੱਟੂ ਗਰੋਵਰ ਤੇ ਸਾਕ ਸੰਬੰਧੀਆਂ ਨੇ ਦਿਖਾਈ।ਸਵ: ਬਸ਼ੰਬਰ ਨਾਥ ਨੂੰ ਅੰਤਿਮ ਵਿਦਾਇਗੀ ਦੇਣ 'ਤੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਨਿਹਾਲ ਸਿੰਘ ਵਾਲਾ ਦੇ ਮਨਜੀਤ ਸਿੰਘ ਬਿਲਾਸਪੁਰ, ਜ਼ਿਲ੍ਹਾ ਪ੍ਰਧਾਨ ਆਪ ਪਾਰਟੀ ਤੇ ਚੇਅਰਮੈਨ ਪਲੈਨਿੰਗ ਬੋਰਡ ਬਰਿੰਦਰ ਸ਼ਰਮਾ ਮਧੇਕੇ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਜੋਤ ਕਮਲ, ਡਾ. ਦਲਜੀਤ ਸਿੰਘ ਚੀਮਾ ਸਾਬਕਾ ਮੰਤਰੀ ਪੰਜਾਬ, ਬਰਜਿੰਦਰ ਸਿੰਘ ਮੱਖਣ ਬਰਾੜ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਧਰਮਕੋਟ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ, ਸ਼ਹਿਰੀ ਪ੍ਰਧਾਨ ਖਣਮੁਖ ਭਾਰਤੀ ਪੱਤੋ, ਅਕਾਲੀ ਦਲ ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਰਾਜਵਿੰਦਰ ਸਿੰਘ ਧਰਮਕੋਟ, ਜ਼ਿਲ੍ਹਾ ਪ੍ਰਧਾਨ ਕਾਂਗਰਸ ਹਰੀ ਸਿੰਘ ਖਾਈ, ਸੁਭਾਸ਼ ਪਲਤਾ ਚੇਅਰਮੈਨ ਹੋਲੀ ਹਾਰਟ ਸਕੂਲ ਤੇ ਐੱਮ. ਡੀ. ਗੋਲਡਨ ਟਰੈਵਲ, ਅਮਿਤ ਪਲਤਾ ਡਾਇਰੈਕਟਰ ਗੋਲਡਨ ਐਜੂਕੇਸ਼ਨ, ਰਮਨ ਅਰੋੜਾ ਡਾਇਰੈਕਟਰ ਗੋਲਡਨ ਐਜੂਕੇਸ਼ਨ, ਰਾਕੇਸ਼ ਕੁਮਾਰ ਬੁੱਗੀ ਐੱਮ. ਡੀ. ਜੈਸਵਾਲ ਹੋਟਲ, ਡਾ. ਪੰਕਜ ਬਾਂਸਲ ਉੱਘੇ ਸਮਾਜ ਸੇਵੀ ਮੋਗਾ, ਪਰਮਜੀਤ ਸਿੰਘ ਦੌਧਰ ਨੈਸਲੇ, ਅਕਾਲੀ ਆਗੂ ਜੋਰਾ ਸਿੰਘ ਡਾਲਾ, ਚਰਨਜੀਤ ਸਿੰਘ ਝੰਡੇਆਣਾ ਸਾਬਕਾ ਕੌਂਸਲਰ, ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆ ਸਾਬਕਾ ਚੇਅਰਮੈਨ, ਰਣਧੀਰ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਸਵਰਨ ਸਿੰਘ ਆਦੀਵਾਲ ਸੀਨੀਅਰ ਕਾਂਗਰਸੀ ਆਗੂ, ਕ੍ਰਿਸ਼ਨ ਕੁਮਾਰ ਸਿੰਗਲਾ ਸਾਰੇ ਪੱਤਰਕਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ-ਸਰਪੰਚ ਤੇ ਪਤਵੰਤੇ ਹਾਜ਼ਰ ਸਨ।ਪਵਨ ਗਰੋਵਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਬਸ਼ੰਬਰ ਨਾਥ ਗਰੋਵਰ ਦਾ ਅੰਗੀਠਾ ਅੱਜ 23 ਅਗਸਤ ਨੂੰ ਸਵੇਰੇ 9 ਵਜੇ ਅਜੀਤਵਾਲ ਸ਼ਮਸ਼ਾਨਘਾਟ ਵਿਖੇ ਸੰਭਾਲਿਆ ਜਾਵੇਗਾ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਦਿੱਲੀ ਰੈਲੀ ਤੇ ਪਹਿਲੀ ਦੇ ਚੰਡੀਗੜ੍ਹ ਧਰਨੇ 'ਚ ਸ਼ਾਮਲ ਹੋਣ ਦਾ ਐਲਾਨ



**ਦੋਰਾਹਾ (ਹਰਮਿੰਦਰ ਸੇਠ)**-ਕੁੱਲ ਹਿੰਦ ਕਿਸਾਨ ਸਭਾ-1936 ਦੀ ਸੂਬਾ ਕੌਂਸਲ ਮੀਟਿੰਗ ਦੇ ਨਾਲ ਸੂਬਾ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ (ਸੰਗਰੂਰ) ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨ ਨਿਹਾਲਗੜ੍ਹ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਿਛਲੇ ਸਮੇਂ ਵਿੱਚ ਹੋਏ ਸੰਘਰਸ਼ ਤੇ ਕੰਮਾਂ ਦਾ ਲੇਖਾ ਜੋਖਾ ਪੇਸ਼ ਕਰਦੇ ਹੋਏ ਕਿਹਾ ਕਿ ਅਗਲੇ ਮਹੀਨੇ ਵਿੱਚ ਇਕ ਸਤੰਬਰ ਨੂੰ ਦਿੱਲੀ ਵਿੱਚ ਆਲ ਇੰਡੀਆ ਪੱਧਰ ਦੀ ਇੱਕ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਸਾਡੀ ਆਲ ਇੰਡੀਆ ਕਿਸਾਨ ਸਭਾ ਕੁੱਲ ਹਿੰਦ ਕਿਸਾਨ ਸਭਾ ਸਾਰੇ ਪੰਜਾਬ ਵਿੱਚੋਂ ਸ਼ਮੂਲੀਅਤ ਕਰੇਗੀ।

ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ 1 ਸਤੰਬਰ ਤੋਂ 7 ਸਤੰਬਰ ਤੱਕ ਇੱਕ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੀਆਂ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਹਿੱਸਾ ਲੈ ਰਹੀਆਂ ਹਨ।ਇਸ ਧਰਨੇ ਵਿੱਚ ਮੁੱਖ ਤੌਰ 'ਤੇ ਭਾਰਤ ਸਰਕਾਰ ਦੁਆਰਾ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਨਾ ਹੋਣ ਦੇਣ ਦਾ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਦੁਆਰਾ ਦਿੱਲੀ ਤੋਂ ਧਰਨਾ ਉਠਾਏ ਜਾਣ ਸਮੇਂ ਮੰਨੇ ਗਏ ਮੁੱਖ ਤੌਰ 'ਤੇ ਅਮਰੀਕਾ ਤੇ ਹੋਰ ਮੁਲਕਾਂ ਨਾਲ ਕੀਤੇ ਮੁਕਤ ਪਾਸ ਸਮਝੌਤੇ ਦਾ ਵਿਰੋਧ ਕਰਨਾ, ਕੇਂਦਰ ਸਰਕਾਰ ਦੁਆਰਾ ਕਿਸਾਨ ਅੰਦੋਲਨ ਵੇਲੇ ਮੰਗਾਂ ਨੂੰ ਲਿਖਤੀ ਤੌਰ 'ਤੇ ਮੰਨੀਆਂ ਮੰਗਾਂ ਦੇ ਲਿਖਤੀ ਭਰੋਸੇ ਨੂੰ ਆਉਣ ਵਿੱਚ ਲਿਆਉਣਾ, ਦਰਿਆਈ ਪਾਣੀਆਂ ਦਾ ਨਿਪਟਾਰਾ ਰਿਪੇਰੀਅਨ ਸਿਧਾਂਤ ਰਾਹੀਂ ਕਰਨਾ, ਬਿਜਲੀ ਤੇ ਬੀਜ ਬਿੱਲ ਰੱਦ ਕਰਨਾ ਇਸ ਦੇ ਨਾਲ ਨਾਲ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ 'ਤੇ ਲੀਕ ਫੇਰਨ, ਲੇਬਰ ਕੋਡ ਰੱਦ ਕਰਵਾਉਣ, ਮਨਰੇਗਾ ਕਾਨੂੰਨ ਬਹਾਲ ਕਰਾਉਣ, ਪੰਜਾਬ ਦੇ ਪਾਣੀਆਂ ਦੀ ਰੱਖਿਆ ਆਦਿ ਸਮੇਤ ਹੋਰ ਮੁੱਦੇ ਹੋਣਗੇ।ਇਸ ਸਮੇਂ ਕੁਲਵੰਤ ਸਿੰਘ ਮੌਲੀਵਾਲ (ਪਟਿਆਲਾ), ਜਸਵੀਰ ਝੱਜ ਤੇ ਚਮਕੌਰ ਸਿੰਘ ਬਰ੍ਹਮੀ (ਲੁਧਿਆਣਾ), ਜਸਵੀਰ ਸਿੰਘ ਅਕਲੀਆ (ਬਠਿੰਡਾ), ਬਲਵਿੰਦਰ ਸਿੰਘ ਤੇ ਸੁਰਿੰਦਰ ਸਿੰਘ (ਮੋਹਾਲੀ), ਗੁਰਨਾਮ ਸਿੰਘ ਔਲਖ (ਰੋਪੜ), ਨਿਰਮਲ ਸਿੰਘ (ਸੰਗਰੂਰ), ਤਰਲੋਕ ਸਿੰਘ ਭਧਿਆਣਾ (ਕਪੂਰਥਲਾ), ਗੁਰਦਿੱਤ ਸਿੰਘ ਸਿੱਧੂ (ਫਿਰੋਜ਼ਪੁਰ), ਜਸਵਿੰਦਰ ਸਿੰਘ ਭੰਗਲ (ਨਵਾਂ ਸ਼ਹਿਰ), ਗੁਰਪ੍ਰੀਤ ਸਿੰਘ ਗੰਢੀਵਿੰਡ (ਤਰਨ ਤਾਰਨ), ਇੰਦਰਜੀਤ ਸਿੰਘ ਗਿੱਲ ਫਰੀਦਕੋਟ ਜੁਝਾਰ ਸਿੰਘ ਕੁੱਕੜ ਮਾਜਰਾ (ਨਵਾਂ ਸ਼ਹਿਰ) ਤੇ ਜੋਗਿੰਦਰ ਸਿੰਘ (ਅੰਮ੍ਰਿਤਸਰ) ਆਦਿ ਨੇ ਆਪੋ ਆਪਣੇ ਜ਼ਿਲ੍ਹਿਆਂ ਦੀ ਤਿਆਰੀ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵੱਡੀ ਪੱਧਰ ਤੇ ਇੱਕ ਤਰੀਕ ਦਿੱਲੀ ਰੈਲੀ ਤੇ ਇੱਕ ਸਤੰਬਰ ਤੋਂ ਸੱਤ ਸਤੰਬਰ ਤੱਕ ਲਗਾਏ ਜਾ ਰਹੇ ਚੰਡੀਗੜ੍ਹ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

# ਲੋਕਾਂ ਦੇ ਬੁਨਿਆਦੀ ਮੁੱਦੇ ਉਠਾਉਣਾ ਮੀਡੀਆ ਦੀ ਤਰਜੀਹ ਬਣੇ : ਨੇਹਾ ਦੀਕਸ਼ਿਤ

## ਪੁਸਤਕ ਮੇਲੇ ਦੇ ਦੂਜੇ ਦਿਨ ਪਾਠਕਾਂ ਦੀ ਭੀੜ ਉਮੜੀ



**ਬਰਨਾਲਾ (ਰਾਜਿੰਦਰ ਬਰਾੜ)**-ਪ੍ਰਸਿੱਧ ਤਰਕਸ਼ੀਲ ਚਿੰਤਕ ਡਾ. ਨਰਿੰਦਰ ਦਾਭੋਲਕਰ ਦੀ ਯਾਦ ਵਿੱਚ ਸਥਾਨਕ ਤਰਕਸ਼ੀਲ ਭਵਨ ਵਿਖੇ ਚੱਲ ਰਹੇ ਤਿੰਨ ਰੋਜ਼ਾ ਪੁਸਤਕ ਮੇਲੇ ਦੇ ਦੂਜੇ ਦਿਨ ਪਾਠਕਾਂ ਵਿੱਚ ਅਗਾਂਹਵਧੂ ਸਾਹਿਤ ਖ੍ਰੀਦਣ ਵਿੱਚ ਭਰਵੀਂ ਰੁਚੀ ਵੇਖਣ ਨੂੰ ਮਿਲੀ।ਇਸ ਮੌਕੇ ਪਹਿਲੇ ਸੈਸ਼ਨ ਵਿੱਚ 'ਪੰਜਾਬੀ ਸਾਹਿਤ ਤੇ ਵਿਗਿਆਨਕ ਚੇਤਨਾ' ਵਿਸ਼ੇ ਦੇ ਮੁੱਖ ਬੁਲਾਰੇ ਸਾਬਕਾ ਪ੍ਰੋ. ਤੇ ਡੀਨ ਡਾ. ਰਾਜਿੰਦਰ ਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਸਾਹਿਤ ਵਿਗਿਆਨਕ ਚੇਤਨਾ ਨਾਲ ਭਰਿਆ ਪਿਆ ਹੈ ਤੇ ਅਜਿਹੇ ਅਗਾਂਹਵਧੂ ਸਾਹਿਤ ਨੇ ਪੰਜਾਬ ਸਮੇਤ ਸਮੁੱਚੀ ਦੁਨੀਆਂ 'ਚ ਲੋਕ ਪੱਖੀ ਕਿਰਤੀ, ਇਨਕਲਾਬੀ ਤੇ ਸਮਾਜਿਕ ਅੰਦੋਲਨਾਂ ਰਾਹੀਂ ਲੋਕ ਵਿਰੋਧੀ ਰਾਜ ਪ੍ਰਬੰਧ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਇਸ ਸੈਸ਼ਨ ਦੀ ਪ੍ਰਧਾਨਗੀ ਕਰਦੇ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਤਰਕਸ਼ੀਲਤਾ ਸਵਾਲ ਖੜੇ ਕਰਦੀ ਹੈ ਤੇ ਵਿਗਿਆਨ ਉਨ੍ਹਾਂ ਸਵਾਲਾਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਵਾਬ ਲੱਭ ਕੇ ਇਸ ਨੂੰ ਵਿਗਿਆਨਕ ਸਾਹਿਤ ਰਾਹੀਂ ਆਮ ਲੋਕਾਂ ਦੇ ਰੂਬਰੂ ਕਰਦਾ ਹੈ।ਇਸ ਤੋਂ ਪਹਿਲਾਂ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਪੰਜਾਬ ਵਿੱਚ ਅਜਿਹੇ ਪੁਸਤਕ ਮੇਲੇ ਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਉਪਰੰਤ ਮਰਹੂਮ ਪੱਤਰਕਾਰ ਗੌਰੀ ਲੰਕੇਸ਼ ਨੂੰ ਸਮਰਪਤ ਸੈਮੀਨਾਰ ਵਿੱਚ ਪੱਤਰਕਾਰ ਸ਼ਿਵਇੰਦਰ ਦੀ ਸੰਚਾਲਨਾ ਹੇਠ ਨਾਮਵਰ ਪੱਤਰਕਾਰ ਜਤਿੰਦਰ ਕੌਰ ਤੁੜ, ਨੇਹਾ ਦੀਕਸ਼ਿਤ ਤੇ ਅੰਸ਼ੁਲ ਛਤਰਪਤੀ ਦੇ ਮੀਡੀਆ ਪੈਨਲ ਵੱਲੋਂ 'ਮੀਡੀਆ ਤੇ ਫਿਰਕਾਪ੍ਰਸਤੀ' ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਪਾਸ ਕੀਤੇ ਇਕ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਮਨਿੰਦਰਜੀਤ ਸਿੱਧੂ 'ਤੇ ਪਾਏ ਝੂਠੇ ਕੇਸ ਰੱਦ ਕਰਨ ਦੀ ਮੰਗ ਵੀ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਦੇ 'ਅੰਧ ਵਿਸ਼ਵਾਸ਼ ਤੇ ਸਮਾਜ' ਵਿਸ਼ੇ 'ਤੇ ਪੋਸਟਰ ਮੁਕਾਬਲੇ ਕਰਵਾਏ ਗਏ ਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਤੇ ਤਰਕਸ਼ੀਲ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕ੍ਰਾਂਤੀ ਕਲਾ ਮੰਚ ਵੱਲੋਂ ਨੁੱਕੜ ਨਾਟਕ ਦਾ ਮੰਚਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਤੇ ਆਮ ਸ਼ਹਿਰੀਆਂ ਤੋਂ ਇਲਾਵਾ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋਂ, ਰਾਜਪਾਲ ਸਿੰਘ, ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ, ਕੁਲਜੀਤ ਫਾਜ਼ਿਲਕਾ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ, ਜੁਝਾਰ ਲੌਂਗੋਵਾਲ, ਮੋਹਨ ਬਡਲਾ, ਸੁਖਵਿੰਦਰ ਬਾਗਪੁਰ, ਮੇਘ ਰਾਜ ਮਿੱਤਰ, ਦੀਪ ਦਿਲਬਰ, ਅਮਿਤ ਮਿੱਤਰ, ਪਰਮ ਵੇਦ ਸੰਗਰੂਰ, ਬੂਟਾ ਸਿੰਘ ਵਾਕਫ਼, ਰਾਮ ਸਿੰਘ ਨਿਰਮਾਣ, ਜੋਰਾ ਸਿੰਘ ਨਸਰਾਲੀ, ਜਸਪਾਲ ਮਾਨਖੇੜਾ, ਤਰਸੇਮ ਬਰਨਾਲਾ, ਕਸਤੂਰੀ ਲਾਲ, ਰਾਮ ਸਿੰਘ ਬੰਗ ਆਦਿ ਹਾਜ਼ਰ ਸਨ।

# ਖੇਤੀਬਾੜੀ ਸੁਸਾਇਟੀ ਦੀ ਚੋਣ 'ਚ 'ਆਪ' ਚਾਰ ਸੀਟਾਂ ਲੈ ਕੇ ਸਭ ਤੋਂ ਅੱਗੇ

- ਅਕਾਲੀ, ਕਾਂਗਰਸ ਤੇ ਬਸਪਾ ਨੇ ਇੱਕ-ਇੱਕ ਸੀਟ 'ਤੇ ਖੋਲ੍ਹਿਆ ਖਾਤਾ
- ਚਾਰ ਸੀਟਾਂ 'ਤੇ ਆਜ਼ਾਦ ਉਮੀਦਵਾਰ ਜਿੱਤੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਥਾਨਕ ਖੇਤੀਬਾੜੀ ਕੋਆਪ੍ਰੇਟਿਵ ਸੁਸਾਇਟੀ ਦੀ ਲੰਘੇ ਦਿਨ ਹੋਈ ਚੋਣ ਵਿੱਚ 11 ਵਿੱਚੋਂ ਚਾਰ ਸੀਟਾਂ ਜਿੱਤ ਕੇ ਜਿੱਥੇ ਆਮ ਆਦਮੀ ਪਾਰਟੀ ਨੇ ਸਾਰਿਆਂ ਤੋਂ ਵੱਡੀ ਪਾਰਟੀ ਹੋਣ ਦਾ ਦਰਜਾ ਹਾਸਲ ਕਰ ਲਿਆ ਹੈ, ਉੱਥੇ ਚਾਰ ਆਜ਼ਾਦ ਉਮੀਦਵਾਰਾਂ ਦੇ ਜਿੱਤਣ ਸਮੇਤ ਕਾਂਗਰਸ, ਅਕਾਲੀ ਤੇ ਬਹੁਜਨ ਸਮਾਜ ਪਾਰਟੀ ਵੀ ਇੱਕ ਇੱਕ ਸੀਟ ਦਾ ਖਾਤਾ ਖੋਲ੍ਹਣ ਵਿੱਚ ਕਾਮਯਾਬ ਹੋਏ ਦੱਸੇ ਜਾ ਰਹੇ ਹਨ।ਭਾਵੇਂ ਇਥੋਂ ਦੇ ਸਥਾਨਕ ਚੱਠਾ ਮੁਹੱਲੇ ਤੋਂ ਚੋਣ ਜਿੱਤਣ ਵਾਲੇ ਉਨ੍ਹਾਂ ਦੋ ਆਜ਼ਾਦ ਮੈਂਬਰਾਂ, ਜਿਨ੍ਹਾਂ ਨੂੰ ਸੁਖਬੀਰ ਸਿੰਘ ਚੱਠਾ ਤੇ ਖੁਸ਼ਦੀਪ ਸਿੰਘ ਚੱਠਾ ਵਰਗੇ ਲੀਡਰਾਂ ਦੀ ਹਮਾਇਤ ਹਾਸਲ ਸੀ, ਵੱਲੋਂ ਸੋਸਾਇਟੀ ਵਿੱਚ ਆਮ ਆਦਮੀ ਪਾਰਟੀ ਨਾਲ ਚੱਲਣ ਦਾ ਐਲਾਨ ਕਰਨ ਪਿੱਛੋਂ ਪ੍ਰਧਾਨਗੀ ਦੀ ਚੋਣ ਲਈ ਪੰਜਾਬ ਦੀ ਸਤਾ ਧਿਰ ਦਾ ਪੱਲੜਾ ਕਾਫੀ ਭਾਰਾ ਪ੍ਰਤੀਤ ਹੋ ਰਿਹਾ ਹੈ, ਪ੍ਰੰਤੂ ਫਿਰ ਵੀ ਫੈਸਲੇ ਦੀ ਘੜੀ ਤੱਕ ਕਦੋਂ ਕਿਸੇ ਦੀ ਸਿੱਧੀ ਬਾਜੀ ਪਲਟ ਕੇ ਪੁੱਠੀ ਹੋ ਜਾਵੇ ਸਿਆਸਤ ਵਿੱਚ ਇਸ ਬਾਰੇ ਦਾਅਵੇ ਨਾਲ ਕੁਝ ਵੀ ਕਹਿ ਸਕਣਾ ਔਖਾ ਹੈ।ਜ਼ਿਕਰਯੋਗ ਹੈ ਕਿ ਉਕਤ ਸੁਸਾਇਟੀ ਦੀ ਪਿਛਲੇ ਦਿਨੀਂ ਸ਼ੁਰੂ ਹੋਈ ਚੋਣ ਪ੍ਰਕਿਰਿਆ ਦੇ ਚਲਦਿਆਂ ਦੋ ਵਿਅਕਤੀਆਂ ਸਮੁੰਦ ਸਿੰਘ ਗਿੱਲ ਤੇ ਉਸ ਦੇ ਇੱਕ ਹੋਰ ਸਾਥੀ ਨੂੰ ਪੁਲਸ ਵੱਲੋਂ ਦਰਜ ਇੱਕ ਮਾਮਲੇ ਵਿੱਚ ਗ੍ਰਿਫਤਾਰ ਕਰਕੇ ਸਥਾਨਕ ਸਮਰੱਥ ਅਧਿਕਾਰੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ।ਇਹੋ ਹੀ ਵਜ੍ਹਾ ਸੀ ਕਿ ਉਕਤ ਦੋਵੇਂ ਵਿਅਕਤੀ ਚੋਣ ਨਹੀਂ ਸਨ ਲੜ ਸਕੇ।ਮਿਲੀ ਜਾਣਕਾਰੀ ਅਨੁਸਾਰ ਤਲਵੰਡੀ ਸਾਬੋ ਸਮੇਤ ਤਿੰਨ ਪਿੰਡਾਂ ਉੱਪਰ ਅਧਾਰਤ ਇਸ ਸੋਸਾਇਟੀ ਦੇ ਵੋਟ ਪਾਉਣ ਯੋਗ ਵੋਟਰਾਂ ਦੀ ਗਿਣਤੀ ਅੰਦਾਜਨ 600 ਤੋਂ ਉੱਪਰ ਦੱਸੀ ਜਾ ਰਹੀ ਹੈ ਤੇ ਲਗਭਗ ਇਤਨੇ ਹੀ ਹੋਰ ਕਿਸਾਨ ਵੋਟਰ ਹਨ ਜਿਹੜੇ ਲੈਣ ਦੇਣ ਨਾ ਹੋਣ ਜਾਂ ਡਿਫਾਲਟਰ ਹੋਣ ਦੀ ਵਜ੍ਹਾ ਕਰਕੇ ਵੋਟਾਂ ਪਾਉਣ ਦੇ ਹੱਕ ਤੋਂ ਵਾਂਝੇ ਚੱਲੇ ਆ ਰਹੇ ਹਨ।ਹੱਥਲੀ ਤਾਜ਼ਾ ਚੋਣ ਵਿੱਚ ਜੇਤੂ ਰਹਿਣ ਵਾਲਿਆਂ ਦੀ ਲਿਸਟ ਵਿੱਚ ਗੁਰਜੰਟ ਸਿੰਘ ਮਲਕਾਣਾ, ਜਸਵੰਤ ਸਿੰਘ ਗਿੱਲ, ਸੰਦੀਪ ਸਿੰਘ, ਜਗਰੂਪ ਸਿੰਘ, ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ, ਨੱਥਾ ਸਿੰਘ, ਬਿੰਦਰ ਕੌਰ, ਰਣਜੀਤ ਕੌਰ, ਲਖਬੀਰ ਸਿੰਘ ਤੇ ਕੁਲਦੀਪ ਸਿੰਘ ਦੇ ਨਾਮ ਸ਼ਾਮਲ ਹਨ।

# ਫ਼ਿਰਕੂ ਅਧਾਰ 'ਤੇ ਹੋਈ ਪੰਜਾਬ ਦੀ ਵੰਡ ਦੇ ਵਿਰੋਧ ਦੇ ਵਿਸ਼ੇ 'ਤੇ ਹੋਇਆ ਸੈਮੀਨਾਰ

**ਚੰਡੀਗੜ੍ਹ (ਸੁਰਜੀਤ ਸੁਮਨ)**- ਯੂਨਾਈਟਿਡ ਪੰਜਾਬੀ ਆਰਗੇਨਾਈਜ਼ੇਸ਼ਨ (ਰਜਿ). ਚੰਡੀਗੜ੍ਹ ਵੱਲੋਂ ਆਈ.ਡੀ.ਸੀ. (ਚੰਡੀਗੜ੍ਹ) ਦੇ ਸਹਿਯੋਗ ਨਾਲ ਫ਼ਿਰਕੂ ਅਧਾਰ 'ਤੇ ਹੋਈ ਪੰਜਾਬ ਦੀ ਵੰਡ ਦਾ ਵਿਰੋਧ ਕਰਨ ਵਾਲ਼ੇ ਪੰਜਾਬੀ ਸਿਆਸਤਦਾਨਾਂ, ਖ਼ਾਸ ਕਰਕੇ ਸਰ ਛੋਟੂ ਰਾਮ ਤੇ ਸਰ ਖ਼ਿਜ਼ਰ ਹਯਾਤ ਖ਼ਾਨ ਟਿਵਾਣਾ ਦੇ ਨਜ਼ਰੀਏ ਅਤੇ ਇਸ ਦੀ ਅਜੋਕੇ ਦੌਰ ਵਿੱਚ ਪ੍ਰਸੰਗਿਕਤਾ ਵਿਸ਼ੇ ਬਾਰੇ ਵਿਚਾਰ ਚਰਚਾ ਸਮਾਗਮ ਕਰਵਾਇਆ ਗਿਆ। ਇਸ ਦਾ ਆਗਾਜ਼ ਕਰਦੇ ਹੋਏ ਸੰਸਥਾ ਦੇ ਬਾਨੀ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਸਲਿਆਂ ਨਾਲ ਸੰਜੀਦਗੀ ਨਾਲ਼ ਜੁੜੇ ਹੋਏ ਪੰਜਾਬੀ ਦੇ ਨਾਮਵਰ ਲੇਖਕ ਤੇ ਚਿੰਤਕ ਹਰਵਿੰਦਰ ਸਿੰਘ ਨੇ ਕਿਹਾ ਕਿ ਇਸ ਸੰਸਥਾ ਦਾ ਮੰਤਵ ਸੂਫ਼ੀਆਂ, ਗੁਰੂਆਂ, ਭਗਤਾਂ ਤੇ ਲੋਕ ਨਾਇਕਾਂ ਵੱਲੋਂ ਪੈਦਾ ਕੀਤੀਆਂ ਨਿੱਗਰ ਤੇ ਉੱਚੀ-ਸੁੱਚੀ ਇਨਸਾਨੀ ਸਾਂਝੀਵਾਲਤਾ ਬਰਕਰਾਰ ਰੱਖਣ ਵਾਲੀਆਂ ਕਦਰਾਂ ਕੀਮਤਾਂ ਦੀ ਪ੍ਰੇਰਨਾ 'ਤੇ ਅਧਾਰਤ ਅਮਲਯੋਗ ਕਾਰਜ ਕਰਨਾ ਹੈ। ਇਸੇ ਲੜੀ ਅਧੀਨ ਪੰਜਾਬ ਦੀ ਦਰਦਨਾਕ ਵੰਡ ਦੇ ਸੰਦਰਭ ਵਿੱਚ ਇਸ ਸਮਾਗਮ ਰਾਹੀਂ ਇਸ ਵੰਡ ਦਾ ਵਿਰੋਧ ਕਰਨ ਅਤੇ ਹਿੰਦੂ-ਮੁਸਲਿਮ-ਸਿੱਖ ਭਾਈਚਾਰਾ ਤੇ ਸਾਂਝੀਵਾਲਤਾ ਬਰਕਰਾਰ ਰੱਖਣ ਵਾਲੇ ਲੋਕਾਂ, ਦਾਨਸ਼ਵਰਾਂ ਤੇ ਸਿਆਸੀ ਸ਼ਖ਼ਸੀਅਤਾਂ ਦੇ ਯੋਗਦਾਨ ਨੂੰ ਯਾਦ ਕਰਨਾ, ਉਹਨਾਂ ਤੋਂ ਸੇਧ ਲੈ ਕੇ ਅਜੋਕੇ ਦੌਰ ਵਿੱਚ ਭਾਈਚਾਰਕ ਏਕਤਾ ਤੇ ਅਮਨ ਲਈ ਅਮਲਯੋਗ ਉਪਰਾਲੇ ਕਰਨਾ ਹੈ। ਮੁਖ ਸੁਰ ਭਾਸ਼ਣ ਵਕਤਾ ਵਜੋਂ ਆਈ.ਡੀ.ਸੀ. ਦੇ ਡਾਇਰੈਕਟਰ ਡਾ. ਪ੍ਰਮੋਦ ਕੁਮਾਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵਿੱਚ ਉਨ੍ਹਾਂ ਦੀ ਧਾਰਮਿਕ ਪਛਾਣ ਦੇ ਨਾਲ ਨਾਲ ਭਾਈਚਾਰਕ ਸਾਂਝ ਮਜ਼ਬੂਤ ਰਹੀ ਹੈ। ਬੇਸ਼ੱਕ ਕੁਝ ਖਾਸ ਫਿਰਕੂ ਤੇ ਹਾਕਮ ਧਿਰਾਂ ਧਰਮ ਨੂੰ ਅਧਾਰ ਬਣਾ ਕੇ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਸਰ ਛੋਟੂ ਰਾਮ ਤੇ ਸਰ ਖ਼ਿਜ਼ਰ ਹਯਾਤ ਖ਼ਾਨ ਟਿਵਾਣਾ ਦੀਆਂ ਪੰਜਾਬ ਦੀ ਵੰਡ ਦਾ ਵਿਰੋਧ ਕਾਰਨ ਵਾਲੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਅੰਗਰੇਜ਼ਾਂ ਨੇ ਪੰਜਾਬ ਦੀ ਵੰਡ ਗਿਣੀ-ਮਿਥੀ ਸਾਜਿਸ਼ ਅਧੀਨ ਕੀਤੀ ਸੀ। ਡਾ. ਰੌਣਕੀ ਰਾਮ ਨੇ ਕਿਹਾ ਕਿ ਅੰਗਰੇਜ਼ਾਂ ਨੇ ਪੰਜਾਬ ਨੂੰ ਦੋ ਵਾਰੀ ਤਬਾਹ ਕੀਤਾ ਹੈ। ਪਹਿਲੀ ਵਾਰੀ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਹਿੰਦੂ-ਮੁਸਲਿਮ-ਸਿੱਖ ਏਕਤਾ 'ਤੇ ਅਧਾਰਤ ਰਾਜ ਖਤਮ ਕੀਤਾ ਤੇ ਦੂਜੀ ਵਾਰੀ 1947 ਵਿੱਚ ਫਿਰਕੂ ਅਧਾਰ 'ਤੇ ਪੰਜਾਬ ਦੀ ਵੰਡ ਕਰਕੇ ।ਪੰਜਾਬ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਨੇ ਕਿਹਾ ਕਿ ਸਰ ਛੋਟੂ ਰਾਮ ਤੇ ਸਰ ਖਿਜ਼ਰ ਹਯਾਤ ਖਾਨ ਟਿਵਾਣਾ ਪੰਜਾਬ ਦੀ ਫਿਰਕੂ ਏਕਤਾ ਤੇ ਕਿਸਾਨ ਪੱਖੀ ਵਿਰਾਸਤ ਦੇ ਵਾਰਸ ਹਨ। ਉਹਨਾਂ ਵੱਲੋਂ ਕਿਸਾਨ ਵਿਰੋਧੀ ਕਾਨੂੰਨ ਨੂੰ ਤੋੜ ਕੇ ਉਨ੍ਹਾਂ ਦੀ ਥਾਂ ਕਿਸਾਨ ਪੱਖੀ ਕਾਨੂੰਨ ਬਣਾਉਣਾ ਵੱਡਾ ਇਤਿਹਾਸਕ ਯੋਗਦਾਨ ਹੈ ਅਤੇ ਇਹ ਕਾਨੂੰਨ, ਖੇਤੀ ਕਾਨੂੰਨਾਂ ਦੀ ਬੁਨਿਆਦ ਹਨ। ਡਾ. ਮਨਮੋਹਨ ਨੇ ਕਿਹਾ ਕਿ ਸਮਲਿਤ ਸੱਭਿਆਚਾਰਕ ਵਿਰਾਸਤ ਵਾਲ਼ਾ ਪੰਜਾਬ ਹਮੇਸ਼ਾ ਤੋਂ ਸਾਂਝੀਵਾਲਤਾ ਦੇ ਰਾਹ 'ਤੇ ਚਲਦਾ ਆਇਆ ਹੈ । ਸਾਰੇ ਵਿਦਵਾਨ ਇਸ ਗੱਲ 'ਤੇ ਇੱਕਮੱਤ ਸਨ ਕਿ ਦੇਸ਼ ਦੀ ਵੰਡ ਦਾ ਸਖਤ ਵਿਰੋਧ ਕਰਨ ਵਾਲ਼ੇ ਉਸ ਸਮੇਂ ਦੇ ਪੰਜਾਬ ਦੇ ਸਿਰਕੱਢ ਕਿਸਾਨ ਆਗੂ ਸਰ ਛੋਟੂ ਰਾਮ ਤੇ ਸਰ ਖਿਜ਼ਰ ਹਯਾਤ ਟਿਵਾਣਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅੱਜ ਵੀ ਦੇਸ਼ ਦੇ ਲੋਕਾਂ ਵਿੱਚ ਧਰਮ ਦੇ ਅਧਾਰ 'ਤੇ ਵੰਡੀਆਂ ਪਾਉਣ ਦੀ ਬਜਾਏ ਪੰਜਾਬ ਦੇ ਕਿਸਾਨ-ਮਜ਼ਦੂਰ ਪੱਖੀ ਵਿਕਾਸ ਨੀਤੀਆਂ ਬਣਾਉਣ ਅਤੇ ਅਮਲ ਵਿਚ ਲਿਆਉਣ ਦੇ ਉਪਰਾਲੇ ਕਰਵਾਏ ਜਾਣ ਤਾਂ ਜੋ ਉਨ੍ਹਾਂ ਨੂੰ ਕਰਜ਼ੇ ਦੇ ਜਾਲ਼ ਵਿੱਚੋਂ ਕੱਢਿਆ ਜਾ ਸਕੇ। ਇਸ ਪ੍ਰੋਗਰਾਮ ਵਿੱਚ ਪ੍ਰੇਮ ਸਿੰਘ ਘੜਾਮਾਂ, ਕ੍ਰਿਸ਼ਨ ਸਿੰਘ ਸਨੌਰ, ਹਰਵਿੰਦਰ ਸਿੰਘ ਜੋਗੀਪੁਰ, ਦਵਿੰਦਰ ਬੋਹਾ, ਅਵਤਾਰ ਸਿੰਘ ਪਤੰਗ, ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਮੰਚ ਸੰਚਾਲਨ ਪੰਜਾਬੀ ਦੇ ਨਾਮਵਰ ਸ਼ਾਇਰ ਜਗਦੀਪ ਸਿੱਧੂ ਨੇ ਬਾਖ਼ੂਬੀ ਨਿਭਾਇਆ।



# ਸ੍ਰੀ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਰਤਨ ਸਮਾਗਮ ਕਰਵਾਇਆ




**ਫਿਲੌਰ (ਨਿਰਮਲ)**- ਇੱਥੇ ਨਵੀਂ ਦਾਣਾ ਮੰਡੀ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਰਤਨ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਭਾਈ ਗੁਰਮੀਤ ਸਿੰਘ ਨੇ ਗੁਰਬਾਣੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ 'ਤੇ ਅਧਾਰਤ ਕਥਾ ਪ੍ਰਵਚਨ ਕੀਤੇ। ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਅਤੇ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ ਵਾਲਿਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਆਮ ਆਦਮੀ ਪਾਰਟੀ ਫਿਲੌਰ ਦੀ ਹਲਕਾ ਇੰਚਾਰਜ ਬੀਬਾ ਹਰਜੋਤ ਕੌਰ ਲੋਹਟੀਆ, ਡੀ ਸੀ ਜਲੰਧਰ ਵਰਜੀਤ ਸਿੰਘ ਵਾਲੀਆ, ਐਸ ਡੀ ਐਮ ਫ਼ਿਲੌਰ ਡਾ. ਦੀਪਕ ਭਾਟੀਆ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਮੰਚ 'ਤੇ ਸੁਸ਼ੋਭਿਤ ਸੰਤਾਂ ਮਹਾਪੁਰਸ਼ਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ। ਅੱਤ ਦੀ ਗਰਮੀ ਦੇ ਬਾਵਜੂਦ ਸੈਂਕੜਿਆਂ ਦੀ ਗਿਣਤੀ ਵਿਚ ਇਕੱਤਰ ਸੰਗਤਾਂ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ। ਬੀਬਾ ਹਰਜੋਤ ਕੌਰ ਲੋਹਟੀਆ ਨੇ ਆਈਆਂ ਸੰਗਤਾਂ ਦਾ ਉਚੇਚਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਪੰਕਜ ਲੋਹਟੀਆ, ਤਾਰਾ ਚੰਦ ਜੱਖੂ, ਸੁਖਦੀਪ ਸਿੰਘ ਅੱਪਰਾ, ਰੌਸ਼ਨ ਲਾਲ ਰੋਸ਼ੀ, ਯਸ਼ ਪਾਲ ਗਿੰਡਾ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਪਰਮਜੀਤ ਭਾਰਤੀ, ਵਰਿੰਦਰ ਸੈਣੀ, ਮਨੀ ਧਾਲੀਵਾਲ, ਪਰਮਿੰਦਰ ਮਾਹਲ, ਪ੍ਰਦੀਪ ਦੁੱਗਲ, ਤਰਲੋਕ ਸਿੰਘ ਵਿਰਕ, ਮੇਲਾ ਸਿੰਘ ਰੁੜਕਾ, ਰਿੰਕਾ ਪਾਸੀ, ਰਾਮਜੀ ਦਾਸ ਗੰਨਾ ਪਿੰਡ, ਪ੍ਰਧਾਨ ਹਰਮੇਸ਼ ਆਦਿ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਆਦਮਪੁਰ ਹਾਈਵੇ ਲਈ 4 ਕਰੋੜ 96 ਲੱਖ ਮਨਜ਼ੂਰ : ਪਵਨ ਟੀਨੂੰ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਨੈਸ਼ਨਲ ਹਾਈਵੇਅ ਦੇ ਸੁਧਾਰ ਲਈ ਆਖ਼ਰਕਾਰ ਵੱਡੀ ਸਫ਼ਲਤਾ ਮਿਲ ਗਈ ਹੈ। ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਦੀ ਸਖਤ ਮਿਹਨਤ ਅਤੇ ਸੂਬੇ ਦੇ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਦੀ ਪਹਿਲਕਦਮੀ ਨਾਲ ਆਦਮਪੁਰ ਹਾਈਵੇ ਬਣਾਉਣ ਲਈ ਕਰੋੜਾਂ ਰੁਪਏ ਮਨਜ਼ੂਰ ਹੋਏ ਹਨ। ਬਲਾਕ ਸੰਮਤੀ ਦਫਤਰ ਆਦਮਪੁਰ ਵਿਖੇ ਸ਼ਹਿਰ ਵਾਸੀਆਂ ਨਾਲ ਕੀਤੀ ਮੀਟਿੰਗ ਦੌਰਾਨ ਵਿਸ਼ੇਸ਼ ਮੀਟਿੰਗ ਦੌਰਾਨ ਹਲਕਾ ਇੰਚਾਰਜ ਟੀਨੂੰ ਨੇ ਦੱਸਿਆ ਕਿ ਬਰਸਾਤ ਦੇ ਦਿਨਾਂ ਆਮ ਆਵਾਜਾਈ ਦੌਰਾਨ ਸਥਾਨਕ ਇਲਾਕਾ ਨਿਵਾਸੀਆਂ ਨੂੰ ਆ ਰਹੀਆਂ ਭਾਰੀ ਮੁਸ਼ਕਲਾਂ ਨੂੰ ਦੇਖਦਿਆਂ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਜਾ ਰਿਹਾ ਸੀ।

ਪੰਜਾਬ ਦੇ ਮੁੱਖ ਮੰਤਰੀ ਵੱਲੋਂ ਨੈਸ਼ਨਲ ਹਾਈਵੇਅ ਦੇ ਉੱਚ ਅਧਿਕਾਰੀਆਂ ਗੱਲਬਾਤ ਕਰਨ ਅਤੇ ਲਿਖਤੀ ਅਪੀਲ ਤੋਂ ਬਾਅਦ ਇਸ ਪ੍ਰਕਿਰਿਆ ਨੂੰ ਤੇਜ਼ੀ ਨਾਲ ਪ੍ਰਵਾਨਗੀ ਮਿਲੀ ਹੈ। ਇਸ ਪ੍ਰੋਜੈਕਟ ਲਈ 4 ਕਰੋੜ 91 ਲੱਖ 6 ਹਜ਼ਾਰ 131 ਰੁਪਏ ਦੀ ਸਰਕਾਰੀ ਸੈਕਸ਼ਨ ਲਿਖਤੀ ਤੌਰ 'ਤੇ ਜਾਰੀ ਕਰ ਦਿੱਤੀ ਗਈ ਹੈ। ਟੀਨੂ ਨੇ ਕਿਹਾ ਕੀ ਇਸ ਮਾਮਲੇ ਸੰਬੰਧੀ ਪੀ.ਡਬਲਯੂ.ਡੀ. ਮੰਤਰੀ, ਚੀਫ਼ ਇੰਜੀਨੀਅਰ ਅਤੇ ਨੈਸ਼ਨਲ ਹਾਈਵੇਅ ਦੇ ਅਧਿਕਾਰੀਆਂ ਦੀ ਚੰਡੀਗੜ੍ਹ ਵਿਖੇ ਹੋਈ ਅਹਿਮ ਮੀਟਿੰਗ ਤੋਂ ਬਾਅਦ ਅਗਲੇ ਕੁਝ ਹੀ ਦਿਨਾਂ ਵਿੱਚ ਟੈਂਡਰ ਜਾਰੀ ਕਰ ਦਿੱਤਾ ਜਾਵੇਗਾ। ਆਪ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ, ਗੁਰਮੀਤ ਸਿੰਘ ਮੀਤ ਹੇਅਰ, ਡਾ. ਰਾਜਕੁਮਾਰ ਚੱਬੇਵਾਲ ਅਤੇ ਹੋਰ ਆਗੂਆਂ ਵੱਲੋਂ ਦਿੱਲੀ ਵਿਖੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਗਈ ਸੀ। ਆਦਮਪੁਰ ਫ਼ਲਾਈਓਵਰ ਦਾ ਨਵਾਂ ਐਸਟੀਮੇਟ ਅਤੇ ਡਿਜ਼ਾਈਨ ਪਾਸ ਕਰਵਾ ਕੇ ਕੇਂਦਰ ਸਰਕਾਰ ਕੋਲ ਭੇਜ ਦਿੱਤਾ ਗਿਆ ਹੈ।

ਸੜਕ ਦਾ ਕੰਮ ਸ਼ੁਰੂ ਹੁੰਦਿਆਂ ਹੀ ਫਲਾਈਓਵਰ ਦਾ ਨਿਰਮਾਣ ਵੀ ਜਲਦ ਸ਼ੁਰੂ ਹੋਣ ਦੀ ਉਮੀਦ ਹੈ। ਇਸ ਮੌਕੇ ਬਲਾਕ ਸੰਮਤੀ ਦੇ ਚੇਅਰਮੈਨ ਦਲਜੀਤ ਸਿੰਘ ਮਿਨਹਾਸ, ਹਰਕੀਤ ਸਿੰਘ ਹਲਕਾ ਕੋਆਰਡੀ ਨੇਟਰ ਕਿਸਾਨ ਵਿੰਗ, ਕਮਲਜੀਤ ਸਲਾਲਾ ਵਾਈਸ ਚੇਅਰਮੈਨ, ਪ੍ਰਧਾਨ ਚਰਨਜੀਤ ਸ਼ੇਰੀ ਸਿੰਘ, ਕੌਂਸਲਰ ਅਮਰੀਕ ਸਿੰਘ, ਕੌਂਸਲਰ ਬਿਕਰਮ ਬੱਧਣ, ਕੌਂਸਲਰ ਪਵਿੱਤਰ ਸਿੰਘ, ਕੌਂਸਲਰ ਜੋਗਿੰਦਰ ਸਿੰਘ, ਮੋਹਨ ਲਾਲ ਸੰਮਤੀ ਮੈਂਬਰ, ਆਕਾਸ਼ਦੀਪ ਆਸ਼ੂ ਬਲਾਕ ਪ੍ਰਧਾਨ, ਲਖਬੀਰ ਸਿੰਘ ਸਾਬਕਾ ਸਰਪੰਚ ਸਾਰੋਵਾਹਦ, ਪੰਕਜ ਹਨੀ ਬਲਾਕ ਪ੍ਰਧਾਨ, ਤਰਸੇਮ ਸਿੰਘ ਚੁਖਿਆਰਾ, ਹੈਪੀ ਹਰੀਪੁਰ, ਰਕੇਸ਼ ਅਗਰਵਾਲ ਆਪ ਆਗੂ, ਅਵਤਾਰ ਸਿੰਘ ਤਾਰੀ, ਸਰਪੰਚ ਜਸਪ੍ਰੀਤ ਸਿੰਘ ਲੁਟੇਰਾ ਕਲਾਂ, ਸਮੇਤ ਪਾਰਟੀ ਮੈਂਬਰ ਵੱਡੀ ਗਿਣਤੀ ਵਿਚ ਹਾਜ਼ਰ ਹੋਏ।

# ਸੰਧਵਾਂ ਨੇ ਸੀ ਜੇ ਪੀ ਵਲੰਟੀਅਰਾਂ 'ਤੇ ਹੋਏ ਹਿੰਸਕ ਹਮਲੇ ਸੰਬੰਧੀ ਫੌਰੀ ਕਾਰਵਾਈ ਦੀ ਕੀਤੀ ਮੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜੈਪੁਰ ਜ਼ਿਲ੍ਹੇ ਦੇ ਰਾਮਪੁਰਾ ਕੰਵਰਪੁਰਾ ਵਿੱਚ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸਹਿ-ਕਨਵੀਨਰ ਆਸ਼ੂਤੋਸ਼ ਰੰਕਾ ਅਤੇ ਉਨ੍ਹਾਂ ਦੇ ਨਾਲ ਆਏ ਵਲੰਟੀਅਰਾਂ 'ਤੇ ਹੋਏ ਕਥਿਤ ਹਮਲੇ ਦੀਆਂ ਰਿਪੋਰਟਾਂ ਤੋਂ ਬਾਅਦ ਅਧਿਕਾਰਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਰਾਜਸਥਾਨ ਦੇ ਮੁੱਖ ਮੰਤਰੀ ਤੋਂ ਇਸ ਮੰਦਭਾਗੀ ਘਟਨਾ ਦੀ ਉੱਚ ਪੱਧਰੀ ਨਿਰਪੱਖ ਜਾਂਚ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰੀ ਸਕੂਲ ਦੇ ਬੁਨਿਆਦੀ ਢਾਂਚੇ ਦਾ ਨਿਰੀਖਣ ਕਰਨ ਲਈ ਜਾ ਰਹੇ ਸੀ ਜੇ ਪੀ ਵਲੰਟੀਅਰ ਦੇ ਵਾਹਨਾਂ ਨੂੰ ਰੋਕਿਆ ਗਿਆ ਅਤੇ ਭੰਨਤੋੜ ਕੀਤੀ ਗਈ, ਜਿਸ ਕਾਰਨ ਕਈ ਵਿਅਕਤੀ ਜ਼ਖਮੀ ਵੀ ਹੋ ਗਏ। ਸੀ ਜੇ ਪੀ ਆਗੂਆਂ ਨੇ ਜਨਤਕ ਤੌਰ 'ਤੇ ਹੋਈ ਇਸ ਭੰਨਤੋੜ ਦਾ ਕਾਰਨ ਰਾਜਨੀਤਿਕ ਵਿਰੋਧੀਆਂ ਨੂੰ ਦੱਸਿਆ ਹੈ ਅਤੇ ਸਥਾਨਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੀ ਭੂਮਿਕਾ 'ਤੇ ਵੀ ਸਵਾਲ ਉਠਾਏ ਹਨ। ਸਪੀਕਰ ਸੰਧਵਾਂ ਨੇ ਇਸ ਮੰਦਭਾਗੀ ਘਟਨਾ ਅਤੇ ਰਾਜਨੀਤਿਕ ਹਿੰਸਾ ਦੀਆਂ ਰਿਪੋਰਟਾਂ 'ਤੇ ਚਿੰਤਾ ਪ੍ਰਗਟਾਈ ਅਤੇ ਜਨਤਕ ਵਿਵਸਥਾ, ਲੋਕਤੰਤਰੀ ਸ਼ਮੂਲੀਅਤ ਦੇ ਨਾਲ-ਨਾਲ ਜਨਤਕ ਨੁਮਾਇੰਦਿਆਂ ਦੀ ਸੁਰੱਖਿਆ ਨੂੰ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਪੀਕਰ ਨੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਯਕੀਨੀ ਬਣਾਉਣ ਲਈ ਮਾਮਲੇ ਦੀ ਪੂਰੀ ਅਤੇ ਨਿਰਪੱਖ ਜਾਂਚ ਕਰਨ ਦੀ ਅਪੀਲ ਕੀਤੀ ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਅਧਿਆਪਕਾਂ ਦੀ ਖਿੱਚ-ਧੂਹ ਤੇ ਤਸ਼ੱਦਦ ਦੀ ਸਖ਼ਤ ਨਿਖੇਧੀ

**ਜਲੰਧਰ (ਸ਼ੈਲੀ ਐਲਬਰਟ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ ਅਤੇ ਪ੍ਰੈਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦੇ ਬਾਹਰ ਨਿਆਂ ਦੀ ਮੰਗ ਕਰ ਰਹੇ 180 ਈ ਟੀ ਟੀ ਅਧਿਆਪਕਾਂ ਨਾਲ ਕੀਤੀ ਗਈ ਕਥਿਤ ਧੱਕੇਸ਼ਾਹੀ ਅਤੇ ਤਸ਼ੱਦਦ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ।ਯੂਨੀਅਨ ਨੇ ਕਿਹਾ ਕਿ ਆਪਣੇ ਹੱਕਾਂ ਅਤੇ ਨਿਆਂ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਅਧਿਆਪਕਾਂ ਨਾਲ ਪੁਲਸ ਵੱਲੋਂ ਕਥਿਤ ਤੌਰ 'ਤੇ ਬਦਸਲੂਕੀ, ਖਿੱਚ-ਧੂਹ ਅਤੇ ਮਾਰਕੁੱਟ ਕੀਤੀ ਗਈ। ਮਹਿਲਾ ਅਧਿਆਪਕਾਂ ਨਾਲ ਵੀ ਕਥਿਤ ਤੌਰ 'ਤੇ ਬੁਰੀ ਤਰ੍ਹਾਂ ਖਿੱਚ-ਧੂਹ ਕੀਤੀ ਗਈ। ਇਸ ਦੌਰਾਨ ਪ੍ਰਦਰਸ਼ਨ ਕਰ ਰਹੇ ਅਧਿਆਪਕਾਂ ਨੂੰ ਜ਼ਬਰਦਸਤੀ ਚੁੱਕ ਕੇ ਪੁਲਸ ਦੀਆਂ ਗੱਡੀਆਂ ਵਿੱਚ ਸੁੱਟੇ ਜਾਣ ਅਤੇ ਪੱਗਾਂ ਦੀ ਬੇਅਦਬੀ ਕੀਤੇ ਜਾਣ ਦੇ ਦੋਸ਼ ਵੀ ਸਾਹਮਣੇ ਆਏ ਹਨ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਕਿਹਾ ਕਿ ਅਧਿਆਪਕ ਆਪਣੇ ਹੱਕਾਂ ਲਈ ਆਵਾਜ਼ ਉਠਾ ਰਹੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਸੁਣਨ ਦੀ ਬਜਾਏ ਜੇਕਰ ਸਰਕਾਰ ਪੁਲਸੀ ਤਾਕਤ ਦੀ ਵਰਤੋਂ ਕਰਦੀ ਹੈ ਤਾਂ ਇਹ ਲੋਕਤੰਤਰਕ ਹੱਕਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 180 ਅਧਿਆਪਕਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਪ੍ਰਦਰਸ਼ਨ ਦੌਰਾਨ ਹੋਈ ਕਥਿਤ ਧੱਕੇਸ਼ਾਹੀ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।ਯੂਨੀਅਨ ਨੇ ਸਪੱਸ਼ਟ ਕੀਤਾ ਕਿ ਅਧਿਆਪਕਾਂ ਦੇ ਹੱਕਾਂ ਦੀ ਲੜਾਈ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇਗਾ ਅਤੇ ਜਦੋਂ ਤੱਕ ਇਨਸਾਫ਼ ਨਹੀਂ ਮਿਲਦਾ, ਸੰਘਰਸ਼ ਜਾਰੀ ਰਹੇਗਾ।



# ਸਾਬਕਾ ਪ੍ਰਿੰਸੀਪਲ ਪ੍ਰੋ. ਗੁਰਚਰਨ ਸਿੰਘ ਸਿੰਧੜ ਨਮਿਤ ਸ਼ੋਕ ਸਭਾ



**ਸ਼ਾਹਕੋਟ(ਗਿਆਨ ਸੈਦਪੁਰੀ)** ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਫ਼ਾਰ ਵਿਮਨ ਢੰਡੋਵਾਲ (ਸ਼ਾਹਕੋਟ) ਦੇ ਸਾਬਕਾ ਪ੍ਰਿੰਸੀਪਲ ਅਤੇ ਮਾਸਟਰ ਹਰਪ੍ਰੀਤ ਸਿੰਘ ਸਿੰਧੜ ਦੇ ਪਿਤਾ ਜੀ ਪ੍ਰੋ. ਗੁਰਚਰਨ ਸਿੰਘ ਸਿੰਧੜ, ਜੋ ਬੀਤੀ 18 ਅਗਸਤ ਨੂੰ ਅਮਰੀਕਾ ਵਿਚ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਨਮਿੱਤ ਸੰਸਥਾ ਦੇ ਡਾਇਰੈਕਟਰ ਪ੍ਰੋ. ਆਰ.ਕੇ.ਜੈਨ, ਕਾਲਜ ਕੋਆਰਡੀਨੇਟਰ ਸਨੇਹ ਲਤਾ ਅਤੇ ਸਕੂਲ ਪ੍ਰਿੰਸੀਪਲ ਰੇਖਾ ਸ਼ਰਮਾ ਦੀ ਅਗਵਾਈ ਵਿਚ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਇਜ ਮੌਕੇ ਸਵ. ਪ੍ਰੋ. ਸਿੰਧੜ ਵਲੋਂ ਖਾਲਜ ਦੇ ਮੁੱਢਲੇ ਸਾਲਾਂ ਦੌਰਾਨ ਕਾਲਜ ਵਿਚ ਨਿਭਾਈਆਂ ਗਈਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਪ੍ਰੋ. ਜੈਨ, ਮੈਡਮ ਸਨੇਹ ਲਤਾ ਤੇ ਪ੍ਰਿੰਸੀਪਲ ਰੇਖਾ ਸ਼ਰਮਾ ਨੇ ਪ੍ਰੋ. ਸਿੰਧੜ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕਾਲਜ ਦੀ ਬਿਹਤਰੀ ਲਈ ਕੀਤੇ ਗਏ ਕੰਮਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਵੀ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸੰਸਥਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਚੱਠਾ ਅਤੇ ਸਮੂਹ ਕਮੇਟੀ ਮੈਂਬਰਾਂ ਵਲੋਂ ਵੀ ਸ਼ੋਕ ਸੰਦੇਸ਼ ਭੇਜਿਆ ਗਿਆ।

# ਐਚ ਐਮ ਵੀ ਦੀ ਫੈਂਸਿੰਗ ਖਿਡਾਰਨ ਨੇ ਕਾਲਜ ਦਾ ਨਾਂਅ ਕੀਤਾ ਰੌਸ਼ਨ




**ਜਲੰਧਰ, (ਸ਼ੈਲੀ ਐਲਬਰਟ)**- ਹੰਸ ਰਾਜ ਮਹਿਲਾ ਮਹਾਵਿਦਿਆਲਿਆ ਜਲੰਧਰ ਦੀ ਫੈਂਸਿੰਗ ਖਿਡਾਰਨ ਕੁਮਾਰੀ ਆਖਰੀ ਨੇ ਸੀਨੀਅਰ ਅਤੇ ਅੰਡਰ-23 ਟੀਮ ਇਵੈਂਟ ਵਿੱਚ ਗੋਲਡ ਮੈਡਲ ਅਤੇ ਵਿਅਕਤੀਗਤ ਇਵੈਂਟ ਵਿੱਚ ਸਿਲਵਰ ਮੈਡਲ ਜਿੱਤ ਕੇ ਕਾਲਜ ਦਾ ਨਾਂਅ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਕੁਮਾਰੀ ਆਖਰੀ ਨੂੰ ਗੋਲਡ ਅਤੇ ਸਿਲਵਰ ਮੈਡਲ ਜਿੱਤਣ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਐਚ.ਐਮ.ਵੀ. ਵਿਖੇ ਖਿਡਾਰਨਾਂ ਨੂੰ ਵਧੀਆ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਤੇ ਟੀਮ ਕੋਚ ਸ਼ੰਮੀਪ੍ਰੀਤ ਕੌਰ ਅਤੇ ਫੈਕਲਟੀ ਰਮਨਦੀਪ ਕੌਰ, ਗੁਰਵਿੰਦਰ ਕੌਰ ਅਤੇ ਪ੍ਰਗਤੀ ਵੀ ਮੌਜੂਦ ਸਨ।

# ਸੂਫ਼ੀ ਸੰਤ ਸਮਾਜ ਵੈੱਲਫੇਅਰ ਬੋਰਡ ਦੇ ਰਾਜੇਸ਼ ਕੁਮਾਰ ਜ਼ਿਲ੍ਹਾ ਇੰਚਾਰਜ ਨਿਯੁਕਤ

**ਨਵਾਂਸ਼ਹਿਰ (ਮਨੋਜ ਲਾਡੀ)**- ਧਾਰਮਿਕ ਅਤੇ ਸਮਾਜਿਕ ਵਿਕਾਸ ਲਈ ਸੂਫ਼ੀ ਸੰਤ ਸਮਾਜ ਵੈਲਫੇਅਰ ਬੋਰਡ (ਪੰਜਾਬ ਸਰਕਾਰ) ਵੱਲੋਂ ਪਾਏ ਜਾ ਰਹੇ ਯੋਗਦਾਨ ਨੂੰ ਦੇਖਦਿਆਂ ਬਾਬਾ ਰਾਜੇਸ਼ ਕੁਮਾਰ, ਮਹਾਕਾਲੀ ਦਰਬਾਰ ਵਾਸੀ ਸਲੋਹ ਰੋਡ ਮਕਾਨ ਨੰ. 3, ਮਾਡਲ ਟਾਊਨ, ਨਿਊ ਵਿਕਾਸ ਨਗਰ, ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤਾ ਹੈ। ਆਪਣੀ ਨਿਯੁਕਤੀ 'ਤੇ ਬਾਬਾ ਰਾਜੇਸ਼ ਕੁਮਾਰ,ਮਹਾਕਾਲੀ ਦਰਬਾਰ ਵਾਸੀ ਸਲੋਹ ਰੋਡ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੇ 'ਸੂਫ਼ੀ ਸੰਤ ਸਮਾਜ ਭਲਾਈ ਬੋਰਡ' ਦੇ ਚੇਅਰਮੈਨ ਬਾਬਾ ਦੀਪਕ ਸ਼ਾਹ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਸੂਫ਼ੀ ਸੰਤ ਸਮਾਜ ਵੈਲਫੇਅਰ ਬੋਰਡ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਤਿਆਰ ਹਨ।



# ਆਪਣੇ ਆਲੇ-ਦੁਆਲੇ ਲਈ ਚਿੰਤਤ ਵੀ ਸਨ ਧਰਮ ਪਾਲ ਉਪਾਸ਼ਕ : ਸੰਜੀਵਨ

**ਚੰਡੀਗੜ੍ਹ (ਸੁਰਜੀਤ ਸੁਮਨ, ਗੁਰਜੀਤ ਬਿੱਲਾ)**- ਇਪਟਾ ਪੰਜਾਬ ਨੇ ਧਰਮ ਪਾਲ ਉਪਾਸ਼ਕ ਦੇ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਪਾਸ਼ਕ ਹੋਰਾਂ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦਾ ਖੇਤਰ ਇਕ ਸੰਵੇਦਨਸ਼ੀਲ ਅਤੇ ਲੋਕ-ਹਿਤੈਸ਼ੀ ਕਵੀ ਅਤੇ ਬੇਬਾਕ ਅਤੇ ਸੁਹਿਰਦ ਪੱਤਰਕਾਰ ਤੋਂ ਵਾਂਝਾ ਹੋ ਗਿਆ ਹੈ।ਇਪਟਾ ਪੰਜਾਬ ਦੇ ਪ੍ਰਧਾਨ ਨਾਟਕਕਾਰ ਸੰਜੀਵਨ ਸਿੰਘ ਨੇ ਕਿਹਾ ਕਿ ਪੰਜਾਬੀ ਰੰਗਮੰਚ ਅਤੇ ਫਿਲਮ ਅਦਾਕਾਰ ਅਨੀਤਾ ਸ਼ਬਦੀਸ਼ ਅਤੇ ਅਮਰੀਕਾ ਰਹਿ ਕੇ ਰੰਗਮੰਚ ਅਤੇ ਫਿਲਮਾਂ ਨਾਲ ਜੁੜੇ ਪਵਨਦੀਪ ਦੇ ਪਿਤਾ ਧਰਮ ਪਾਲ ਉਪਾਸ਼ਕ ਹੋਰਾਂ ਦੀ ਪਹਿਲੀ ਕਾਵਿ-ਪੁਸਤਕ [illegible] ਲਗਭਗ 25 ਸਾਲ ਪਹਿਲਾਂ ਪ੍ਰਕਾਸ਼ਿਤ ਹੋਈ। ਉਨ੍ਹਾਂ ਦੀ ਦੂਜੀ ਕਾਵਿ-ਪੁਸਤਕ [illegible] ਕਰਦੇ' ਇਸੇ ਸਾਲ 20 ਜੁਲਾਈ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ ਸੀ। ਉਨ੍ਹਾਂ ਨੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਬਲਰਾਜ ਸਾਹਨੀ ਪ੍ਰਕਾਸ਼ਨ ਲਈ ਵੀ ਪੁਸਤਕਾਂ ਦਾ ਸੰਪਾਦਨ ਕੀਤਾ। ਉਪਾਸ਼ਕ 1973 ਵਿੱਚ ਪੰਜਾਬ ਟਰੈਕਟਰ ਵਿੱਚ ਨੌਕਰੀ ਕਰਨ ਲਈ ਮੋਹਾਲੀ ਆਏ ਸਨ ਅਤੇ ਯੂਨੀਅਨ ਦੇ ਪਹਿਲੇ ਪ੍ਰਧਾਨ ਤੋਂ ਇਲਾਵਾ ਉਹ ਪੰਜਾਬੀ ਸਾਹਿਤ ਸਭਾ ਅਤੇ ਪ੍ਰੈੱਸ ਕਲੱਬ ਮੋਹਾਲੀ ਦੇ ਵੀ ਪਹਿਲੇ ਪ੍ਰਧਾਨ ਰਹੇ।ਉਨ੍ਹਾਂ ਦੀ ਪਤਨੀ ਸੀਤਾ ਦੇਵੀ ਵੀ ਸਮਾਜਿਕ ਕਾਰਜਾਂ ਨਾਲ ਜੁੜੇ ਰਹੇ ਅਤੇ ਮੋਹਾਲੀ ਮਿਉਂਸਪਲ ਕਮੇਟੀ ਲਈ ਚੁਣੇ ਗਏ ਸਨ। [illegible] 'ਕੁੱਕੂ', ਨਰਿੰਦਰ ਨਸਰੀਨ, ਗੁਰਵਿੰਦਰ ਬਾਕਰਪੁਰੀਆ ਅਤੇ ਰਿੱਤੂਰਾਗ ਨੇ ਉਪਾਸ਼ਕ ਹੋਰਾਂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਕਿਹਾ ਕਿ ਪੰਜਾਬੀ ਦੇ ਸ਼ਾਇਰ ਅਤੇ ਨਕਸਲੀ ਲਹਿਰ ਨਾਲ ਜੁੜੇ ਪ੍ਰਮੁੱਖ ਸਾਹਿਤਕਾਰਾਂ ਵਿੱਚ ਸ਼ਾਮਲ ਸਨ। ਉਹ ਅਵਤਾਰ ਪਾਸ਼ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੁੰਦੇ ਰਹੇ ਪਰਚੇ 'ਸਿਆੜ' ਦੇ ਸਹਾਇਕ ਸੰਪਾਦਕ ਵੀ ਰਹੇ।



# ਪਹਿਲੀ ਦੂਜੀ ਤੇ ਤੀਜੀ ਪੁਜੀਸ਼ਨ 'ਤੇ ਪਾਸ ਹੋਣ ਵਾਲੇ ਬੱਚਿਆਂ ਦਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੈਣੀ ਜਾਗਰਤੀ ਮੰਚ ਪੰਜਾਬ ਵੱਲੋਂ ਗੌ.ਸੀ.ਸੈਕ.ਸਕੂਲ ਅਤੇ [illegible] 'ਚੋਂ ਤਨੁਜ, ਅਰਸ਼ਦੀਪ, ਮਨਪ੍ਰੀਤ, ਅੱਠਵੀਂ ਜਮਾਤ [illegible] ਗਗਨਪ੍ਰੀਤ ਕੌਰ, ਕੋਮਲ, ਸਿਮਰਨ, ਅਤੇ ਬਾਰਵੀਂ ਜਮਾਤ ਚੋਂ ਭਾਵਨਾ, ਕੋਮਲ, ਹਰਪ੍ਰੀਤ ਕੌਰ, ਨੂੰ ਸਨਮਾਨਤ ਕੁਲਵੰਤ ਸਿੰਘ ਸੈਣੀ ਪ੍ਰਧਾਨ ਸੈਣੀ ਜਾਗਰਤੀ ਮੰਚ ਅਤੇ ਪੰਜਾਬ ਦੀ ਟੀਮ ਵੱਲੋਂ ਕੀਤਾ ਗਿਆ। ਪ੍ਰੇਮ ਸੈਣੀ ਨਾਈਸ ਕੰਪਿਊਟਰ ਹੁਸ਼ਿਆਰਪੁਰ ਜਨਰਲ ਸਕੱਤਰ ਸੈਣੀ ਜਾਗਰਤੀ ਮੰਚ ਨੇ ਵੀ ਕੰਪਿਊਟਰ ਦੀ ਪੜ੍ਹਾਈ ਬਾਰੇ ਵਿਸਥਾਰ ਨਾਲ ਦੱਸਿਆ। ਇਸ ਪ੍ਰੋਗਰਾਮ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਅਸ਼ੋਕ ਕੁਮਾਰ ਪੰਜਾਬੀ ਲੈਕਚਰਾਰ ਵਲੋਂ [illegible] ਸੀਨੀਅਰ ਸਕੈਂਡਰੀ ਸਕੂਲ ਜਲੋਵਾਲ ਖਨੂਰ ਨੇ ਪਹੁੰਚਣ 'ਤੇ ਸਾਰੇ ਸਕੂਲ ਵਲੋਂ ਸਾਰਿਆ ਨੂੰ ਸਨਮਾਨਤ ਕੀਤਾ ਗਿਆ। ਅੰਤ ਵਿੱਚ ਤਰਨਜੀਤ ਸਿੰਘ ਕਾਰਜਕਾਰੀ ਪ੍ਰਿੰਸੀਪਲ ਸੀਨੀਅਰ ਸਕੈਂਡਰੀ ਸਕੂਲ ਅਤੇ ਮੈਡਮ ਜਸਪ੍ਰੀਤ ਕੌਰ ਪ੍ਰਿੰਸੀਪਲ ਗੌਂ ਐਲੀਮੈਂਟਰੀ ਸਕੂਲ ਜਲੋਵਾਲ ਖਨੂਰ ਨੂੰ ਮੰਚ ਵੱਲੋਂ ਸਨਮਾਨਤ ਕੀਤਾ ਗਿਆ।



# ਹੁਣ ਖੁੱਲ੍ਹੇ 'ਚ ਕੂੜਾ ਸੁੱਟਣ 'ਤੇ ਲੱਗੇਗਾ ਭਾਰੀ ਜੁਰਮਾਨਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਬੁੱਧਵਾਰ ਤੋਂ ਬਾਅਦ ਜੇਕਰ ਕੋਈ [illegible] ਸਕਦੀਆਂ, ਉੱਥੇ ਨਗਰ ਕੌਂਸਲ ਦੇ ਸਫਾਈ ਸੇਵਕ ਹੱਥ ਰੇਹੜੀਆਂ ਰਾਹੀਂ ਘਰਾਂ ਅਤੇ ਗਲੀਆਂ ਵਿੱਚੋਂ ਕੂੜਾ ਇਕੱਠਾ ਕਰਨਗੇ। ਇਸ ਲਈ ਕਿਸੇ ਵੀ ਇਲਾਕਾ ਵਾਸੀ ਨੂੰ ਕੂੜਾ ਚੁੱਕਣ ਸਬੰਧੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਗੁਰੂ ਨਗਰੀ ਨੂੰ ਸਾਫ਼-ਸੁਥਰਾ ਰੱਖਣਾ ਕੇਵਲ ਨਗਰ ਕੌਂਸਲ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਸ਼ਹਿਰ ਵਾਸੀ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਹਿਰ ਵਾਸੀ ਨੂੰ ਕੋਈ ਦਿੱਕਤ ਜਾਂ ਸੁਝਾਅ ਹੋਵੇ ਤਾਂ ਉਹ ਮੋਬਾਈਲ ਨੰਬਰ 9815864039 'ਤੇ ਵੀ ਸੰਪਰਕ ਕਰ ਸਕਦਾ ਹੈ।




# ਮਾਨ ਨੇ ਸ਼ਰਧਾਲੂਆਂ ਲਈ 3 ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਨੀਵਾਰ ਨੂੰ ਨਕੋਦਰ ਸ਼ਹਿਰ ਤੋਂ ਸ਼ਰਧਾਲੂਆਂ ਨਾਲ ਭਰੀਆਂ 3 ਬੱਸਾਂ ਨੂੰ ਵ੍ਰਿਦਾਵਨ, ਸ੍ਰੀ ਖਾਟੂ ਸ਼ਿਆਮ, ਰਿਸ਼ੀਕੇਸ਼ ਅਤੇ ਹਰਿਦੁਆਰ ਦੇ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਨਕੋਦਰ ਦੇ [illegible]



# ਅਮਰ ਪਾਲ ਮੌਰਿਆ ਨੂੰ ਪੰਜਾਬ ਭਾਜਪਾ ਓ ਬੀ ਸੀ ਮੋਰਚਾ ਦੇ ਆਗੂਆਂ ਨੇ ਦਿੱਤੀ ਵਧਾਈ

**ਪੋਜੇਵਾਲ (ਰਾਮ ਲਾਲ)** ਦਿੱਲੀ ਸਥਿਤ ਨਿਵਾਸ ਸਥਾਨ 'ਤੇ ਭਾਰਤੀ ਜਨਤਾ ਪਾਰਟੀ ਓਬੀਸੀ ਮੋਰਚਾ ਦੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਅਮਰ ਪਾਲ ਮੌਰਿਆ ਨਾਲ ਪੰਜਾਬ ਭਾਜਪਾ ਓਬੀਸੀ ਮੋਰਚਾ ਦੇ ਆਗੂਆਂ ਨੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਪੰਜਾਬ ਤੋਂ ਸਾਬਕਾ ਸੂਬਾ ਪ੍ਰਧਾਨ ਰਜਿੰਦਰ ਬਿੱਟਾ, ਓਬੀਸੀ ਮੋਰਚਾ ਦੇ ਸੂਬਾ ਪ੍ਰਧਾਨ ਸ਼ਿਵਰਾਜ ਚੌਧਰੀ, ਸੂਬਾ ਪ੍ਰਧਾਨ ਓਬੀਸੀ ਮੋਰਚਾ ਤਰਨ ਜੱਸੀ, ਅੰਮ੍ਰਿਤਸਰ ਤੋਂ ਉਪ ਪ੍ਰਧਾਨ ਸੀਤਾਰਾਮ, ਗੋਗੀ ਅਤੇ ਚੰਦੀ, ਜਲੰਧਰ ਸਮੇਤ ਹੋਰ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ। ਇਸ ਦੌਰਾਨ ਓਬੀਸੀ ਸਮਾਜ ਨਾਲ ਜੁੜੇ ਵੱਖ-ਵੱਖ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।



# ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਧਰਨਾ 30 ਅਕਤੂਬਰ ਨੂੰ



**ਚੰਡੀਗੜ੍ਹ**- ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 30 ਅਕਤੂਬਰ ਨੂੰ ਸੈਕਟਰ 17 ਵਿਖੇ ਪੁਲ ਦੇ ਹੇਠਾਂ ਇੱਕ ਵਿਸ਼ਾਲ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸੇ ਸਬੰਧ ਵਿੱਚ ਇੱਕ ਮੀਟਿੰਗ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਸੁੱਖਾ ਅਤੇ ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ ਦੀ ਅਗਵਾਈ ਹੇਠ ਹੋਈ ਹੋਈ।

ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਆਗੂਆਂ ਨੇ ਦੱਸਿਆ ਕਿ ਮੰਚ ਵੱਲੋਂ ਹਰ ਸਾਲ 1 ਨਵੰਬਰ ਨੂੰ ਕਾਲੇ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਵਾਰ ਵੀ 30 ਅਕਤੂਬਰ ਨੂੰ ਪੁਲ ਦੇ ਹੇਠਾਂ ਧਰਨਾ ਦੇ ਕੇ ਚੰਡੀਗੜ੍ਹ ਪ੍ਰਸ਼ਾਸਨ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲੀ ਅਤੇ ਪ੍ਰਸ਼ਾਸਨਿਕ ਭਾਸ਼ਾ ਦਾ ਦਰਜਾ ਦੇਣ ਵਿੱਚ ਬਿਲਕੁਲ ਚੁੱਪ ਵੱਟੀ ਬੈਠਾ ਹੈ। ਮੰਚ ਵੱਲੋਂ ਕੀਤੇ ਜਾ ਰਹੇ ਲਗਾਤਾਰ ਸੰਘਰਸ਼ਾਂ ਦੇ ਬਾਵਜੂਦ ਕੋਈ ਅਸਰ ਨਹੀਂ ਹੋ ਰਿਹਾ। ਉਹਨਾਂ ਕਿਹਾ ਕਿ 30 ਅਕਤੂਬਰ ਨੂੰ ਦਿੱਤੇ ਜਾਣ ਵਾਲੇ ਧਰਨੇ ਵਿੱਚ ਸ਼ਾਮਲ ਹੋਣ ਲਈ ਚੰਡੀਗੜ੍ਹ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਵੀ ਸੱਦਾ ਦਿੱਤਾ ਜਾਵੇਗਾ ਤਾਂ ਜੋ ਉਹ ਧਰਨੇ ਵਿੱਚ ਆ ਕੇ ਪੰਜਾਬੀ ਮਾਂ ਬੋਲੀ ਪ੍ਰਤੀ ਆਪਣਾ ਸਟੈਂਡ ਸਪੱਸ਼ਟ ਕਰਨ। ਮੰਚ ਦੇ ਅਹੁਦੇਦਾਰਾਂ ਨੇ ਇਹ ਵੀ ਕਿਹਾ ਕਿ ਚੰਡੀਗੜ੍ਹ ਵਿੱਚ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਵੀ ਪੰਜਾਬੀ ਭਾਸ਼ਾ ਨੂੰ ਪਿਆਰ ਨਾ ਕਰਨ ਵਾਲਿਆਂ ਦੀ ਖਿਲਾਫਤ ਕੀਤੀ ਜਾਵੇਗੀ।

ਇਸ ਮੌਕੇ ਮੰਚ ਦੇ ਸਕੱਤਰ ਗੁਰਪ੍ਰੀਤ ਸਿੰਘ ਸੋਮਲ, ਪੇਂਡੂ ਸੰਘਰਸ਼ ਕਮੇਟੀ ਦੇ ਸਰਪ੍ਰਸਤ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਕੈਸ਼ੀਅਰ ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ, ਗੁਰਦੁਆਰਾ ਸਾਹਿਬ ਸੈਕਟਰ 7 ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਜੱਸਲ ਸਮੇਤ ਭੁਪਿੰਦਰ ਸਿੰਘ, ਚਰਨਜੀਤ ਸਿੰਘ ਬੈਦਵਾਨ, ਗੁਰਮੁਖ ਸਿੰਘ ਸਕੇਤੜੀ, ਬਲਜਿੰਦਰ ਸਿੰਘ ਧਾਲੀਵਾਲ ਅਤੇ ਮਾਸਟਰ ਮੋਹਨ ਸਿੰਘ ਵੀ ਹਾਜ਼ਰ ਸਨ।

# ਡੀ ਈ ਓ (ਸੈਕੰਡਰੀ) ਤੇ ਡੀ ਈ ਓ (ਐਲੀਮੈਂਟਰੀ) ਦੇ 7-7 ਅਹੁਦੇ ਖਾਲੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਨੇ ਸੂਬੇ ਭਰ ਵਿੱਚ 30 ਫੀਸਦ ਜ਼ਿਲ੍ਹਾ ਸਿੱਖਿਆ ਅਫਸਰਾਂ ਦੇ ਅਹੁਦੇ ਖਾਲੀ ਹੋਣ ਦਾ ਖੁਲਾਸਾ ਕੀਤਾ ਹੈ। ਦਰਅਸਲ ਮੌਜੂਦਾ ਸਮੇਂ ਪੰਜਾਬ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ), ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦੀ ਪ੍ਰਤੀ ਜਿਲਾ ਇੱਕ-ਇੱਕ ਅਸਾਮੀ ਹੈ, ਜਿੰਨ੍ਹਾਂ ਨੇ ਜਿਲ੍ਹੇ ਵਿੱਚ ਸਿੱਖਿਆ ਦੇ ਸਮੁੱਚੇ ਪ੍ਰਬੰਧ ਨੂੰ ਚਲਾਉਣਾ ਹੁੰਦਾ ਹੈ। ਇੰਨ੍ਹਾਂ ਅਸਾਮੀਆਂ ਵਿੱਚੋਂ ਜ਼ਿਲ੍ਹਾ ਸਿੱਖਿਆ ਅਫਸਰਾਂ ਦੀਆਂ ਅਸਾਮੀਆਂ ਨੂੰ ਪ੍ਰਿੰਸੀਪਲ ਕਾਡਰ ਵਿੱਚੋਂ ਸੀਨੀਆਰਤਾ ਦੇ ਆਧਾਰ 'ਤੇ ਵਿਭਾਗੀ ਤਰੱਕੀ ਕਮੇਟੀ (ਡੀ ਪੀ ਸੀ) ਰਾਹੀਂ ਤਰੱਕੀ ਦੇ ਕੇ ਭਰਿਆ ਜਾਂਦਾ ਹੈ। ਇਸੇ ਪ੍ਰਕਿਰਿਆ ਵਿੱਚੋਂ ਚੁਣੇ ਅਧਿਕਾਰੀਆਂ ਦੀ ਸਿੱਖਿਆ ਵਿਭਾਗ ਦੇ ਮੁੱਖ ਡਾਇਰੈਕਟੋਰੇਟ ਦਫਤਰਾਂ ਡੀ ਐੱਸ ਈ (ਐਲੀਮੈਂਟਰੀ ਤੇ ਸੈਕੰਡਰੀ), ਐੱਸ ਸੀ ਈ ਆਰ ਟੀ ਅਤੇ ਭਰਤੀ ਸੈੱਲ ਵਿੱਚ ਸਹਾਇਕ ਡਾਇਰੈਕਟਰਾਂ ਦੀ ਵੀ ਨਿਯੁਕਤੀ ਹੁੰਦੀ ਹੈ। ਜਦ ਕਿ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੀ ਅਸਾਮੀ ਨੂੰ ਭਰਨ ਲਈ ਕੋਈ ਨਿਯਤ ਨਿਯਮ ਨਹੀਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਟੀ ਐੱਫ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂ ਵਾਲੀ, ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲੀ ਸਿੱਖਿਆ ਪ੍ਰਤੀ ਗੰਭੀਰਤਾ ਵਿਖਾਉਣ ਦੀ ਥਾਂ ਜ਼ਿਲ੍ਹਾ ਸਿੱਖਿਆ ਅਫਸਰ ਦੀਆਂ ਅਹਿਮ ਅਸਾਮੀਆਂ, ਜਿਸ ਨੇ ਪੂਰੇ ਜਿਲ੍ਹੇ ਨੂੰ ਚਲਾਉਣਾ ਹੁੰਦਾ ਹੈ, ਨੂੰ ਕਈ ਥਾਈਂ ਲੰਬੇ ਸਮੇਂ ਲਈ ਖਾਲੀ ਰੱਖਿਆ ਜਾ ਰਿਹਾ ਹੈ। ਇਸਦੀ ਉਦਾਹਰਣ ਹੁਸ਼ਿਆਰਪੁਰ ਅਤੇ ਤਰਨਤਾਰਨ ਵਰਗੇ ਜ਼ਿਲ੍ਹੇ ਹਨ ਜਿੱਥੇ ਚਾਰਾਂ ਵਿੱਚੋਂ ਤਿੰਨ-ਤਿੰਨ ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਵਿੱਚ ਚਾਰ ਵਿੱਚੋਂ ਦੋ- ਦੋ ਅਸਾਮੀਆਂ ਖਾਲੀ ਹਨ। ਇਸੇ ਤਰ੍ਹਾਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਮੋਹਾਲੀ, ਫਤਿਹਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਮਾਨਸਾ ਅਤੇ ਬਰਨਾਲਾ ਜ਼ਿਲ੍ਹਿਆਂ ਵਿੱਚ ਇੰਨ੍ਹਾਂ ਚਾਰ ਅਹਿਮ ਅਸਾਮੀਆਂ 'ਚੋਂ ਇੱਕ-ਇੱਕ ਅਸਾਮੀ ਖਾਲੀ ਹੈ। ਜੇਕਰ ਪੂਰੇ ਪੰਜਾਬ ਦੀ ਰਿਪੋਰਟ ਉੱਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਡੀ ਈ ਓ (ਸੈਕੰਡਰੀ) ਦੇ 23 ਵਿੱਚੋਂ 7 ਅਤੇ ਡੀ ਈ ਓ (ਐਲੀਮੈਂਟਰੀ) ਦੇ ਵੀ 23 ਵਿੱਚੋਂ 7 ਅਹੁਦੇ ਖਾਲੀ ਹਨ। ਪੰਜਾਬ ਦਾ ਮਾਲੇਰਕੋਟਲਾ ਜ਼ਿਲ੍ਹਾ ਅਜਿਹਾ ਜ਼ਿਲ੍ਹਾ ਹੈ ਜਿਸ ਨੂੰ ਬਣੇ ਨੂੰ ਪੰਜ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ, ਪਰ ਹਾਲੇ ਤੱਕ ਇੱਥੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਨਹੀਂ ਦਿੱਤੀਆਂ ਗਈਆਂ ਹਨ। ਇਸ ਜ਼ਿਲ੍ਹੇ ਦੇ ਸਿੱਖਿਆ ਪ੍ਰਬੰਧ ਨੂੰ ਦੇਖਣ ਲਈ ਸੰਗਰੂਰ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰਾਂ ਅਤੇ ਮਾਲੇਰਕੋਟਲਾ ਦੇ ਪ੍ਰਿੰਸੀਪਲਾਂ ਨੂੰ ਵਾਧੂ ਚਾਰਜ ਦਿੱਤਾ ਹੋਇਆ ਹੈ। ਆਗੂਆਂ ਨੇ ਮੰਗ ਕੀਤੀ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਵਰਗੀਆਂ ਅਹਿਮ ਅਸਾਮੀਆਂ ਤੁਰੰਤ ਭਰੀਆਂ ਜਾਣ।

# 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਸਤਾਵੇਜ਼ੀ ਫਿਲਮ ਦਿਖਾਈ



**ਡੇਰਾਬਸੀ (ਵਿਨੈ ਕੁਮਾਰ ਜੈਨ)** ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿਖਾਈ ਜਾ ਰਹੀ ਵਿਸ਼ੇਸ਼ ਦਸਤਾਵੇਜ਼ੀ ਫਿਲਮ ਨੂੰ ਜ਼ਿਲ੍ਹੇ ਦੇ ਪਿੰਡਾਂ ਬਰੌਲੀ, ਕਾਰਕੌਰ ਤੇ ਸ਼ੇਖਪੁਰ ਕਲਾਂ ਵਿੱਚ ਭਰਵਾਂ ਹੁੰਗਾਰਾ ਮਿਲਿਆ।ਬੀਤੀ ਸ਼ਾਮ ਜ਼ਿਲ੍ਹੇ ਦੇ ਪਿੰਡਾਂ ਵਿਖੇ ਡਾਕੂਮੈਂਟਰੀ ਵੈਨ 'ਤੇ ਲਗਾਈ ਗਈ ਐਲ.ਈ.ਡੀ. ਸਕਰੀਨ ਰਾਹੀਂ ਪਿੰਡ ਵਾਸੀਆਂ ਨੂੰ ਇਹ ਦਸਤਾਵੇਜ਼ੀ ਫ਼ਿਲਮ ਦਿਖਾਈ ਗਈ। ਜਾਣਕਾਰੀ ਦਿੰਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਦਸਤਾਵੇਜ਼ੀ ਫਿਲਮ ਰਾਹੀਂ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਮਹਾਨ ਵਿਚਾਰਾਂ ਅਤੇ ਸਮਾਜਿਕ ਸੁਧਾਰਾਂ ਵਿੱਚ ਉਨ੍ਹਾਂ ਦੇ ਯੋਗਦਾਨ ਤੋਂ ਜਾਣੂ ਕਰਵਾਇਆ ਗਿਆ। ਵੱਡੀ ਗਿਣਤੀ ਪਿੰਡ ਵਾਸੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ ਨੂੰ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਦੇਖਿਆ।

# ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ ਚੱਲੀ ਡੇਂਗੂ-ਵਿਰੋਧੀ ਮੁਹਿੰਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)** ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਵੱਖ ਵੱਖ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿਚ ਚੈਕਿੰਗ ਕੀਤੀ।ਟੀਮਾਂ ਨੇ ਪਾਣੀ ਇਕੱਤਰ ਹੋਣ ਦੀ ਸੰਭਾਵਨਾ ਵਾਲੀਆਂ ਥਾਵਾਂ 'ਤੇ ਨਿਰੀਖਣ ਕੀਤਾ।ਜਿਥੇ ਪਾਣੀ ਖੜ੍ਹਾ ਸੀ, ਉਥੇ ਦਵਾਈ ਦਾ ਛਿੜਕਾਅ ਕੀਤਾ ਗਿਆ।ਟੀਮਾਂ ਨੇ ਗਮਲੇ, ਕੂਲਰ, ਫ਼ਰਿੱਜ ਅਤੇ ਹੋਰ ਕੰਟੇਨਰ ਚੈੱਕ ਕੀਤੇ ਅਤੇ ਸਭਨਾਂ ਨੂੰ ਅਪੀਲ ਕੀਤੀ ਕਿ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ।ਸ਼ਹਿਰ ਦੇ ਨਿੱਜੀ ਹਪਸਤਾਲ ਵਿਚ ਫੇਰੀ ਦੌਰਾਨ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਡਾ. ਅਨਾਮਿਕਾ ਸੋਨੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਇਹ ਮੁਹਿੰਮ ਕਈ ਹਫ਼ਤਿਆਂ ਤੋਂ ਸਾਰੇ ਜ਼ਿਲ੍ਹੇ ਵਿਚ ਲਗਾਤਾਰ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ।



# ਖ਼ੂਨਦਾਨ ਕੈਂਪ 'ਚ 36 ਯੂਨਿਟ ਖ਼ੂਨ ਇਕੱਠਾ ਕੀਤਾ

**ਮੋਹਾਲੀ (ਗੁਰਜੀਤ ਬਿੱਲਾ)** ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਦੇ ਆਸ਼ੀਰਵਾਦ ਨਾਲ, ਵਿਸ਼ਵਾਸ ਫਾਊਂਡੇਸ਼ਨ, ਪੰਚਕੂਲਾ ਨੇ ਹਸਪਤਾਲਾਂ ਵਿੱਚ ਖ਼ੂਨ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨ ਲਈ, ਮੋਹਾਲੀ ਦੇ ਸੈਕਟਰ 90 ਦੇ ਮੇਜਰਸ ਟਾਵਰ ਵਿਖੇ ਇੱਕ ਸਵੈ-ਇੱਛਤ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ।ਇਹ ਕੈਂਪ ਇੰਡੀਅਨ ਰੈੱਡ ਕਰਾਸ ਸੋਸਾਇਟੀ, ਜ਼ਿਲ੍ਹਾ ਸ਼ਾਖਾ, ਐਸ ਏ ਐਸ ਨਗਰ ਅਤੇ ਐਡੀਸਨ ਹਸਪਤਾਲ ਬਲੱਡ ਸੈਂਟਰ, ਮੋਹਾਲੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।ਕੈਂਪ ਵਿੱਚ ਛੱਤੀ ਖ਼ੂਨਦਾਨੀਆਂ ਨੇ ਸਵੈ-ਇੱਛਤ ਖ਼ੂਨਦਾਨ ਕੀਤਾ। ਡਾ. ਗੁਲਿੰਦਰ ਦੀ ਨਿਗਰਾਨੀ ਹੇਠ ਐਡੀਸਨ ਹਸਪਤਾਲ ਬਲੱਡ ਸੈਂਟਰ, ਮੋਹਾਲੀ ਦੀ ਟੀਮ ਦੁਆਰਾ ਖ਼ੂਨ ਇਕੱਠਾ ਕੀਤਾ ਗਿਆ। ਬਲੱਡ ਬੈਂਕ ਟੀਮ ਦੇ ਮਨੋਜ ਕੁਮਾਰ ਅਤੇ ਵਰੁਣ ਸ਼ਰਮਾ ਨੇ ਕੈਂਪ ਦੇ ਸਫਲ ਆਯੋਜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਮੇਜਰਸ ਟਾਵਰ ਦੇ ਰਵਿੰਦਰ ਪਾਲ ਸਿੰਘ ਅਤੇ ਰੁਪਿੰਦਰ ਪਾਲ ਕੌਰ ਨੇ ਕੈਂਪ ਦੇ ਆਯੋਜਨ ਵਿੱਚ ਵਿਸ਼ੇਸ਼ ਸਹਾਇਤਾ ਪ੍ਰਦਾਨ ਕੀਤੀ। ਵਿਸ਼ਵਾਸ ਫਾਊਂਡੇਸ਼ਨ ਨੇ ਉਨ੍ਹਾਂ ਦੇ ਸਰਗਰਮ ਸਹਿਯੋਗ ਅਤੇ ਸ਼ਲਾਘਾਯੋਗ ਯੋਗਦਾਨ ਲਈ ਧੰਨਵਾਦ ਪ੍ਰਗਟ ਕੀਤਾ। ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਮਾਨਵਤਾਵਾਦੀ ਸੇਵਾ ਹੈ।



# ਐਚ ਡੀ ਐਫ ਸੀ ਲਾਈਫ ਨੇ ਜੰਮੂ-ਕਸ਼ਮੀਰ 'ਚ ਜੀਵਨ ਬੀਮਾ ਪਹੁੰਚ ਵਧਾਉਣ ਦੀ ਵਚਨਬੱਧਤਾ ਦੁਹਰਾਈ

**ਚੰਡੀਗੜ੍ਹ**- ਐਚ ਡੀ ਐਫ ਸੀ ਲਾਈਫ ਨੇ ਜੰਮੂ-ਕਸ਼ਮੀਰ ਵਿੱਚ ਜੀਵਨ ਬੀਮੇ ਦੀ ਪਹੁੰਚ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ ਹੈ। ਕੰਪਨੀ ਦੀ ਐਮ ਡੀ ਅਤੇ ਸੀ ਈ ਓ ਵਿਭਾ ਪਡਲਕਰ, ਈ ਡੀ ਅਤੇ ਮੁੱਖ ਵਪਾਰ ਅਧਿਕਾਰੀ ਵਿਨੀਤ ਅਰੋੜਾ ਅਤੇ ਮੁੱਖ ਬੈਂਕਾਸ਼ੋਰੈਂਸ ਅਧਿਕਾਰੀ ਲਵਨੀਸ਼ ਗੁਪਤਾ ਨੇ ਸ੍ਰੀਨਗਰ ਵਿੱਚ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ '2047 ਤੱਕ ਸਾਰਿਆਂ ਲਈ ਬੀਮਾ' ਦੇ ਟੀਚੇ ਤਹਿਤ ਖੇਤਰ ਵਿੱਚ ਜੀਵਨ ਬੀਮੇ ਦੀ ਪਹੁੰਚ ਵਧਾਉਣ ਅਤੇ ਕੰਪਨੀ ਦੀ ਮੌਜੂਦਗੀ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ ਗਈ।

ਵਿਭਾ ਪਡਲਕਰ ਨੇ ਕਿਹਾ ਕਿ ਐਚ ਡੀ ਐਫ ਸੀ ਲਾਈਫ ਦਾ ਉਦੇਸ਼ ਦੇਸ਼ ਦੇ ਹਰ ਹਿੱਸੇ ਤੱਕ ਜੀਵਨ ਬੀਮਾ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਕੰਪਨੀ ਦੇ ਵਿਅਕਤੀਗਤ ਅਤੇ ਸਮੂਹ ਜੀਵਨ ਬੀਮਾ ਹੱਲ ਲੋਕਾਂ ਨੂੰ ਆਪਣੇ ਅਤੇ ਪਰਿਵਾਰਾਂ ਦੇ ਵਿੱਤੀ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰਨਗੇ।

# ਐਡਵੋਕੇਟ ਚੰਦੀ ਨੇ ਕਾਲਾ ਸੰਘਿਆਂ 'ਚ ਕੀਤੀ ਲੋਕ ਮਿਲਣੀ, ਕਈ ਪਰਵਾਰ ਆਪ 'ਚ ਸ਼ਾਮਲ

**ਕਪੂਰਥਲਾ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਵਿਖੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਵਿਜੇ ਅਰੋੜਾ, ਨਰਿੰਦਰ ਸਿੰਘ ਸੰਘਾ ਕੋਆਰਡੀਨੇਟਰ ਕਿਸਾਨ ਵਿੰਗ ਕਪੂਰਥਲਾ, ਜਗਰੂਪ ਸਿੰਘ ਇੰਚਾਰਜ ਸ਼ੋਸ਼ਲ ਮੀਡੀਆ ਕਪੂਰਥਲਾ, ਡਾਕਟਰ ਬਲਰਾਮ ਸ਼ਰਮਾ, ਡਾਕਟਰ ਬਲਕਾਰ ਲਾਲਕਾ ਚੇਅਰਮੈਨ ਬਾਜ਼ੀਗਰ ਬਰਾਦਰੀ ਕਪੂਰਥਲਾ, ਭੁਪਿੰਦਰ ਸਿੰਘ ਭਿੰਦਾ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ ਤੇ ਹਰਵਿੰਦਰ ਸਿੰਘ ਸੰਘਾ ਦੀ ਅਗਵਾਈ ਹੇਠ ਲੋਕ ਮਿਲਣੀ ਦਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਦੇ ਨਾਲ ਐਸ ਐਚ ਓ ਮੇਜਰ ਸਿੰਘ ਥਾਣਾ ਸਦਰ ਕਪੂਰਥਲਾ, ਪੁਲਸ ਚੌਂਕੀ ਕਾਲਾ ਸੰਘਿਆਂ ਦੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਐਡਵੋਕੇਟ ਚੰਦੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਵੱਲੋਂ ਸੂਬੇ ਅੰਦਰ ਵਿਕਾਸ ਦੇ ਕਾਰਜਾਂ ਨੂੰ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਸੂਬੇ ਅੰਦਰ ਨਵੀਆਂ ਤੇ ਪੁਰਾਣੀਆਂ ਸੜਕਾਂ ਨੂੰ ਬਣਾਇਆ ਜਾ ਰਿਹਾ ਹੈ, ਹੈਲਥ ਕਲੱਬਾਂ ਵਿੱਚ ਜਿੰਮ ਦਾ ਸਮਾਨ ਭੇਜਿਆ ਜਾ ਰਿਹਾ ਹੈ ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਸੁੰਦਰ ਤੇ ਆਲੀਸ਼ਾਨ ਸਟੇਡੀਅਮ ਬਣਾ ਕੇ ਪੰਚਾਇਤਾਂ ਤੇ ਪਿੰਡ ਵਾਸੀਆਂ ਦੇ ਸਪੁਰਦ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੀਬੀਆਂ ਦੇ ਖਾਤਿਆਂ ਵਿੱਚ ਹਰ ਮਹੀਨੇ 1000,1500 ਖਾਤਿਆਂ ਵਿੱਚ ਆ ਰਿਹਾ ਹੈ ਤੇ ਲੋਕਾਂ ਨੂੰ ਬਿਜਲੀ ਦੀ ਸਹੂਲਤ ਮੁਫ਼ਤ ਮਿਲ ਰਹੀ ਹੈ। ਚੰਦੀ ਨੇ ਕਿਹਾ ਕਿ 2027 ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਰਪੀਟ ਹੋਵੇਗੀ। ਇਸ ਮੌਕੇ ਉਨ੍ਹਾਂ ਇੱਕ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਤੇ ਕਈ ਪਰਵਾਰ ਉਨ੍ਹਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਥਾਣਾ ਸਦਰ ਕਪੂਰਥਲਾ ਦੇ ਐਸ ਐਚ ਓ ਮੇਜਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ।



ਇਸ ਮੌਕੇ ਸੁਨੀਲ ਸਿੰਘ ਬਲਾਕ ਕੋਆਰਡੀਨੇਟਰ, ਹਰਵਿੰਦਰ ਸਿੰਘ ਸੰਘਾ ਸੀਨੀਅਰ ਆਗੂ, ਰੇਸ਼ਮ ਸਿੰਘ ਮਾਨ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਕਪੂਰਥਲਾ, ਹਰਵਿੰਦਰ ਸਿੰਘ ਭੂਰਾ ਪ੍ਰਧਾਨ ਕਿਸਾਨ ਵਿੰਗ, ਡਾਕਟਰ ਬਲਰਾਮ ਸ਼ਰਮਾ ਉਰਫ਼ ਡਾਕਟਰ ਕਿੰਦੀ, ਸੀਨੀਅਰ ਆਗੂ, ਰੇਸ਼ਮ ਗਿੱਲ, ਪ੍ਰਸਿੱਧ ਗੀਤਕਾਰ ਬਾਰੂ ਬਨਵਾਲੀਪੁਰੀਆ, ਵੂਮੈਨ ਸੈਲ ਦੇ ਪ੍ਰਧਾਨ ਜਸਵੰਤ ਕੌਰ, ਬੀਬੀ ਰਜਵੰਤ ਕੌਰ, ਅਕਾਸ਼ਦੀਪ ਕਪੂਰਥਲਾ, ਪੁਲਸ ਚੌਂਕੀ ਕਾਲਾ ਸੰਘਿਆਂ ਦੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ ।

# ਨੂਰੜ ਵਿਖੇ ਮੁਫ਼ਤ ਮੈਡੀਕਲ ਕੈਂਪ ਲਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਨੂਰੜ ਵਿਖੇ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਕੈਂਪ ਗੁਰਦੁਆਰਾ ਕਲਗੀਧਰ ਸਾਹਿਬ ਨੂਰੜ ਨਜ਼ਦੀਕ ਥਰੈਪੀ ਸੈਂਟਰ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮੁਫ਼ਤ ਮੈਡੀਕਲ ਕੈਂਪ ਗੁਰੂ ਹਰਕ੍ਰਿਸ਼ਨ ਚੈਰੀਟੇਬਲ ਫਾਊਂਡੇਸ਼ਨ ਵਲੋਂ ਭਾਈ ਘਨੱਈਆ ਜੀ ਚੈਰੀਟੇਬਲ ਡਿਸਪੈਂਸਰੀ ਸਾਹਨੀ ਦੇ ਸਹਿਯੋਗ ਨਾਲ ਲਗਾਇਆ ਗਿਆ। ਗੁਰੂ ਹਰਕ੍ਰਿਸ਼ਨ ਚੈਰੀਟੇਬਲ ਫਾਊਂਡੇਸ਼ਨ ਦੇ ਪ੍ਰਬੰਧਕ ਕਿਰਪਾਲ ਸਿੰਘ ਮਾਇਓ ਪੱਟੀ, ਅਵਤਾਰ ਸਿੰਘ ਨੂਰੜ ਨੇ ਦੱਸਿਆ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ 31ਵਾਂ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਜਿਸ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਵਾਈ, ਮੁਫ਼ਤ ਸ਼ੂਗਰ ਦਾ ਚੈੱਕਅਪ ਅਤੇ ਮੁਫ਼ਤ ਕਾਂਸਾ ਥਾਲੀ ਥਰੈਪੀ ਕੀਤੀ ਗਈ। ਉਹਨਾਂ ਦੱਸਿਆ ਕੀ ਸੰਗਤਾਂ ਵਲੋਂ ਮੈਡੀਕਲ ਕੈਂਪ ਲਈ ਭਰਪੂਰ ਸਹਿਯੋਗ ਦਿੱਤਾ ਗਿਆ।ਇਸ ਮੌਕੇ ਪ੍ਰਬੰਧਕਾਂ ਵਲੋਂ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਵਿੱਚ ਕਿਰਪਾਲ ਸਿੰਘ ਮਾਇਓ ਪੱਟੀ, ਅਵਤਾਰ ਸਿੰਘ ਨੂਰੜ, ਜਸਵਿੰਦਰ ਸਿੰਘ ਸੱਤੀ, ਹਰਮਿੰਦਰ ਸਿੰਘ ਨੀਟਾ, ਸੁਰਜੀਤ ਸਿੰਘ ਫੌਜੀ, ਡਾ. ਇੰਦਰਜੀਤ ਕਮਲ, ਹਰਜਿੰਦਰ ਕੌਰ ਨੂਰੜ, ਅਵਤਾਰ ਕੌਰ ਜਲਵੇਹੜਾ, ਜਸਵੀਰ ਕੌਰ, ਕਮਲੇਸ਼ ਕੌਰ, ਰੁਪਿੰਦਰ ਕੌਰ, ਇੰਦਰਜੀਤ ਕੌਰ, ਬਲਜੀਤ ਕੌਰ, ਹਰਪਾਲ ਕੌਰ, ਕਾਂਤਾ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ ।



# ਮਹਿਲਾ ਕੀਰਤਨ ਮੰਡਲੀ ਨੇ ਸਕੂਲੀ ਵਿਦਿਆਰਥੀਆਂ ਨੂੰ ਕਾਪੀਆਂ ਤੇ ਪੈੱਨ ਵੰਡੇ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬਘਾਣਾ ਵਿਖੇ ਸਰਕਾਰੀ ਹਾਈ ਸਕੂਲ ਬਘਾਣਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਘਾਣਾ ਵਿਖੇ ਮਹਿਲਾ ਕੀਰਤਨ ਮੰਡਲੀ ਵੈਲਫੇਅਰ ਸੋਸਾਇਟੀ ਬਘਾਣਾ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਕਾਪੀਆਂ ਅਤੇ ਪੈੱਨ ਵੰਡੇ ਗਏ।ਜੋ ਵਿਦਿਆਰਥੀ ਵਧੀਆ ਨੰਬਰਾਂ ਨਾਲ ਪਾਸ ਹੋਏ ਸੀ ਉਹਨਾ ਨੂੰ ਸਨਮਾਨ ਵੀ ਕੀਤਾ ਗਿਆ। ਵਿਦਿਆਰਥੀਆਂ ਨੂੰ ਅੱਗੇ ਆਉਣ ਵਾਲੇ ਪੇਪਰਾਂ ਵਿੱਚ ਵਧੀਆ ਨੰਬਰਾਂ ਨਾਲ ਪਾਸ ਹੋਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਰਿਹਾ। ਇਸ ਮੌਕੇ ਮਹਿਲਾ ਕੀਰਤਨ ਮੰਡਲੀ ਵੈਲਫੇਅਰ ਸੋਸਾਇਟੀ ਦੇ ਮੈਂਬਰ ਸੁਰਿੰਦਰ ਕੌਰ, ਨੀਲਮ ਬਾਲਾ, ਰਾਜਵਿੰਦਰ ਕੌਰ, ਰਣਜੀਤ ਕੌਰ ਅਤੇ ਧਾਰਮਿਕ ਵੈਲਫੇਅਰ ਸੋਸਾਇਟੀ ਦੇ ਮੈਂਬਰ ਯਸ਼ਪਾਲ ਪੱਬੀ, ਵਿੱਕੀ ਪੱਬੀ, ਬਲਵੀਰ ਜੀੜ, ਅਮਰਜੀਤ ਕੁਮਾਰ, ਪਾਵਨ ਕੁਮਾਰ ਈਸ਼ਵਰ ਪੱਬੀ ਆਦਿ ਹਾਜ਼ਰ ਸਨ ।



# ਰੰਧਾਵਾ ਨੇ 63 ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪੇ



ਡੇਰਾ ਬਾਬਾ ਨਾਨਕ(ਰਮੇਸ਼ ਸ਼ਰਮਾ)-ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਪੰਜਾਬ ਡੇਰਾ ਬਾਬਾ ਨਾਨਕ ਦੇ ਪੀ ਡਬਲਯੂ ਡੀ ਰੈਸਟ ਹਾਊਸ ਵਿਖੇ 63 ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ।ਇਸ ਮੌਕੇ ਰੰਧਾਵਾ ਨੇ ਨਵ-ਨਿਯੁਕਤ ਆਂਗਣਵਾੜੀ ਹੈਲਪਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਸਮਰਪਿਤ ਭਾਵਨਾ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਰਹਿਤ ਢੰਗ ਨਾਲ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਰੁਜ਼ਗਾਰ ਦੇ ਹੋਰ ਮੌਕੇ ਉਪਲਬਧ ਕਰਵਾਉਣ ਲਈ ਭਰਤੀ ਪ੍ਰਕਿਰਿਆ ਲਗਾਤਾਰ ਜਾਰੀ ਰਹੇਗੀ।ਉਨ੍ਹਾਂ ਕਿਹਾ ਕਿ ਆਂਗਣਵਾੜੀ ਕੇਂਦਰ ਬੱਚਿਆਂ, ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ, ਪੋਸ਼ਣ ਅਤੇ ਸ਼ੁਰੂਆਤੀ ਸਿੱਖਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਨਵ-ਨਿਯੁਕਤ ਹੈਲਪਰਾਂ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਉਣ। ਇਸ ਮੌਕੇ ਪੰਜਾਬ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਹਰੂਵਾਲ, ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਰੇਸ਼ਮ ਸਿੰਘ ਪੱਡਾ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਪੀ. ਏ. ਲਵਪ੍ਰੀਤ ਸਿੰਘ, ਮੈਡਮ ਰਸ਼ਪਾਲ ਕੌਰ ਸੀ ਡੀ ਪੀ ਓ ਡੇਰਾ ਬਾਬਾ ਨਾਨਕ ਤੇ ਕਲਾਨੌਰ, ਸੁਪਰਵਾਈਜ਼ਰ ਪਰਮਜੀਤ ਕੌਰ, ਕਲਰਕ ਅੰਮ੍ਰਿਤਪਾਲ ਸਿੰਘ, ਸ਼ੋਸ਼ਲ ਮੀਡੀਆ ਇੰਚਾਰਜ ਰਵਿੰਦਰ ਸਿੰਘ ਤੋਂ ਇਲਾਵਾ ਨਵ ਨਿਯੁਕਤ ਆਂਗਣਵਾੜੀ ਹੈਲਪਰਾ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# 'ਬਦਲਾਅ ਜ਼ਰੂਰੀ ਹੈ' ਰੈਲੀ ਲਈ 1 ਸਤੰਬਰ ਨੂੰ ਦਿੱਲੀ ਚੱਲੋ ਦੀਆਂ ਤਿਆਰੀਆਂ ਲਈ ਜਥਾ ਮਾਰਚ



ਝਬਾਲ (ਹਰਜਿੰਦਰ ਸਿੰਘ ਸੋਨੀ)-ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ 1 ਸਤੰਬਰ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿੱਚ ਕੀਤੀ ਜਾ ਰਹੀ ਬਦਲਾਅ ਰੈਲੀ ਦੀ ਕਾਮਯਾਬੀ ਲਈ ਚਲ ਰਹੀ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਸਥਾਨਿਕ ਜ਼ਿਲ੍ਹਾ ਇਕਾਈ ਨੇ ਸ਼ਨੀਵਾਰ ਨੂੰ ਕਸਬਾ ਚੋਹਲਾ ਸਾਹਿਬ ਵਿਖੇ ਜਥਾ ਮਾਰਚ ਕਰਨ ਲਈ ਦੇਸ਼ ਭਗਤ ਬਾਬਾ ਸੂੱਚਾ ਸਿੰਘ ਚੋਹਲਾ ਸਾਹਿਬ ਦੀ ਯਾਦਗਾਰ ਤੋਂ ਕੇਂਦਰ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਨ ਉਪਰੰਤ ਬਜ਼ਾਰ ਵਿੱਚ ਦੁਕਾਨਦਾਰਾਂ ਨੂੰ ਪੈਂਫਲਿਟ ਵੰਡ ਕੇ ਮੋਦੀ ਸਰਕਾਰ ਦੀਆਂ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੀਆਂ ਲੋਕ ਵਿਰੋਧੀ ਨੀਤੀਆਂ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਦਬਾਅ ਹੇਠ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ।ਜਥਾ ਮਾਰਚ ਦੀ ਅਗਵਾਈ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਪਰਮਜੀਤ ਸਿੰਘ ਚੋਹਲਾ ਸਾਹਿਬ ਅਤੇ ਸੂਬੇਦਾਰ ਲੇਖ ਸਿੰਘ ਨੇ ਕੀਤੀ।ਇਸ ਜਥਾ ਮਾਰਚ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ, ਮੀਤ ਸਕੱਤਰ ਕਾ. ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਕੈਸ਼ੀਅਰ ਕਾ. ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਪੂੰਜੀਵਾਦੀ ਪ੍ਰਬੰਧ ਨੂੰ ਬੜਾਵਾ ਦੇਣ ਲਈ ਕਾਰਪੋਰੇਟ ਘਰਾਨਿਆਂ ਲਈ ਦੇਸ਼ ਦੀ ਸਮੁੱਚੀ ਮਿਹਨਤਕਸ਼ ਜਮਾਤ ਦੀ ਖੁੱਲ੍ਹੀ ਲੁੱਟ ਕਰਵਾ ਰਹੀ ਹੈ।ਆਗੂਆਂ ਨੇ 1 ਸਤੰਬਰ ਦੀ ਦਿੱਲੀ ਦੀ 'ਬਦਲਾਅ ਜ਼ਰੂਰੀ ਹੈ' ਰੈਲੀ ਲਈ ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ।

## ਤਿੰਨ ਨੌਜਵਾਨ ਡਰਾਈਵਰ ਕੋਲੋਂ ਆਟੋ ਖੋਹ ਕੇ ਫਰਾਰ

ਪਠਾਨਕੋਟ (ਦਵਿੰਦਰ ਸਿੰਘ)-3 ਨੌਜਵਾਨਾਂ ਵੱਲੋਂ ਪਠਾਨਕੋਟ ਵਿੱਚੋਂ ਇੱਕ ਆਟੋ ਡਰਾਈਵਰ ਕੋਲੋਂ ਧੱਕੇ ਨਾਲ ਉਸਦਾ ਆਟੋ ਖੋਹ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਿੱਟੂ ਵਾਸੀ ਪਠਾਨਕੋਟ ਨੇ ਦੱਸਿਆ ਕਿ ਉਹ ਬੱਸ ਸਟੈਂਡ ਦੇ ਬਾਹਰ ਵਿੱਚ ਸਵਾਰੀਆਂ ਦੀ ਉਡੀਕ ਲਈ ਖੜ੍ਹਾ ਸੀ, ਤਿੰਨ ਨੌਜਵਾਨ ਉਸ ਕੋਲ ਆਏ ਤੇ ਉਸ ਨੂੰ ਕਹਿਣ ਕਿ ਚੱਕ ਵਾਲੇ ਖੂਹ ਤੇ ਜਾਣਾ ਹੈ, ਕਹਿ ਕੇ ਉਸ ਨੂੰ ਲੈ ਗਏ। ਜਦੋਂ ਉਹ ਚੱਕ ਵਾਲੇ ਖੂਹ ਤੇ ਪਹੁੰਚੇ ਤਾਂ ਉਸ ਨੂੰ ਸੁਜਾਨਪੁਰ ਵੱਲ ਆਟੋ ਮੋੜਨ ਵੱਲ ਕਿਹਾ ਗਿਆ, ਫੇਰ ਉਸ ਨੂੰ ਥਾਣੇ ਵੱਲ ਲੈ ਗਏ ਅਤੇ ਉਸ ਤੋਂ ਬਾਅਦ ਫੂਲ ਪਿਆਰਾ ਰੋਡ ਤੇ ਉਸ ਨੂੰ ਧੱਕਾ ਮਾਰ ਕੇ ਆਟੋ ਵਿੱਚੋਂ ਕੱਢ ਦਿੱਤਾ ਅਤੇ ਆਟੋ ਵਿੱਚ ਰੱਖੇ ਉਸ ਦੇ ਪੈਸੇ ਅਤੇ ਮੋਬਾਇਲ ਵੀ ਲੈ ਕੇ ਫਰਾਰ ਹੋ ਗਏ। ਉਸ ਨਾਲ ਕੁੱਟਮਾਰ ਕੀਤੀ। ਉਸ ਨੇ ਦੱਸਿਆ ਕਿ ਇਹ ਮੁਲਜ਼ਮ ਸੀਸੀਟੀਵੀ ਵਿੱਚ ਵੀ ਕੈਦ ਹੋਏ ਹਨ, ਜਿਸ ਸਬੰਧੀ ਉਸ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਵੱਲੋਂ ਮਾਮਲਾ ਦਰਜ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ !

# ਡਾ. ਗੁਰਪ੍ਰੀਤ ਕੌਰ ਮਾਨ 'ਤੇ ਕਾਂਗਰਸ ਦੇ ਵਿਧਾਇਕ ਦੇ ਜੀਜੇ ਦੇ ਦੋਸ਼ ਬੇਬੁਨਿਆਦ ਤੇ ਰਾਜਨੀਤੀ ਤੋਂ ਪ੍ਰੇਰਿਤ : ਆਪ



ਚੰਡੀਗੜ੍ਹ (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ ਦੀ ਮੰਗ ਤੋਂ ਵਿਧਾਇਕ ਅਮਨਦੀਪ ਕੌਰ ਨੇ ਵਿਰੋਧੀ ਧਿਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਦੇ ਖਿਲਾਫ਼ ਲਗਾਏ ਜਾ ਰਹੇ ਕਥਿਤ ਬੇਬੁਨਿਆਦ ਦੋਸ਼ਾਂ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿੱਚ ਸਰਕਾਰ ਦੇ ਕੰਮਕਾਜ 'ਤੇ ਸਵਾਲ ਚੁੱਕਣਾ, ਵਿਰੋਧ ਕਰਨਾ ਅਤੇ ਆਲੋਚਨਾ ਕਰਨਾ ਵਿਰੋਧੀ ਧਿਰ ਦਾ ਅਧਿਕਾਰ ਹੈ, ਪਰ ਝੂਠੇ ਦੋਸ਼ ਲਗਾ ਕੇ ਕਿਸੇ ਵਿਅਕਤੀ ਦੀ ਨਿੱਜੀ ਜ਼ਿੰਦਗੀ, ਪ੍ਰਤਿਸ਼ਠਾ ਅਤੇ ਚਰਿੱਤਰ 'ਤੇ ਹਮਲਾ ਕਰਨਾ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਧਾਇਕ ਅਮਨਦੀਪ ਕੌਰ ਨੇ ਕਿਹਾ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਵੀ ਐਸ ਡੀ ਰਾਜਵੀਰ ਸਿੰਘ 'ਤੇ ਵੀ ਅਜਿਹੇ ਦੋਸ਼ ਲਗਾਏ ਗਏ ਸਨ, ਜਿਨ੍ਹਾਂ ਦਾ ਕੋਈ ਠੋਸ ਸਬੂਤ ਸਾਹਮਣੇ ਨਹੀਂ ਰੱਖਿਆ ਗਿਆ।ਉਨ੍ਹਾਂ ਕਿਹਾ ਕਿ ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿ ਸਕਦੀ ਹਾਂ ਕਿ ਪਾਰਟੀ ਫੰਡ ਦੇ ਨਾਂ 'ਤੇ ਕਿਸੇ ਤੋਂ ਕੋਈ ਅਣਉਚਿਤ ਮੰਗ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਵਿਰੋਧੀ ਧਿਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਕੋਲ ਕੋਈ ਦੋਸ਼ ਹੈ ਤਾਂ ਉਸ ਨੂੰ ਅਫਵਾਹਾਂ ਦੀ ਬਜਾਏ ਠੋਸ ਤੱਥਾਂ ਅਤੇ ਸਬੂਤਾਂ ਨਾਲ ਜਨਤਾ ਦੇ ਸਾਹਮਣੇ ਰੱਖਣ। ਵਿਧਾਇਕ ਅਮਨਦੀਪ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ 'ਤੇ ਸੁਖਪਾਲ ਸਿੰਘ ਖਹਿਰਾ ਦੇ ਜੀਜੇ ਰਣਜੀਤ ਸਿੰਘ ਵੱਲੋਂ ਲਗਾਏ ਗਏ ਦੋਸ਼ਾਂ ਦੇ ਮਾਮਲੇ ਵਿੱਚ ਡਾ. ਗੁਰਪ੍ਰੀਤ ਵੱਲੋਂ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਨੋਟਿਸ ਵਿੱਚ ਕਥਿਤ ਤੌਰ 'ਤੇ 24 ਘੰਟਿਆਂ ਦੇ ਅੰਦਰ ਮਾਫੀ ਮੰਗਣ ਦੀ ਮੰਗ ਕੀਤੀ ਗਈ ਹੈ, ਨਹੀਂ ਤਾਂ ਕਾਨੂੰਨੀ ਪ੍ਰਕਿਰਿਆ ਤਹਿਤ ਅਦਾਲਤ ਦਾ ਰੁਖ ਕਰਨ ਦੀ ਗੱਲ ਕਹੀ ਗਈ ਹੈ। ਵਿਧਾਇਕ ਅਮਨਦੀਪ ਕੌਰ ਨੇ ਦੁਹਰਾਇਆ ਕਿ ਜੇਕਰ ਸਰਕਾਰ ਦੇ ਕਿਸੇ ਫੈਸਲੇ ਜਾਂ ਕੰਮ ਵਿੱਚ ਵਿਰੋਧੀ ਧਿਰ ਨੂੰ ਕੋਈ ਗੜਬੜੀ ਨਜ਼ਰ ਆਉਂਦੀ ਹੈ ਤਾਂ ਉਹ ਉਸ ਦੇ ਅੰਦਰ ਮੁੱਦਾ ਚੁੱਕੇ, ਪਰ ਔਰਤਾਂ ਅਤੇ ਪਰਿਵਾਰਕ ਮੈਂਬਰਾਂ 'ਤੇ ਨਿੱਜੀ ਟਿੱਪਣੀਆਂ ਕਰਨਾ ਬੇਹੱਦ ਸ਼ਰਮਨਾਕ ਹੈ।ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਹੁਣ ਨਿੱਜੀ ਹਮਲਿਆਂ ਅਤੇ ਝੂਠੇ ਦੋਸ਼ਾਂ ਨੂੰ ਸਿਆਸੀ ਬਹਿਸ ਦਾ ਹਿੱਸਾ ਮੰਨ ਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ ਅਤੇ ਦੋਸ਼ ਲਗਾਉਣ ਵਾਲਿਆਂ ਨੂੰ ਅਦਾਲਤ ਵਿੱਚ ਆਪਣੇ ਦਾਅਵਿਆਂ ਦਾ ਜਵਾਬ ਦੇਣਾ ਪੈ ਸਕਦਾ ਹੈ।

# ਪੁਲਸ ਸਟੇਸ਼ਨ ਭਿੰਡੀ ਸੈਦਾਂ ਸਾਹਮਣੇ ਰੋਸ ਧਰਨਾ ਭਲਕੇ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੁਲਸ ਸਟੇਸ਼ਨ ਭਿੰਡੀ ਸੈਦਾਂ ਦੇ ਏਰੀਏ ਵਿੱਚ ਅਮਨ ਕਾਨੂੰਨ ਦੀ ਹਾਲਤ ਵਿਗੜਦੀ ਜਾ ਰਹੀ ਹੈ ਅਤੇ ਇਸ ਪੁਲਸ ਸਟੇਸ਼ਨ 'ਚ ਆਮ ਜਨਤਾ, ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ, ਦਲਤਾਂ, ਪੱਛੜੇ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਰਾਜਸੀ ਤੇ ਤਕੜੇ ਲੋਕਾਂ ਨੂੰ ਹੀ ਇਨਸਾਫ਼ ਮਿਲਦਾ ਹੈ! ਪੁਲਸ ਦੀ ਅਜਿਹੀ ਨਾਂਹਪੱਖੀ ਕਾਰਵਾਈ ਵਿਰੁੱਧ ਤੇ ਪੀੜਤ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਜਮਹੂਰੀ ਕਿਸਾਨ ਸਭਾ ਦੀ ਅਗਵਾਈ 'ਚ ਜਨਤਕ ਜਥੇਬੰਦੀਆਂ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੇ ਔਰਤ ਮੁਕਤੀ ਮੋਰਚਾ ਵੱਲੋਂ ਪੁਲਸ ਸਟੇਸ਼ਨ ਭਿੰਡੀ ਸੈਦਾਂ ਦੇ ਸਾਹਮਣੇ 24 ਅਗਸਤ ਦਿਨ ਸੋਮਵਾਰ ਨੂੰ ਵਿਸ਼ਾਲ ਰੋਸ ਭਰਿਆ ਧਰਨਾ ਲਗਾਇਆ ਜਾ ਰਿਹਾ ਹੈ ਜਿਸ ਵਿਚ ਇਲਾਕੇ ਤੇ ਭਾਰਤ-ਪਾਕਿ ਬਾਰਡਰ ਤੋਂ ਵੱਡੀ ਗਿਣਤੀ ਵਿੱਚ ਪੀੜਤ ਲੋਕ ਸ਼ਾਮਿਲ ਹੋ ਰਹੇ ਹਨ!

ਇਸ ਧਰਨੇ ਨੂੰ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਐੱਸ ਕੇ ਐੱਮ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ, ਦੇਸਾ ਸਿੰਘ ਭਿੰਡੀ ਔਲਖ, ਬਲਕਾਰ ਸਿੰਘ ਗੁਲਗੜ੍ਹ, ਸਤਵਿੰਦਰ ਸਿੰਘ ਉਠੀਆਂ ਤੇ ਹਰਨੇਕ ਸਿੰਘ ਨੇਪਾਲ, ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਕਰਨੈਲ ਸਿੰਘ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਸੁੱਚਾ ਸਿੰਘ ਘੋਗਾ, ਵਿੱਤ ਸਕੱਤਰ ਗਾਇਕ ਗੁਰਪਾਲ ਗਿੱਲ ਪਹੁੰਚ ਰਹੇ ਹਨ !ਔਰਤ ਮੁਕਤੀ ਮੋਰਚਾ ਦੀ ਸਕੱਤਰ ਬੀਬੀ ਸਰਬਜੀਤ ਕੌਰ ਜਸਰਾਊਰ ਇਕੱਠ ਨੂੰ ਸੰਬੋਧਨ ਕਰਨਗੇ। ਪੁਲਸ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

# ਰੋਟਰੀ ਕਲੱਬ ਨਾਰਥ ਵੱਲੋਂ ਵਿਦਿਆਰਥੀਆਂ ਨੂੰ ਖਾਣ-ਪੀਣ ਦੀ ਸਮਗਰੀ ਭੇਟ



ਅੰਮ੍ਰਿਤਸਰ (ਅਰੋੜਾ)-ਗੁਰੂ ਦੀ ਨਗਰੀ ਵਿੱਚ ਦੇਸ਼ ਅਤੇ ਸਮਾਜ ਭਲਾਈ ਕਾਰਜਾਂ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾ ਰਹੀ ਏ. ਆਈ. ਸੀ. ਈ. ਸੁਸਾਇਟੀ ਰਜਿ. ਵੱਲੋਂ ਰੋਟਰੀ ਕਲੱਬ ਨਾਰਥ ਦੇ ਸਹਿਯੋਗ ਨਾਲ ਸਾਉਣ ਮਹੀਨੇ ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਖਾਣ-ਪੀਣ ਦੀ ਸਮੱਗਰੀ ਵੰਡੀ ਗਈ।

ਇਸ ਮੌਕੇ ਇੱਕ ਸਾਦਾ ਸਮਾਗਮ ਵੀ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਰੋਟਰੀ ਕਲੱਬ ਨਾਰਥ ਦੇ ਸਾਬਕਾ ਸਹਾਇਕ ਗਵਰਨਰ ਅਤੇ ਚੀਫ਼ ਐਡੀਟਰ ਰਸਜੀਤ ਸਿੰਘ ਖੇੜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸਾਉਣ ਮਹੀਨੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਧਾਰਮਿਕ ਵੇਦ ਗ੍ਰੰਥਾਂ ਅਨੁਸਾਰ ਸਾਉਣ ਮਹੀਨੇ ਨੂੰ ਇੱਕ ਪਵਿੱਤਰ ਧਾਰਮਿਕ ਮਹੀਨੇ ਵਜੋਂ ਮੰਨਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਟਿਆਰਾਂ ਵਿੱਚ ਇਹ ਧਾਰਨਾ ਹੈ ਕਿ ਸਾਉਣ ਮਹੀਨੇ ਵਿੱਚ ਕੀਤੇ ਗਏ ਹਰੇਕ ਧਾਰਮਿਕ ਕਾਰਜ ਹਮੇਸ਼ਾ ਸਫਲ ਹੁੰਦੇ ਹਨ।ਮੁਟਿਆਰਾਂ ਚੰਗੇ ਵਰ ਅਤੇ ਘਰ ਦੀ ਇੱਛਾ ਰੱਖ ਕੇ ਇਸ ਮਹੀਨੇ ਦੇ ਹਰੇਕ ਸੋਮਵਾਰ ਨੂੰ ਬਹੁਤ ਸ਼ਰਧਾ ਭਾਵਨਾ ਨਾਲ ਵਰਤ ਰੱਖਦੀਆਂ ਹਨ।ਸੁਸਾਇਟੀ ਵੱਲੋਂ ਮੈਡਮ ਕਮਲਦੀਪ ਕੌਰ (ਮੁੱਖ ਮਹਿਮਾਨ) ਨੂੰ ਸਨਮਾਨਿਤ ਵੀ ਕੀਤਾ ਗਿਆ।ਸਮਾਗਮ ਵਿੱਚ ਭਾਗ ਲੈਣ ਵਾਲੀਆਂ ਮੁਟਿਆਰਾਂ ਨੇ ਪੰਜਾਬ ਦਾ ਇਤਿਹਾਸਕ ਨ੍ਰਿਤ ਗਿੱਧਾ ਅਤੇ ਪੰਜਾਬੀ ਬੋਲੀਆਂ ਪਾ ਕੇ ਖੂਬ ਰੰਗ ਬੰਨ੍ਹਿਆ।ਇਸ ਮੌਕੇ ਰੋਟਰੀ ਨਾਰਥ ਦੇ ਪ੍ਰਧਾਨ ਪਰਮੀਤ ਸਿੰਘ, ਸੁਸਾਇਟੀ ਦੇ ਮੀਤ-ਪ੍ਰਧਾਨ ਸੰਜੇ ਮਲਿਕ, ਚੀਫ਼ ਐਡਵਾਈਜ਼ਰ ਵਿਜੇ ਭਸੀਨ, ਐੱਮ. ਓ. ਸੀ. ਸਾਬਕਾ ਸਹਾਇਕ ਗਵਰਨਰ ਆਰ. ਐੱਸ. ਚੱਠਾ, ਪੁਨੀਤ, ਪ੍ਰੀਤੀ, ਮਨਪ੍ਰੀਤ ਕੌਰ, ਸਿਮਰਨ, ਨੇਹਾ, ਅਮਨਪ੍ਰੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਮੌਜੂਦ ਸਨ।

# 72 ਲੱਖ ਦੀ ਲੁੱਟ ਦਾ ਮਾਮਲਾ ਟਰੇਸ, 6 ਮੁਲਜ਼ਮ ਗ੍ਰਿਫ਼ਤਾਰ



ਜਲੰਧਰ (ਇਕਬਾਲ ਸਿੰਘ ਉੱਭੀ)-ਪੁਲਸ ਕਮਿਸ਼ਨਰੇਟ ਜਲੰਧਰ ਨੇ ਰਾਮਾ ਮੰਡੀ ਇਲਾਕੇ ਵਿੱਚ ਹੋਈ 72 ਲੱਖ ਦੀ ਲੁੱਟ ਦਾ ਮਾਮਲਾ ਟਰੇਸ ਕਰਦਿਆਂ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਕੋਲੋਂ ਲੁੱਟੀ ਗਈ 72 ਲੱਖ ਦੀ ਪੂਰੀ ਰਕਮ, ਇੱਕ ਬਿਨਾਂ ਨੰਬਰ ਹੌਂਡਾ ਅਮੇਜ਼, ਇੱਕ ਬਿਨਾਂ ਨੰਬਰ ਟੋਯੋਟਾ ਇਟੀਓਸ, ਦੋ ਮੋਬਾਈਲ ਫੋਨ, ਇੱਕ ਬੇਸਬਾਲ ਬੈਟ ਅਤੇ ਇੱਕ ਡੰਡਾ ਬਰਾਮਦ ਕੀਤਾ ਹੈ। ਪੁਲਸ ਮੁਤਾਬਕ 17 ਅਗਸਤ ਨੂੰ ਲਲਿਤ ਮਿੱਤਲ ਵੱਲੋਂ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਗਿਆ ਸੀ ਕਿ ਉਹ ਕਾਰ ਰਾਹੀਂ ਘਰ ਵਾਪਸ ਆ ਰਿਹਾ ਸੀ ਤਾਂ ਇੱਕ ਚਿੱਟੇ ਰੰਗ ਦੀ ਕਾਰ ਨੇ ਉਸ ਦਾ ਪਿੱਛਾ ਕਰਦਿਆਂ ਉਸ ਦੀ ਗੱਡੀ ਨੂੰ ਰੋਕ ਲਿਆ। ਮੁਲਜ਼ਮਾਂ ਨੇ ਪਿੱਛੋਂ ਕਾਰ ਨੂੰ ਟੱਕਰ ਮਾਰੀ, ਰਾਡ ਨਾਲ ਅੱਗੇ ਦਾ ਸ਼ੀਸ਼ਾ ਤੋੜਿਆ ਅਤੇ ਕਰੀਬ ?72 ਲੱਖ ਨਕਦੀ ਵਾਲਾ ਬੈਗ ਲੈ ਕੇ ਫਰਾਰ ਹੋ ਗਏ। ਜਾਂਚ ਤੋਂ ਬਾਅਦ ਪੁਲਸ ਨੇ ਸਾਹਿਲ, ਵਿਕਾਸ, ਰਣਜੀਤ ਸਿੰਘ, ਸੰਨੀ ਖੋਸਲਾ ਉਰਫ਼ ਮੋਨਾ, ਹਰਦੀਪ ਸਿੰਘ ਉਰਫ਼ ਦੀਪੂ ਅਤੇ ਰਾਜਵੀਰ ਗਿੱਲ ਉਰਫ਼ ਗਿੱਲ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਅਨੁਸਾਰ ਸੰਨੀ ਖੋਸਲਾ ਉਰਫ਼ ਮੋਨਾ ਮਾਮਲੇ ਵਿੱਚ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ ਹੈ। ਅਦਾਲਤ ਵੱਲੋਂ ਮੁਲਜ਼ਮਾਂ ਨੂੰ 5 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ ਅਤੇ ਪੁੱਛਗਿੱਛ ਜਾਰੀ ਹੈ। ਮਾਮਲੇ ਸਬੰਧੀ ਐੱਫ ਆਈ ਆਰ ਥਾਣਾ ਰਾਮਾ ਮੰਡੀ ਵਿੱਚ ਦਰਜ ਕੀਤੀ ਗਈ ਹੈ। ਪੁਲਸ ਰਿਕਾਰਡ ਅਨੁਸਾਰ ਕੁਝ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਚੋਰੀ, ਨਸ਼ਾ ਤਸਕਰੀ, ਆਬਕਾਰੀ, ਅਸਲਾ ਅਤੇ ਹੋਰ ਅਪਰਾਧਕ ਮਾਮਲੇ ਦਰਜ ਹਨ।

# ਖੇਡਾਂ ਵਤਨ ਪੰਜਾਬ ਦੀਆਂ-2026' ਦੀ ਟਾਰਚ ਰਿਲੇਅ ਅੱਜ ਪਹੁੰਚੇਗੀ ਹੁਸ਼ਿਆਰਪੁਰ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ-2026' ਦੀ ਸ਼ੁਰੂਆਤ ਤੋਂ ਪਹਿਲਾਂ ਸੂਬੇ ਭਰ ਵਿੱਚ 12 ਅਗਸਤ ਤੋਂ ਸ਼ੁਰੂ ਕੀਤੀ ਟਾਰਚ ਰਿਲੇਅ 23 ਅਗਸਤ ਨੂੰ ਜ਼ਿਲਾ ਹੁਸ਼ਿਆਰਪੁਰ ਵਿਖੇ ਪਹੁੰਚ ਰਹੀ ਹੈ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਹੁੰਦੀ ਹੋਈ ਐਤਵਾਰ ਨੂੰ ਮੇਹਟੀਆਣਾ ਤੋਂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਦਾਖ਼ਲ ਹੋਵੇਗੀ । ਉਨ੍ਹਾਂ ਦੱਸਿਆ ਕਿ ਮੇਹਟੀਆਣਾ ਵਿਖੇ ਵਿਧਾਇਕ ਡਾ. ਇਸ਼ਾਂਕ ਕੁਮਾਰ, ਅਰਜੁਨਾ ਐਵਾਰਡੀ ਗੁਰਦੇਵ ਸਿੰਘ ਗਿੱਲ ਅਤੇ ਖੇਡ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਦਾ ਸਵਾਗਤ ਕੀਤਾ ਜਾਵੇਗਾ। ਇਸ ਤੋਂ ਬਾਅਦ ਟਾਰਚ ਰਿਲੇਅ ਪਿੰਡ ਮੇਹਟੀਆਣਾ ਤੋਂ ਹੁੰਦੀ ਹੋਈ ਦੁਪਹਿਰ 12 ਵਜੇ ਇੰਡੋਰ ਸਟੇਡੀਅਮ ਹੁਸ਼ਿਆਰਪੁਰ ਵਿਖੇ ਪਹੁੰਚੇਗੀ। ਇੰਡੋਰ ਸਟੇਡੀਅਮ ਵਿਖੇ ਖੇਡ ਵਿਭਾਗ ਦੇ ਕੋਚਾਂ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਵੱਲੋਂ ਟਾਰਚ ਰਿਲੇਅ ਦਾ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਵਿਧਾਇਕ ਬ੍ਰਮਸ਼ੰਕਰ ਜਿੰਪਾ, ਵਿਧਾਇਕ ਡਾ. ਇਸ਼ਾਂਕ ਕੁਮਾਰ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਵੱਖ-ਵੱਖ ਖੇਡਾਂ ਦੇ ਪ੍ਰਸਿੱਧ ਸਾਬਕਾ ਖਿਡਾਰੀ ਸ਼ਾਮਲ ਹੋਣਗੇ। 24

# ਜੀ ਟੀ ਬੀ ਆਈ ਸਕੂਲ ਵਿਖੇ ਧੂਮ-ਧਾਮ ਨਾਲ ਮਨਾਇਆ ਤੀਆਂ ਦਾ ਤਿਉਹਾਰ



ਧਾਰੀਵਾਲ, (ਮਨਦੀਪ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ. ਟੀ. ਬੀ. ਆਈ.) ਸਕੂਲ ਕਲਿਆਣਪੁਰ ਵਿਖੇ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸ਼ੇ ਨੂੰ ਸਮਰਪਿਤ 'ਤੀਆਂ ਦਾ ਤਿਉਹਾਰ' ਬੜੇ ਉਤਸ਼ਾਹ ਅਤੇ ਹਰਸ਼ੋ-ਉਲਾਸ ਨਾਲ ਮਨਾਇਆ ਗਿਆ। ਇਸ ਮੌਕੇ ਬੱਚੇ ਪੰਜਾਬੀ ਰਵਾਇਤੀ ਰੰਗ-ਬਿਰੰਗੇ ਪਹਿਰਾਵੇ ਵਿੱਚ ਨਜ਼ਰ ਆਏ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਤੇ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਰਹਿਨੁਮਾਈ ਹੇਠ ਕਰਵਾਏ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਖਾਸ ਕਰਕੇ ਛੇਵੀਂ ਤੋਂ ਨੌਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗਿੱਧੇ, ਬੋਲੀਆਂ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਮੌਜੂਦ ਸਭ ਦਰਸਕਾਂ ਦਾ ਮਨ ਮੋਹ ਲਿਆ। ਅੱਠਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਆਪਣੀ ਆਵਾਜ਼ ਵਿੱਚ ਸੁਹਾਗ ਅਤੇ ਸਾਉਣ ਮਹੀਨੇ ਦੇ ਗੀਤ ਗਾ ਕੇ ਸਮਾਂ ਬੰਨ੍ਹ ਦਿੱਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਵਿਦਿਆਰਥਣਾਂ ਨੂੰ ਆਪਣੇ ਮੂਲ ਸੱਭਿਆਚਾਰ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਿਰਾਸਤ ਮਨੁੱਖੀ ਜੀਵਨ ਦਾ ਇੱਕ ਅਨਮੋਲ ਹਿੱਸਾ ਹੈ, ਜੋ ਸਾਡੇ ਇਤਿਹਾਸ, ਰੀਤੀ-ਰਿਵਾਜਾਂ ਅਤੇ ਪੰਜਾਬੀ ਹੋਣੀ ਦੀ ਅਸਲ ਪਛਾਣ ਕਰਵਾਉਂਦੀ ਹੈ। ਉਨ੍ਹਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਦੱਸਿਆ ਕਿ ਅਜਿਹੇ ਤਿਉਹਾਰ ਸਾਡੀ ਨੌਜਵਾਨ ਪੀੜ੍ਹੀ ਵਿੱਚ ਆਪਣੇ ਦੇਸ਼ ਅਤੇ ਸੂਬੇ ਦੇ ਵਿਰਸੇ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਕਰਦੇ ਹਨ। ਉਨ੍ਹਾਂ ਬੱਚਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਅਜਿਹੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਵਿੱਚ ਕੁਲਵਿੰਦਰ ਕੌਰ, ਮਨਦੀਪ ਕੌਰ, ਸੁਖਦੀਪ ਕੁਮਾਰੀ, ਰਵਦੀਪ ਕੌਰ, ਰਣਦੀਪ ਕੌਰ ਅਤੇ ਸੋਨੀਆ ਨੇ ਵਿਦਿਆਰਥਣਾਂ ਦੀ ਤਿਆਰੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

# 'ਵਿਕਸਿਤ ਭਾਰਤ ਮਿਸ਼ਨ' ਤਹਿਤ ਸਰਕਾਰੀ ਹਾਈ ਸਕੂਲ ਭੋਮਾ ਦਾ ਦੌਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਕਾਰੀ ਸਕੂਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਲਈ ਵਿਕਸਿਤ ਭਾਰਤ ਮਿਸ਼ਨ 2047 ਦੇ ਕੌਮੀ ਚੇਅਰਮੈਨ ਗੁਰਪਾਲ ਸਿੰਘ ਨੇ ਸਰਕਾਰੀ ਹਾਈ ਸਕੂਲ ਭੋਮਾ ਵਿਖੇ ਪਹੁੰਚ ਕੇ ਅਧਿਆਪਕ ਅਤੇ ਬੱਚਿਆਂ ਦੇ ਨਾਲ ਏ ਆਈ ਸਬੰਧ ਵਿੱਚ ਸੈਮੀਨਾਰ ਨੂੰ ਸੰਬੋਧਨ ਕੀਤਾ।ਚੇਅਰਮੈਨ ਗੁਰਪਾਲ ਸਿੰਘ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਏ. ਆਈ. ਸਿੱਖਿਆ ਗ੍ਰਹਿਣ ਕਰਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਆਉਂਦੇ ਕੁਝ ਸਾਲਾਂ ਵਿੱਚ ਹਰ ਸਕੂਲ ਹਰ ਪਿੰਡ ਨੂੰ ਜਿੱਥੇ ਏ. ਆਈ. ਲੈਬ ਨਾਲ ਜੋੜਨ ਜਾ ਰਹੀ ਹੈ, ਉਥੇ ਭਵਿੱਖ ਵਿੱਚ ਬਹੁਤ ਸਾਰੀਆਂ ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕੇ ਵੀ ਪ੍ਰਦਾਨ ਕਰੇਗੀ। ਸੋ ਇਸ ਲਈ ਹਰ ਬੱਚੇ ਨੂੰ ਏ ਆਈ ਸਿੱਖਿਆ ਹਾਸਲ ਕਰਨੀ ਚਾਹੀਦੀ ਹੈ।ਇਸ ਮੌਕੇ ਮੁੱਖ ਅਧਿਆਪਕ ਸਰਬਪ੍ਰੀਤ ਸਿੰਘ, ਰਵਿੰਦਰ ਸਿੰਘ ਰਵਿੰਦਰ ਪਾਲ ਸਿੰਘ, ਵਰਿਆਮ ਸਿੰਘ, ਸੁਖਦੇਵ ਸਿੰਘ, ਮੈਡਮ ਨਵਜੀਤ ਅਮਨ, ਅਮਰਜੀਤ ਕੌਰ, ਕੁਲਬੀਰ ਕੌਰ, ਗੁਰਸਿਮਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਮੈਡਮ ਅਤੇ ਭੁਪਿੰਦਰ ਮੈਡਮ ਹਾਜ਼ਰ ਸਨ।ਇਸ ਤੋਂ ਇਲਾਵਾ ਪੀ. ਐੱਸ. ਏ. ਲਖਵਿੰਦਰ ਸਿੰਘ, ਸਰਪੰਚ ਗੁਰਮੀਤ ਸਿੰਘ ਸਦਾਰੰਗ, ਹਰਧਨਵੰਤ ਸਿੰਘ ਅਤੇ ਗੁਰਮੀਤ ਸਿੰਘ ਭੋਮਾ ਆਦਿ ਹਾਜ਼ਰ ਸਨ।

# ਮਾਨ ਦੀ ਚਵਿੰਡਾ ਦੇਵੀ ਫੇਰੀ ਨੂੰ ਲੈ ਕੇ 'ਆਪ' ਵੱਲੋਂ ਵਿਸ਼ਾਲ ਇਕੱਤਰਤਾ



ਮਜੀਠਾ/ਚਵਿੰਡਾ ਦੇਵੀ (ਸੋਇਮ ਆਨੰਦ/ਖੁਸ਼ਹਾਲ ਸੁੰਦਰ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 26 ਅਗਸਤ ਨੂੰ ਹਲਕਾ ਮਜੀਠਾ ਦੇ ਕਸਬਾ ਚਵਿੰਡਾ ਦੇਵੀ ਵਿਖੇ ਹੋਣ ਵਾਲੀ ਫੇਰੀ ਅਤੇ ਰੈਲੀ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਅੱਜ ਆਮ ਆਦਮੀ ਪਾਰਟੀ ਦੀ ਇੱਕ ਵਿਸ਼ਾਲ ਤੇ ਅਹਿਮ ਇਕੱਤਰਤਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਰਾਇਲ ਵਿਲਾ, ਮਜੀਠਾ ਵਿਖੇ ਕਰਵਾਈ ਗਈ।ਇਕੱਤਰਤਾ ਦੌਰਾਨ ਮੁੱਖ ਮੰਤਰੀ ਦੀ ਫੇਰੀ ਨੂੰ ਸਫਲ ਬਣਾਉਣ ਲਈ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ 26 ਅਗਸਤ ਨੂੰ ਚਵਿੰਡਾ ਦੇਵੀ ਵਿਖੇ ਪਹੁੰਚ ਕੇ ਹਲਕਾ ਮਜੀਠਾ ਦੇ ਲੋਕਾਂ ਨੂੰ ਸੰਬੋਧਨ ਕਰਨਗੇ।ਉਨ੍ਹਾਂ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਦੀ ਚਵਿੰਡਾ ਦੇਵੀ ਫੇਰੀ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਰੈਲੀ ਨੂੰ ਸਫਲ ਬਣਾਉਣ ਲਈ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ।ਇਸ ਮੌਕੇ ਸਰਪ੍ਰੀਤ ਸਿੰਘ ਗਿੱਲ, ਹਰ ਭੁਪਿੰਦਰ ਸਿੰਘ ਸ਼ਾਹ, ਹਰਪਾਲ ਸਿੰਘ ਗਿੱਲ ਮੈਂਬਰ ਚੀਫ ਖਾਲਸਾ ਦੀਵਾਨ, ਚੇਅਰਮੈਨ ਯਾਦਵਿੰਦਰ ਸਿੰਘ ਪੰਧੇਰ, ਸਰਪੰਚ ਗੁਰਪ੍ਰੀਤ ਸਿੰਘ ਮਹੱਦੀਪੁਰ, ਮੈਡਮ ਅਮਨਦੀਪ ਕੌਰ, ਰਾਜਦੀਪ ਕੌਰ, ਸੋਨੀਆ, ਅਨੀਤਾ ਰਾਣੀ, ਵੀਨਾ ਰਾਣੀ, ਸਰਬਜੀਤ ਕੌਰ, ਕੰਵਲਜੀਤ ਕੌਰ, ਹਰਪ੍ਰੀਤ ਕੌਰ, ਬਲਰਾਜ ਕੌਰ, ਸਰਪੰਚ ਜਗਰਾਜ ਸਿੰਘ ਦਾਦੂਪੁਰ, ਸਰਪੰਚ ਜਗਰਾਜ ਸਿੰਘ ਕੋਟਲਾ ਗੁੱਜਰਾਂ, ਸਰਪੰਚ ਗੁਰਨੂਪ ਸਿੰਘ ਪੰਧੇਰ, ਸਰਪੰਚ ਜਸਵੰਤ ਸਿੰਘ ਵੀਰਮ, ਬਲਜਿੰਦਰ ਸਿੰਘ ਸੰਮਤੀ ਮੈਂਬਰ, ਤਰਸੇਮ ਸਿੰਘ ਸਿਆਲਕਾ, ਪਰਮਜੀਤ ਸਿੰਘ ਪੰਮਾ, ਸਰਪੰਚ ਅਮਰਜੀਤ ਸਿੰਘ ਕਲੇਰ, ਸਰਪੰਚ ਸਤਨਾਮ ਸਿੰਘ ਨਾਗ ਨਵੇਂ, ਜਗਦੀਪ ਸਿੰਘ ਗੋਗਾ, ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ, ਭਿੰਦਾ ਰਮਾਣਾ ਚੱਕ, ਮਾਸਟਰ ਜਸਜੀਤ ਸਿੰਘ ਨਾਗ ਕਲਾਂ, ਹਨੀ ਅਜਬਵਾਲੀ, ਪਿੰਕਾ ਮਜੀਠਾ, ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ, ਰਣਜੀਤ ਸਿੰਘ ਭੋਮਾ, ਸ਼ਿਵਰਾਜ ਸਿੰਘ ਭੀਲੋਵਾਲ, ਬਲਾਕ ਸੰਮਤੀ ਮੈਂਬਰ ਗੁਰਬੀਰ ਸਿੰਘ ਮੱਲੀ, ਜ਼ਿਲ੍ਹਾ ਪਰਿਸ਼ਦ ਮੈਂਬਰ ਹੁਸਨਪੀਟ ਸਿੰਘ, ਸਰਪੰਚ ਰਾਣਾ ਨੰਗਲ ਪੰਨਵਾਂ, ਗੁਰਸੇਵਕ ਸਿੰਘ ਮੱਟਵਾਲ, ਪਰਮਜੀਤ ਸਿੰਘ ਮੱਰੇਵਾਲ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਅਮਰਜੀਤ ਸਿੰਘ ਮਜੀਠਾ, ਡਾਕਟਰ ਕਸ਼ਮੀਰ ਸਿੰਘ ਪੰਧਰ, ਸਰਪੰਚ ਚਰਨਜੀਤ ਸਿੰਘ ਵਡਾਲਾ, ਗੁਰਜੰਟ ਕੱਥੂਨੰਗਲ, ਸੋਨੀ ਸਰੀਰ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।


**Guru Nanak Ayurvedic Medical College & Hospital**
Sri Muktsar Sahib (Pb)

**REQUIRED STAFF**

**Associate Professor/Professor**
in the department of AGAD TANTRA & RAS SHASTRA

**Assistant Professor**
in the department of SAMHITA, KAUMARBHRITYA, SHALAKYA TANTRA & SHALYA TANTRA

B-Pharma, Staff Nurse, Yoga Instructor (Female), Analytical Chemist, Microbiologist (Part-Time)

Resume at gnamcmkt@rediffmail.com, Contact No. 9876000107, 62395-49311
Meet personally or visit office from 10 AM to 03:00 PM (Working Day)


## ਰੱਖੜ ਪੁੰਨਿਆ ਦੇ ਮੇਲੇ 'ਤੇ ਮੈਡੀਕਲ ਕੈਂਪ ਲਾਏ ਜਾਣਗੇ :ਐੱਸ ਐੱਮ ਓ



ਬਿਆਸ (ਪਰਮਜੀਤ ਸਿੰਘ ਰੱਖੜਾ) ਇਤਿਹਾਸਕ ਨਗਰੀ ਬਾਬਾ ਬਕਾਲਾ ਸਾਹਿਬ ਵਿਖੇ ਪ੍ਰਸਿੱਧ ਰੱਖੜ ਪੁੰਨਿਆ ਮੇਲੇ ਦੇ ਅਵਸਰ 'ਤੇ ਸ਼ਰਧਾਲੂਆਂ ਦੀ ਸੁਵਿਧਾ ਤੇ ਸਿਹਤ ਦੀ ਸੁਰੱਖਿਆ ਲਈ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਦੇ ਪ੍ਰਸ਼ਾਸਨ ਨੇ ਆਪਣੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ।

ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਨੀਰਜ ਭਾਟੀਆ ਨੇ ਦੱਸਿਆ ਕਿ ਮੇਲੇ ਦੌਰਾਨ ਸ਼ਰਧਾਲੂਆਂ ਦੀ ਦੇਖਭਾਲ ਦੇ ਲਈ ਸਿਹਤ ਵਿਭਾਗ ਵੱਲੋਂ ਜਗ੍ਹਾ-ਜਗ੍ਹਾ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾਣਗੇ। ਡਾਕਟਰ ਭਾਟੀਆ ਨੇ ਦੱਸਿਆ ਕਿ ਮੇਲੇ ਵਿੱਚ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਬੇਹਤਰ ਅਤੇ ਤੁਰੰਤ ਇਲਾਜ ਮੁਹੱਈਆ ਕਰਵਾਉਣ ਲਈ 24 ਘੰਟੇ ਮੈਡੀਕਲ ਟੀਮਾਂ ਤਾਇਨਾਤ ਰਹਿਣਗੀਆਂ। ਕਿਸੇ ਵੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਜ਼ਰੂਰੀ ਦਵਾਈਆਂ, ਐਂਬੂਲੈਂਸ ਅਤੇ ਪੈਰਾ-ਮੈਡੀਕਲ ਸਟਾਫ ਦੀ ਬਕਾਇਦਾ ਵਿਵਸਥਾ ਕੀਤੀ ਗਈ ਹੈ।

### ਅਦਾਲਤੀ ਇਸ਼ਤਿਹਾਰ

ਦਫਤਰ ਸਬ-ਡਵੀਜ਼ਨਲ ਮੈਜਿਸਟ੍ਰੇਟ ਅੰਮ੍ਰਿਤਸਰ-2

ਵਿਸ਼ਾ : ਇੰਤਕਾਲ ਨੰਬਰ 3757 ਵਰਾਸਤ ਵਾਕਿਆ ਰਕਬਾ ਪਿੰਡ ਬੱਲ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ

ਨੋਟਿਸ ਬਨਾਮ : ਜਨਰਲ ਪਬਲਿਕ

ਉਪਰੋਕਤ ਵਿਸ਼ੇ ਸੰਬੰਧੀ ਇੰਤਕਾਲ ਨੰਬਰ 3757 ਵਰਾਸਤ ਵੱਲੋਂ (ਮ੍ਰਿਤਕ) ਧਰਮਪਾਲ ਪੁੱਤਰ ਰਾਮ ਲਾਲ ਬਨਾਮ ਦੀਪਿਕਾ ਸ਼ਰਮਾ ਪੁੱਤਰੀ ਯਸ਼ਪਾਲ ਸ਼ਰਮਾ ਪੁੱਤਰ ਰਾਮ ਲਾਲ ਵਾਕਿਆ ਰਕਬਾ ਬੱਲ ਕਲਾਂ ਨਿਮਨਹਸਤਾਖਰ ਦੇ ਦਫਤਰ ਵਿੱਚ ਮਨਜ਼ੂਰੀ ਲਈ ਪੇਸ਼ ਹੋਇਆ ਹੈ। ਇਸ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਇਹ ਇੰਤਕਾਲ ਮਨਜ਼ੂਰ ਹੋਣ ਵਿੱਚ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਮਿਤੀ 31/08/2026 ਤੱਕ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਦੇ ਸਕਦਾ ਹੈ। ਬਾਅਦ ਮਿਆਦ ਪੇਸ਼ ਹੋਏ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ ਤੇ ਇੰਤਕਾਲ ਮਨਜ਼ੂਰ ਕਰ ਦਿੱਤਾ ਜਾਵੇਗਾ। ਇਹ ਨੋਟਿਸ ਮੇਰੇ ਹਸਤਾਖਰ ਅਤੇ ਦਫਤਰੀ ਮੋਹਰ ਨਾਲ ਜਾਰੀ ਹੋਇਆ।

ਸਹੀ/- ਉੱਪ ਮੰਡਲ ਮੈਜਿਸਟ੍ਰੇਟ, ਅੰਮ੍ਰਿਤਸਰ-2

(ਨੰ. 5, ਮਿਤੀ 20/8/26)

### ਪਬਲਿਕ ਨੋਟਿਸ

ਵਿਸ਼ਾ : ਗੈਰ-ਮੁਸਦਕਾ ਵਸੀਅਤ ਰਜਿਸਟਰਡ ਕਰਨ ਬਾਰੇ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਜੀਤ ਕੌਰ ਪੁੱਤਰੀ ਅਮਰਜੀਤ ਸਿੰਘ (ਪਤਨੀ ਹਰਵਿੰਦਰ ਸਿੰਘ) ਵਾਸੀ ਪਿੰਡ ਪਿੱਥੋਰਾਹਲ, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਨੇ ਇੱਕ ਦਰਖਾਸਤ ਮਿਤੀ 18.08.2026 ਨੂੰ ਗੈਰ-ਮੁਸਦਕਾ ਵਸੀਅਤ ਰਜਿਸਟਰਡ ਕਰਵਾਉਣ ਲਈ ਨਿਮਨ ਹਸਤਾਖਰ ਨੂੰ ਦਿੱਤੀ ਹੈ ਕਿ ਉਸ ਦੇ ਪਿਤਾ ਅਮਰਜੀਤ ਸਿੰਘ ਪੁੱਤਰ ਮੇਘ ਸਿੰਘ ਪੁੱਤਰ ਵਿਰਸਾ ਸਿੰਘ ਵਾਸੀ ਪਿੰਡ ਪਿੱਪਲੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਆਪਣੀ ਚੱਲ-ਅਚੱਲ ਜਾਇਦਾਦ ਦੀ ਗੈਰ-ਮੁਸਦਕਾ ਵਸੀਅਤ ਮਿਤੀ 17/04/2026 ਨੂੰ ਲਿਖੀ ਸੀ, ਜੋ ਆਪਣੀ ਪਤਨੀ ਰਜਵਿੰਦਰ ਕੌਰ ਨੂੰ ਵਾਕਿਆ ਰਕਬਾ ਪਿੰਡ ਪਿੱਪਲੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਾ ਆਪਣੀ ਪੁੱਤਰੀ ਹਰਜੀਤ ਕੌਰ (ਪਤਨੀ ਹਰਵਿੰਦਰ ਸਿੰਘ) ਨੂੰ ਦੁਕਾਨ ਨੰ. 253, 294 ਨਵੀਂ ਦਾਣਾ ਮੰਡੀ, ਸੁਲਤਾਨਪੁਰ ਲੋਧੀ ਵਾ ਵਾਕਿਆ ਰਕਬਾ ਪਿੰਡ ਪਿਥੋਰਾਹਲ, ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਦੇ ਹੱਕ ਵਿੱਚ ਕੀਤੀ ਸੀ, ਪੇਸ਼ ਕੀਤੀ ਹੈ। ਸ੍ਰੀ ਅਮਰਜੀਤ ਸਿੰਘ ਦੀ ਮੌਤ ਮਿਤੀ 30.05.2026 ਨੂੰ ਹੋ ਚੁੱਕੀ ਹੈ। ਇਹ ਵਸੀਅਤ ਜ਼ੇਰ ਧਾਰਾ 40/41 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ, ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਮੇਰੀ ਅਦਾਲਤ ਵਿੱਚ ਇਸ਼ਤਿਹਾਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 18.08.2026 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਅਧੀਨ ਜਾਰੀ ਕੀਤਾ ਗਿਆ ਹੈ।

ਸਹੀ/-ਜਾਇੰਟ ਸਬ-ਰਜਿਸਟਰਾਰ, ਤਲਵੰਡੀ ਚੌਧਰੀਆਂ

(ਨੰਬਰ : 281/ਆਰ ਸੀ/ਮਿਤੀ 18.08.2026)

## ਕਲਾਸੀਫਾਈਡ ਇਸ਼ਤਿਹਾਰ

### Public Notice

**I, Jaswinder Kaur W/o Raj Kumar, permanent resident of Village Khosa, Tehsil Shahkot, District Jalandhar, Punjab, do hereby declare that my daughter Jyoti (DOB: 12-03-1999), currently residing in Italy, intends to solemnize her marriage with Ravneet Singh S/o Balwinder Singh, resident of Village Dhingar, Tehsil Mansa, District Bathinda, Punjab, India. I and my family have no objection to this matrimonial alliance and convey full consent for the same.This notice is published for official records and Embassy submission.**

**I, Dharminder Singh Kohli S/o Sh. Jasbir Singh Kohli R/o 51, Bhai Banno Ji Nagar, Jalandhar (Punjab), do hereby declare and inform the General Public that in my Matriculation (10th Class) Certificate my name is Recorded as Dharminder Singh Kohli and my Father's name as J.S. Kohli, Whereas in my Aadhaar Card, PAN Card and Driving Licence my name is Recorded as Dharminder Singh and my Father's name as Jasbir Singh Kohli. That both the above names i.e. Dharminder Singh Kohli and Dharminder Singh fefer to one and the same Person, myself and my Father J.S. Kohli and Jasbir Singh Kohli one and the same Person.**

### ਆਮ ਸੂਚਨਾ

ਮੈਂ, ਨਿਰਮਲ ਸਿੰਘ ਪੁੱਤਰ ਗੁਰਦੇਵ ਸਿੰਘ, ਪਿੰਡ ਪੇਧਨੀ ਕਲਾਂ (ਸੰਗਰੂਰ) ਮਿਤੀ 4 ਮਾਰਚ 2015 ਨੂੰ ਆਪਣੇ ਪੁੱਤਰ ਮਨਪ੍ਰੀਤ ਸਿੰਘ ਦੀ ਕੀਤੀ ਬੇਦਖਲੀ ਰੱਦ ਕਰਦਾ ਹਾਂ ਅਤੇ ਬੇਦਖਲੀ ਤੋਂ ਫ਼ਾਰਗਤੀ ਦਿੰਦਾ ਹਾਂ। ਮੇਰਾ ਪੁੱਤਰ ਹੁਣ ਕਹਿਣੇ 'ਚ ਹੈ। ਬੇਦਖਲੀ ਉਕਤ ਰੱਦ ਸਮਝੀ ਜਾਵੇ।

ਮੈਂ, ਦੀਪਕ ਕੁਮਾਰ ਪੁੱਤਰ ਬੰਸੀ ਲਾਲ, ਵਾਸੀ 1267, ਨੇੜੇ ਪੋਸਟ ਆਫਿਸ, ਕਟੜਾ ਸ਼ੇਰ ਸਿੰਘ, ਤਹਿਸੀਲ/ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਭੈਣ ਸੀਮਾ ਪਤਨੀ ਸਤਨਾਮ ਸਿੰਘ ਉਰਫ ਮਾਣਾ ਵਾਸੀ 88 ਫੁੱਟ ਰੋਡ ਮੁਸਤਫਾਬਾਦ, ਜ਼ਿਲ੍ਹਾ ਅੰਮ੍ਰਿਤਸਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਰਹਿੰਦੇ ਹਨ। ਮੈਂ ਇਨ੍ਹਾਂ ਦੋਵਾਂ ਨਾਲ ਅਤੇ 2 ਭਾਣਜੇ ਸਾਗਰ ਅਤੇ ਸੈਮ ਨਾਲ ਆਪਣਾ ਰਿਸ਼ਤਾ ਖਤਮ ਕਰਦਾ ਹਾਂ। ਇਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਸਾਡਾ ਅੱਜ ਤੋਂ ਬਾਅਦ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਗੁਰਸੇਵਕ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਨਿਹਾਲਕੇ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਗੁਰਨਾਮ ਸਿੰਘ ਤੇ ਮਾਤਾ ਸਵਰਨ ਕੌਰ ਨੇ ਲਖਵਿੰਦਰ ਸਿੰਘ ਪੁੱਤਰ ਰਣਜੀਤ ਕੌਰ ਪਤਨੀ ਮਨਜੀਤ ਸਿੰਘ ਪਿੰਡ ਯਾਰੇ ਸ਼ਾਹ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੂੰ ਜ਼ੁਬਾਨੀ ਗੋਦ ਲਿਆ ਸੀ, ਜਦੋਂ ਲਖਵਿੰਦਰ ਸਿੰਘ ਦੀ ਉਮਰ 14 ਸਾਲ ਦੇ ਕਰੀਬ ਸੀ, ਤਾਂ ਲਖਵਿੰਦਰ ਸਿੰਘ ਦੇ ਮਾਤਾ-ਪਿਤਾ (ਰਣਜੀਤ ਕੌਰ ਮਾਤਾ, ਮਨਜੀਤ ਸਿੰਘ ਪਿਤਾ) ਨੇ ਇੱਕ ਪੰਚਾਇਤਨਾਮੇ ਰਾਹੀਂ ਲਖਵਿੰਦਰ ਸਿੰਘ ਨੂੰ ਵਾਪਸ ਲੈ ਲਿਆ ਸੀ। ਉਦੋਂ ਤੋਂ ਲੈ ਕੇ ਸਾਡਾ ਲਖਵਿੰਦਰ ਸਿੰਘ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਰਿਹਾ। ਮੇਰੇ ਪਿਤਾ ਗੁਰਨਾਮ ਸਿੰਘ ਤੇ ਮਾਤਾ ਸਵਰਨ ਕੌਰ ਦੀ ਮੌਤ ਹੋ ਚੁੱਕੀ ਹੈ। ਇਸ ਸੂਚਨਾ ਰਾਹੀਂ ਮੈਂ ਆਮ ਤੇ ਖਾਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਲਖਵਿੰਦਰ ਸਿੰਘ ਦਾ ਮੇਰੇ ਜਾਂ ਮੇਰੇ ਪਰਵਾਰ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਰਿਹਾ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖਲੀ ਨੋਟਿਸ

ਮੈਂ, ਹਰਬੰਸ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਪਿੰਡ ਕਮਰੇਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜਵਿੰਦਰ ਸਿੰਘ ਉਰਫ ਰਾਜੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਜੰਟ ਸਿੰਘ ਪੁੱਤਰ ਮਹਿੰਦਰ ਸਿੰਘ, ਪਿੰਡ ਕਾਂਝਲਾ (ਸੰਗਰੂਰ) ਆਪਣੇ ਲੜਕੇ ਸੁਖਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਪਰਮਜੀਤ ਕੌਰ ਪਤਨੀ ਹਰਭਜਨ ਸਿੰਘ ਵਾਸੀ ਖਾਲਸਾ ਨਗਰ, ਨੇੜੇ ਨਾਥਾਂ ਦਾ ਡੇਰਾ, ਭਾਈ ਮੰਝ ਰੋਡ, ਤਰਨ ਤਾਰਨ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਚਰਨ ਸਿੰਘ ਉਰਫ ਪ੍ਰਿੰਸ ਅਤੇ ਉਸ ਦੀ ਪਤਨੀ ਜੋਤੀ ਉਰਫ ਰਾਜੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰੀਕ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਲੱਖਾ ਸਿੰਘ ਦੇ ਪਲਾਟ, ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਜੀਤ ਸਿੰਘ ਅਤੇ ਉਸ ਦੀ ਪਤਨੀ ਪਿੰਕੀ ਅਤੇ ਇਨ੍ਹਾਂ ਦੇ ਬੱਚੇ ਜਸ਼ਨਦੀਪ ਸਿੰਘ ਅਤੇ ਗਗਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਿੰਦਰ ਕੁਮਾਰ ਪੁੱਤਰ ਦੁੱਲ ਰਾਮ ਵਾਸੀ 191 ਦੁਸ਼ਹਿਰਾ ਗਰਾਊਂਡ, ਸ਼ਾਹਕੋਟ, ਵਾਰਡ ਨੰ. 04, ਮੁਹੱਲਾ ਰਿਸ਼ੀ ਨਗਰ ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਕੁਮਾਰ ਅਤੇ ਉਸ ਦੀ ਪਤਨੀ ਹਰਮਨਜੋਤ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਗਗਨਦੀਪ ਪੁੱਤਰ ਦਵਿੰਦਰ ਸਿੰਘ ਵਾਸੀ ਪਿੰਡ ਤੇ ਡਾਕ: ਲੰਗੇਰੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਨੇ ਆਪਣਾ ਨਾਮ ਬਦਲ ਕੇ ਗਗਨਦੀਪ ਤੋ ਗਗਨਦੀਪ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਜਗਜੀਤ ਕੁਮਾਰ ਪੁੱਤਰ ਬਲਵੰਤ ਰਾਏ ਵਾਸੀ ਫਤਿਹਗੜ੍ਹ ਚੂੜੀਆਂ ਰੋਡ, ਠਾਕੁਰ ਜੀ ਅਸਟੇਟ (ਵਿਹਾਰ) ਸਾਹਮਣੇ ਬਦਰੀਨਾਥ ਹਸਪਤਾਲ, ਨੰਗਲੀ, ਅੰਮ੍ਰਿਤਸਰ ਨੇ ਆਪਣਾ ਨਾਂਅ ਜਗਜੀਤ ਕੁਮਾਰ ਪੁੱਤਰ ਬਲਵੰਤ ਰਾਏ ਤੋਂ ਬਦਲ ਕੇ ਜਗਜੀਤ ਸਹਿਗਲ ਪੁੱਤਰ ਬਲਵੰਤ ਰਾਏ ਸਹਿਗਲ ਰੱਖ ਲਿਆ ਹੈ। ਮੇਰੀ ਸਹੀ ਜਨਮ ਮਿਤੀ 20.8.1960 ਦੀ ਜਗ੍ਹਾ 19.08.1960 ਹੈ।

### Change of Name

**I, Gurwinder Singh S/o Jagjit Singh R/o Village Jaur Singh Wala, PO Barwala Tehsil Patti District Tarn Taran have declare that Gurwinder is my Given name and Singh is my Surname.**

**I, Harinder Singh S/o Baldev Singh R/o Plot No. 15, Vill. Nangal Karar Khan, Nangal Karar Khan, P.O. Sofi Pind, Distt. Jalandhar, have changed my name from Harinder Singh to given name Harinder and Surname Singh. All concerned please note.**

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਲਾਲਪੁਰਾ ਨੇ ਗੋਇੰਦਵਾਲ ਸਾਹਿਬ ਰੈਲੀ ਵਾਲੀ ਥਾਂ ਦਾ ਲਿਆ ਜਾਇਜ਼ਾ



ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਗੋਇੰਦਵਾਲ ਸਾਹਿਬ ਵਿਖੇ ਕਰਵਾਈ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਜਾਰੀ ਹਨ।ਇਸ ਰੈਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ ਅਤੇ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੂੰ ਸੰਬੋਧਨ ਕਰਨਗੇ।ਇਸ ਸਬੰਧ ਵਿੱਚ ਅੱਜ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਰੈਲੀ ਵਾਲੀ ਥਾਂ ਤੇ ਪਹੁੰਚ ਕੇ ਗਰਾਊਂਡ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ।ਉਨ੍ਹਾਂ ਨੇ ਸਟੇਜ ਦੀ ਲੋਕੇਸ਼ਨ, ਸੰਗਤਾਂ ਦੇ ਬੈਠਣ ਦਾ ਪ੍ਰਬੰਧ, ਸੁਰੱਖਿਆ, ਪਾਰਕਿੰਗ, ਪੀਣ ਵਾਲੇ ਪਾਣੀ ਅਤੇ ਟ੍ਰੈਫਿਕ ਰੂਟ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਫਸਰਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।ਐੱਮਐੱਲਏ ਲਾਲਪੁਰਾ ਨੇ ਕਿਹਾ ਕਿ 26 ਅਗਸਤ ਦੀ ਰੈਲੀ ਇਤਿਹਾਸਕ ਹੋਵੇਗੀ ਅਤੇ ਹਲਕੇ ਦੇ ਹਜ਼ਾਰਾਂ ਲੋਕ ਮੁੱਖ ਮੰਤਰੀ ਸਾਹਿਬ ਨੂੰ ਸੁਣਨ ਲਈ ਪਹੁੰਚਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਾਹਿਬ ਹਲਕਾ ਖਡੂਰ ਸਾਹਿਬ ਲਈ ਕਈ ਵੱਡੇ ਵਿਕਾਸ ਕਾਰਜਾਂ ਦੇ ਐਲਾਨ ਕਰਨਗੇ।ਇਸ ਮੌਕੇ ਗੋਇੰਦਵਾਲ ਸਾਹਿਬ ਦੇ ਸਰਪੰਚ ਨਿਰਮਲ ਸਿੰਘ, ਗੁਰਸ਼ਰਨ ਪਵਾਰ, ਹਰਪਿੰਦਰ ਸਿੰਘ ਗਿੱਲ , ਬਲਰਾਜ ਸਿੰਘ ਮੱਲ੍ਹੀ, ਕਰਤਾਰ ਸਿੰਘ ਮੱਲ੍ਹੀ, ਹਰਿੰਦਰ ਸਿੰਘ ਡੀਐੱਸਪੀ ਗੋਇੰਦਵਾਲ ਸਾਹਿਬ, ਬਿਜਲੀ ਵਿਭਾਗ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਫਸਰ ਸਾਹਿਬਾਨ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਹਾਜ਼ਰ ਸਨ।

### Change of Name

**I, Nancy Madan W/o Sahil Madan , House Number 366-K , Near Washing Point, Dera Road, Budha Theh, Baba Bakala, P.O. Beas, Distt. Amritsar , Punjab ,143201, have Change My Name After Marriage Nancy Pahwa To Nancy Madan. Please Concerned Note .**

**I, Manjot Singh S/o Sukhwant Singh V. P. O Kala Afghana, Teh. Batala, Distt. Gurdaspur, have changed my name from Manjot Singh to Singh Manjot. All please note.**

**I, Poonam W/o Maninder Kumar R/o VPO Kotla Naudh Singh Distt. Hoshiarpur Punjab have changed my name from Poonam to Poonam Devi. Concerned note.**

**I, Sangha Singh S/o Makhan Singh R/o Village Rupowali Kalan, PO Kathu Nangal, Distt. Amritsar, Punjab-143502 have changed my name from Sangha Singh to Sanga Singh.**

**I, Manpreet Kaur W/o Sukhchain Singh R/o Village Alkare, PO Waryam Nangal, Distt. Amritsar, Punjab-143502 have changed my name from Manpreet Kaur to Manjeet Kaur.**

**I, Harmandeep Singh S/o Ranjit Singh R/o Village Veroke, Amritsar have declare that Harmandeep is my Given name and Singh is my Surname**

**I, Karamjeet Kaur W/o Raja Singh R/o H.No.88, Gali No.5, Nam Dev Colony, Sultanwind Road, Amritsar have changed my name from Karamjeet Kaur to Karmjit Kaur**

**I, Jasbir Kaur W/o Avtar Chand R/o H.No.416/2, Main Bazar, Garha, Distt. Jalandhar-144022, Punjab declare that Jasbir Kaur and Jasbir Kaur Mal, both names are mine, correct and genuine and belong to one and the same person i.e. myself.**


**I, hitherto known as Sunny S/o Mejor Singh R/o H.No. 96, Nagina Avenue, Near Arora Market, Majitha Road, Distt. Amritsar- 143001, Punjab have changed my name and shall hereafter be known as Sundeep Singh. It is certified that I have complied with other legal requirements in this connection.**

**I Harvinder Kaur W/O Dilbag Singh R/O Vpo Sathiala Teh Baba Bakala Amritsar Have Changed My Name To Ravinder Kaur**

## ਨੌਜਵਾਨ ਲਾਈਟਰ, ਪੰਨੀ ਨਾਲ ਕਾਬੂ

ਨਵਾਂਸ਼ਹਿਰ (ਮਨੋਜ ਲਾਡੀ)-ਇਕ ਵਿਅਕਤੀ ਨੂੰ ਕਾਬੂ ਕਰ ਕੇ ਪੁਲਿਸ ਥਾਣਾ ਰਾਹੋਂ ਵਿਖੇ ਮਾਮਲਾ ਦਰਜ ਕਰ ਲਿਆ ਹੈ। ਐੱਚਸੀ ਅਨੀਸ਼ ਕੁਮਾਰ ਨੇ ਦੱਸਿਆ ਕਿ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਥਾਣਾ ਰਾਹੋਂ ਤੋਂ ਦਾਣਾ ਮੰਡੀ ਰਾਹੋਂ ਤੋਂ ਹੁੰਦੇ ਹੋਏ ਰਾਹੋਂ ਨਵਾਂਸ਼ਹਿਰ ਮੇਨ ਰੋਡ ਤੋਂ ਪਿੰਡ ਛੋਕਰਾਂ ਨੂੰ ਜਾਂਦੀ ਲਿੰਕ ਸੜਕ ਪਰ ਮੇਨ ਰੋਡ ਤੋਂ ਕਰੀਬ 50 ਮੀਟਰ ਅੱਗੇ ਇੱਟਾਂ ਦੇ ਭੱਠੇ ਵੱਲ ਪੁੱਜੀ ਤਾਂ ਇੱਕ ਨੌਜਵਾਨ ਲਾਈਟਰ, ਪੰਨੀ ਅਤੇ ਪਾਈਪ ਜ਼ਮੀਨ ਪਰ ਸੁੱਟ ਕੇ ਖੜ੍ਹਾ ਹੋ ਗਿਆ ਅਤੇ ਮੌਕੇ ਤੋਂ ਭੱਜਣ ਲੱਗਾ। ਮੁਲਜ਼ਮ ਦੀ ਪਛਾਣ ਸ਼ੀਤਲ ਕੁਮਾਰ ਉਰਫ ਬੋਲਾ ਵਜੋਂ ਹੋਈ। ਪੁਲਸ ਨੇ ਕਥਿਤ ਮੁਲਜ਼ਮ ਦੇ ਖਿਲਾਫ਼ ਮਾਮਲਾ ਦਰਜ ਕੀਤਾ ਹੈ।

## ਦੁੱਧ ਦੀ ਮਹੱਤਤਾ ਤੇ ਗੁਣਵੱਤਾ ਬਾਰੇ ਦੁੱਧ ਖਪਤਕਾਰ ਕੈਂਪ



ਗੁਰਦਾਸਪੁਰ, (ਜਨਕ ਮਹਾਜਨ)-ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਗੁਰਚਰਨ ਸਿੰਘ ਦੀ ਅਗਵਾਈ ਹੇਠ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਵਿਖੇ ਸਕੂਲ ਦੇ ਬੱਚਿਆਂ ਨੂੰ ਦੁੱਧ ਪ੍ਰਤੀ ਜਾਗਰੂਕ ਕਰਨ ਲਈ ਦੁੱਧ ਦੀ ਮਹੱਤਤਾ ਅਤੇ ਗੁਣਵੱਤਾ ਸੰਬੰਧੀ ਜਾਗਰੂਕਤਾ ਕੈਂਪ ਲਗਾਇਆਂ ਗਿਆ। ਇਸ ਕੈਂਪ ਵਿਚ ਸਕੂਲ ਦੇ ਬੱਚਿਆਂ ਵਲੋਂ ਬੜੇ ਉਤਸ਼ਾਹ ਨਾਲ ਭਾਗ ਲਿਆ ਗਿਆ। ਇਸ ਮੌਕੇ ਬੱਚਿਆਂ ਨੂੰ ਸਾਫਟ ਡਰਿੰਕ ਅਤੇ ਦੁੱਧ ਦੀ ਤੁਲਨਾ ਕਰਕੇ ਬੱਚਿਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਬਾਰ੍ਹਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਵੈਟਰਨਰੀ ਦੇ ਫੀਲਡ ਅਤੇ ਡੇਅਰੀ ਦੇ ਫੀਲਡ ਵਿਚ ਅਫਸਰ ਬਣਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਜਿਨ੍ਹਾਂ ਬੱਚਿਆਂ ਦੇ ਮਾਪੇ ਪਸ਼ੂ ਪਾਲਕ ਹਨ, ਉਨ੍ਹਾਂ ਨੂੰ ਵਿਭਾਗੀ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ।

ਕੈਂਪ ਵਿਚ ਸਕੂਲ ਦੇ ਪ੍ਰਿੰਸੀਪਲ ਹਰਜਿੰਦਰ ਸਿੰਘ, ਡੇਅਰੀ ਵਿਕਾਸ ਇੰਸਪੈਕਟਰ ਬਰਜਿੰਦਰ ਸਿੰਘ, ਡੇਅਰੀ ਵਿਕਾਸ ਇੰਸਪੈਕਟਰ ਅਨੂੰ, ਡੇਅਰੀ ਵਿਕਾਸ ਇੰਸਪੈਕਟਰ ਸ਼ੇਰ ਸਿੰਘ, ਡੇਅਰੀ ਵਿਕਾਸ ਇੰਸਪੈਕਟਰ ਅਨਾਮਿਕਾ ਸ਼ਰਮਾ, ਡਿਪਟੀ ਮੈਨੇਜਰ ਗਗਨਦੀਪ, ਡਿਪਟੀ ਮੈਨੇਜਰ ਸਿਮਰਨ ਵੇਰਕਾ ਮਿਲਕ ਪਲਾਂਟ ਵਲੋਂ ਭਾਗ ਲਿਆ ਗਿਆ। ਇਸ ਮੈਕੇ ਦੁੱਧ ਦੇ 32 ਸੈਂਪਲ ਚੈੱਕ ਕੀਤੇ ਗਏ। ਆਖਿਰ ਵਿਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ (ਮਿਲਕ ਪੀਓ ਬੋਟਲ, ਖੀਰ, ਬਟਰ) ਦਿੱਤਾ ਗਿਆ।

# ਅੱਜ ਸਤੌਜ ਵਿਖੇ ਹੋਵੇਗਾ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ

**ਗੁਰਾਇਆ (ਬਿੰਦਰ ਸੁਮਨ)**- ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਚਿਰੋਕਣੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ ਤਿੰਨ ਸਿਰਮੌਰ ਜਥੇਬੰਦੀਆਂ-ਸੀ.ਪੀ.ਐਫ. ਕਰਮਚਾਰੀ ਯੂਨੀਅਨ ਪੰਜਾਬ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵਲੋਂ ਸਾਂਝੇ ਰੂਪ ਵਿੱਚ ਲਏ ਗਏ ਫ਼ੈਸਲੇ ਅਨੁਸਾਰ 23 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੰਡ ਸਤੌਜ ਵਿਖੇ ਵਿਸ਼ਾਲ ਇਤਿਹਾਸਕ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਪੰਜਾਬ ਭਰ ਦੇ ਸਮੁੱਚੇ ਮੁਲਾਜ਼ਮ, ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਝੰਡੇ ਹੇਠ ਦਾਣਾ ਮੰਡੀ ਵਿਖੇ ਇਕੱਠੇ ਹੋਣਗੇ ਤੇ ਪਿੰਡ ਸਤੌਜ ਵੱਲ ਕੂਚ ਕਰਨਗੇ ਅਤੇ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਬੁਲੰਦ ਕਰਨਗੇ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦੇ ਹੋਏ ਸੀ.ਪੀ.ਐਫ. ਕਰਮਚਾਰੀ ਯੂਨੀਅਨ ਦੇ ਅਹੁਦੇਦਾਰਾਂ ਹਰਪ੍ਰੀਤ ਸਿੰਘ (ਬਲਾਕ ਪ੍ਰਧਾਨ ਬੀ ਐਂਡ ਫ਼ਰੰਟ ਗੁਰਾਇਆ-1), ਪ੍ਰੇਮ ਪਾਲ ਸਿੰਘ (ਬਲਾਕ ਪ੍ਰਧਾਨ ਬੀ ਐਂਡ ਫ਼ਰੰਟ ਗੁਰਾਇਆ-2), ਅਸ਼ੋਕ ਕੁਮਾਰ (ਬਲਾਕ ਪ੍ਰਧਾਨ ਗੁ-2 ਅਤੇ ਜ਼ਿਲ੍ਹਾ ਖ਼ਜ਼ਾਨਚੀ ਈ ਟੀ ਟੀ ਯੂਨੀਅਨ), ਅਜਮੇਰ ਸਿੰਘ (ਜ਼ਿਲ੍ਹਾ ਮੀਤ ਪ੍ਰਧਾਨ ਈ ਟੀ ਟੀ ਯੂਨੀਅਨ), ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵਲੋਂ ਸੁਖਵਿੰਦਰ ਰਾਮ (ਬਲਾਕ ਪ੍ਰਧਾਨ ਜੀ ਟੀ ਯੂ ਗੁ-2) ਅਤੇ ਪਰੇਮ ਖਲਵਾੜਾ



(ਬਲਾਕ ਪ੍ਰਧਾਨ ਗੁ-1) ਨੇ ਸਾਂਝੇ ਰੂਪ ਵਿੱਚ ਕਿਹਾ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ, ਮੁਲਾਜ਼ਮਾਂ ਨਾਲ ਇਹ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਕਿ ਆਉਂਦੇ ਸਾਰ ਹੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ ਪਰ ਸਾਢੇ ਚਾਰ ਸਾਲ ਦਾ ਸਮਾਂ ਲੰਘ ਜਾਣ ਤੋਂ ਬਾਅਦ ਵੀ 18 ਨਵੰਬਰ 2022 ਨੂੰ ਜਾਰੀ ਕੀਤਾ ਗਿਆ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ, ਜਿਸ ਦਾ ਸਮੁੱਚੇ ਮੁਲਾਜ਼ਮ ਵਰਗ ਅਤੇ ਉਨ੍ਹਾਂ ਦੇ ਸਮੂਹ ਪਰਵਾਰਾਂ, ਰਿਸ਼ਤੇਦਾਰਾਂ ਵਿੱਚ ਭਾਰੀ ਰੋਸ ਹੈ। ਆਗੂਆਂ ਨਾਲ ਇੱਕ ਵੀ ਮੀਟਿੰਗ ਨਹੀਂ ਕੀਤੀ ਗਈ। ਪੁਰਾਣੀ ਪੈਨਸ਼ਨ ਮੁਲਾਜ਼ਮ ਦਾ ਸੰਵਿਧਾਨਕ ਹੱਕ ਅਤੇ ਬੁਢਾਪੇ ਦਾ ਸਹਾਰਾ ਹੈ। ਕੋਈ ਵੀ ਸਰਕਾਰ ਇਸ ਨੂੰ ਦੇਣ ਤੋਂ ਇਨਕਾਰ ਨਹੀਂ ਕਰ ਸਕਦੀ। ਪਰ ਮੌਜੂਦਾ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਆਪਣਾ ਕੀਤਾ ਵਾਅਦਾ ਵੀ ਵਫ਼ਾ ਨਹੀਂ ਕਰ ਰਹੀ। ਹਾਜ਼ਰ ਆਗੂਆਂ ਨੇ ਕਿਹਾ ਕਿ ਦੋਨਾਂ ਬਲਾਕਾਂ ਵਿੱਚੋਂ ਸਾਰੇ ਮੁਲਾਜ਼ਮ ਸਾਥੀ, ਬਹੁਤ ਵੱਡੀ ਗਿਣਤੀ ਵਿੱਚ 23 ਅਗਸਤ ਨੂੰ ਸਤੌਜ ਪੁੱਜ ਕੇ ਪੈਨਸ਼ਨ ਪ੍ਰਾਪਤੀ ਦੀ ਇਸ ਆਰ-ਪਾਰ ਦੀ ਲੜਾਈ ਵਿੱਚ ਆਪਣੀ ਆਵਾਜ਼ ਬੁਲੰਦ ਕਰਨਗੇ। ਇਸ ਮੌਕੇ ਦਵਿੰਦਰ ਮਹਿਮੀ, ਸੰਦੀਪ ਢਾਕਾ, ਮੁਕੇਸ਼ ਕੁਮਾਰ, ਅਜੇ ਕੁਮਾਰ, ਵਿਜੇ, ਬਲਜੀਤ ਕੌਰ, ਰੇਨੂੰ ਗਾਬਾ, ਕਿਰਨ, ਮਨੋਜ ਕੁਮਾਰ, ਮੱਖਣ ਰਾਮ, ਅਮਨਦੀਪ, ਬੂਟਾ ਰਾਮ, ਧਰਮਿੰਦਰਜੀਤ, ਅਮਨਦੀਪ ਸਿੰਘ, ਰੋਸ਼ਨ ਲਾਲ, ਤਰਸੇਮ ਲਾਲ, ਜਸਵੀਰ ਰਾਮ, ਹਰਦੀਪ ਕੁਮਾਰ, ਕੁਲਵੀਰ ਕੁਮਾਰ, ਜਸਵੰਤ ਕੁਮਾਰ, ਪਰਵਿੰਦਰ ਕੁਮਾਰ, ਪ੍ਰਿਤਪਾਲ ਕੌਰ, ਸੁਨੀਤਾ ਰਾਣੀ, ਸੀਮਾ ਰਾਣੀ, ਸੰਤੋਸ਼, ਕਿਰਨਜੀਤ ਕੌਰ ਆਦਿ ਹਾਜ਼ਰ ਸਨ।

# ਐਂਟੀ ਡਰੱਗ ਕਲੱਬ ਦੇ ਚੇਅਰਮੈਨ ਡਾ. ਗਗਨਦੀਪ ਸਿੰਘ ਵੱਲੋਂ ਸਪੀਕਰ ਨਾਲ ਵਿਸ਼ੇਸ਼ ਮੁਲਾਕਾਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਸਾਲ 2027 ਤੱਕ ਇਸ ਮੁਹਿੰਮ ਨੂੰ ਨਵੀਂ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਐਂਟੀ ਡਰੱਗ ਕਲੱਬ ਦੇ ਚੇਅਰਮੈਨ ਡਾ. ਗਗਨਦੀਪ ਸਿੰਘ ਵੱਲੋਂ ਸਪੀਕਰ ਸਾਹਿਬ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਡਾ. ਗਗਨਦੀਪ ਸਿੰਘ ਨੇ ਨਸ਼ਿਆਂ ਦੇ ਖ਼ਾਤਮੇ ਲਈ ਐਂਟੀ ਡਰੱਗ ਕਲੱਬ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨਸ਼ਿਆਂ ਦੀ ਰੋਕਥਾਮ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ, ਨੌਜਵਾਨਾਂ ਨੂੰ ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੋੜਨ ਅਤੇ ਪਿੰਡ ਪੱਧਰ 'ਤੇ ਮੁਹਿੰਮ ਨੂੰ ਹੋਰ ਤੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਮੁਲਾਕਾਤ ਦੌਰਾਨ ਨਸ਼ਿਆਂ ਖ਼ਿਲਾਫ਼ ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਕਿਸੇ ਇੱਕ ਵਿਭਾਗ ਜਾਂ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮੁੱਚੇ ਸਮਾਜ ਨੂੰ ਇਕਜੁੱਟ ਹੋ ਕੇ ਇਸ ਮੁਹਿੰਮ ਦਾ ਹਿੱਸਾ ਬਣਨਾ ਪਵੇਗਾ। ਉਨ੍ਹਾਂ ਕਿਹਾ ਕਿ ਐਂਟੀ ਡਰੱਗ ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨੂੰ ਹੋਰ ਵਿਆਪਕ ਪੱਧਰ 'ਤੇ ਚਲਾਇਆ ਜਾਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ।



# ਏ ਜੀ ਆਈ ਇਨਫਰਾ ਲਿਮਟਿਡ ਨੂੰ ਮਾਨਤਾ ਤੇ ਸਨਮਾਨ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਇਨਫਰਾ ਲਿਮਟਿਡ ਲਈ ਇਹ ਬਹੁਤ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਅੰਤਰਰਾਸ਼ਟਰੀ ਫੋਰਬਸ ਨੇ ਇਸ ਨੂੰ ਏਸ਼ੀਆ ਪੈਸਿਫਿਕ ਖੇਤਰ ਦੀਆਂ 200 ਉੱਤਮ ਕੰਪਨੀਆਂ ਵਿੱਚ ਚੁਣਿਆ ਹੈ। ਇਹ ਚੋਣ ਉਨ੍ਹਾਂ ਕੰਪਨੀਆਂ ਦੀ ਸ਼੍ਰੇਣੀ ਵਿੱਚ ਹੋਈ ਹੈ, ਜਿਨ੍ਹਾਂ ਦੀ



ਸਾਲਾਨਾ ਆਮਦਨ ਅਮਰੀਕਨ ਡਾਲਰ ਇਕ ਬਿਲੀਅਨ ਤੋਂ ਘੱਟ ਹੈ।ਇਸ ਸ਼੍ਰੇਣੀ ਵਿੱਚ ਸਿਰਫ਼ 27 ਭਾਰਤੀ ਕੰਪਨੀਆਂ ਨੂੰ ਸਥਾਨ ਮਿਲਿਆ ਹੈ। ਇਸ ਕਰਕੇ ਏ ਜੀ ਆਈ ਇਨਫਰਾ ਲਿਮਟਿਡ ਲਈ ਇਹ ਉਪਲਬਧੀ ਹੋਰ ਵੀ ਵੱਡੇ ਮਾਣ ਦੀ ਗੱਲ ਹੈ। ਇਹ ਸਫਲਤਾ ਕੰਪਨੀ ਦੀ ਲਗਾਤਾਰ ਮਿਹਨਤ, ਮਜ਼ਬੂਤ ਕੰਮਕਾਜ, ਚੰਗੀ ਮੈਨੇਜਮੈਂਟ, ਵਧੀਆ ਕੁਆਲਿਟੀ ਅਤੇ ਗਾਹਕਾਂ ਨੂੰ ਚੰਗੀਆਂ ਸੇਵਾਵਾਂ ਦੇਣ ਦੀ ਸੋਚ ਦਾ ਨਤੀਜਾ ਹੈ। ਪੰਜਾਬ ਤੋਂ ਸ਼ੁਰੂ ਹੋ ਕੇ ਏ ਜੀ ਆਈ ਇਨਫਰਾ ਲਿਮਟਿਡ ਨੇ ਰੀਅਲ ਅਸਟੇਟ ਦੇ ਖੇਤਰ ਵਿੱਚ ਆਪਣੀ ਮਜ਼ਬੂਤ ਪਹਿਚਾਨ ਬਣਾਈ ਹੈ। ਕੰਪਨੀ ਨੇ ਆਧੁਨਿਕ ਪ੍ਰੋਜੈਕਟਾਂ, ਵਧੀਆ ਕੁਆਲਿਟੀ, ਨਵੀਂ ਸੋਚ ਅਤੇ ਗਾਹਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਲਗਾਤਾਰ ਤਰੱਕੀ ਕੀਤੀ ਹੈ। ਇਸ ਉਪਲਬਧੀ ਵਿੱਚ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਦੀ ਦੂਰਦਰਸ਼ੀ ਸੋਚ, ਇਮਾਨਦਾਰੀ, ਮਿਹਨਤ ਅਤੇ ਲਗਾਤਾਰ ਸਮਰਪਣ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੀ ਅਗਵਾਈ ਹੇਠ ਏ ਜੀ ਆਈ ਇਨਫਰਾ ਲਿਮਟਿਡ ਲਗਾਤਾਰ ਨਵੀਆਂ ਉਚਾਈਆਂ ਹਾਸਲ ਕਰ ਰਹੀ ਹੈ।ਅੰਤਰਰਾਸ਼ਟਰੀ ਫੋਰਬਸ ਵੱਲੋਂ ਏਸ਼ੀਆ ਪੈਸਿਫਿਕ ਦੀਆਂ 200 ਕੰਪਨੀਆਂ ਵਿੱਚ ਸਥਾਨ ਮਿਲਣਾ ਸਿਰਫ਼ ਇੱਕ ਇਨਾਮ ਨਹੀਂ ਹੈ, ਇਹ ਏ ਜੀ ਆਈ ਇਨਫਰਾ ਲਿਮਟਿਡ ਦੀ ਪੂਰੀ ਯਾਤਰਾ, ਮਿਹਨਤ, ਸੋਚ, ਕਾਰਗੁਜ਼ਾਰੀ ਅਤੇ ਭਵਿੱਖ ਪ੍ਰਤੀ ਵਚਨਬੱਧਤਾ ਦੀ ਪਹਿਚਾਨ ਹੈ।

## ਜਨਮ ਦਿਨ ਮੁਬਾਰਕ



ਦੀਪਾਲੀ ਅਗਰਵਾਲ
ਸੁਨਾਮ ਊਧਮ ਸਿੰਘ ਵਾਲਾ



ਰਣਬੀਰ
ਇਟਲੀ

# ਪੱਤਰਕਾਰ ਨਿੱਝਰ ਦੀ ਅਮਰੀਕਾ ਫੇਰੀ ਦੌਰਾਨ ਸਨਮਾਨ 'ਚ ਸੈਕਰਾਮੈਂਟੋ 'ਚ ਸਮਾਗਮ

**ਕਪੂਰਥਲਾ (ਮਨਜੀਤ ਮਾਨ)**- ਪ੍ਰਵਾਸੀ ਪੰਜਾਬੀਆਂ ਦੇ ਦਿਲਾਂ ਵਿੱਚ ਆਪਣੀ ਜਨਮ ਭੂਮੀ ਅਤੇ ਆਪਣੇ ਪੇਕਿਆਂ ਪ੍ਰਤੀ ਪਿਆਰ ਹਮੇਸ਼ਾ ਵੱਸਦਾ ਹੈ, ਜਿਵੇਂ ਇੱਕ ਧੀ ਵਿਆਹ ਤੋਂ ਬਾਅਦ ਵੀ ਆਪਣੇ ਪੇਕਿਆਂ ਦੀ ਖੁਸ਼ਹਾਲੀ, ਸੁੱਖ-ਸਾਂਦ ਅਤੇ ਚੜ੍ਹਦੀ ਕਲਾ ਦੀ ਕਾਮਨਾ ਕਰਦੀ ਰਹਿੰਦੀ ਹੈ, ਉਸੇ ਤਰ੍ਹਾਂ ਵਿਦੇਸ਼ਾਂ ਵਿੱਚ ਵੱਸੇ ਪੰਜਾਬੀ ਵੀ ਆਪਣੇ ਪੰਜਾਬ ਅਤੇ ਆਪਣੇ ਪਿੰਡਾਂ ਦੀ ਤਰੱਕੀ ਲਈ ਹਮੇਸ਼ਾ ਫਿਕਰਮੰਦ ਰਹਿੰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਵਾਸੀ ਪੰਜਾਬੀ ਆਗੂ ਤੇ ਸੈਕਰਾਮੈਂਟੋ ਦੇ ਉੱਘੇ ਕਾਰੋਬਾਰੀ ਤੇ ਸਮਾਜ ਸੇਵਿਕ ਕੁਲਦੀਪ ਸਿੰਘ ਬੂਟਾ ਸਿੱਧੂ ਨੇ ਉੱਘੇ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਦੀ ਅਮਰੀਕਾ ਫੇਰੀ ਦੌਰਾਨ ਉਨ੍ਹਾਂ ਦੇ ਸਨਮਾਨ ਵਿੱਚ ਕਰਵਾਏ ਗਏ ਇਕ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਸਮੇਂ-ਸਮੇਂ 'ਤੇ ਆਪਣੇ ਜੱਦੀ ਪਿੰਡਾਂ ਵਿੱਚ ਸਕੂਲਾਂ, ਹਸਪਤਾਲਾਂ, ਧਾਰਮਿਕ ਅਸਥਾਨਾਂ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਲਈ ਵੱਡਾ ਯੋਗਦਾਨ ਪਾਉਂਦੇ ਹਨ, ਇਹ ਉਨ੍ਹਾਂ ਦੇ ਆਪਣੇ ਪੇਕਿਆਂ ਅਤੇ ਜਨਮ ਭੂਮੀ ਪ੍ਰਤੀ ਅਥਾਹ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਹੈ। ਬੂਟਾ ਸਿੱਧੂ ਨੇ ਕਿਹਾ ਕਿ ਨਿੱਝਰ ਆਪਣੀ ਕਲਮ ਰਾਹੀਂ ਪੰਜਾਬ, ਪੰਜਾਬੀਅਤ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਮਸਲਿਆਂ ਨੂੰ ਉਭਾਰਨ ਲਈ ਲਗਾਤਾਰ ਯਤਨਸ਼ੀਲ ਰਹੇ ਹਨ। ਸਮਾਗਮ ਦੌਰਾਨ ਪੱਤਰਕਾਰ ਅਮਰਜੀਤ ਸਿੰਘ ਨਿੱਝਰ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੀ ਪੱਤਰਕਾਰੀ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।ਬੂਟਾ ਸਿੱਧੂ ਨੇ ਅੰਤ ਵਿੱਚ ਕਿਹਾ ਕਿ ਪੰਜਾਬ ਸਾਡਾ ਸਾਂਝਾ ਘਰ ਹੈ ਅਤੇ ਇਸ ਦੀ ਖੁਸ਼ਹਾਲੀ, ਏਕਤਾ ਅਤੇ ਚੜ੍ਹਦੀ ਕਲਾ ਲਈ ਦੁਨੀਆ ਦੇ ਹਰ ਕੋਨੇ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਂ ਖੇਡ ਕਬੱਡੀ ਦੇ ਉੱਘੇ ਪ੍ਰਮੋਟਰ ਰਣਧੀਰ ਸਿੰਘ ਧੀਰਾ ਨਿੱਝਰ, ਬੱਗਾ ਵਿਰਕ, ਬਾਰਾ ਅਠਵਾਲ, ਬਲਜੀਤ ਖੇਲਾ, ਸ਼ਰਨਜੀਤ ਗਿੱਲ , ਸੁਖਵਿੰਦਰ ਕੁਲਾਰ, ਗੋਰਾ ਨਿੱਝਰ, ਮਨਦੀਪ ਸਿੰਘ ਸੈਣੀ, ਗੁਰਚਰਨ ਸਿੰਘ ਖਹਿਰਾ, ਕੁਲਦੀਪ ਸਿੰਘ ਉੱਪਲ ਤੇ ਹਰਕੀਰਤ ਵੈਲੀ ਪੀਜ਼ਾ ਆਦਿ ਹਾਜ਼ਰ ਸਨ।



# ਗਮਾਡਾ ਦੀ ਆਕਸ਼ਨ ਨੂੰ ਮਿਲਿਆ ਭਰਵਾਂ ਹੁੰਗਾਰਾ: 5400 ਕਰੋੜ ਦਾ ਮਾਲੀਆ ਪ੍ਰਾਪਤ ਹੋਇਆ : ਮੁੰਡੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਨੇ ਪ੍ਰਾਪਰਟੀਆਂ ਦੀ ਨਿਲਾਮੀ ਸਬੰਧੀ ਹੁਣ ਤੱਕ ਦੇ ਆਪਣੇ ਸਰਵੋਤਮ ਪ੍ਰਦਰਸ਼ਨ ਵਿੱਚ 27 ਪ੍ਰਾਪਰਟੀਆਂ ਨੂੰ ਸਫ਼ਲਤਾਪੂਰਵਕ ਨਿਲਾਮ ਕਰਕੇ ਕੁੱਲ 5391 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ। ਇਸ ਸਬੰਧੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪ੍ਰਾਪਰਟੀਆਂ ਦੀ ਨਿਲਾਮੀ ਵਿੱਚ ਬੋਲੀਕਾਰਾਂ ਵਿੱਚ ਰਹੇ ਜ਼ਬਰਦਸਤ ਮੁਕਾਬਲੇ ਕਾਰਨ 20 ਅਗਸਤ ਨੂੰ ਖ਼ਤਮ ਹੋਣ ਵਾਲੀ ਨਿਲਾਮੀ 21 ਅਗਸਤ ਨੂੰ ਤੜਕੇ ਸਮਾਪਤ ਹੋਈ। ਉਨ੍ਹਾਂ ਦੱਸਿਆ ਕਿ 20 ਜੁਲਾਈ ਨੂੰ ਸ਼ੁਰੂ ਹੋਈ ਇਸ ਨਿਲਾਮੀ ਵਿੱਚ ਕੁੱਲ 36 ਪ੍ਰਾਪਰਟੀਆਂ ਬੋਲੀ ਲਈ ਪੇਸ਼ ਕੀਤੀਆਂ ਗਈਆਂ ਸਨ। ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗਮਾਡਾ ਵੱਲੋਂ ਸਮੇਂ-ਸਮੇਂ 'ਤੇ ਕਰਵਾਈਆਂ ਗਈਆਂ ਆਕਸ਼ਨਾਂ ਨੂੰ ਨਿਵੇਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵੱਡੇ ਨਿਵੇਸ਼ਕਾਂ ਵੱਲੋਂ ਮੋਹਾਲੀ ਵਿੱਚ ਨੇੜ ਭਵਿੱਖ ਵਿੱਚ ਆਪਣੇ ਪ੍ਰਾਜੈਕਟ ਸਥਾਪਤ ਕਰਨ ਨਾਲ ਸ਼ਹਿਰ ਦੀ ਰਾਜਧਾਨੀ ਖੇਤਰ ਵਜੋਂ ਪਛਾਣ ਹੋਰ ਮਜ਼ਬੂਤ ਹੋਵੇਗੀ। ਮੁੰਡੀਆਂ ਨੇ ਦੱਸਿਆ ਕਿ ਨਿਲਾਮੀ ਵਿੱਚ ਪੇਸ਼ ਕੀਤੀਆਂ ਪ੍ਰਾਪਰਟੀਆਂ ਦੀ ਰਾਖਵੀਂ ਕੀਮਤ 3872 ਕਰੋੜ ਰੱਖੀ ਗਈ ਸੀ ਅਤੇ ਇਨ੍ਹਾਂ ਪ੍ਰਾਪਰਟੀਆਂ ਨੂੰ ਨਿਲਾਮ ਕਰਕੇ ਅਥਾਰਟੀ ਨੇ ਕੁੱਲ 5391 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਆਮਦਨ ਗਮਾਡਾ ਦੇ ਅਧਿਕਾਰ-ਖੇਤਰ ਅਧੀਨ ਆਉਂਦੇ ਇਲਾਕੇ ਵਿੱਚ ਨਵੀਆਂ ਅਰਬਨ ਅਸਟੇਟਾਂ ਵਿਕਸਿਤ ਕਰਨ ਉੱਤੇ ਖ਼ਰਚ ਕੀਤੀ ਜਾਵੇਗੀ। ਨਿਲਾਮ ਕੀਤੀਆਂ ਗਈਆਂ ਪ੍ਰਾਪਰਟੀਆਂ ਵਿੱਚ ਮੋਹਾਲੀ ਦੇ ਵੱਖ-ਵੱਖ ਸੈਕਟਰਾਂ/ਪ੍ਰਾਜੈਕਟਾਂ ਵਿਖੇ ਸਥਿਤ ਮਿਕਸ ਲੈਂਡ ਯੂਜ਼, ਹੋਟਲ, ਹਸਪਤਾਲ ਅਤੇ ਵਪਾਰਕ ਸਾਈਟਾਂ ਸ਼ਾਮਲ ਹਨ।



# ਛਾਂਗਲਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਦਸੂਹਾ (ਕਰਨੈਲ ਮਾਂਗਟ)**- ਮਹਿਲਾਵਾਂ ਵੱਲੋਂ ਬਲਾਕ ਦਸੂਹਾ ਦੇ ਪਿੰਡ ਛਾਂਗਲਾ ਵਿਖੇ ਤੀਆਂ ਦਾ ਤਿਉਹਾਰ ਸੁਨੀਤਾ ਰਾਣੀ ਦੀ ਯੋਗ ਅਗਵਾਈ ਹੇਠ ਮਨਾਇਆ ਗਿਆ। ਸਮੂਹ ਮਹਿਲਾਵਾਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਪਹਿਰਾਵੇ ਪਾਏ ਹੋਏ ਸਨ। ਇਸ ਮੌਕੇ ਗਿੱਧਾ, ਬੋਲੀਆਂ, ਟੱਪੇ, ਸੁਹਾਗ, ਸੇਠੇ ਗੀਤ ਆਦਿ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਵਿੱਚ ਵਿਆਹੀਆਂ ਅਤੇ ਕੁਆਰੀਆਂ ਮਹਿਲਾਵਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਸੁਨੀਤਾ ਰਾਣੀ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਸਾਨੂੰ ਆਪਣੀ ਵਿਰਾਸਤ ਨਾਲ ਜੋੜਦਾ ਹੈ। ਇਸ ਮੌਕੇ ਸੁਮਨ ਰਾਣੀ, ਮਨੀਸ਼ਾ ਰਾਣੀ, ਪੂਜਾ ਰਾਣੀ, ਰਾਜਵਿੰਦਰ ਕੌਰ, ਕੁਸ਼ੱਲਿਆ ਦੇਵੀ, ਕੋਮਲਪ੍ਰੀਤ ਕੌਰ, ਸਰਜ ਰਾਣੀ, ਪ੍ਰੀਤ ਕੌਰ, ਮਨੂ, ਹਰਪ੍ਰੀਤ ਕੌਰ, ਅੰਜੂ ਬਾਲਾ, ਪ੍ਰੀਤੀ, ਮਨਜੀਤ ਕੌਰ, ਸੁੱਖ, ਹਰਬੰਸ ਕੌਰ, ਪੂਨਮ ਰਾਣੀ, ਅਰਨਿਕਾ ਕੌਰ, ਦਿਲਪ੍ਰੀਤ ਕੌਰ, ਅਮਨਦੀਪ ਕੌਰ, ਸਹਿਜ, ਪਰੀ, ਰਿੰਪੀ ਰਾਣੀ, ਕਮਲਜੀਤ ਕੌਰ, ਬੇਬੀ ਆਦਿ ਹਾਜ਼ਰ ਸਨ।

# ਟ੍ਰੇਨਿੰਗ ਤੋਂ ਪਰਤੇ 10 ਆਈ ਏ ਐੱਸ ਅਧਿਕਾਰੀਆਂ ਦੀਆਂ ਤਾਇਨਾਤੀਆਂ

**ਚੰਡੀਗੜ੍ਹ (ਸੁਰਜੀਤ ਸੁਮਨ)**- ਪ੍ਰਬੰਧਕੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਸਕੱਤਰ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਵੱਲੋਂ 2024 ਬੈਚ ਦੇ, ਫੇਜ਼-2 ਟ੍ਰੇਨਿੰਗ ਤੋਂ ਵਾਪਸ ਪਰਤੇ 10 ਆਈ ਏ ਐੱਸ ਅਧਿਕਾਰੀਆਂ ਦੀਆਂ ਬਦਲੀਆਂ/ ਤਾਇਨਾਤੀਆਂ ਤੁਰੰਤ ਪ੍ਰਭਾਵ ਨਾਲ਼ ਕੀਤੀਆਂ ਗਈਆਂ ਹਨ। ਤਾਇਨਾਤੀ ਅਧੀਨ ਇਨ੍ਹਾਂ ਆਈ.ਏ.ਐਸ. ਅਧਿਕਾਰੀਆਂ ਵਿੱਚ ਸ਼ਾਮਲ ਮਿਸ ਗੁਰਲੀਨ ਨੂੰ ਵਿਸ਼ੇਸ਼ ਕਾਰਜ ਅਫ਼ਸਰ (ਸ਼ਹਿਰੀ ਵਿਕਾਸ)/ ਡਿਪਟੀ ਕਮਿਸ਼ਨਰ, ਪਠਾਨਕੋਟ, ਅਭਿਨੰਦਨ ਮਲਿਕ ਨੂੰ ਸ਼ਿਵਾਂਸ਼ ਰਾਣੀ ਨੂੰ ਅੰਮ੍ਰਿਤਸਰ, ਮਿਸ ਹਰਸ਼ਿਤਾ ਸ਼ਰਮਾ ਨੂੰ ਮੋਗਾ, ਸ਼ਿਵਾਂਸ਼ ਅਸਵਾਲ ਨੂੰ ਜਲੰਧਰ, ਮਿਸ ਲਿਧਿਆ ਐਨ ਐੱਲ ਨੂੰ ਐਸ.ਏ.ਐਸ. ਨਗਰ, ਮਿਸ ਪ੍ਰਗਤੀ ਰਾਣੀ ਨੂੰ ਲੁਧਿਆਣਾ, ਮਿਸ ਓਸ਼ੀ ਮੰਡਲ ਨੂੰ ਹੁਸ਼ਿਆਰਪੁਰ, ਮਿਸ ਪੀਯੂਸ਼ਾ ਬਗਦਕ ਨੂੰ ਲੁਧਿਆਣਾ ਅਤੇ ਮੁਕਲਿਸ਼ ਅਹਿਮਦ ਨੂੰ ਪਟਿਆਲਾ ਵਿਖੇ ਤਾਇਨਾਤ ਕੀਤਾ ਗਿਆ ਹੈ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਪੰਥ ਦੇ ਮਹਾਨ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਕੀਰਤਨੀ ਜਥਿਆਂ ਨੇ ਇਲਾਹੀ ਬਾਣੀ ਨਾਲ ਗੁਰੂ ਘਰ ਦੀ ਸੰਗਤ ਨੂੰ ਨਿਹਾਲ ਕੀਤਾ ਅਤੇ ਗੁਰੂ ਨਾਲ ਜੋੜਿਆ। ਕੀਰਤਨ ਕਰਨ ਵਾਲੇ ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਇਸ ਦਿਨ ਕਰਵਾਏ ਗਏ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।




# ਮੋਦੀ ਸਰਕਾਰ ਦੀ ਦੇਸ਼ 'ਚ ਮੁਕੰਮਲ ਫਾਸ਼ੀਵਾਦ ਸਥਾਪਤ ਕਰਨ ਦੀ ਸਾਜ਼ਿਸ਼

## ਸੀ ਪੀ ਆਈ ਐਮ ਐਲ ਵੱਲੋਂ ਤਿੱਖੇ ਵਿਰੋਧ ਦਾ ਸੱਦਾ

**ਬੰਗਾ (ਅਵਤਾਰ ਕਲੇਰ)**- ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕਰੇਸੀ ਨੇ ਮੋਦੀ ਸਰਕਾਰ ਦੀ ਦੇਸ਼ ਵਿੱਚ ਫਾਸ਼ੀਵਾਦ ਨੂੰ ਸਥਾਪਤ ਕਰਨ ਦੀ ਸਾਜ਼ਿਸ਼ ਨੂੰ ਬੇਨਕਾਬ ਕਰਦਿਆਂ ਇਸ ਦੇ ਤਿੱਖੇ ਵਿਰੋਧ ਦਾ ਸੱਦਾ ਦਿੱਤਾ ਹੈ।ਪਾਰਟੀ ਦੇ ਸੂਬਾਈ ਆਗੂ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ ਨੇ ਇੱਥੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਾਲ ਕਿਲੇ ਤੋਂ ਦਿੱਤੇ ਗਏ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ।ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਵੱਲੋਂ ਦਿਮਾਗੀ ਨਕਸਲੀਆਂ ਨੂੰ ਖ਼ਤਮ ਕਰਨ ਦਾ ਹੋਕਾ ਦੇਣਾ ਅਤੇ ਸਿਵਲ ਡਿਫੈਂਸ ਵਲੰਟੀਅਰ ਕੋਰ ਬਣਾਉਣ ਦਾ ਐਲਾਨ, ਅਸਲ ਵਿੱਚ ਦੇਸ਼ ਵਿੱਚ ਉਭਰ ਰਹੇ ਜਨਤਕ ਸੰਘਰਸ਼ਾਂ ਨੂੰ ਦਬਾਉਣ, ਹਰ ਤਰ੍ਹਾਂ ਦੀਆਂ ਆਵਾਜ਼ਾਂ ਨੂੰ ਖ਼ਤਮ ਕਰਨ ਅਤੇ ਆਰ.ਐਸ.ਐਸ. ਦੇ ਹਥਿਆਰਬੰਦ ਫ਼ਿਰਕੂ ਕੈਡਰ ਨੂੰ ਸਰਕਾਰੀ ਕਾਨੂੰਨੀ ਮਾਨਤਾ ਦੇ ਕੇ ਦੇਸ਼ ਦੀਆਂ ਘੱਟ-ਗਿਣਤੀਆਂ, ਸੱਚੇ ਕਮਿਊਨਿਸਟਾਂ, ਬੁੱਧੀਜੀਵੀਆਂ ਅਤੇ ਲੋਕ-ਪੱਖੀ ਜਮਹੂਰੀ ਆਵਾਜ਼ਾਂ ਨੂੰ ਜਬਰਨ ਦਬਾਉਣ ਅਤੇ ਜੇਲ੍ਹਾਂ ਵਿੱਚ ਪਾ ਕੇ ਖ਼ਤਮ ਕਰਨ ਦੀ ਇੱਕ ਬਹੁਤ ਹੀ ਖ਼ਤਰਨਾਕ ਫਾਸ਼ੀਵਾਦੀ ਚਾਲ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਦੇਸ਼ ਦੇ ਫੈਡਰਲਿਜ਼ਮ ਨੂੰ ਖਤਮ ਕੀਤਾ ਜਾ ਰਿਹਾ ਹੈ।ਆਗੂਆਂ ਨੇ ਦਿਮਾਗੀ ਨਕਸਲੀ ਸ਼ਬਦ ਦੀ ਆੜ ਵਿੱਚ ਸਰਕਾਰ ਦੇਸ਼ ਦੇ ਉਨ੍ਹਾਂ ਪੜ੍ਹੇ-ਲਿਖੇ ਬੁੱਧੀਜੀਵੀਆਂ, ਯੂਨੀਵਰਸਿਟੀ ਪ੍ਰੋਫੈਸਰਾਂ, ਮਨੁੱਖੀ ਅਧਿਕਾਰ ਕਾਰਕੁਨਾਂ, ਵਕੀਲਾਂ, ਲੇਖਕਾਂ ਅਤੇ ਨਿਰਪੱਖ ਪੱਤਰਕਾਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜੋ ਸਰਕਾਰ ਦੀਆਂ ਅੰਨ੍ਹੀਆਂ ਕਾਰਪੋਰੇਟ-ਪੱਖੀ ਨੀਤੀਆਂ ਦਾ ਪਰਦਾਫਾਸ਼ ਕਰਦੇ ਹਨ। ਇਹ ਉਨ੍ਹਾਂ ਲੋਕਾਂ 'ਤੇ ਸਿੱਧਾ ਹਮਲਾ ਹੈ ਜਿਨ੍ਹਾਂ ਕੋਲ ਕੋਈ ਹਥਿਆਰ ਨਹੀਂ, ਸਗੋਂ ਸਿਰਫ਼ ਕਲਮ, ਕਿਤਾਬ ਅਤੇ ਵਿਚਾਰ ਹਨ।

ਉਹਨਾਂ ਕਿਹਾ ਕਿ ਅੱਜ ਜਦੋਂ ਦੇਸ਼ ਦੇ ਕਿਸਾਨ, ਮਜ਼ਦੂਰ, ਨੌਜਵਾਨ ਅਤੇ ਇਨਸਾਫ਼ਪਸੰਦ ਲੋਕ ਸਰਕਾਰ ਦੀਆਂ ਕਾਰਪੋਰੇਟ-ਪੱਖੀ ਨੀਤੀਆਂ, ਅੰਨ੍ਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਫ਼ਿਰਕੂ ਨਫ਼ਰਤ ਖ਼ਿਲਾਫ਼ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ, ਤਾਂ



ਸਰਕਾਰ ਕੋਲ ਜਨਤਾ ਦੇ ਇਨ੍ਹਾਂ ਹੱਕੀ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਸਰਕਾਰ ਦੇ ਇਸ ਵਧ ਰਹੇ ਫਾਸ਼ੀਵਾਦੀ ਹਮਲੇ ਦਾ ਮੂੰਹ-ਤੋੜਵਾਂ ਜਵਾਬ ਦੇਣ ਅਤੇ ਪੂਰੇ ਦੇਸ਼ ਵਿੱਚ ਇੱਕ ਵੱਡੀ ਲੋਕ-ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਪੰਜਾਬ ਦੇ ਭਖਵੇਂ ਮੁੱਦਿਆਂ ਨੂੰ ਸੰਬੋਧਨ ਹੋਣ ਦੀ ਥਾਂ 2027 ਦੀਆਂ ਚੋਣਾਂ ਦੀ ਤਿਆਰੀ ਵਿਚ ਲੱਗੀਆਂ ਹੋਈਆਂ ਹਨ।ਉਹਨਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਹਵਾਲੇ ਕਰਨ, ਭਾਖੜਾ ਬਿਆਸ ਪ੍ਰਬੰਧਕੀ ਬੋਰਡ ਪੰਜਾਬ ਨੂੰ ਸੌਂਪਣ, ਸਾਰੇ ਸਿਆਸੀ ਕੈਦੀਆਂ ਸਜ਼ਾ ਪੂਰੀ ਕਰ ਚੁੱਕੇ ਕੈਦੀ, ਬੁੱਧੀਜੀਵੀ, ਕਾਰਕੁੰਨ, ਆਗੂ ਰਿਹਾਅ ਕਰਨ, ਘੱਟ ਗਿਣਤੀਆਂ, ਦਲਿਤਾਂ ਉੱਤੇ ਹਮਲੇ ਬੰਦ ਕਰਨ ਆਦਿ ਮੰਗਾਂ ਨੂੰ ਲੈ ਕੇ 26 ਸਤੰਬਰ ਨੂੰ ਮੋਗਾ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਮੌਕੇ ਅਵਤਾਰ ਸਿੰਘ ਤਾਰੀ, ਕਮਲਜੀਤ ਸਨਾਵਾ ਅਤੇ ਹਰੀ ਰਾਮ ਰਸੂਲਪੁਰੀ ਪਾਰਟੀ ਆਗੂ ਵੀ ਮੌਜੂਦ ਸਨ।

# ਧਰਮਪਾਲ ਉਪਾਸ਼ਕ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ


**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬੀ ਕਵੀ ਅਤੇ ਪੱਤਰਕਾਰ ਧਰਮਪਾਲ ਉਪਾਸ਼ਕ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਧਰਮਪਾਲ ਉਪਾਸ਼ਕ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਅਤੇ ਸਮਾਜਿਕ ਚੇਤਨਾ ਦੇ ਖੇਤਰ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਉਪਾਸ਼ਕ ਦੇ ਪਰਵਾਰਕ ਮੈਂਬਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਮੁੱਚਾ ਪੰਜਾਬੀ ਸਾਹਿਤਕ ਭਾਈਚਾਰਾ ਪਰਵਾਰ ਦੇ ਨਾਲ ਖੜ੍ਹਾ ਹੈ। ਉਨ੍ਹਾਂ ਸਾਹਿਤਕ ਅਤੇ ਸਮਾਜਿਕ ਸਰਗਰਮੀਆਂ ਦੇ ਨਾਲ-ਨਾਲ ਮਜ਼ਦੂਰ ਜਥੇਬੰਦੀ ਦੇ ਖੇਤਰ ਵਿੱਚ ਵੀ ਆਪਣੀ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਦੀ ਪਹਿਲੀ ਕਾਵਿ-ਪੁਸਤਕ 'ਗੁੰਮਸ਼ੁਦਾ ਪੈੜਾਂ' ਸੇਵਾ-ਮੁਕਤੀ ਦੇ ਤੋਹਫ਼ੇ ਵਜੋਂ ਲਗਭਗ 25 ਸਾਲ ਪਹਿਲਾਂ ਪ੍ਰਕਾਸ਼ਿਤ ਹੋਈ ਸੀ। ਉਨ੍ਹਾਂ ਦੀ ਦੂਜੀ ਕਾਵਿ-ਪੁਸਤਕ ਇਸੇ ਸਾਲ 20 ਜੁਲਾਈ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ ਸੀ। ਉਨ੍ਹਾਂ ਨੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਬਲਰਾਜ ਸਾਹਨੀ ਪ੍ਰਕਾਸ਼ਨ ਲਈ ਵੀ ਪੁਸਤਕਾਂ ਦਾ ਸੰਪਾਦਨ ਕੀਤਾ।



ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਨੇ ਕਿਹਾ ਕਿ ਧਰਮਪਾਲ ਉਪਾਸ਼ਕ ਨਕਸਲੀ ਲਹਿਰ ਨਾਲ ਜੁੜੇ ਪ੍ਰਮੁੱਖ ਸਾਹਿਤਕਾਰਾਂ ਵਿੱਚ ਸ਼ਾਮਲ ਸਨ। ਉਹ ਅਵਤਾਰ ਪਾਸ਼ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੁੰਦੇ ਰਹੇ ਪਰਚੇ 'ਸਿਆੜ' ਦੇ ਸਹਾਇਕ ਸੰਪਾਦਕ ਵੀ ਰਹੇ। ਉਨ੍ਹਾਂ ਦੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਉਨ੍ਹਾਂ ਦੇ ਬੱਚੇ ਕੁਮਾਰ ਪਵਨਦੀਪ ਅਤੇ ਅਨੀਤਾ ਸ਼ਬਦੀਸ਼ ਨਾਟ-ਜਗਤ ਨਾਲ ਜੁੜੇ। ਉਨ੍ਹਾਂ ਦੇ ਛੋਟੇ ਪੁੱਤਰ ਸੰਦੀਪ ਕੁਮਾਰ ਵੀ ਕੁਝ ਸਮਾਂ ਨਾਟਕ ਦੇ ਖੇਤਰ ਨਾਲ ਜੁੜੇ ਰਹੇ। ਉਨ੍ਹਾਂ ਦੀ ਪਤਨੀ ਸੀਤਾ ਦੇਵੀ ਵੀ ਸਮਾਜਿਕ ਕਾਰਜਾਂ ਨਾਲ ਜੁੜੇ ਰਹੇ ਅਤੇ ਮੋਹਾਲੀ ਮਿਊਂਸਪਲ ਕਮੇਟੀ ਲਈ ਚੁਣੇ ਗਏ ਸਨ। ਕੇਂਦਰੀ ਸਭਾ ਦੇ ਆਗੂਆਂ ਨੇ ਕਿਹਾ ਕਿ ਧਰਮਪਾਲ ਉਪਾਸ਼ਕ ਦੀ ਯਾਦ ਉਨ੍ਹਾਂ ਦੀ ਸਾਹਿਤਕ ਰਚਨਾ, ਸਮਾਜਿਕ ਸਰੋਕਾਰਾਂ ਅਤੇ ਲੋਕ-ਪੱਖੀ ਸਰਗਰਮੀਆਂ ਰਾਹੀਂ ਸਦਾ ਲਈ ਬਣੀ ਰਹੇਗੀ। ਉਨ੍ਹਾਂ ਦੇ ਵਿਛੋੜੇ ਨੂੰ ਪੰਜਾਬੀ ਸਾਹਿਤ ਅਤੇ ਲੋਕ-ਪੱਖੀ ਚੇਤਨਾ ਲਈ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੰਦਿਆਂ ਸਭਾ ਨੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ।

# ਬੀ ਕੇ ਇੰਟਰਨੈਸ਼ਨਲ ਸਕੂਲ ਤੇ ਬਾਬੇ ਕੇ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

**ਲੋਹੀਆਂ ਖਾਸ, (ਯੋਗੇਸ਼ਵਰ)**- ਬੀ.ਕੇ. ਇੰਟਰਨੈਸ਼ਨਲ ਕਾਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ ਵਿਖੇ ਸੰਤ ਬਾਬਾ ਨਾਹਰ ਸਿੰਘ ਅਤੇ ਸੰਤ ਬਾਬਾ ਕੂਪਰ ਸਿੰਘ ਦੇ ਅਸ਼ੀਰਵਾਦ ਨਾਲ ਤੀਆਂ ਦਾ



ਤਿਉਹਾਰ ਧੀਆਂ ਦਾ ਮੇਲਾ ਬੜੇ ਉਤਸ਼ਾਹ ਅਤੇ ਪੰਜਾਬੀ ਰਵਾਇਤਾਂ ਨਾਲ ਮਨਾਇਆ ਗਿਆ। ਸਕੂਲ ਪਰਿਸਰ ਨੂੰ ਪੰਜਾਬੀ ਸੱਭਿਆਚਾਰ ਦੀਆਂ ਸੁੰਦਰ ਝਲਕੀਆਂ, ਆਕਰਸ਼ਕ ਸਜਾਵਟ ਅਤੇ ਰੰਗ-ਬਿਰੰਗੀਆਂ ਫੁਲਕਾਰੀਆਂ ਨਾਲ ਸਜਾਇਆ ਗਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੇ ਸੱਭਿਆਚਾਰਕ, ਸਮਾਜਿਕ ਅਤੇ ਪਰਵਾਰਕ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥਣਾਂ ਨੇ ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਦੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਸਮਾਗਮ ਵਿੱਚ ਖੂਬ ਰੌਣਕ ਲਗਾਈ। ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨਾਲ ਲੋਕ ਗੀਤਾਂ 'ਤੇ ਨੱਚ ਕੇ ਤਿਉਹਾਰ ਦੀ ਸ਼ਾਨ ਵਧਾਈ। ਫੁੱਲਾਂ ਨਾਲ ਸਜੀਆਂ ਪੀਂਘਾਂ 'ਤੇ ਝੂਲਦੀਆਂ ਮੁਟਿਆਰਾਂ ਨੇ ਸਾਵਣ ਦੇ ਮਿੱਠੇ ਗੀਤ ਗਾ ਕੇ ਹਰ ਕਿਸੇ ਦਾ ਮਨ ਮੋਹ ਲਿਆ। ਇਸ ਮੌਕੇ ਖੀਰ-ਪੂੜੇ, ਗੋਲਗੱਪੇ ਅਤੇ ਹੋਰ ਰਵਾਇਤੀ ਪੰਜਾਬੀ ਪਕਵਾਨਾਂ ਦੇ ਸਟਾਲ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹੇ।

# ਮਾਤਾ ਚਿੰਤਪੁਰਨੀ ਵਿਖੇ ਲੰਗਰ ਲਗਾਏ


**ਅੱਡਾ ਸਰਾਂ (ਜਸਵੀਰ ਕਾਜਲ)**- ਸ੍ਰੀ ਦੁਰਗਾ ਭਜਨ ਮੰਡਲੀ (ਭੂੰਗਾ) ਵਲੋਂ ਮਾਤਾ ਚਿੰਤਪੂਰਨੀ ਵਿਖੇ ਸਾਉਣ ਦੇ ਮਹੀਨੇ ਦਰਸ਼ਨ ਕਰਨ ਆ ਰਹੇ ਸਰਧਾਲੂਆਂ ਵਾਸਤੇ ਲੰਗਰ ਲਗਾਏ ਗਏ। ਇਸ ਮੌਕੇ ਸ੍ਰੀ ਦੁਰਗਾ ਭਜਨ ਮੰਡਲੀ (ਭੂੰਗਾ) ਦੇ ਪ੍ਰਧਾਨ ਕਮੇਟੀ ਡਾ. ਰਵਿੰਦਰ ਲਾਡੀ, ਸਰਪੰਚ ਹਰਮਨ ਘੂੰਗੀ ਨੇ ਦੱਸਿਆ ਕਿ ਮਾਤਾ ਜੀ ਦੇ ਲੰਗਰ ਲਗਾਉਣ ਤੋਂ ਪਹਿਲਾਂ ਕਮੇਟੀ ਵਲੋਂ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਭੂੰਗਾ ਨਗਰ ਵਿਖੇ ਸ਼ੋਭਾ ਯਾਤਰਾ ਕੱਢੀ ਗਈ ਅਤੇ ਮਾਤਾ ਦੇ ਸ਼ਰਧਾਲੂਆਂ ਵਲੋਂ ਮਾਤਾ ਦਾ ਗੁਣਗਾਨ ਕਰਦਿਆਂ ਨਗਰ ਦੀਆਂ



ਪ੍ਰਕਰਮਾ ਕੀਤੀਆਂ ਗਈਆਂ। ਇਸ ਮੌਕੇ ਮਾਤਾ ਦੇ ਸ਼ਰਧਾਲੂਆਂ ਵਲੋਂ ਸੰਗਤਾਂ ਵਾਸਤੇ ਚਾਹ ਪਕੌੜਿਆਂ, ਫਲਾਂ ਆਦਿ ਦੇ ਲੰਗਰ ਲਗਾਏ ਗਏ। ਇਸ ਮੌਕੇ ਸਰਪੰਚ ਹਰਮਨ ਘੂੰਗੀ, ਭੂੰਗਾ, ਯੂਥ ਕਾਂਗਰਸੀ ਆਗੂ ਟਿਮੀ ਸਾਹੀ, ਬਿਸ਼ਨੂ ਤਿਵਾੜੀ ਸਾਬਕ ਚੇਅਰਮੈਨ, ਰਵਿੰਦਰ ਲਾਡੀ, ਅਸ਼ਨੀ ਕੁਮਾਰ, ਪ੍ਰਦੀਪ ਬਾਵਾ, ਸਤਪਾਲ ਬਿੱਟਾ, ਬਿੱਕੀ ਪੰਡਤ, ਅਮਰੀਕ ਸਿੰਘ ਵਾਲੀਆ, ਬਿੱਟੂ ਸਟੂਡੀਓ, ਨਰੇਸ਼ ਨੰਬਰਦਾਰ ਤੋਂ ਇਲਾਵਾ ਭੂੰਗਾ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਮਾਂ ਛਿੰਨਮਸਤਿਕਾ ਦੀ ਚੌਂਕੀ ਦਾ ਸਮਾਗਮ ਸੰਪੰਨ


**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਪ੍ਰਾਚੀਨ ਸ਼ਿਵ ਮੰਦਰ ਵਿੱਚ ਮਾਂ ਚਿੰਤਪੂਰਨੀ ਦੇ ਮੇਲੇ ਦੇ ਸਬੰਧ ਵਿੱਚ ਕਰਵਾਈ ਗਈ ਮਾਂ ਛਿੰਨਮਸਤਿਕਾ ਜੀ ਦੀ ਚੌਂਕੀ ਦਾ ਅੱਠ ਰੋਜ਼ਾ ਧਾਰਮਿਕ ਸਮਾਗਮ



ਸ਼ਰਧਾ ਅਤੇ ਭਗਤੀ ਭਾਵਨਾ ਨਾਲ ਸੰਪੰਨ ਹੋ ਗਿਆ। 13 ਅਗਸਤ ਤੋਂ 20 ਅਗਸਤ ਤੱਕ ਚੱਲੇ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਭਰ ਕੇ ਮਾਂ ਭਗਵਤੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਹਰ ਰੋਜ਼ ਸ਼ਹਿਰ ਅਤੇ ਇਲਾਕੇ ਦੇ ਪ੍ਰਸਿੱਧ ਭਜਨ ਗਾਇਕਾਂ ਨੇ ਮਾਂ ਮਹਾਮਾਈ ਦੀ ਮਹਿਮਾ ਦਾ ਗੁਣਗਾਨ ਕੀਤਾ। ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਮਹੰਤ ਸ੍ਰੀ ਜੈਰਾਮ ਗਿਰੀ ਵੱਲੋਂ ਹਰ ਰੋਜ਼ ਆਪਣੇ ਹੱਥੀਂ ਮਾਂ ਛਿੰਨਮਸਤਿਕਾ ਜੀ ਦੇ ਪਿੰਡੀ ਸਰੂਪ ਦੀ ਤਿਆਰੀ ਅਤੇ ਅਲੌਕਿਕ ਸ਼ਿੰਗਾਰ ਰਿਹਾ, ਜੋ ਸ਼ਰਧਾਲੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ। ਇਸ ਦੌਰਾਨ ਸੰਗਤ ਨੇ ਮਾਂ ਚਿੰਤਪੂਰਨੀ ਜੀ ਦੀ ਅਖੰਡ ਜੋਤ ਦੇ ਵੀ ਸ਼ਰਧਾ ਭਾਵ ਨਾਲ ਦਰਸ਼ਨ ਕੀਤੇ।ਸਮਾਗਮ ਦੌਰਾਨ ਸਾਰਾ ਦਿਨ ਅਤੁੱਟ ਲੰਗਰ ਚੱਲਦਾ ਰਿਹਾ। ਇਹ ਧਾਰਮਿਕ ਸਮਾਗਮ ਪਰਮ ਪੂਜਨੀਕ ਗੁਰਦੇਵ ਸ਼੍ਰੀ ਸ਼੍ਰੀ 1008 ਮਹਾਂਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ (ਬਾਪੂ ਜੀ) ਦੇ ਆਸ਼ੀਰਵਾਦ ਅਤੇ ਪ੍ਰੇਰਨਾ ਸਦਕਾ ਕਰਵਾਇਆ ਗਿਆ। ਸਮਾਪਤੀ ਮੌਕੇ ਵਿਸ਼ੇਸ਼ ਪੂਜਾ-ਅਰਚਨਾ ਕੀਤੀ ਗਈ। ਇਸ ਮੌਕੇ ਮਹੰਤ ਸ੍ਰੀ ਜੈਰਾਮ ਗਿਰੀ ਨੇ ਸਮੂਹ ਸ਼ਰਧਾਲੂਆਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।


# ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਰਵਾਨਾ

**ਲਾਲੜੂ (ਵਿਨੇ ਕੁਮਾਰ ਜੈਨ)**- ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਵਿਧਾਨ ਸਭਾ ਹਲਕਾ ਡੇਰਾਬੱਸੀ ਦੇ ਸ਼ਰਧਾਲੂਆਂ ਨੂੰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਐਮ.ਐਲ.ਏ. ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਸੰਗੋਥਾ ਤੋਂ



ਸ਼ਰਧਾਲੂਆਂ ਦੀ 118ਵੀਂ ਅਤੇ ਪਿੰਡ ਜੜੌਤ ਤੋਂ 119ਵੀਂ ਤੇ 120ਵੀਂ ਬੱਸ ਨੂੰ ਹਰੀ ਝੰਡੀ ਦੇ ਕੇ ਸ੍ਰੀ ਅਮ੍ਰਿਤਸਰ ਸਾਹਿਬ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਰਾਹੀਂ ਸੂਬੇ ਦੀਆਂ ਸੰਗਤਾਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਵਿਧਾਜਨਕ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਸ਼ਰਧਾਲੂ ਬਿਨਾਂ ਕਿਸੇ ਆਰਥਿਕ ਬੋਝ ਦੇ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਣ।ਉਨ੍ਹਾਂ ਦੱਸਿਆ ਕਿ ਅੱਜ ਰਵਾਨਾ ਕੀਤੀਆਂ ਗਈਆਂ ਤਿੰਨੋਂ ਬੱਸਾਂ ਰਾਹੀਂ ਸ਼ਰਧਾਲੂ ਸ੍ਰੀ ਅਮ੍ਰਿਤਸਰ ਸਾਹਿਬ ਦੇ ਪਵਿੱਤਰ ਅਤੇ ਇਤਿਹਾਸਕ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਗੇ। ਯਾਤਰਾ ਦੌਰਾਨ ਸ਼ਰਧਾਲੂਆਂ ਦੇ ਆਉਣ-ਜਾਣ, ਰਹਿਣ-ਸਹਿਣ ਅਤੇ ਹੋਰ ਲੋੜੀਂਦੇ ਪ੍ਰਬੰਧਾਂ ਦਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।ਐਮ.ਐਲ.ਏ. ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਤਹਿਤ ਹਲਕਾ ਡੇਰਾਬੱਸੀ ਤੋਂ ਲਗਾਤਾਰ ਬੱਸਾਂ ਰਵਾਨਾ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਸਾਹਿਬਾਨ ਅਤੇ ਸੰਤ-ਮਹਾਂਪੁਰਖਾਂ ਦੀ ਪਵਿੱਤਰ ਧਰਤੀ ਪੰਜਾਬ ਦੀ ਧਾਰਮਿਕ ਵਿਰਾਸਤ ਬਹੁਤ ਅਮੀਰ ਹੈ ਅਤੇ ਲੋਕਾਂ ਨੂੰ ਇਸ ਵਿਰਾਸਤ ਨਾਲ ਜੋੜਨਾ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਮੁੱਖ ਮੰਤਰੀ ਤੀਰਥ ਸਥਾਨ ਯਾਤਰਾ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਹੈ, ਜਿਸ ਰਾਹੀਂ ਹਰ ਵਰਗ ਦੇ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਦਾ ਮੌਕਾ ਮਿਲ ਰਿਹਾ ਹੈ।ਇਸ ਮੌਕੇ ਨਗਰ ਕੌਂਸਲ ਲਾਲੜੂ ਦੇ ਪ੍ਰਧਾਨ ਜ਼ੋਰਾਵਰ ਸਿੰਘ, ਸੀਨੀਅਰ ਵਾਈਸ ਪ੍ਰਧਾਨ ਹਰੀਸ਼ ਮਦਾਨ, ਬਲਾਕ ਪ੍ਰਧਾਨ ਗੁਰਵਿੰਦਰ ਸਿੰਘ, ਪਿੰਡ ਸੰਗੋਥਾ ਦੇ ਸਰਪੰਚ ਤਰਲੋਚਨ ਸਿੰਘ, ਪਿੰਡ ਜੜੌਤ ਦੇ ਸਰਪੰਚ ਪਰਮਜੀਤ ਸਿੰਘ ਅਤੇ ਮੀਰਪੁਰ ਤੋਂ ਪਰਮਜੀਤ ਸਿੰਘ ਸਮੇਤ ਹੋਰ ਪਤਵੰਤੇ ਅਤੇ ਪਾਰਟੀ ਆਗੂ ਮੌਜੂਦ ਸਨ।


# ਗੁਰਦੁਆਰਾ ਬਾਬਾ ਮਤੀ ਜੀ ਵਿਖੇ ਸ਼ਹੀਦੀ ਗੁਰਮਤਿ ਸਮਾਗਮ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੇ ਨਜ਼ਦੀਕ ਪਿੰਡ ਡਰੋਲੀ ਕਲਾਂ ਵਿਖੇ 1947 ਦੀ ਵੰਡ ਦੌਰਾਨ ਪਿੰਡ ਖੰਨੋੜਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮੁਸਲਮਾਨਾਂ ਨਾਲ ਲੜਦਿਆਂ ਸ਼ਹੀਦ ਹੋਏ ਭਾਈ ਨਰੰਗ ਸਿੰਘ ਅਤੇ ਹੋਰ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਤ ਸ਼ਹੀਦੀ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਗਏ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਸ਼ਹੀਦਾਂ ਦੇ ਪਰਵਾਰਾਂ ਨਾਲ ਸੰਬੰਧਤ ਸ਼ਖ਼ਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ।ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਸਟੇਜ ਸਕੱਤਰ ਵਜੋਂ ਮਾਸਟਰ ਸੁਰਜੀਤ ਸਿੰਘ, ਪ੍ਰੋਗਰਾਮ ਇੰਚਾਰਜ ਜਰਨੈਲ ਸਿੰਘ, ਸਕੱਤਰ ਰਣਵੀਰ ਪਾਲ ਸਿੰਘ, ਹਰਦਿਆਲ ਸਿੰਘ, ਇਕਬਾਲ ਸਿੰਘ ਅਤੇ ਹੋਰਨਾਂ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾਈਆਂ।

# ਮੈਗਜ਼ੀਨ 'ਕੈਗ ਬਰਾਈਟ ਮਾਈਂਡ' ਰਿਲੀਜ਼

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪਿੰਡ ਸੀਚੇਵਾਲ ਵਿਖੇ ਜਸਬੀਰ ਵਾਟਾਂਵਾਲੀ ਵੱਲੋਂ ਸੰਪਾਦਿਤ ਤੇ ਪ੍ਰਕਾਸ਼ਿਤ ਵਿਦਿਅਕ ਮੈਗਜ਼ੀਨ 'ਕੈਗ ਬਰਾਈਟ ਮਾਈਂਡ' ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਵਿਸ਼ੇਸ਼ ਤੌਰ 'ਤੇ ਰਿਲੀਜ਼ ਕੀਤਾ ਗਿਆ। ਇਸ ਮੌਕੇ ਵਿਦਿਅਕ, ਸਾਹਿਤਕ ਅਤੇ ਸਮਾਜਿਕ ਖੇਤਰ ਨਾਲ ਸੰਬੰਧਤ ਕਈ



ਸ਼ਖ਼ਸੀਅਤਾਂ ਹਾਜ਼ਰ ਸਨ। ਮੈਗਜ਼ੀਨ ਤਿਆਰ ਕਰਨ ਦੇ ਉਦੇਸ਼ ਬਾਰੇ ਜਾਣਕਾਰੀ ਦਿੰਦਿਆਂ ਸੰਪਾਦਕ ਜਸਬੀਰ ਵਾਟਾਂਵਾਲੀ ਨੇ ਕਿਹਾ ਕਿ 'ਕੈਗ ਬਰਾਈਟ ਮਾਈਂਡ' ਵਿਦਿਆਰਥੀਆਂ ਨੂੰ ਦੇਸ਼-ਵਿਦੇਸ਼ ਦੀਆਂ ਤਾਜ਼ਾ ਘਟਨਾਵਾਂ, ਜਨਰਲ ਨੌਲਿਜ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਪੰਜਾਬੀ ਮਾਂ-ਬੋਲੀ ਵਿੱਚ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ। ਇਸ ਮੌਕੇ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਕਿਹਾ ਕਿ ਪੰਜਾਬੀ ਵਿੱਚ ਪ੍ਰਕਾਸ਼ਿਤ ਇਹ ਮੈਗਜ਼ੀਨ ਕਰੰਟ ਅਫੇਅਰਜ਼ ਅਤੇ ਜੀ.ਕੇ. ਦਾ ਖ਼ਜ਼ਾਨਾ ਹੈ। ਪੱਤਰਕਾਰ ਤੇ ਬੁੱਧੀਜੀਵੀ ਰੌਸ਼ਨ ਖੈੜਾ ਨੇ ਕਿਹਾ ਕਿ ਮੈਗਜ਼ੀਨ ਵਿੱਚ ਕੰਪਿਊਟਰ ਨਾਲ ਸੰਬੰਧਤ ਆਧੁਨਿਕ ਤੇ ਚਰਚਿਤ ਵਿਸ਼ਿਆਂ ਨੂੰ ਵਿਸ਼ੇਸ਼ ਆਈ.ਏ.ਐੱਸ. ਚੈਪਟਰ ਵਜੋਂ ਸ਼ਾਮਲ ਕੀਤਾ ਗਿਆ ਹੈ। ਡਾ. ਗੁਰਨਾਮ ਸਿੰਘ ਸੈਦੋਵਾਲ ਨੇ ਜਸਬੀਰ ਵਾਟਾਂਵਾਲੀ ਨੂੰ ਵਧਾਈ ਦਿੰਦਿਆਂ ਕਿਹਾ ਕਿ 'ਕੈਗ ਬਰਾਈਟ ਮਾਈਂਡ' ਸਿਰਫ਼ ਇੱਕ ਮੈਗਜ਼ੀਨ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ, ਸਮਕਾਲੀ ਮਸਲਿਆਂ ਦੀ ਸਮਝ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਆਤਮ-ਵਿਸ਼ਵਾਸ ਪੈਦਾ ਕਰਨ ਵਾਲਾ ਬੇਸ਼ਕੀਮਤੀ ਉਪਰਾਲਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਬੈਂਕਿੰਗ, ਪੁਲਸ, ਪਟਵਾਰੀ ਸਮੇਤ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਰੋਜ਼ਾਨਾ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਬੁਨਿਆਦੀ ਗਿਆਨ ਨਾਲ ਅਪਡੇਟ ਰਹਿਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਸੇ ਲੋੜ ਨੂੰ ਪੰਜਾਬੀ ਮਾਂ-ਬੋਲੀ ਵਿੱਚ ਪੂਰਾ ਕਰਨ ਵਾਲਾ 'ਕੈਗ ਬਰਾਈਟ ਮਾਈਂਡ' ਸਰਲ ਭਾਸ਼ਾ ਵਿੱਚ ਗਿਆਨ ਦਾ ਵੱਡਾ ਸੋਮਾ ਹੈ। ਇਸ ਨਾਲ ਪੰਜਾਬੀ ਮੀਡੀਅਮ ਵਾਲੇ ਪੇਂਡੂ ਵਿਦਿਆਰਥੀਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਹੋਰ ਆਸਾਨ ਹੋਵੇਗੀ। ਇਸ ਮੌਕੇ ਲੇਖਕ ਮੁਖਤਿਆਰ ਸਿੰਘ ਚੰਦੀ, ਲੇਖਕਾ ਬੀਬਾ ਕੁਲਵਿੰਦਰ ਕੰਵਲ, ਰਿਟ. ਪ੍ਰਿੰ. ਲਖਬੀਰ ਸਿੰਘ, ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾ. ਸਵਰਨ ਸਿੰਘ, ਮੰਗਲ ਸਿੰਘ ਭੰਡਾਲ, ਪ੍ਰਿੰ. ਜਸਬੀਰ ਸਿੰਘ ਸੰਧੂ, ਪ੍ਰਿੰ. ਹਰਜਿੰਦਰ ਸਿੰਘ, ਪ੍ਰਿੰ. ਕੁਲਵਿੰਦਰ ਸਿੰਘ, ਕੁਲਵਿੰਦਰ ਸਿੰਘ ਲੀਡਰ, ਗੁਰਸ਼ਰਨ ਸਿੰਘ ਰਾਮਗੜ੍ਹੀਆ, ਸਰਜੀਤ ਸਿੰਘ ਡੱਲਾ, ਗੁਰਮੀਤ ਸਿੰਘ ਸਰਪੰਚ, ਬਲਦੇਵ ਸਿੰਘ ਜੋਸਨ, ਰਣਜੀਤ ਸਿੰਘ ਰਾਣਾ ਅਤੇ ਮਿਊਜ਼ਿਕ ਟੀਚਰ ਰਾਜਨਪ੍ਰੀਤ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ। ਡਾ. ਸਵਰਨ ਸਿੰਘ ਨੇ ਆਏ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਜਸਬੀਰ ਵਾਟਾਂਵਾਲੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

# ਮਾਤਾ ਲਖਬੀਰ ਕੌਰ ਦੀ ਅੰਤਿਮ ਅਰਦਾਸ ਮੌਕੇ ਸ਼ਰਧਾ ਦੇ ਫੁੱਲ ਭੇਟ



**ਅੱਡਾ ਸਰਾਂ (ਜਸਵੀਰ ਕਾਜਲ)**- ਜਥੇਦਾਰ ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਚੋਟਾਲਾ ਦੀ ਮਾਤਾ ਲਖਬੀਰ ਕੌਰ ਦੇ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਭਜਨ ਸਿੰਘ ਸੋਤਲੇ ਵਾਲਿਆਂ ਨੇ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਨਿਰਮਲ ਸਿੰਘ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜਸਵੰਤ ਸਿੰਘ ਚੋਟਾਲਾ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੜ੍ਹਦੀਵਾਲਾ ਤੋਂ ਅੱਖਾਂ ਦੇ ਮਾਹਰ ਡਾਕਟਰ ਰੋਸ਼ਨ ਵੀ ਉਚੇਚੇ ਤੌਰ 'ਤੇ ਪਹੁੰਚੇ। ਲਛਮਣ ਸਿੰਘ, ਨਰਿੰਦਰ ਸਿੰਘ, ਪਿੰਡ ਚੋਟਾਲਾ ਦੀ ਸਮੂਹ ਗ੍ਰਾਮ ਪੰਚਾਇਤ, ਨਗਰ ਦੇ ਲੰਬਰਦਾਰਾਂ ਦੀ ਪੂਰੀ ਟੀਮ ਅਤੇ ਨਗਰ ਦੀ ਸੰਗਤ ਨੇ ਮਾਤਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਮਾਨ ਸਰਕਾਰ ਨੇ ਸਿੱਖਿਆ ਖੇਤਰ 'ਚ ਲਿਆਂਦਾ ਬਦਲਾਅ : ਸੱਜਣ ਸਿੰਘ ਚੀਮਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਦੇ ਸਰਕਾਰੀ ਸਕੂਲਾਂ ਦੀ ਬਦਲ ਰਹੀ ਤਸਵੀਰ ਨੂੰ ਉਜਾਗਰ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਵੱਲੋਂ ਲੱਖ ਵਰਿਆਂ ਦੇ ਸਰਕਾਰੀ ਸਕੂਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਕੂਲ ਵਿੱਚ ਸਰਕਾਰ ਵੱਲੋਂ ਕਰਵਾਏ ਗਏ ਵਿਕਾਸ ਕਾਰਜਾਂ ਅਤੇ ਵਿਦਿਆਰਥੀਆਂ ਲਈ ਉਪਲਬਧ ਕਰਵਾਈਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਚੀਮਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਦਿੱਖ ਅਤੇ ਸਿੱਖਿਆ ਦੇ ਮਿਆਰ ਨੂੰ ਬਿਹਤਰ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕੀਤਾ ਹੈ। ਸਕੂਲਾਂ ਵਿੱਚ ਬਿਹਤਰ ਬੁਨਿਆਦੀ ਢਾਂਚਾ, ਸਮਾਰਟ ਕਲਾਸਰੂਮ, ਆਧੁਨਿਕ ਸਹੂਲਤਾਂ ਅਤੇ ਵਿਦਿਆਰਥੀਆਂ ਲਈ ਸੁਖਾਵਾਂ ਵਿੱਦਿਅਕ ਮਾਹੌਲ ਤਿਆਰ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰੀ ਸਕੂਲਾਂ ਨੂੰ ਲੈ ਕੇ ਲੋਕਾਂ ਵਿੱਚ ਜੋ ਧਾਰਨਾ ਬਣੀ ਹੋਈ ਸੀ, ਉਹ ਹੁਣ ਤੇਜ਼ੀ ਨਾਲ ਬਦਲ ਰਹੀ ਹੈ। ਅੱਜ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਨਿੱਜੀ ਸਕੂਲਾਂ ਦੇ ਮੁਕਾਬਲੇ ਬਿਹਤਰ ਸਹੂਲਤਾਂ ਦੇਣ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਚੀਮਾ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦੀ ਬੁਨਿਆਦ ਹੈ ਅਤੇ ਪੰਜਾਬ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣਾ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਮੌਕੇ ਸਕੂਲ ਸਟਾਫ਼ ਵੱਲੋਂ ਵੀ ਸਕੂਲ ਵਿੱਚ ਚੱਲ ਰਹੀਆਂ ਵਿੱਦਿਅਕ ਗਤੀਵਿਧੀਆਂ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

# ਵੱਧ ਤੋਂ ਵੱਧ ਭਾਗੀਦਾਰੀ ਨਾਲ 'ਯੁੱਧ ਨਸ਼ਿਆਂ ਵਿਰੁੱਧ' ਨੂੰ ਜਨ-ਅੰਦੋਲਨ ਬਣਾਓ : ਸ਼ੰਟੀ

**ਬੰਗਾ (ਅਵਤਾਰ ਕਲੇਰ)**- ਹਰ ਨਾਗਰਿਕ ਦੇ ਸੰਵਿਧਾਨਕ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ.) ਮਨੁੱਖੀ ਅਧਿਕਾਰ ਕਮਿਸ਼ਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਮਿਸ਼ਨ ਮੈਂਬਰ ਅਤੇ ਪਦਮਸ੍ਰੀ ਐਵਾਰਡੀ ਜਤਿੰਦਰ ਸਿੰਘ ਸ਼ੰਟੀ ਨੇ ਸ਼ਨੀਵਾਰ ਨੂੰ ਬੰਗਾ ਅਤੇ ਬਲਾਚੌਰ ਵਿਖੇ ਖੁੱਲ੍ਹੇ ਸੁਣਵਾਈ ਕੈਂਪ ਲਗਾਏ। ਪਹਿਲਾ ਕੈਂਪ ਸਵਾਮੀ ਰੂਪ ਚੰਦ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਜਦਕਿ ਦੂਜਾ ਕੈਂਪ



ਕੁਲਦੀਪ ਪੈਲੇਸ ਬਲਾਚੌਰ ਵਿਖੇ ਲਗਾਇਆ ਗਿਆ। ਕੈਂਪਾਂ ਦੌਰਾਨ ਮੈਂਬਰ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਦੇ ਤੁਰੰਤ ਨਿਪਟਾਰੇ ਲਈ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਜਾਰੀ ਕੀਤੇ।ਪੰਜਾਬ ਸਰਕਾਰ ਦੀ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ ਪਹਿਲਕਦਮੀ ਯੁੱਧ ਨਸ਼ਿਆਂ ਵਿਰੁੱਧ ਦੀ ਸ਼ਲਾਘਾ ਕਰਦਿਆਂ ਸ਼ੰਟੀ ਨੇ ਲੋਕਾਂ ਨੂੰ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਲੋਕਾਂ ਦੀ ਵੱਡੀ ਭਾਗੀਦਾਰੀ ਨਾਲ ਇਸ ਮੁਹਿੰਮ ਨੂੰ ਇੱਕ ਜਨ-ਅੰਦੋਲਨ ਵਿੱਚ ਬਦਲਿਆ ਜਾ ਸਕਦਾ ਹੈ।ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ, ਵਧੀਕ ਡਿਪਟੀ ਕਮਿਸ਼ਨਰ ਸੰਜੀਵ ਸ਼ਰਮਾ, ਐਸ.ਡੀ.ਐਮ. ਬਲਾਚੌਰ ਸੁਨੀਲ ਫੋਗਾਟ ਅਤੇ ਐਸ.ਪੀ. ਐਸ.ਬੀ.ਐਸ. ਨਗਰ ਸਰਬਜੀਤ ਸਿੰਘ ਬਾਹੀਆ ਦੇ ਨਾਲ ਸ਼ੰਟੀ ਨੇ ਕਿਹਾ ਕਿ ਕਮਿਸ਼ਨ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਨਿਆਂ ਪਹੁੰਚਾਉਣ ਲਈ ਪੰਜਾਬ ਭਰ ਵਿੱਚ ਅਜਿਹੇ ਜਨਤਕ ਸੁਣਵਾਈ ਕੈਂਪ ਲਗਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਜਿਹੇ ਹੁਕਮ ਜਾਰੀ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨਾਲ ਜ਼ਮੀਨੀ ਪੱਧਰ 'ਤੇ ਮਨੁੱਖੀ ਅਧਿਕਾਰ ਹੋਰ ਮਜ਼ਬੂਤ ਹੋਏ ਹਨ।ਉਨ੍ਹਾਂ ਚੇਤਾਵਨੀ ਦਿੱਤੀ ਕਿ ਬਕਾਇਆ ਬਿੱਲਾਂ ਕਾਰਨ ਮ੍ਰਿਤਕ ਦੇਹ ਨੂੰ ਰੋਕਣ ਵਾਲੇ ਕਿਸੇ ਵੀ ਹਸਪਤਾਲ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਕਮਿਸ਼ਨ ਨੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਮੁਫ਼ਤ ਅੰਤਿਮ ਸਸਕਾਰ ਦੀ ਸਹੂਲਤ ਅਤੇ ਪ੍ਰੋਟੋਕੋਲ ਅਨੁਸਾਰ ਮ੍ਰਿਤਕ ਦੇਹਾਂ ਨੂੰ ਸੰਭਾਲਣ ਲਈ ਮੁਰਦਾਘਰਾਂ ਦੇ ਢੁਕਵੇਂ ਪ੍ਰਬੰਧਾਂ ਸਬੰਧੀ ਵੀ ਐਡਵਾਈਜ਼ਰੀ ਜਾਰੀ ਕੀਤੀ ਹੈ। ਉਨ੍ਹਾਂ ਸਮਾਜ ਭਲਾਈ ਅਤੇ ਭਾਈਚਾਰਕ ਸੇਵਾ ਵਿੱਚ ਜਲੰਧਰ ਦੀਆਂ ਐਨ.ਜੀ.ਓਜ਼ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਸ਼ੰਟੀ ਨੇ ਅੱਗੇ ਕਿਹਾ ਕਿ ਮਨੁੱਖੀ ਅਧਿਕਾਰਾਂ ਬਾਰੇ ਜਨਤਕ ਜਾਗਰੂਕਤਾ ਵਿੱਚ ਕਾਫ਼ੀ ਵਾਧਾ ਹੋਇਆ ਹੈ, ਹੁਣ ਕਮਿਸ਼ਨ ਕੋਲ ਪਹਿਲਾਂ 40-50 ਦੇ ਮੁਕਾਬਲੇ ਰੋਜ਼ਾਨਾ 500 ਤੋਂ ਵੱਧ ਸ਼ਿਕਾਇਤਾਂ ਆ ਰਹੀਆਂ ਹਨ। ਉਨ੍ਹਾਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਗਠਿਤ ਕੀਤੀ ਗਈ ਕਮਿਸ਼ਨ ਦੀ ਟੀਮ ਬਾਰੇ ਵੀ ਦੱਸਿਆ ਜੋ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੁਲਸ ਅਤੇ ਸਿਵਲ ਪ੍ਰਸ਼ਾਸਨ ਨਾਲ ਨੇੜਿਓਂ ਕੰਮ ਕਰ ਰਹੀ ਹੈ। ਇਸ ਮੌਕੇ ਸਹਾਇਕ ਕਮਿਸ਼ਨਰ ਰਮਨਜੀਤ ਸਿੰਘ, ਐਸ.ਡੀ.ਐਮ. ਅਨਮਜੋਤ ਕੌਰ, ਐਸ.ਡੀ.ਐਮ. ਸੁਨੀਲ ਫੋਗਾਤ, ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ, ਐਨ.ਜੀ.ਓ. ਮੈਂਬਰ, ਸਰਪੰਚ ਅਤੇ ਪੰਚ ਵੀ ਹਾਜ਼ਰ ਸਨ।

# ਬਲਾਚੌਰ 'ਚ ਬਸਪਾ ਨੇ ਤੇਜ਼ ਕੀਤੀ ਸਿਆਸੀ ਸਰਗਰਮੀ ਦਰਬਾਰਾ ਸਿੰਘ ਸਿਆਣਾ ਬਣੇ ਸ਼ਹਿਰੀ ਪ੍ਰਧਾਨ



**ਬਲਾਚੌਰ (ਜਸਵਿੰਦਰ ਬੈਂਸ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਲਾਚੌਰ ਹਲਕੇ ਵਿੱਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਅਹਿਮ ਮੀਟਿੰਗ ਸਾਹਿਬ ਕਾਂਸ਼ੀ ਰਾਮ ਭਵਨ ਬਲਾਚੌਰ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਤਹਿਸੀਲ ਪ੍ਰਧਾਨ ਡਾ. ਚਰਨਜੀਤ ਸੁਮਨ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਸੁਮਨ ਨੇ ਕਿਹਾ ਕਿ ਬਲਾਚੌਰ ਹਲਕੇ ਵਿੱਚ ਬਹੁਜਨ ਸਮਾਜ ਪਾਰਟੀ ਆਪਣਾ ਸੰਗਠਨ ਪਿੰਡ ਅਤੇ ਬੂਥ ਪੱਧਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਮਿਹਨਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਪੁਰਾਣੇ ਬਹੁਜਨ ਆਗੂਆਂ ਦੇ ਨਾਲ ਨੌਜਵਾਨਾਂ ਦੀ ਵਧ ਰਹੀ ਸ਼ਮੂਲੀਅਤ ਆਉਣ ਵਾਲੇ ਸਮੇਂ ਲਈ ਇੱਕ ਮਜ਼ਬੂਤ ਸਿਆਸੀ ਸੰਕੇਤ ਹੈ। ਉਨ੍ਹਾਂ ਕਿਹਾ ਕਿ ਦਿੱਲੀ ਤੁਗਲਕਾਬਾਦ ਤੋਂ ਸ਼ੁਰੂ ਹੋਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਸਨਮਾਨ ਸ਼ੋਭਾ ਯਾਤਰਾ ਦੌਰਾਨ ਬਲਾਚੌਰ ਹਲਕੇ ਵਿੱਚ ਬਹੁਜਨ ਸਮਾਜ ਪਾਰਟੀ ਦੀ ਮਜ਼ਬੂਤ ਹਾਜ਼ਰੀ ਨੇ ਪਾਰਟੀ ਦੀ ਸਿਆਸੀ ਤਾਕਤ ਅਤੇ ਜਨ-ਸਰੋਕਾਰਾਂ ਨੂੰ ਸਪੱਸ਼ਟ ਕੀਤਾ ਹੈ। ਮੀਟਿੰਗ ਵਿੱਚ ਸੂਬਾ ਸਕੱਤਰ ਦਲਬਾਗ ਚੰਦ ਮਹਿੰਦੀਪੁਰ, ਲੋਕ ਸਭਾ ਇੰਚਾਰਜ ਸ੍ਰੀ ਅਨੰਦਪੁਰ ਸਾਹਿਬ ਐਡਵੋਕੇਟ ਨਵਰਾਜ ਸਿੰਘ, ਜ਼ਿਲ੍ਹਾ ਇੰਚਾਰਜ ਭੁਪਿੰਦਰ ਸਿੰਘ ਬੇਗਮਪੁਰੀ ਅਤੇ ਜ਼ਿਲ੍ਹਾ ਸਕੱਤਰ ਸੁਰਿੰਦਰ ਸੀਹਮਰ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਬਲਾਚੌਰ ਸ਼ਹਿਰੀ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਸਰਦਾਰ ਦਰਬਾਰਾ ਸਿੰਘ ਸਿਆਣਾ ਨੂੰ ਬਹੁਜਨ ਸਮਾਜ ਪਾਰਟੀ ਬਲਾਚੌਰ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਸੀਨੀਅਰ ਆਗੂ ਮਾਸਟਰ ਬਖ਼ਸ਼ੀ, ਚਮਨ ਲਾਲ ਚਣਕੋਆ, ਰਾਮ ਜੀ, ਧਰਮਵੀਰ ਸਿੰਘ ਤੂਰ, ਸ਼ਿੰਗਾਰਾ ਜੱਟਪੁਰ, ਰਾਮਜੀ ਦਾਸ ਮਹਿੰਦੀਪੁਰ, ਸ਼ਿਕਾਇਤ ਨਿਵਾਰਨ ਕਮੇਟੀ ਦੇ ਮੈਂਬਰ ਡਾ. ਰਜਿੰਦਰ ਲੱਕੀ , ਬੀਬੀਐਫ ਤਹਿਸੀਲ ਪ੍ਰਧਾਨ ਵਿਜੇ ਮੇਨਕਾ, ਸੁਖਦੇਵ ਮਹਿੰਦੀਪੁਰ, ਪਾਲੀ ਡੀਜੇ, ਮੰਗਤ ਰਾਮ ਜੱਬਾ, ਸ਼ਹਿਰੀ ਜਨਰਲ ਸਕੱਤਰ ਪਵਨ ਹੀਰ, ਨਰਿੰਦਰ ਬੱਬੀ, ਗੌਰਵ ਭਾਟੀਆ ਸਮੇਤ ਪਾਰਟੀ ਦੇ ਵੱਖ-ਵੱਖ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

ਮੀਟਿੰਗ ਵਿੱਚ ਪਾਰਟੀ ਨੂੰ ਬਲਾਚੌਰ ਹਲਕੇ ਵਿੱਚ ਇੱਕ ਮਜ਼ਬੂਤ ਸਿਆਸੀ ਤਾਕਤ ਵਜੋਂ ਖੜ੍ਹਾ ਕਰਨ, ਸੰਗਠਨ ਦਾ ਵਿਸਥਾਰ ਕਰਨ ਅਤੇ ਬਹੁਜਨ ਸਮਾਜ ਦੀ ਆਵਾਜ਼ ਨੂੰ ਸਿਆਸੀ ਮੰਚ 'ਤੇ ਹੋਰ ਬੁਲੰਦ ਕਰਨ ਦਾ ਸੰਕਲਪ ਲਿਆ ਗਿਆ।



ਬਹਿਸ਼ਤ ਤੋਂ ਦਹਿਸ਼ਤ ਤੱਕ ਦਾ ਸਫ਼ਰ

(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

ਕਦੇ ਇਹ ਹੌਸਲਾ ਦਿੰਦੈ,
ਕਦੇ ਜੰਜਾਲ ਹੁੰਦਾ ਹੈ।
ਮੈਂ ਬੇਸ਼ੱਕ ਸਫ਼ਰ ਵਿੱਚ ਹੋਵਾਂ,
ਮੇਰਾ ਘਰ ਨਾਲ ਹੁੰਦਾ ਹੈ।
- ਸੰਦੀਪ ਸਿੰਘ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 23 ਅਗਸਤ 2026

www.nawanzamana.in

ਕੀਮਤ 5.00 ਰੁਪਏ


## ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਵਿਗਿਆਨ ਦਾ ਵਿਗਿਆਨ : ਮਾਰਕਸਵਾਦ

ਕਿਸ਼ਤ-11

ਜਗਰੂਪ

ਮਾਰਕਸ/ਏਂਗਲਜ ਨੇ 'ਕਮਿਊਨਿਸਟ ਮੈਨੀਫੈਸਟੋ' ਵਿੱਚ ਬੁਰਜੂਆ ਅਤੇ ਪਰੋਲਤਾਰੀ ਦੇ 'ਜਮਾਤੀ-ਘੋਲ' ਦਾ ਵਿਰੋਧਵਿਕਾਸੀ ਨਤੀਜਾ ਕੱਢਿਆ ਕਿ 'ਬੁਰਜੂਆ ਦੀ ਹਾਰ ਤੇ ਪ੍ਰੋਲਤਾਰੀ ਦੀ ਜਿੱਤ ਇਕੋ ਜਿੰਨੀ ਅਟੱਲ ਹੈ'।

* 'ਦਾਸ ਕੈਪੀਟਲ' (ਇਹ ਸਰਮਾਇਆ) ਵਿਚ ਇਸ ਵਰਤਾਰੇ ਦਾ ਵਿਸਤਰਿਤ ਵਰਨਣ (ਸਰਮਾਏ ਦੀ ਉਤਪਤੀ, ਵਿਕਾਸ ਅਤੇ ਵਿਨਾਸ਼ ਦੇ ਨਾਲ ਹੀ ਨਵੇਂ, ਉਚੇਰੇ-ਸਮਾਜ, ਸਮਾਜਵਾਦ ਦਾ ਖਾਕਾ) ਪੇਸ਼ ਕੀਤਾ ਹੋਇਆ ਹੈ।

* ਸਾਂਝੀਵਾਲ ਸਮਾਜ ਦੀ ਉਸਾਰੀ ਦਾ ਜਥੇਬੰਦਕ ਆਰੰਭ ਪਹਿਲੀ ਕੌਮਾਂਤਰੀ (28 ਸਤੰਬਰ 1864) ਨਾਲ ਹੁੰਦਾ ਹੈ, ਜਿਸ ਦੀ ਸਿਧਾਂਤਕ ਸੇਧ ਉਹਨਾਂ ਦੀਆਂ ਸਮੁੱਚੀਆਂ ਲਿਖਤਾਂ ਵਿਚ ਮੌਜੂਦ ਹੈ, ਪਰ 'ਗੋਥਾ ਪ੍ਰੋਗਰਾਮ ਦੀ ਅਲੋਚਨਾ' (1875) ਬਗੈਰ ਇਹ ਅਧੂਰੀ ਰਹਿਣੀ ਸੀ। ਜਿਸ ਵਿਚ ਕੇਵਲ ਫੋਕੀ ਅਲੋਚਨਾ ਨਹੀਂ, ਸਗੋਂ ਵਿਗਿਆਨਕ ਸਾਂਝੀਵਾਲ ਸਮਾਜ ਦੇ ਵਿਕਾਸ ਦੀਆਂ ਸੇਧਾਂ ਨੂੰ ਵਿਗਾੜ-ਰਹਿਤ ਪਰਿਭਾਸ਼ਤ ਕੀਤਾ ਗਿਆ ਹੈ।

* ਬੁਰਜੂਆਜੀ ਦੇ ਵਿਕਾਸ ਅਤੇ ਸਵੈ-ਵਿਨਾਸ਼ ਦਾ ਵਿਗਿਆਨਕ-ਵਰਨਣ ਉਹਨਾਂ ਦੀਆਂ ਸਮੁੱਚੀਆਂ ਲਿਖਤਾਂ ਵਿਚ ਮੌਜੂਦ ਹੈ।ਉਤਪਾਦਕਤਾ ਦੇ ਵਾਧੇ ਨਾਲ, ਵਾਧੂ ਮੁੱਲ ਦਾ ਵਾਧਾ, ਘਟਦੇ ਦਰ ਨਾਲ ਵਧਦਾ ਹੈ।ਉੱਚ ਉਤਪਾਦਕਤਾ 'ਤੇ ਪੁੱਜਦਿਆਂ ਇਹ ਵਾਧਾ ਸੋਕੜੇ ਹੇਠ, ਬੇਮਾਹਨਾ ਹੋ ਜਾਂਦਾ ਹੈ। ਜਿੱਥੇ ਸਰਮਾਇਆ, ਸਰਮਾਏ ਵਾਲਾ ਗੁਣ (ਮੁਨਾਫਾ ਨਾ ਹੋਵੇ, ਇਹ ਸਰਮਾਏ ਨੂੰ ਮਨਜ਼ੂਰ ਨਹੀਂ) ਗੁਆ ਬਹਿੰਦਾ ਹੈ। ਉਸ ਨੇ ਆਪਣੇ ਤੋਂ ਉਚੇਰੇ, ਨਵੇਰੇ ਪ੍ਰਬੰਧ ਲਈ ਥਾਂ ਖਾਲੀ ਕਰਨੀ ਹੁੰਦੀ ਹੈ, ਜਿਸ ਦਾ ਉਦੇਸ਼ ਮੁਨਾਫਾ ਨਹੀਂ, ਸਗੋਂ ਸਭਨਾ ਲਈ ਸਰਬਪੱਖੀ ਵਿਕਾਸ ਲਈ ਸੁਤੰਤਰ ਸਮਾਂ ਉਪਜਾਣਾ ਅਤੇ ਵੰਡਣਾ ਹੁੰਦਾ ਹੈ।

ਇੰਝ ਉਚੇਰੇ ਸਾਂਝੀਵਾਲ ਸਮਾਜ ਦਾ ਖਾਕਾ ਅਤੇ ਉਸਾਰੀ ਸੇਧ ਵੀ ਉਹਨਾਂ ਦੀਆਂ ਸਮੁੱਚੀਆਂ ਲਿਖਤਾਂ ਵਿਚ ਮੌਜੂਦ ਹੈ, ਜਿਸ ਬਾਰੇ ਲੈਨਿਨ ਦਾ ਕਥਨ ਹੈ :

'ਅਸੀਂ ਮਾਰਕਸ-ਏਂਗਲਜ ਦੇ ਸਿਧਾਂਤ ਨੂੰ ਸੰਪੂਰਨ ਨਹੀਂ ਮੰਨਦੇ, ਉਹਨਾਂ ਨੇ ਇਸ ਮਹਾਨ ਸਿਧਾਂਤ ਦੀ ਨੀਂਹ ਰੱਖੀ ਹੈ। ਸਮੇਂ ਦੇ ਨਾਲ ਚੱਲਣ ਲਈ ਇਸ ਦਾ ਸਰਬਪੱਖੀ ਵਿਕਾਸ ਕਰਨਾ ਹੋਵੇਗਾ।'

* 'ਵਾਰਿਆ ਨ ਜਾਵਾ ਏਕ ਵਾਰ'॥

ਕੋਈ ਇਕ ਜੀਵਨ, ਅਜਿਹੇ ਵੱਡੇ ਕਾਰਜ ਪੂਰੇ ਨਹੀਂ ਕਰ ਪਾਉਂਦਾ। ਉਹ ਮੁੱਢ ਬੰਨ੍ਹਦਾ ਹੈ, ਉਸ ਦੇ ਪੈਰੋਕਾਰ ਉਸ ਦੀ ਵਰਤੋਂ ਹੀ ਨਹੀਂ, ਪੂਰਤੀ ਵੀ ਕਰਦੇ ਹਨ। ਲੈਨਿਨ ਦਾ ਨਾਂਅ ਮਾਰਕਸਵਾਦ ਦੀ ਪੂਰਤੀ ਨਾਲ ਇਕਮਿਕ ਹੈ। ਉਹ ਉਹਨਾਂ ਦੇ ਵੱਡਮੁੱਲੇ (ਪਦਾਰਥਵਾਦੀ) ਵਿਚਾਰਾਂ ਦੀ ਸਾਂਭ-ਸੰਭਾਲ ਹੀ ਨਹੀਂ ਕਰਦਾ, ਉਹ ਵਿਗਾੜਾਂ ਵਿਰੁੱਧ ਸਹੀ ਵਿਖਿਆਣ ਅਤੇ ਵਿਕਾਸ ਵੀ ਕਰਦਾ ਹੈ।

ਮਾਰਕਸਵਾਦ ਵਿਗਿਆਨ ਦਾ ਵਿਗਿਆਨ ਹੈ!

* ਵਿਗਿਆਨਕ ਨਤੀਜੇ ਹਾਸਲ ਕਰਨ ਲਈ ਜ਼ਰੂਰੀ ਹੈ: ਵਿਗਿਆਨ ਨਾਲ, ਵਿਗਿਆਨ ਵਾਂਗ ਵਿਹਾਰ ਕੀਤਾ ਜਾਵੇ।

* ਇਸ ਦਾ ਦਰਸ਼ਨ, ਦ੍ਰਿਸ਼ਟੀਕੋਣ 'ਤੇ ਵਿਚਾਰਧਾਰਾ ਵਿਗਿਆਨਕ ਹੈ।ਇਹ ਪਰਸਪਰ-ਸੰਬੰਧਤ ਅਤੇ ਨਿਰਭਰ ਹਨ।

* ਵਿਚਾਰਧਾਰਾ, ਵਿਗਿਆਨਕ-ਸਾਂਝੀਵਾਲ ਸਮਾਜ ਦੀ ਉਸਾਰੀ ਦਾ ਅਮੂਰਤ ਰੂਪ ਹੈ। ਵਿਚਾਰ ਉਦੋਂ ਹੀ ਪ੍ਰਗਟ ਹੁੰਦੇ ਹਨ, ਜਦੋਂ ਹਾਲਾਤ ਬਣੇ ਹੋਣ ਜਾਂ ਬਣਨ ਦੀ ਪ੍ਰਕਿਰਿਆ ਵਿਚ ਹੋਣ। ਇਹ ਹਾਲਾਤ ਦੇ ਖੰਭਾਂ 'ਤੇ ਉਡਾਣ ਭਰਦੇ ਹਨ। ਇਹਨਾਂ ਦਾ ਆਧਾਰ ਪਦਾਰਥਕ ਹੁੰਦਾ ਹੈ।

ਆਓ ਪਰਖ/ਪੜਤਾਲ ਕਰੀਏ ਗੜਬੜ ਕਿੱਥੇ ਹੈ ?

ਮਾਰਕਸਵਾਦ ਦੀ ਮੂਲ ਧਾਰਨਾ ਹੈ ; 'ਜਮਾਤੀ ਸਮਾਜਾਂ ਦਾ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ'। ਸਰਮਾਏਦਾਰੀ ਉਤਪਾਦਨ ਢੰਗ ਦੀਆਂ ਨਵੀਨ ਜਮਾਤਾਂ : ਬੁਰਜੂਆ ਅਤੇ ਪ੍ਰੋਲਤਾਰੀ ਵਿਚ ਵੀ ਜਮਾਤੀ-ਟੱਕਰ ਹੈ। ਇਸ ਨੇ ਵੀ ਨਵੇਂ ਉਚੇਰੇ ਸਮਾਜਕ ਰੂਪ ਵਿਚ ਬਦਲਣਾ ਹੈ।

ਇਸ ਜਮਾਤੀ ਘੋਲ ਦੀ ਘੋਸ਼ਣਾ (Manifesto) ਹੈ ; 'ਬੁਰਜੂਆਜੀ ਦੀ ਹਾਰ ਤੇ ਪ੍ਰੋਲਤਾਰੀ ਦੀ ਜਿੱਤ ਇਕੋ ਜਿੰਨੀ ਅਟਲ ਹੈ'! ਪਰ ਅਫਸੋਸ ਹੈ, ਇਸ ਸੂਤਰ ਦਾ ਵਿਗਿਆਨਕ ਗਿਆਨ ਅਤੇ ਅਮਲ ਪੱਛੜ ਗਿਆ ਹੈ।


* ਜਮਾਤੀ-ਘੋਲ ਨੂੰ 'ਆਰਥਕ-ਘੋਲ' ਅਤੇ 'ਮਜ਼ਦੂਰ-ਘੋਲ' ਨਾਲ, ਇਕ-ਅਰਥੀ (ਇਕੋ ਗੱਲ ਹੈ) ਬਣਾ ਦਿੱਤਾ ਗਿਆ ਹੈ। ਇਹ ਅਮਲ ਵਿਚ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ ਕਿ :

'ਜਮਾਤੀ-ਘੋਲ ਇਕ ਰਾਜਨੀਤਕ ਘੋਲ ਹੁੰਦਾ ਹੈ'।

ਜਦੋਂ ਕਿ 'ਆਰਥਕ-ਘੋਲ' ਜਾਂ 'ਮਜ਼ਦੂਰ-ਘੋਲ' ਨੇ ਆਪਣੇ ਦੁਹਰਾਓ ਦੇ ਤਜਰਬੇ ਵਿੱਚੋਂ ਰਾਜਨੀਤਕ-ਘੋਲ ਬਣਨ ਲਈ ਹਾਲਾਤ ਤਿਆਰ ਕਰਨੇ ਹੁੰਦੇ ਹਨ। ਪ੍ਰੋਲਤਾਰੀਆ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਰਾਜਨੀਤਕ ਪਾਰਟੀ ਦੀ ਲੋੜ ਪੈਂਦੀ ਹੈ, ਜਦੋਂ ਕਿ ਆਰਥਕ ਘੋਲ ਵਾਸਤੇ ਮਜ਼ਦੂਰਾਂ ਲਈ 'ਟਰੇਡ ਯੂਨੀਅਨ' ਹੀ ਕਾਫੀ ਹੈ। ਇਹਨਾਂ ਦੋਵਾਂ (ਰਾਜਨੀਤਕ ਅਤੇ ਆਰਥਕ ਘੋਲ) ਵਿਚਲਾ ਫਰਕ, ਨਾਹਰੇ ਦੀ ਸਿਧਾਂਤਕਤਾ ਵਿੱਚੋਂ ਪਰਗਟ ਹੁੰਦਾ ਹੈ। ਇਸ ਅੰਤਰ ਨੂੰ ਆਪਣੀ ਸਮਝ ਦਾ ਹਿੱਸਾ ਬਣਾਉਣ, ਪੱਕਾ ਕਰਨ ਲਈ ਆਓ ਮਾਰਕਸ ਦੇ ਇਕ ਖਤ, ਜਿਸ ਵਿਚ ਇਸ ਫਰਕ ਨੂੰ ਚਿਤਾਰਿਆ ਹੈ, ਦੇ ਹਵਾਲੇ ਨੂੰ ਵਿਚਾਰੀਏ:

[ 'ਮਜ਼ਦੂਰ ਜਮਾਤ ਦੇ ਅੰਦੋਲਨ ਦਾ ਅੰਤਮ ਟੀਚਾ ਯਕੀਨਨ, ਇਸ ਜਮਾਤ ਲਈ ਰਾਜਨੀਤਕ ਸੱਤਾ ਜਿੱਤਣਾ ਹੈ ਅਤੇ ਇਸ ਦੇ ਲਈ ਲੋੜ ਹੈ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ ਹੋਵੇ, ਅਤੇ ਇਕ ਅਜਿਹੀ ਜਥੇਬੰਦੀ ਜਿਹੜੀ ਇਸ ਦੇ ਆਰਥਕ ਸੰਘਰਸ਼ਾਂ ਵਿੱਚੋਂ ਉੱਠੇ, ਪਹਿਲੋਂ ਹੀ ਵਿਕਾਸ ਦੇ ਇੱਕ ਖਾਸ ਪੱਧਰ ਉੱਤੇ ਪਹੁੰਚੀ ਹੋਵੇ।

ਪਰੰਤੂ, ਦੂਜੇ ਪਾਸੇ, ਉਹ ਹਰੇਕ ਅੰਦੋਲਨ ਜਿਸ ਵਿੱਚ ਮਜ਼ਦੂਰ ਜਮਾਤ ਹਾਕਮ ਜਮਾਤਾਂ ਨੂੰ ਇੱਕ ਜਮਾਤ ਦੇ ਤੌਰ 'ਤੇ ਟੱਕਰਦੀ ਹੈ ਅਤੇ ਬਾਹਰੋਂ ਦਬਾਅ ਪਾ ਕੇ ਉਹਨਾਂ ਨੂੰ ਮਜਬੂਰ ਕਰਦੀ ਹੈ, ਇਕ ਰਾਜਨੀਤਕ ਅੰਦੋਲਨ ਹੈ। ਮਿਸਾਲ ਵਜੋਂ, ਕਿਸੇ ਖਾਸ ਫੈਕਟਰੀ ਜਾਂ ਇਥੋਂ ਤੱਕ ਕਿ ਕਿਸੇ ਖਾਸ ਕਿੱਤੇ ਵਿੱਚ ਹੜਤਾਲਾਂ ਆਦਿ ਰਾਹੀਂ ਇਕੱਲੇ-ਇਕੱਲੇ ਪੂੰਜੀਪਤੀ ਨੂੰ ਕੰਮ ਦਿਹਾੜੀ ਸਮਾਂ ਘੱਟ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਾ ਨਰੋਲ ਇੱਕ ਆਰਥਿਕ ਅੰਦੋਲਨ ਹੈ। ਦੂਜੇ ਪਾਸੇ, ਅੱਠ ਘੰਟੇ, ਆਦਿ ਦੇ ਇਕ ਕਾਨੂੰਨ ਦੀ ਜ਼ਰੀਏ ਮਜਬੂਰ ਕਰਨ ਲਈ ਅੰਦੋਲਨ ਇੱਕ ਰਾਜਨੀਤਿਕ ਅੰਦੋਲਨ ਹੈ ਅਤੇ ਇਸ ਤਰੀਕੇ ਨਾਲ ਕਿਰਤੀਆਂ ਦੇ ਅਲੱਗ-ਅਲੱਗ ਆਰਥਕ ਅੰਦੋਲਨਾਂ ਵਿੱਚੋਂ ਹਰ ਥਾਂ ਇੱਕ ਰਾਜਨੀਤਿਕ ਅੰਦੋਲਨ ਵਿਕਸਦਾ ਹੈ, ਕਹਿਣ ਦਾ ਮਤਲਬ ਹੈ, ਇੱਕ ਜਮਾਤੀ ਅੰਦੋਲਨ ਜਿਸ ਦਾ ਟੀਚਾ ਆਪਣੇ ਹਿੱਤਾਂ ਨੂੰ, ਇਕ ਆਮ ਰੂਪ ਵਿੱਚ, ਇੱਕ ਅਜਿਹੇ ਰੂਪ ਵਿੱਚ ਜਿਸ ਵਿੱਚ ਆਮ, ਸਮਾਜਿਕ ਤੌਰ 'ਤੇ ਦਬਾਓ ਸ਼ਕਤੀ ਹੁੰਦੀ ਹੈ, ਅਮਲ ਵਿੱਚ ਲਿਆਉਣਾ ਹੁੰਦਾ ਹੈ।'...(ਫਰੈਡਰਿਕ ਬੋਲਟੇ ਨੂੰ ਮਾਰਕਸ ਦਾ ਖ਼ਤ. ਨਵੰਬਰ 23, 1871)]




ਆਰਥਿਕ ਅੰਦੋਲਨ ਅਤੇ ਰਾਜਨੀਤਿਕ ਅੰਦੋਲਨ

ਵਿਚਲੇ ਅੰਤਰ ਨੂੰ ਜਾਣ ਲੈਣ ਪਿੱਛੋਂ ਬੁਰਜੂਆ ਤੇ ਪ੍ਰੋਲਤਾਰੀ ਵਿਚਕਾਰ ਜਮਾਤੀ-ਸੰਘਰਸ਼ ਵੱਲ ਕੇਂਦਰਤ ਕਰਦਿਆਂ ਸਹੀ/ਗਲਤ ਦੀ ਨਿਰਖ/ਪਰਖ ਕਰਦੇ ਹਾਂ।

ਸਰਮਾਏਦਾਰੀ ਉਤਪਾਦਨ ਪ੍ਰਕਿਰਿਆ ਵਿਚ, ਸਰਮਾਏ ਦਾ ਵਾਧਾ, ਉਜਰਤੀ-ਕਿਰਤ ਦੇ ਉਪਜਾਏ ਵਾਧੂ-ਮੁੱਲ ਨੂੰ ਹੜੱਪਣਾ ਹੈ। ਇਹ (ਮੁਨਾਫਾ) ਨਾ ਭੁਗਤਾਨ ਕੀਤੀ 'ਉਜਰਤ' ਹੈ। ਇਹ ਨਿਸਚਿਤ 'ਕੰਮ- ਦਿਨ', (ਕੰਮ ਦਿਹਾੜੀ ਸਮਾਂ) ਦੇ ਰਿਲੇਟਿਵ (ਸਾਪੇਖ) ਭਾਗਾਂ ('ਜ਼ਰੂਰੀ ਕੰਮ ਸਮਾਂ'+ 'ਵਾਧੂ ਕੰਮ ਸਮਾਂ') ਵਿੱਚੋਂ 'ਜ਼ਰੂਰੀ ਕੰਮ ਸਮਾਂ' ਭਾਗ ਨੂੰ ਛੋਟਾ ਕਰਕੇ, ਵਾਧੂ ਕੰਮ ਸਮਾਂ ਭਾਗ ਨੂੰ ਵੱਡਾ ਕਰਨਾ ਅਤੇ ਵਧੇਰੇ ਵਾਧੂ ਮੁੱਲ ਨੂੰ ਹੜੱਪਣਾ ਹੈ।

ਮਾਰਕਸ ਨੇ ਦਾਸ ਕੈਪੀਟਲ ਵਿੱਚ ਇਸ ਉਜਾਗਰ ਤੱਥ ਨੂੰ ਬਿਆਨ ਕਰਦਿਆਂ ਕਿਹਾ:

[ 'ਇਸ ਗੱਲ ਵਿੱਚ ਬਿਲਕੁਲ ਕੋਈ ਸ਼ੱਕ ਨਹੀਂ ਕਿ ਕਿਰਤ ਦੀ ਘੰਟਿਆਂ ਨੂੰ ਲੰਮਾ ਕਰਨ ਦੀ ਸਦਾ-ਸਦਾ ਲਈ ਮਨਾਹੀ ਹੋ ਜਾਣ ਪਿੱਛੋਂ ਜਿਹੜੀ ਰੁਚੀ ਤੁਰਤ ਹੀ ਪੂੰਜੀਪਤੀ ਨੂੰ ਲਗਾਤਾਰ ਕਿਰਤ ਦੀ ਤੀਬਰਤਾ ਵਧਾ ਕੇ ਆਪਣਾ ਘਾਟਾ ਪੂਰਾ ਕਰਨ ਲਈ ਅਤੇ ਮਸ਼ੀਨਰੀ ਵਿਚ ਹੋਣ ਵਾਲੀ ਹਰੇਕ ਬਿਹਤਰੀ ਨੂੰ ਕਾਮੇ ਨੂੰ ਨਿਚੋੜਨ ਦੇ ਵੱਧ ਤੋਂ ਵੱਧ ਕਾਰਗਰ ਸਾਧਨ ਵਿੱਚ ਬਦਲ ਦੇਣ ਲਈ ਉਕਸਾਉਂਦੀ ਹੈ, ਉਹ ਰੁਚੀ ਛੇਤੀ ਹੀ ਇੱਕ ਅਜਿਹੀ ਹਾਲਤ ਲਾਜ਼ਮੀ ਤੌਰ 'ਤੇ ਪੈਦਾ ਕਰ ਦੇਵੇਗੀ ਜਿਸ ਵਿੱਚ ਕਿਰਤ ਦੇ ਘੰਟਿਆਂ ਨੂੰ ਘਟਾਉਣਾ ਫਿਰ ਜ਼ਰੂਰੀ ਹੋ ਜਾਵੇਗਾ।' (ਸਰਮਾਇਆ ਭਾਗ-1, ਸਫਾ 439 )]

* ਜਦੋਂ ਸਰਮਾਏਦਾਰੀ ਉਤਪਾਦਨ ਢੰਗ ਵਿਚ, ਬੁਰਜੂਆ ਤੇ ਪ੍ਰੋਲਤਾਰੀ ਦੀ ਟੱਕਰ ਵਿਚ, ਪ੍ਰੋਲਤਾਰੀ ਪੱਖ ਪੂਰਤੀ (ਛੁਟੇਰੀ ਕੰਮ ਦਿਹਾੜੀ) ਦਾ ਇਨਕਲਾਬੀ-ਅਮਲ ਖੜੋਤ ਵਿਚ ਆ ਜਾਂਦਾ ਹੈ ਤਾਂ ਇਕਹਿਰਾ ਬੁਰਜੂਆ ਵਿਕਾਸ ਮੈਦਾਨ ਵਿਚ ਰਹਿ ਜਾਂਦਾ ਹੈ। ਜਿੱਥੇ ਮੁਕਾਬਲਾ ਬੁਰਜੂਆ ਧਿਰਾਂ ਦੀ ਆਪਸੀ ਖਹਿਬਾਜ਼ੀ ਵਿਚ ਤਾਂ ਪਰਗਟ ਹੁੰਦਾ ਹੈ, ਪਰ ਉਹ ਸਾਰੇ ਪ੍ਰੋਲਤਾਰੀ ਪੈਂਤੜੇ ਦੇ ਖਿਲਾਫ ਇਕਜੁੱਟ ਭੁਗਤਦੇ ਹਨ।ਆਪਸੀ ਖਹਿਬਾਜ਼ੀ ਤਕਨੀਕੀ ਇਨਕਲਾਬਾਂ ਨੂੰ ਉਤਸ਼ਾਹਤ ਕਰਦੀ ਹੈ।

* ਜਿਨ੍ਹਾਂ ਨੂੰ ਪ੍ਰੋਲਤਾਰੀ ਹਿੱਤ ਪੂਰਤੀ ਦਾ ਕ੍ਰਾਂਤੀਕਾਰੀ ਗੁਰ, ਹੁਣ ਤੱਕ ਸਮਝ ਨਹੀਂ ਆਇਆ (ਜੋ ਅੱਜ ਵੀ ਕੰਮ ਦਿਨ ਦਾ ਮਿਆਰ 8 ਘੰਟੇ ਦੀ ਰੱਟ ਲਾਈ ਖੜੇ ਹਨ) ਉਹ ਬੀਤੇ ਵਿਚ ਹੋਏ, ਕੀਤੇ ਇਸ 'ਪਾਪ' (ਉਹ ਗੁਨਾਹ ਜਿਸ ਦੀ ਸਜ਼ਾ ਆਉਣ ਵਾਲੀਆਂ ਪੀੜ੍ਹੀਆਂ ਭੁਗਤਦੀਆਂ ਹਨ) ਨਾਲ ਹੋਏ ਨੁਕਸਾਨ ਦਾ ਅਨੁਮਾਨ ਵੀ ਨਹੀਂ ਕਰ ਸਕਦੇ ।

* ਜਦੋਂ ਇਕਹਿਰਾ ਸਰਮਾਏਦਾਰੀ ਵਿਕਾਸ ਅਮਲ ਧਾਰਦਾ ਹੈ ਤਾਂ ਸਮਾਜ ਵਿਚ ਆਰਥਕ ਪਾੜਾ ਸਿਖਰਾਂ ਵੱਲ ਜਾਂਦਾ ਹੈ। 'ਬੇਗਾਨਗੀ ਸਿਧਾਂਤ' ਸਮਾਜ ਨੂੰ ਅਜਿਹੇ ਕਰੂਪ ਪੜਾਅ, ਬੇਬੱਸੀ ਵੱਲ ਵਧਦਾ ਦਰਸਾਉਂਦਾ ਹੈ, ਜਿੱਥੇ ਲਾਚਾਰ-ਮਨੁੱਖ ਖੁਦ ਨੂੰ ਘਿਰਣਾ ਕਰਨ ਲੱਗਦਾ ਹੈ, ਖੁਦਕੁਸ਼ੀ ਕਰਦਾ ਹੈ।

ਆਓ ਬੁਰਜੂਆ ਵਿਕਾਸ ਦੀ ਇਕਪਾਸੜ ਝਲਕ, ਵਧਦਾ ਆਰਥਕ ਪਾੜਾ ਪੜਚੋਲੀਏ :

(ਇਸ ਪੜਚੋਲ ਵਿਚ ਕਾਹਲੀ ਨਹੀਂ, ਸਗੋਂ ਤਰਕ ਦੇ ਵਿਗਿਆਨ ਦੀ ਵਰਤੋਂ ਜ਼ਰੂਰੀ ਹੈ)

ਇਸ ਪੜਤਾਲ ਦਾ ਮਾਰਕਸੀ-ਸੂਤਰ, ਇਸ ਦੇ ਉਤਪਾਦਨ ਢੰਗ ਵਿਚ ਹੀ ਹੈ :

ਜ. ਕ. ਸ : ਵ. ਕ. ਸ

(ਜ=ਜ਼ਰੂਰੀ, ਕ=ਕੰਮ, ਸ=ਸਮਾਂ ਅਤੇ ਵ=ਵਾਧੂ)

ਮੰਨ ਲਵੋ ਕੰਮ ਦਿਨ ਸਮਾਂ=100%

ਸਰਮਾਏ ਦਾ ਆਮ ਸੂਤਰ

ਜ. ਕ. ਸ ਅਤੇ ਵ. ਕ. ਸ ਨੂੰ ਬਰਾਬਰ ਅਨੁਮਾਨ ਕਰਦਾ ਹੈ। ਇਸ ਲਈ ਫੀਸਦੀ ਵਿਚ ਇਹ

ਜ. ਕ. ਸ=50% : ਵ. ਕ. ਸ=50% ਹੈ।

ਕਿਰਤ ਉਤਪਾਦਕਤਾ ਦੇ ਵਾਧੇ ਨਾਲ ਜ. ਕ. ਸ ਘਟਦਾ ਹੈ ਅਤੇ ਵ.ਕ. ਸ ਵਧਦਾ ਹੈ। ਇਹ ਘਟਦੀ ਦਰ ਉਤਪਾਦਕਤਾ ਦੇ ਦੋ ਗੁਣਾ ਹੋਣ ਨਾਲ ਪਹਿਲਾਂ ਤੋਂ ਅੱਧੀ (50%) ਰਹਿ ਜਾਂਦੀ ਹੈ। ਇਹ ਹਰ ਵਾਰ ਦੋ ਗੁਣੀ ਹੋਣ ਤੇ ਅੱਧੀ ਹੋਣਾ ਵਾਪਰਦਾ ਹੈ।

ਇਕ ਵਾਰ ਦੋ ਗੁਣੀ ਹੋਣ 'ਤੇ ਪਹਿਲਾ ਅਨੁਪਾਤ ਬਦਲ ਕੇ ਜ. ਕ. ਸ=25% ਅਤੇ ਵ. ਕ. ਸ=75% ਹੋ ਜਾਵੇਗਾ।

ਦੂਜੀ ਵਾਰ ਦੋ ਗੁਣਾ ਹੋਣ 'ਤੇ
ਜ. ਕ. ਸ=12.5% ਅਤੇ ਵ. ਕ. ਸ=87.5%
ਹੋ ਜਾਵੇਗਾ।

ਮੁੜ ਉਤਪਾਦਕਤਾ ਦੋ ਗੁਣਾ ਹੋਣ 'ਤੇ
ਜ. ਕ. ਸ=6.25% ਅਤੇ ਵ. ਕ. ਸ=93.75%
ਹੋ ਜਾਵੇਗਾ।

ਇਕ ਵਾਰ ਉਤਪਾਦਕਤਾ ਮੁੜ ਦੋ ਗੁਣਾ ਹੋਣ 'ਤੇ
ਜ. ਕ. ਸ=3.125% ਅਤੇ ਵ. ਕ. ਸ=
=96.875% ਹੋ ਜਾਵੇਗਾ।

ਹੁਣ ਇਸ ਨੂੰ ਰੁਜ਼ਗਾਰ 'ਤੇ ਢਾਲ ਕੇ ਵੇਖਦੇ ਹਾਂ।

ਮੰਨ ਲਵੋ ਇਕ ਪੜਾਅ 'ਤੇ ਰੁਜ਼ਗਾਰ ਵਾਲੇ= 100% ਹਨ।

ਪਹਿਲੀ ਵਾਰ ਉਤਪਾਦਕਤਾ ਦੋ ਗੁਣਾ ਹੋਣ 'ਤੇ ਰੁਜ਼ਗਾਰ ਵਿਚ ਅੱਧੇ (50%) ਰਹਿਣਗੇ, ਬਾਕੀ 100-50=50% ਬੇਰੁਜ਼ਗਾਰ ਹੋਣਗੇ।

ਦੂਜੀ ਵਾਰ ਕੰਮ 'ਤੇ=25%, ਬਾਕੀ 75% ਬੇਰੋਜ਼ਗਾਰ।

ਤੀਜੀ ਵਾਰ ਕੰਮ 'ਤੇ =12.5%, ਬੇਰੋਜ਼ਗਾਰ= =87.5% ਹੋਣਗੇ।

ਚੌਥੀ ਵਾਰ ਕੰਮ 'ਤੇ =6.25%, ਬੇਰੁਜ਼ਗਾਰ =93.75% ਹੋਣਗੇ।

ਉਤਪਾਦਕਤਾ ਸੰਬੰਧੀ ਮਾਰਕਸ ਨੇ ਲਿਖਿਆ ਹੈ

[ 'ਮੰਨ ਲਵੋ ਉਤਪਾਦਕਤਾ ਦੇ ਵਾਧੇ ਨਾਲ ਜ. ਕ. ਸ ਘਟ ਕੇ =1/1000 ਹੈ, ਤਾਂ ਵ. ਕ. ਸ=999/1000 ਹੋਵੇਗਾ। ਹੁਣ ਮੰਨ ਲਵੋ ਕਿਰਤ ਉਤਪਾਦਕਤਾ ਇਕ ਹਜ਼ਾਰ ਦਿਹਾੜੀ ਗੁਣਾ ਵਧ ਜਾਂਦੀ ਹੈ ਤਾਂ ਜ. ਕ. ਸ=1/1000,000 ਅਤੇ

ਵ. ਕ. ਸ=999,999/1000,000 ਦਿਨ ਹੋਵੇਗਾ।]

ਸਾਦੇ ਸ਼ਬਦਾਂ ਵਿਚ ਇਸ ਦਾ ਅਰਥ ਹੈ ਜਿੱਥੇ ਆਰੰਭ ਵਿਚ ਹਜ਼ਾਰ ਵਿੱਚੋਂ ਇਕ ਬੰਦਾ ਕੰਮ 'ਤੇ ਲੋੜੀਂਦਾ ਸੀ, ਹੁਣ ਨਵੀਂ ਉਤਪਾਦਕਤਾ ਦਰ ਦੇ ਵਾਧੇ ਨਾਲ, ਉਥੇ ਦਸ ਲੱਖ ਵਿੱਚੋਂ ਕੇਵਲ ਇਕ ਮਨੁੱਖ ਦੇ ਕੰਮ ਦੀ ਲੋੜ ਰਹਿ ਗਈ ਹੈ।

ਹੁਣ, ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੌਰ ਵਿਚ ਮਾਰਕਸ ਦੇ ਕਲਪੇ ਹਜ਼ਾਰ ਦਿਹਾੜੀ ਗੁਣਾ ਉਤਪਾਦਕਤਾ ਵਾਧੇ ਨੂੰ ਜਾਇਜ਼ ਠਹਿਰਾਉਣਾ ਔਖਾ ਨਹੀਂ ਹੈ। ਸਰਮਾਏਦਾਰੀ ਉਤਪਾਦਨ ਪ੍ਰਬੰਧ ਜੋ ਨਿੱਜੀ ਮੁਨਾਫਾ ਆਧਾਰਤ ਹੈ

ਉਹ ਅੱਜ ਪ੍ਰਚਾਰ ਰਿਹਾ ਹੈ, ਕੁਝ ਕੁ ਸਾਲਾਂ ਵਿਚ ਹੀ (Labour free production) ਕਿਰਤ ਮੁਕਤ ਉਤਪਾਦਨ ਹੋਣਾ ਸੰਭਵ ਹੈ। ਉਹ ਬੇਰੋਜ਼ਗਾਰੀ ਦਾ ਖੌਫ ਦਰਸਾ ਰਹੇ ਹਨ। ਇਹ ਉਹੀ ਦੌਰ ਹੈ ਜਿਸ ਨੂੰ ਮਾਰਕਸ ਦਾ ਸਿਧਾਂਤ: ["Free time mode of production and distribution."] 'ਸੁਤੰਤਰ ਸਮਾਂ ਉਪਜਾਣ ਤੇ ਵੰਡਣ ਢੰਗ' ਸੱਦਦਾ ਹੈ।

ਆਓ ਉਤਪਾਦਕਤਾ ਦੇ ਵਾਧੇ ਨਾਲ 'ਵਰਤੋਂ ਮੁੱਲ' ਅਤੇ 'ਵਟਾਂਦਰਾ ਮੁੱਲ' ਉਪਰ ਹੋਣ ਵਾਲੇ ਸਮਾਜਕ ਪ੍ਰਭਾਵ ਨੂੰ ਵਿਚਾਰੀਏ, ਜਿਸ ਨਾਲ ਮਾਰਕਸਵਾਦੀ ਸਿੱਖਿਆ ਦੀ ਵਾਹ-ਵਾਹ ਆਪ-ਮੁਹਾਰੇ ਫੁੱਟ ਪੈਂਦੀ ਹੈ।

# ਅਜੋਕੇ ਸੰਦਰਭ 'ਚ ਸਾਹਿਤ ਦੀ ਭੂਮਿਕਾ



ਮੱਖਣ ਕੁਹਾੜ

ਸਾਹਿਤ ਸਮਾਜ ਦਾ ਦਰਪਨ ਹੁੰਦਾ ਹੈ। ਜਿਸ ਸਮੇਂ ਵੀ ਕੋਈ ਸਾਹਿਤ ਰਚਿਆ ਜਾਂਦਾ ਹੈ, ਉਸ ਸਮੇਂ ਦੀ ਸਮੁੱਚੀ ਸਮਾਜਿਕ ਤਸਵੀਰ ਦੀ ਝਲਕ ਉਸ ਵਿੱਚੋਂ ਸਪੱਸ਼ਟ ਦਿਖਾਈ ਦੇਂਦੀ ਹੈ। ਉਸ ਸਮੇਂ ਦੀ ਆਰਥਿਕ, ਰਾਜਨੀਤਕ ਤੇ ਧਾਰਮਿਕ ਹਾਲਤ ਦਾ ਪਤਾ ਲੱਗਦਾ ਹੈ। ਸਾਹਿਤਕਾਰ ਜੋ ਵੀ ਸਮਾਜ ਵਿੱਚੋਂ ਲੈਂਦਾ ਹੈ, ਉਹ ਉਸ ਨੂੰ ਵਿਸ਼ਲੇਸ਼ਣਾਤਮਕ ਤੇ ਕਲਾਤਮਕ ਛੋਹਾਂ ਨਾਲ ਸਮਾਜ ਨੂੰ ਵਾਪਸ ਪਰਤਾ ਦੇਂਦਾ ਹੈ। ਸਾਹਿਤ ਬੇਸ਼ੱਕ ਮਨੋਰੰਜਨ ਦਾ ਜ਼ਰੀਆ ਵੀ ਹੈ ਪਰੰਤੂ ਸਾਹਿਤ ਦਾ ਮਕਸਦ ਨਿਰੋਲ ਮਨੋਰੰਜਨ ਨਹੀਂ ਹੁੰਦਾ, ਸਗੋਂ ਲੋਕ ਹਿੱਤ ਹੁੰਦਾ ਹੈ। ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਹੁੰਦੀ ਹੈ। ਸਾਹਿਤ ਇੱਕ ਕਲਾ ਹੈ ਤੇ ਸਾਹਿਤਕਾਰ ਇੱਕ ਕਲਾਕਾਰ। ਸਾਹਿਤ ਉਹੀ ਚੰਗਾ ਜਾਣਿਆ ਜਾਂਦਾ ਹੈ, ਜੋ ਲੋਕਾਂ ਦੇ ਦੁੱਖਾਂ ਦੀ ਗੱਲ ਕਰਦਾ ਹੈ। ਲੋਕ ਮੁਸ਼ਕਲਾਂ ਦੀ ਬਾਤ ਪਾਉਂਦਾ ਹੈ। ਜੋ ਸਾਹਿਤ ਹਾਕਮਾਂ ਦੀਆਂ ਗ਼ਲਤ ਨੀਤੀਆਂ ਅਤੇ ਉਸ ਕਾਰਨ ਕਸ਼ਟ ਭੋਗ ਰਹੀ ਪਰਜਾ ਦੀ ਗੱਲ ਨਹੀਂ ਕਰਦਾ, ਉਸ ਨੂੰ ਸਮਾਜ ਪ੍ਰਵਾਨਗੀ ਨਹੀਂ ਦੇਂਦਾ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ-'ਧੰਨੁ ਲੇਖਾਰੀ ਨਾਨਕਾ ਜਿਨਿ, ਨਾਮ ਲਿਖਾਇਆ ਸਚੁ।'

ਏਸੇ ਸੱਚ ਤਹਿਤ ਗੁਰੂ ਨਾਨਕ ਦੇਵ ਜੀ ਨੇ ਬਰਾਬਰਤਾ, ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲਾ ਫ਼ਲਸਫ਼ਾ ਪੇਸ਼ ਕੀਤਾ ਹੈ। ਸਾਹਿਤ ਉਹੀ ਚੰਗਾ ਹੈ, ਜੋ ਤਤਕਾਲੀ ਸਮੇਂ ਦੀਆਂ ਵੰਗਾਰਾਂ ਨਾਲ ਜੂਝਦਾ ਹੈ। ਰੂਸੀ ਇਨਕਲਾਬ ਵਿੱਚ ਸਾਹਿਤ ਦੀ ਭੂਮਿਕਾ ਨੂੰ ਕੋਈ ਵੀ ਅਣਗੌਲਿਆ ਨਹੀਂ ਕਰ ਸਕਦਾ। ਸਾਹਿਤਕ ਕਿਰਤ ਚਾਹੇ ਉਹ ਕਹਾਣੀ ਦੇ ਰੂਪ ਵਿੱਚ ਹੋਵੇ, ਨਾਵਲ, ਨਾਟਕ ਜਾਂ ਕਵਿਤਾ, ਗੀਤ ਦੀ ਕਿਸੇ ਵੀ ਵੰਨਗੀ ਵਿੱਚ ਹੋਵੇ, ਜੇ ਉਹ ਤਤਕਾਲੀ ਸਮੇਂ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਨਹੀਂ ਹੁੰਦੀ ਅਤੇ ਉਹਨਾਂ ਮੁਸ਼ਕਲਾਂ ਦੇ ਕਾਰਨਾਂ 'ਤੇ ਉਂਗਲ ਨਹੀਂ ਧਰਦੀ ਅਤੇ ਦੁਖੀ ਲੋਕਾਂ ਨੂੰ ਮੁਸ਼ਕਲਾਂ ਖ਼ਿਲਾਫ਼ ਜੂਝਣ ਦੀ ਪ੍ਰੇਰਨਾ ਨਹੀਂ ਦੇਂਦੀ ਤਾਂ ਉਹ ਬੇਅਰਥ ਤੇ ਮਕਸਦਹੀਣ ਹੋ ਕੇ ਹੀ ਰਹਿ ਜਾਂਦੀ ਹੈ। ਇੰਝ ਉਹ ਰਚਨਾ ਜਾਣੇ-ਅਣਜਾਣੇ ਅਮੀਰ ਹਾਕਮ ਸ਼੍ਰੇਣੀ ਦੇ ਹੱਕ ਵਿੱਚ ਭੁਗਤ ਜਾਂਦੀ ਹੈ। ਅੰਗਰੇਜ਼ੀ ਕਵੀ 'ਪੀ.ਬੀ. ਸ਼ੈਲੇ' ਦਾ ਕਥਨ ਹੈ 'ਆਵਰ ਸਵੀਟੈਸਟ ਸਾਂਗਜ਼ ਆਰ ਦੋਜ਼ ਦੈਟ ਟੈਲਜ਼ ਦੀ ਸੈਡੈਸਟ ਥਾਟ' (ਸਾਡੇ ਵਧੀਆ ਗੀਤ ਉਹ ਹਨ, ਜੋ ਗ਼ਮਗੀਨ ਵਿਚਾਰਾਂ ਦੀ ਗੱਲ ਦੱਸਦੇ ਹਨ) ਅੱਜ ਦੇ ਸੰਦਰਭ ਵਿੱਚ ਜਦ ਲੋਕ ਅਤਿਅੰਤ ਦੁੱਖ ਭੋਗ ਰਹੇ ਹਨ, ਨਰਕ ਵਰਗੀ ਤੇ ਸਹਿਮ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ, ਤਦ ਸਾਹਿਤ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ।

ਅੱਜ ਜਿਸ ਤਰ੍ਹਾਂ ਦੀ ਦੇਸ਼ ਦੀ ਹਾਲਤ ਹੈ, ਆਜ਼ਾਦੀ ਤੋਂ ਬਾਅਦ ਐਸੀ ਮੰਦੀ ਹਾਲਤ ਕਦੇ ਵੀ ਨਹੀਂ ਸੀ ਹੋਈ। ਹਰ ਪਾਸੇ ਹਾਹਾਕਾਰ ਹੈ। ਗ਼ਰੀਬੀ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਮਹਿੰਗਾਈ ਤੇ ਬੇਰੋਜ਼ਗਾਰੀ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਗ਼ਰੀਬੀ ਤੇ ਅਮੀਰੀ ਦਾ ਅੰਤਰ ਜ਼ਮੀਨ ਤੇ ਅਸਮਾਨ ਵਾਂਗਰਾਂ ਹੈ। ਗ਼ਰੀਬ ਹੋਰ ਗ਼ਰੀਬ ਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਭਾਰਤ ਦੇ 140 ਕਰੋੜ ਲੋਕਾਂ 'ਚੋਂ ੮੦ ਕਰੋੜ ਨੂੰ ਰੱਜਵੀਂ ਰੋਟੀ ਨਸੀਬ ਨਹੀਂ ਹੈ। ਉਪਰਲੇ ੧% ਅਮੀਰਾਂ ਕੋਲ ਕਰੀਬ 50% ਤੇ ਹੇਠਲੇ 50% ਲੋਕਾਂ ਕੋਲ ਕਰੀਬ 1% ਹੀ ਜਾਇਦਾਦ ਹੈ। ਇਹ ਗੱਲ ਸਪੱਸ਼ਟ ਹੈ ਕਿ ਭਾਰਤ ਦਾ ਰਾਜ ਪ੍ਰਬੰਧ ਆਜ਼ਾਦੀ ਦੇ ਬਾਅਦ ਉਪਰਲੀ ਅਮੀਰ ਸ਼੍ਰੇਣੀ ਕੋਲ ਹੈ। ਆਜ਼ਾਦੀ ਲਈ ਜੋ ਲੋਕ ਲੜੇ, ਮਰੇ, ਜੇਲ੍ਹਾਂ ਭੁਗਤੀਆਂ, ਉਹਨਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਨਾ ਸਮਾਜਿਕ ਬਰਾਬਰਤਾ ਮਿਲੀ, ਨਾ ਬਰਾਬਰ ਨਿਆਂ, ਨਾ ਜਾਤ-ਪਾਤ ਦਾ ਵਿਤਕਰਾ ਦੂਰ ਹੋਇਆ, ਨਾ ਆਰਥਿਕ ਹਾਲਤ ਸੁਧਰੀ, ਨਾ ਧਰਮਾਂ ਦਾ ਬਖੇੜਾ ਮੁੱਕਾ।

ਹਰੇਕ ਰਾਜ ਕਰਦੀ ਸਰਕਾਰ ਦਾ ਕੰਮ ਰਾਜ ਕਰ ਰਹੀ ਅਮੀਰ ਉੱਚ ਸਰਮਾਏਦਾਰ/ਜਗੀਰਦਾਰ (ਕਾਰਪੋਰੇਟ) ਸ਼੍ਰੇਣੀ ਨੂੰ ਹੋਰ ਅਮੀਰ ਕਰਨ ਦਾ ਹੀ ਰਹਿ ਗਿਆ ਹੈ। ਇੰਝ ਗ਼ਰੀਬ ਹੋਰ ਗ਼ਰੀਬ ਹੋ ਰਿਹਾ ਹੈ। 'ਪਾਪਾਂ ਬਾਝ ਨਾ ਹੋਏ ਕੱਠੀ' ਦੇ ਕਥਨ ਅਨੁਸਾਰ ਸਮੇਂ-ਸਮੇਂ ਦੀਆਂ ਸਰਕਾਰਾਂ ਗ਼ਰੀਬ ਸ਼੍ਰੇਣੀ ਨੂੰ ਹੋਰ ਗ਼ਰੀਬ ਕਰਨ ਦਾ ਪਾਪ ਕਮਾ ਕੇ ਅਮੀਰ ਸ਼੍ਰੇਣੀ ਨੂੰ ਤਾਂ ਹੋਰ ਅਮੀਰ ਕਰਦੀਆਂ ਹੀ ਰਹੀਆਂ ਹਨ, ਪਰ ਅਜੋਕੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਇਹ ਪਾਪ ਕਰਨ ਵਿੱਚ ਸਭ ਤੋਂ ਮੋਹਰੀ ਹੈ।

ਇਸ ਵਕਤ ਧਾਰਮਿਕ ਤੌਰ 'ਤੇ ਕੋਈ ਆਜ਼ਾਦੀ ਨਹੀਂ ਹੈ। ਰਾਜ ਕਰ ਰਹੀ ਮੌਜੂਦਾ ਭਾਜਪਾ ਸਰਕਾਰ ਹਾਕਮ ਸ਼੍ਰੇਣੀ ਨੂੰ ਅਮੀਰ ਕਰਨ ਦੇ ਨਾਲ-ਨਾਲ ਲੋਕਾਂ ਵਿੱਚ ਧਾਰਮਿਕ ਵੰਡੀਆਂ ਪਾਉਣ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਲੋਕਾਂ ਵਿੱਚ ਜੋ ਹਾਹਾਕਾਰ ਮਚੀ ਹੈ, ਉਸ ਨੂੰ ਦਬਾਉਣ ਲਈ ਜਿੱਥੇ ਮੋਦੀ ਸਰਕਾਰ ਫਿਰਕੂ-ਫਾਸ਼ੀ ਹਿਟਲਰੀ ਨੀਤੀ ਦਾ ਸਹਾਰਾ ਲੈ ਰਹੀ ਹੈ, ਉੱਥੇ ਇੱਕ ਧਰਮ ਨੂੰ ਦੂਜੇ ਨਾਲ ਲੜਾਉਣਾ ਇਸ ਦਾ 'ਪਰਮ' ਧਰਮੀ ਕਾਰਜ ਬਣ ਗਿਆ ਹੈ। ਜੋ ਵੀ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦਾ ਹੈ, ਉਸ ਨੂੰ ਝੂਠੇ ਕੇਸ ਬਣਾ ਕੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਸਿੱਟੇ ਵਜੋਂ ਕਿੰਨੇ ਹੀ ਸਾਹਿਤਕਾਰ ਵੀ ਜੇਲ੍ਹਾਂ ਵਿੱਚ ਬੰਦ ਕੀਤੇ ਹੋਏ ਹਨ।

ਕਈ ਲੋਕ ਪੱਖੀ ਸੋਚ ਦੇ ਵਣਜਾਰੇ ਗੌਰੀ ਲੰਕੇਸ਼, ਗੋਬਿੰਦ ਪਨਸਾਰੇ, ਨਰੇਂਦਰ ਦਬੋਲਕਰ, ਐੱਮ.ਐੱਮ. ਕਲਬੁਰਗੀ ਵਰਗੇ ਲੇਖਕਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ। ਵਰਵਰਾ ਰਾਓ, ਸਮਾਸੇਨ, ਸੁਧਾ ਭਾਰਦਵਾਜ, ਅਰੁਣ ਫ਼ਰੇਰਾ, ਆਨੰਦ ਤੇਲ ਤੁੰਬੜੇ, ਗੌਤਮ ਨਵਲੱਖਾ, ਸਟੇਨ ਸਵਾਮੀ ਆਦਿ ਨੂੰ ਜੇਲ੍ਹੀਂ ਡੱਕ ਦਿੱਤਾ ਹੋਇਆ ਹੈ। ਸਾਈਂ ਬਾਬਾ ਜੋ 99% ਅਪਾਹਜ ਸੀ, ਨੂੰ ਵੀ ਨਹੀਂ ਸੀ ਬਖ਼ਸ਼ਿਆ ਗਿਆ। ਉਮਰ ਖ਼ਾਲਿਦ ਤੇ ਸਰਜੀਲ ਇਮਾਮ ਵਰਗੇ ਬਿਲਕੁਲ ਹੀ ਗ਼ਲਤ ਦੋਸ਼ ਲਾ ਕੇ ਦਿੱਲੀ ਨੰਗਿਆਂ ਬਹਾਨੇ ਜੇਲ੍ਹੀਂ ਡੱਕੇ ਹੋਏ ਹਨ। ਜਦ ਸਭ ਨੂੰ ਪਤਾ ਹੈ ਕਿ ਦਿੱਲੀ ਦੰਗਿਆਂ ਦੇ ਦੋਸ਼ੀ ਉਹ ਲੋਕ ਹਨ, ਜੋ ਸ਼ਰੇਆਮ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦੇ ਨਾਅਰੇ ਲਾਉਂਦੇ ਸਨ ਤੇ ਇਨਾਮ ਵਜੋਂ ਉਹ ਮੰਤਰੀ ਬਣਾਏ ਹੋਏ ਹਨ। ਹਜ਼ਾਰਾਂ ਲੋਕ ਜੋ ਬਣਦੀ ਸਜ਼ਾ ਭੁਗਤ ਚੁੱਕੇ ਹਨ, ਉਹ ਛੱਡੇ ਨਹੀਂ ਜਾ ਰਹੇ, ਜਦ ਕਿ ਬਲਾਤਕਾਰ ਤੇ ਕਤਲ ਦੇ ਉਮਰ ਕੈਦੀ ਰਾਮ ਰਹੀਮ ਵਰਗੇ ਅਕਸਰ ਪੈਰੋਲ 'ਤੇ ਬਾਹਰ ਰਹਿੰਦੇ ਹਨ। ਕੈਸਾ ਨਿਆਂ ਹੈ ਇਹ ?

ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਭੁਚਲਾਉਣ ਹਿੱਤ ਮੁਸਲਿਮ, ਈਸਾਈ ਤੇ ਸਿੱਖ ਘੱਟ ਗਿਣਤੀਆਂ ਨੂੰ ਦਬਾਇਆ, ਡਰਾਇਆ ਜਾ ਰਿਹਾ ਹੈ। ਜਦ ਪਤਾ ਹੈ ਕਿ ਕਿਸੇ ਇੱਕ ਧਰਮ ਦਾ ਰਾਜ ਕਾਇਮ ਹੋਣ ਨਾਲ ਉਸ ਦੇਸ਼ ਦੇ ਗ਼ਰੀਬ ਵਰਗ ਦੇ ਮਸਲੇ ਨਾ ਹੱਲ ਹੋ ਸਕਦੇ ਹਨ, ਨਾ ਹੋਏ ਹਨ, ਪਰ ਉਹਨਾਂ ਨੂੰ ਹਿੰਦੂ ਰਾਜ ਬਣਾਉਣ ਦੇ ਝੂਠੇ ਸੁਪਨੇ ਦੀ ਚੂਪਣੀ ਦੇ ਕੇ ਵਰਚਾਇਆ ਜਾ ਰਿਹਾ ਹੈ। ਬੇਕਸੂਰ ਮੁਸਲਿਮ ਘੱਟ ਗਿਣਤੀ ਧਰਮਾਂ ਦੇ ਲੋਕਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਏ ਜਾ ਰਹੇ ਹਨ। ਲਵ ਜੇਹਾਦ ਤੇ ਗਊ ਹੱਤਿਆ ਦੇ ਨਾਂਅ 'ਤੇ ਘੱਟ ਗਿਣਤੀਆਂ ਦੇ ਕਤਲ ਕੀਤੇ ਜਾ ਰਹੇ ਹਨ।

ਸੰਵਿਧਾਨ ਜੋ ਧਰਮ ਨਿਰਪੱਖਤਾ ਦੀ ਜਾਮਨੀ ਭਰਦਾ ਹੈ, ਉਸ ਨੂੰ ਦਰ-ਕਿਨਾਰ ਕਰ ਦਿੱਤਾ ਹੈ। ਅਜੋਕੀ ਮੋਦੀ ਸਰਕਾਰ ਇੱਕੋ (ਹਿੰਦੂ) ਧਰਮ ਨੂੰ ਹੀ ਉਤਸ਼ਾਹਿਤ ਕਰ ਰਹੀ ਹੈ। ਸੰਵਿਧਾਨਕ ਪਰੰਪਰਾਵਾਂ ਦਰਕਿਨਾਰ ਹਨ। ਮੋਦੀ ਸਰਕਾਰ ਆਰ.ਐੱਸ.ਐੱਸ. ਦੀਆਂ ਨੀਤੀਆਂ 'ਤੇ ਚੱਲ ਕੇ ਹਿੰਦੂ, ਹਿੰਦੀ, ਹਿੰਦੋਸਤਾਨ ਦਾ ਨਾਅਰਾ ਬੁਲੰਦ ਕਰਕੇ ਇੱਕ ਰਾਸ਼ਟਰ, ਇੱਕ ਧਰਮ, ਇੱਕੋ ਭਾਸ਼ਾ, ਇੱਕੋ ਸਿਵਲ ਕੋਡ, ਇੱਕੋ ਚੋਣ ਤੇ ਇੱਕੋ ਪਾਰਟੀ (ਭਾਜਪਾ) ਦਾ ਹਿੰਦੂ ਤਾਨਾਸ਼ਾਹੀ ਰਾਜ ਸਥਾਪਤ ਕਰਨ ਦੇ ਯਤਨਾਂ ਵਿੱਚ ਹੈ। ਚਾਰ-ਚੁਫ਼ੇਰੇ ਹਨੇਰ ਬਿਰਤੀ ਦਾ ਧੁੰਦੂਕਾਰਾ ਹੈ। ਝੂਠ ਨੂੰ ਗੋਬਲਜ਼ ਵਾਂਗ ਸੌ-ਸੌ ਵਾਰ ਬੋਲ ਕੇ ਸੱਚ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਅੰਧਵਿਸ਼ਵਾਸ ਦੀ ਹਨੇਰ ਬਿਰਤੀ ਦਾ ਆਲਮ ਹੈ। ਗ਼ਰੀਬਾਂ ਨੂੰ ਉਹਨਾਂ ਦੀ ਗ਼ਰੀਬੀ ਦਾ ਕਾਰਨ ਹਾਕਮੀ ਕਾਣੀ ਵੰਡ ਦੇ ਸੱਚ ਨੂੰ ਲੁਕਾਉਣ ਲਈ ਉਹਨਾਂ ਨੂੰ ਕਰਮ ਕਾਂਡਾਂ ਵਿੱਚ ਫਸਾ ਕੇ ਗ਼ਰੀਬੀ ਨੂੰ ਪਿਛਲੇ ਜਨਮ ਦਾ ਕਾਰਨ ਦੱਸਿਆ ਜਾ ਰਿਹਾ ਹੈ। ਅਗਲੇ ਜਨਮ 'ਚ ਸਵਰਗ ਭੋਗਣ ਦੇ ਲਾਰੇ ਲਾ ਕੇ ਉਹਨਾਂ ਨੂੰ ਰਾਤ ਦਿਨ 'ਰਾਮ-ਨਾਮ' ਦਾ ਰਟਣ ਕਰਨ ਦਾ ਸਬਕ ਦੇਣ ਲਈ ਬੇਅੰਤ ਧਾਰਮਿਕ ਮੋਹਤਬਰਾਂ/ਬਾਬਿਆਂ ਨੂੰ ਥਾਪੜੇ ਦਿੱਤੇ ਜਾ ਰਹੇ ਹਨ। ਰਾਜਨੀਤਕ ਸ਼ਕਤੀ ਹਾਸਲ ਕਰਨ ਲਈ ਸਾਮ, ਦਾਮ, ਦੰਡ, ਭੇਤ ਦੇ ਮਿਆਰ ਅਤਿਅੰਤ ਘਟੀਆ ਤੇ ਖ਼ਤਰਨਾਕ ਨੀਵਾਣਾਂ ਤੀਕ ਚਲੇ ਗਏ ਹਨ। ਇਸੇ ਦੇ ਤਹਿਤ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਤੋਂ ਦਲਬਦਲੀ ਕਰਾਈ ਜਾ ਰਹੀ ਹੈ। ਲੋਕਾਂ ਦਾ ਸਿਆਸੀ ਨੇਤਾਵਾਂ ਤੋਂ ਜਿਵੇਂ ਉੱਕਾ ਹੀ ਵਿਸ਼ਵਾਸ ਉੱਠ ਗਿਆ ਹੈ। ਸਿਆਸਤ ਗੰਧਲੀ ਤੇ ਅਮੁਲਹੀਣੀ ਹੋ ਗਈ ਹੈ। ਲੋਕ ਸੇਵਾ ਲਈ ਨਹੀਂ, ਸੱਤਾ ਤੇ ਸਰਮਾਇਆ ਹਾਸਲ ਕਰਨ ਲਈ ਹੀ ਸਿਆਸਤ ਵਿੱਚ ਆਉਂਦੇ ਹਨ।

ਮਾਤ ਭਾਸ਼ਾਵਾਂ ਦੀ ਥਾਂ ਸਿੱਖਿਆ ਸਿਲੇਬਸਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ਾ ਬਣਾ ਕੇ ਧਾਰਮਿਕ ਕੱਟੜਤਾ ਦਾ ਲੁਬਾਦਾ ਪਾਇਆ ਜਾ ਰਿਹਾ ਹੈ। ਆਉਣ ਵਾਲੀ ਪੀੜ੍ਹੀ ਨੂੰ ਉਹਨਾਂ ਦੇ ਸੱਭਿਆਚਾਰਕ ਅਤੇ ਇਤਿਹਾਸਿਕ ਜੰਗਜੂੰ ਵਿਰਸੇ ਨੂੰ ਸਮਾਪਤ ਕਰਨ ਹਿੱਤ ਸਕੂਲਾਂ, ਕਾਲਜਾਂ ਲਈ ਨਵਾਂ ਤੇ ਝੂਠਾ ਇਤਿਹਾਸ ਰਚਿਆ ਜਾ ਰਿਹਾ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਚਾਲ ਚਲਾਈ ਗਈ ਹੋਈ ਹੈ। ਰਾਮ ਮੰਦਰ ਸਮੇਤ ਵਧੇਰੇ ਉੱਤਮ ਧਾਰਮਿਕ ਕੇਂਦਰਾਂ ਵਿੱਚ ਖ਼ੂਬ ਭ੍ਰਿਸ਼ਟਾਚਾਰ ਹੈ। ਭ੍ਰਿਸ਼ਟਾਚਾਰ ਮੋਦੀ ਸਰਕਾਰ ਦੀ ਰਗ-ਰਗ ਵਿੱਚ ਸਮਾ ਗਿਆ ਹੈ।

ਖ਼ੁਦਮੁਖਤਿਆਰ ਸੰਵਿਧਾਨਕ ਅਦਾਰਿਆਂ ਰੂਪੀ ਜਿਹੜੇ ਮਚਾਨ ਸਾਡੇ ਪੁਰਖਿਆਂ ਨੇ ਸਾਡੀ ਬਸਤੀ ਰੂਪੀ ਦੇਸ਼ ਦੀ ਰਾਖੀ ਲਈ ਬਣਾਏ ਸਨ, ਉਹਨਾਂ ਉੱਪਰ ਆਰ.ਐੱਸ.ਐੱਸ./ਬੀ.ਜੇ.ਪੀ. ਦੇ ਨੁਮਾਇੰਦਿਆਂ ਰੂਪੀ ਬਾਘ ਬਿਠਾ ਦਿੱਤੇ ਗਏ ਹਨ। ਈ.ਡੀ., ਸੀ.ਬੀ.ਆਈ., ਐੱਨ.ਆਈ.ਏ., ਆਰ.ਬੀ.ਆਈ ਚੋਣ ਕਮਿਸ਼ਨ, ਸੁਪਰੀਮ ਕੋਰਟ, ਸਭ ਉੱਪਰ ਸਰਕਾਰ ਦਾ ਸਿੱਧਾ ਕਬਜ਼ਾ ਹੈ। ਪਾਰਲੀਮੈਂਟ ਵਿਚਲੀ ਬਹੁਸੰਮਤੀ ਦਾ ਨਜਾਇਜ਼ ਫ਼ਾਇਦਾ ਉਠਾ ਕੇ ਮਨਮਰਜ਼ੀ ਦੇ ਲੋਕ ਵਿਰੋਧੀ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਚੋਣ ਕਮਿਸ਼ਨ ਐੱਸ.ਆਈ.ਆਰ. ਦੇ ਬਹਾਨੇ ਲੱਖਾਂ ਦੀ ਤਦਾਦ ਵਿੱਚ ਬੀ.ਜੇ.ਪੀ. ਵਿਰੋਧੀ ਵੋਟਾਂ ਕੱਟ ਰਿਹਾ ਹੈ। ਨਿਆਂ ਲੈਣ ਲਈ ਗਏ ਸੁਪਰੀਮ ਕੋਰਟ 27 ਲੱਖ ਬੰਗਾਲੀ ਵੋਟਰਾਂ ਨੂੰ ਸੁਪਰੀਮ ਕੋਰਟ ਦਾ ਜਵਾਬ ਮਿਲਦਾ ਹੈ ਕਿ 'ਕੋਈ ਗੱਲ ਨਹੀਂ ਇਹ ਲੋਕ ਜੋ ਇਸ ਵਾਰ ਨਹੀਂ ਤਾਂ ਅਗਲੀ ਵਾਰ ਵੋਟਾਂ ਪਾ ਲੈਣਗੇ।' ਨਿਆਂਪਾਲਿਕਾ ਦੀ ਬੇਰੋਜ਼ਗਾਰਾਂ ਨੂੰ ਕਾਕਰੋਚ ਤੇ ਪਰਜੀਵੀ ਕਹਿਣ ਵਰਗੀ ਟਿੱਪਣੀ ਬੇਹੱਦ ਸ਼ਰਮਨਾਕ ਅਤੇ ਅਤਿਅੰਤ ਚਿੰਤਾ ਵਾਲੀ ਵੀ ਹੈ। ਲੋਕਾਂ ਦਾ ਲੋਕ ਰਾਜੀ ਪ੍ਰਣਾਲੀ ਤੋਂ ਵਿਸ਼ਵਾਸ ਉੱਠ ਗਿਆ ਹੈ, ਪਰ ਲੋਕ ਕੀ ਕਰਨ ?

ਏਥੇ ਹੀ ਸਾਹਿਤ ਨੂੰ ਆਪਣਾ ਫਰਜ਼ ਪਛਾਨਣਾ ਹੋਵੇਗਾ। ਸਾਹਿਤਕਾਰ ਦਾ ਫਰਜ਼ ਹੈ ਉਹ ਲੋਕਾਂ ਨੂੰ ਸੱਚ ਦੀ ਪਛਾਣ ਕਰਾਵੇ, ਹਾਕਮਾਂ ਦੀਆਂ ਚਾਲਾਂ ਤੋਂ ਸੁਚੇਤ ਕਰੇ। ਹਾਕਮੀ ਜ਼ਿਆਦਤੀਆਂ ਵਿਰੁੱਧ ਲੜ ਰਹੇ ਲੋਕਾਂ ਨੂੰ ਹੱਲਾਸ਼ੇਰੀ ਦੇਵੇ। ਸਮੂਹ ਲੋਕਾਈ ਦੇ ਦਰਦ ਦੂਰ ਕਰਨ ਲਈ ਚੱਲ ਰਹੀਆਂ ਲਹਿਰਾਂ ਦੇ ਹੱਕ ਵਿੱਚ ਭੁਗਤੇ। ਲੋਕਾਂ ਨੂੰ ਤਰਕ ਦੇ ਲੜ ਲਾਵੇ। ਸਾਹਿਤਕਾਰ ਖ਼ੁਦ ਵਿਗਿਆਨਕ ਨਜ਼ਰੀਆ ਰੱਖਣ, ਅੰਧਵਾਸ਼ੀ ਧੁੰਦੂਕਾਰੇ ਵਿਰੁੱਧ ਚਾਨਣ ਵੰਡਣ। ਸਾਹਿਤ ਇਨਕਲਾਬੀ ਲਹਿਰਾਂ ਦਾ ਗੁਣਗਾਨ ਕਰੇ। ਸਾਹਿਤਕਾਰ ਦੀਆਂ ਰਚਨਾਵਾਂ ਦਰਦ ਨਾਲ ਕੁਰਾਹ ਰਹੀ ਪਰਜਾ ਲਈ ਦਵਾ ਦਾ ਕੰਮ ਕਰਨ। ਬਾਵਾ ਬਲਵੰਤ ਵਾਂਗ 'ਨਹੀਂ ਮੌਤ ਸਾਨੂੰ ਜੇ ਇੱਕ ਪਲ ਵੀ ਦੇਣਾ ਤਾਂ ਇੱਕ ਪਲ ਵੀ ਆਪਣਾ ਗਵਾਰਾ ਕਿਉਂ ਕਰਨਾ' ਕਹਿ ਕੇ ਜਥੇਬੰਦ ਹੋ ਕੇ ਲੜਨ ਲਈ ਪਰੇਰੇ। ਜਥੇਬੰਦ ਹੋਣ ਦੀ ਸੂਝ ਦੇਵੇ। ਸੰਤ ਰਾਮ ਉਦਾਸੀ, ਜੈਮਲ ਪੱਡਾ, ਅਵਤਾਰ ਪਾਸ਼, ਹਰਭਜਨ ਹੁੰਦਲ, ਸੰਤ ਸਿੰਘ ਸੇਖੋਂ, ਨਾਟਕਕਾਰ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਸਾਹਿਬ ਸਿੰਘ, ਕਹਾਣੀਕਾਰ ਪ੍ਰਿੰ. ਸੁਜਾਨ ਸਿੰਘ, ਵਰਿਆਮ ਸੰਧੂ ਤੇ ਅਨੇਕਾਂ-ਅਨੇਕਾਂ ਹੋਰ ਲੇਖਕ ਹਨ, ਜੋ ਇਸ ਕਾਰਜ ਦੇ ਅਲੰਬਰਦਾਰ ਬਣੇ ਤਾਂ ਹੀ ਅੱਜ ਲੋਕ ਉਹਨਾਂ ਨੂੰ ਯਾਦ ਕਰਦੇ ਹਨ। ਡਾ. ਕਰਮਜੀਤ ਸਿੰਘ ਵਰਗੇ ਲੇਖਕ ਜਦ 'ਮਨੂੰ ਸਿਮਰਤੀ' ਦਾ ਸੱਚ ਲੋਕਾਂ ਸਾਹਮਣੇ ਪੇਸ਼ ਕਰਦੇ ਹਨ, ਲੋਕਾਂ ਦੀਆਂ ਅੱਖਾਂ ਖੁੱਲ੍ਹਦੀਆਂ ਹਨ। ਸਾਹਿਤਕਾਰ ਦਾ ਪਰਮ ਧਰਮ ਹੈ ਉਹ ਐਸੀਆਂ ਹਨੇਰੀਆਂ ਕੁੰਦਰਾਂ ਦਾ ਚਿਤਰਣ ਕਰੇ, ਜਿੱਥੇ ਕਦੇ ਰੌਸ਼ਨੀ ਪੁੱਜਦੀ ਹੀ ਨਹੀਂ। ਸਾਹਿਤਕਾਰ ਸੂਰਜ ਦਾ ਕੰਮ ਕਰੇ। ਇਸ ਸਮੇਂ ਦੀ ਆਰ.ਐੱਸ.ਐੱਸ. ਨਿਰਦੇਸ਼ਤ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਦੁਸ਼ਮਣ ਉਹ ਖੱਬੀ ਸੋਚ ਹੈ, ਜੋ ਲੋਕਾਂ ਨੂੰ ਲਾਮਬੰਦ ਕਰਕੇ ਉਹਨਾਂ ਨੂੰ ਹੱਕਾਂ ਲਈ ਜੂਝਣ ਦੀ ਪ੍ਰੇਰਨਾ ਦੇ ਰਹੀ ਹੈ। ਇਹੀ ਸੋਚ ਸੰਸਾਰ ਭਰ ਦੇ ਦੁਖੀ ਲੋਕਾਂ ਦੀ ਬਾਂਹ ਫੜਨ ਦੇ ਸਮਰੱਥ ਹੈ। ਇਸ ਸੋਚ ਨੂੰ ਇੱਕਮੁੱਠ ਤੇ ਉਤਸ਼ਾਹਿਤ ਕਰਨ ਵਿੱਚ ਸਾਹਿਤ ਨੂੰ ਆਪਣੀ ਭੂਮਿਕਾ ਹਰ ਹਾਲ ਨਿਭਾਉਣੀ ਹੋਵੇਗੀ।

ਅਤਿਅੰਤ ਹਨੇਰੇ ਤੇ ਕਹਿਰ ਦੀ ਹਨੇਰੀ ਵਿੱਚ ਲਟ-ਲਟ ਬਲਦੇ ਦੀਪਕਾਂ ਦੀ ਕਤਾਰ ਹੋਰ ਲੰਬੀ ਕਰਨ ਵਿੱਚ ਸਾਹਿਤ ਇਸ ਸੱਚ ਤੋਂ ਵੀ ਪਰਦਾ ਚੁੱਕੇ ਕਿ ਜਿੱਥੇ ਗ਼ਰੀਬ ਲੋਕ ਇੱਕਮੁੱਠ ਹੋ ਕੇ ਲੜਦੇ ਹਨ, ਉੱਥੇ ਗ਼ਰੀਬੀ ਦੂਰ ਹੋ ਜਾਂਦੀ ਹੈ ਅਤੇ ਗੁਰੂ ਨਾਨਕ ਦੇ ਬਰਾਬਰਤਾ ਦੇ ਸੰਦੇਸ਼ ਨੂੰ ਸਫ਼ਲ ਕਰਨ ਲਈ ਮਾਰਕਸੀ ਚੇਤਨਾ ਦੇਵੇ। ਉਹ ਗੁਰੂ ਗੋਬਿੰਦ ਸਿੰਘ ਅਤੇ ਲੈਨਿਨੀ ਰਾਹ ਦੱਸਣ ਤੋਂ ਏਸ ਕਰਕੇ ਨਾ ਝਿਜਕੇ ਕਿ ਇਸ ਨਾਲ ਉਸ ਉਤੇ ਪ੍ਰਚਾਰ ਕਰਨ ਦਾ ਦੋਸ਼ ਨਾ ਲੱਗੇਗਾ, ਸਗੋਂ ਸਾਹਿਤਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਬੇਸ਼ੱਕ ਹਰ ਪ੍ਰਚਾਰ ਸਾਹਿਤ ਨਹੀਂ ਹੁੰਦਾ, ਪਰ ਹਰ ਸਾਹਿਤ ਪ੍ਰਚਾਰ ਹੁੰਦਾ ਹੈ, ਉਹ ਜਾਂ ਤਾਂ ਹਾਕਮ ਅਮੀਰ ਸ਼੍ਰੇਣੀ ਦੇ ਪੱਖ ਵਿੱਚ ਭੁਗਤਦਾ ਹੈ ਜਾਂ ਦੱਬੀ-ਕੁਚਲੀ ਗ਼ਰੀਬ ਸ਼੍ਰੇਣੀ ਦੇ ਪੱਖ ਵਿੱਚ। ਬਿਨਾਂ ਸ਼ੱਕ ਇਸ਼ਕ-ਮੁਹੱਬਤ ਵੀ ਇੱਕ ਮਹੱਤਵਪੂਰਨ ਮਨੁੱਖੀ ਜੀਵਨ ਪਹਿਲੂ ਹੈ। ਪਰੰਤੂ ਅਜੋਕੇ ਦੌਰ ਵਿੱਚ ਇਹ ਇੰਝ ਹੀ ਹੈ, ਜਿਵੇਂ ਜੰਗ ਦੇ ਮੈਦਾਨ ਤੋਂ ਦੂਰ ਬੈਠਾ ਕੋਈ ਸਾਹਿਤਕਾਰ ਰਾਂਝਾ ਵੰਝਲੀ ਵਜਾ ਰਿਹਾ ਹੋਵੇ। ਜੋ ਸਾਹਿਤਕਾਰ ਨਿਰਪੱਖਤਾ ਦਾ ਭਰਮ ਪਾਲਦਾ ਹੈ, ਉਹ ਅਸਲ ਵਿੱਚ ਹਾਕਮ ਸ਼੍ਰੇਣੀ ਦੇ ਹੱਕ ਵਿੱਚ ਹੀ ਭੁਗਤ ਰਿਹਾ ਹੁੰਦਾ ਹੈ। ਸਾਹਿਤਕਾਰ ਲਈ ਆਪ ਗਿਆਨਵਾਨ ਹੋਣਾ ਲਾਜ਼ਮੀ ਹੈ। ਉਸ ਨੂੰ ਸਮਾਜਿਕ ਜਮਾਤੀ ਬਣਤਰ ਨੂੰ ਗਹਿਰਾਈ ਨਾਲ ਸਮਝਣਾ ਹੋਵੇਗਾ। ਸਾਹਿਤਕਾਰ ਜੇ ਸਮਾਜ ਦੀ ਰਹਿਬਰੀ ਨਹੀਂ ਕਰਦਾ ਅਤੇ ਸਿਰਫ਼ ਆਪਣੀ ਪ੍ਰਸ਼ੰਸਾ ਦੀ ਕਲਗੀ ਉੱਚੀ ਕਰਨ ਲਈ ਸਰਕਾਰੀ ਸਨਮਾਨ ਦੀ ਝਾਕ ਰੱਖਦਾ ਹੈ, ਉਹ ਲੋਕ ਪੱਖੀ ਸਾਹਿਤਕਾਰ ਨਹੀਂ ਅਖਵਾ ਸਕਦਾ।

ਇਸ ਵਕਤ ਜੋ ਦੇਸ਼ ਦੇ ਲੋਕਾਂ ਦੇ ਭਵਿੱਖ 'ਤੇ ਕਾਲੇ ਬੋਲੇ ਹਨੇਰੇ ਬੱਦਲ ਛਾਏ ਹੋਏ ਹਨ, ਸਾਹਿਤ ਨੂੰ ਇੱਕ ਮਘਦਾ ਸੂਰਜ ਬਣ ਕੇ ਉੱਭਰਨਾ ਹੋਵੇਗਾ। ਅੱਜ ਦੇ ਅਤਿਅੰਤ ਫਿਰਕੂ-ਫਾਸ਼ੀ-ਤਾਨਾਸ਼ਾਹੀ ਜਬਰ ਵਿਰੁੱਧ ਜੇ ਸਾਹਿਤ ਨੇ ਆਪਣੀ ਬਣਦੀ ਭੂਮਿਕਾ ਨਾ ਨਿਭਾਈ, ਲੋਕਾਂ ਨੂੰ ਨਾ ਜਗਾਇਆ ਤਾਂ ਉਹ ਦਿਨ ਦੂਰ ਨਹੀਂ, ਸੱਚ ਬੋਲਣ ਵਾਲੇ ਤੇ ਸਾਹਿਤਕ ਧਰਮ ਨਿਭਾਉਣ ਵਾਲੇ ਲੋਕ ਪੱਖੀ ਸਾਰੇ ਜੁਝਾਰੂ ਲੋਕ ਅਤੇ ਸਾਹਿਤਕਾਰ ਜੇਲ੍ਹਾਂ ਵਿੱਚ ਬੰਦ ਹੋਣਗੇ ਤੇ ਲਿਖਣ-ਬੋਲਣ ਦੀ ਆਜ਼ਾਦੀ ਨਹੀਂ ਰਹੇਗੀ। ਸਮੂਹਿਕ ਸੌਦੇਬਾਜ਼ੀ ਦਾ ਲੋਕਰਾਜੀ ਜਥੇਬੰਦਕ ਅਧਿਕਾਰ ਵੀ ਗੁੰਮ-ਗੁਆਚ ਜਾਵੇਗਾ। ਫਿਰ ਸਾਹਿਤਕਾਰ 'ਤੇ ਦੋਸ਼ ਲੱਗੇਗਾ 'ਸਾਰਾ ਕਸੂਰ ਤੇਰੈ, ਤੇਰਾ ਉਹ ਪਹਿਰੇਦਾਰਾ, ਤੈਨੂੰ ਪਤਾ ਸੀ ਖ਼ਤਰਾ ਕਿਉਂ ਲੋਕ ਨਾ ਉਠਾਲੇ।' ਭਾਵੇਂ ਪਤਾ ਹੈ ਕਿ ਸੂਰਜ ਚੜ੍ਹਨਾ ਹੀ ਚੜ੍ਹਨਾ ਹੈ। ਹਨੇਰੀ ਰਾਤ ਬਾਅਦ ਸਵੇਰਾ ਹੋਣਾ ਹੀ ਹੋਣਾ ਹੈ ਤੇ ਰਾਤ ਦਾ ਹਨੇਰਾ ਮੁੱਕਣਾ ਹੀ ਮੁੱਕਣਾ ਹੈ, ਪਰ ਸਾਹਿਤਕਾਰ ਨੂੰ ਸੂਰਜ ਚੜ੍ਹਨ ਤੀਕ ਸੂਝ ਦਾ ਦੀਪ ਜਗਾ ਕੇ ਹੀ ਰੱਖਣਾ ਹੋਵੇਗਾ।

ਸੰਪਰਕ : 95013-65522

# ਪੰਜਾਬ ਬੂਹੇ ਅੱਗੇ ਖੜ੍ਹੀਆਂ ਵਿਧਾਨ ਸਭਾ ਚੋਣਾਂ ਅਤੇ ਐੱਸ ਆਈ ਆਰ ਦਾ ਅਸਰ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਪੰਜਾਬ ਦੀ ਅਗਲੀ ਵਿਧਾਨ ਸਭਾ ਚੋਣ ਜਦੋਂ ਸਾਡੇ ਪੰਜਾਬ ਦੇ ਬਰੂਹਾਂ ਨੇੜੇ ਪਹੁੰਚੀ ਮਹਿਸੂਸ ਹੁੰਦੀ ਹੈ, ਰਾਜਨੀਤੀ ਦਾ ਨਕਸ਼ਾ ਇਸ ਰਾਜ ਦਾ ਓਦੋਂ ਵੀ ਸਾਫ ਤਸਵੀਰ ਪੇਸ਼ ਕਰਨ ਜੋਗਾ ਨਹੀਂ ਬਣਿਆ। ਕਰੀਬ ਸਾਢੇ ਚਾਰ ਸਾਲ ਰਾਜ ਕਰ ਚੁੱਕੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਬਾਰੇ ਬੇਸ਼ੱਕ ਕਈ ਲੋਕ ਕਈ ਕੁਝ ਬਦਲਣ ਦੇ ਕਿਆਫੇ ਲਾਉਂਦੇ ਹਨ, ਪਰ ਅੱਜ ਦੀ ਘੜੀ ਇਸ ਪਾਰਟੀ ਵਿੱਚ ਏਦਾਂ ਦੀ ਹਿਲਜੁਲ ਦਾ ਕੋਈ ਸੰਕੇਤ ਨਹੀਂ ਮਿਲਦਾ ਅਤੇ ਅਗਲੇ ਦਿਨਾਂ ਵਿੱਚ ਵੀ ਖਾਸ ਸੰਭਾਵਨਾ ਨਹੀਂ ਦਿੱਸਦੀ। ਬਾਕੀ ਪਾਰਟੀਆਂ ਵਿੱਚੋਂ ਬਾਦਲ ਅਕਾਲੀ ਦਲ ਬਾਰੇ ਸਿਆਸਤ ਦਾ ਕੋਈ ਵੀ ਮਾਹਰ ਇਹ ਆਸ ਰੱਖਦਾ ਹੋਵੇ ਕਿ ਓਥੇ ਕੋਈ ਤਬਦੀਲੀ ਹੋ ਸਕਦੀ ਹੈ, ਸਾਨੂੰ ਕਦੇ ਸੰਕੇਤ ਨਹੀਂ ਮਿਲਿਆ, ਪਰ ਇਨ੍ਹਾਂ ਨਾਲੋਂ ਟੁੱਟ ਕੇ ਵੱਖਰੇ ਰਾਹ ਪਏ ਹੋਏ ਧੜੇ ਦੇ ਆਗੂ ਜ਼ਰੂਰ ਇਹ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਪਾਸੇ ਹਟਾ ਦਿੱਤਾ ਜਾਵੇ ਤਾਂ ਉਨ੍ਹਾਂ ਨੂੰ ਪਾਰਟੀ ਵਿੱਚ ਵਾਪਸ ਜਾਣ ਤੋਂ ਕੋਈ ਇਤਰਾਜ਼ ਨਹੀਂ। ਉਨ੍ਹਾਂ ਦੀ ਆਸ ਪੂਰੀ ਹੁੰਦੀ ਨਹੀਂ ਲੱਗਦੀ ਤੇ ਅਗਸਤ ਦੇ ਪਹਿਲੇ ਹਫਤੇ ਭਾਰਤੀ ਜਨਤਾ ਪਾਰਟੀ ਦੇ ਅਸਲੀ ਲੀਡਰ ਨਰਿੰਦਰ ਮੋਦੀ ਨੂੰ ਮਿਲ ਆਉਣ ਪਿੱਛੋਂ ਸੁਖਬੀਰ ਸਿੰਘ ਆਪਣੀ ਅੜੀ ਉੱਤੇ ਹੋਰ ਪੱਕਾ ਹੋ ਗਿਆ ਹੈ। ਦੂਸਰੀਆਂ ਪਾਰਟੀਆਂ ਵਿੱਚੋਂ ਸਾਫ ਤਸਵੀਰ ਪੇਸ਼ ਕਰਨ ਵਾਲੀ ਇੱਕ ਵੀ ਲੱਭਣੀ ਮੁਸ਼ਕਲ ਹੈ, ਜਿਹੜੀ ਕਹਿ ਸਕੇ ਕਿ ਚੋਣ ਤੱਕ ਆਪਣਾ ਆਗੂ ਉਹ ਅੱਜ ਵਾਲਾ ਰੱਖੇਗੀ, ਸਗੋਂ ਹਰ ਪਲ ਇਹੋ ਜਿਹੇ ਸੰਕੇਤ ਮਿਲਦੇ ਰਹਿੰਦੇ ਹਨ ਕਿ ਆਹ ਨਹੀਂ ਤਾਂ ਔਹ ਲੀਡਰ ਇਸ ਪਾਰਟੀ ਵੱਲੋਂ ਅੱਗੇ ਲਿਆਂਦਾ ਜਾ ਸਕਦਾ ਹੈ।

ਵਿਧਾਨ ਸਭਾ ਅੰਦਰਲੀ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਦੀ ਲੀਡਰਸ਼ਿਪ ਵਿੱਚ ਹੋਰਨਾਂ ਤੋਂ ਅੱਗੇ ਲੰਘਣ ਦੀ ਦੌੜ ਕਾਂਗਰਸੀ ਆਗੂਆਂ ਵਿੱਚ ਏਨੀ ਵਧ ਗਈ ਹੈ ਕਿ ਉਹ ਹੋਰ ਸਿਆਸੀ ਸਰਗਰਮੀਆਂ ਛੱਡ ਕੇ ਆਪੋ ਵਿੱਚ ਹਰ ਸ਼ਹਿਰ ਅਤੇ ਹਰ ਹਲਕੇ ਵਿੱਚ ਭਿੜਦੇ ਦਿੱਸਦੇ ਹਨ। ਪਾਰਟੀ ਦਾ ਕੇਂਦਰ ਤੋਂ ਆਇਆ ਇੰਚਾਰਜ ਖੁਦ ਵਿਵਾਦਾਂ ਵਿੱਚ ਬੜੀ ਬੁਰੀ ਤਰ੍ਹਾਂ ਘਿਰ ਗਿਆ ਤੇ ਕੇਂਦਰੀ ਕਮਾਂਡ ਇੱਕ ਜਾਂ ਦੂਸਰੇ ਕਿਸੇ ਆਗੂ ਦੇ ਪੱਖ ਜਾਂ ਵਿਰੋਧ ਵਿੱਚ ਪੈਂਤੜਾ ਲੈਣ ਤੋਂ ਹਾਲੇ ਤੱਕ ਇਸ ਲਈ ਝਿਜਕਦੀ ਹੈ ਕਿ ਜਿਸ ਆਗੂ ਦੀ ਤਸੱਲੀ ਨਾ ਹੋਈ, ਭਾਜਪਾ ਵੱਲ ਨਿਕਲ ਤੁਰੇਗਾ। ਉਨ੍ਹਾਂ ਨੂੰ ਕੁੰਡੀ ਪਾਉਣ ਲਈ ਭਾਜਪਾ ਲੀਡਰ ਵੀ ਕੋਈ ਕਸਰ ਨਹੀਂ ਛੱਡਦੇ, ਪਰ ਭਾਜਪਾ ਦੇ ਆਪਣੇ ਅੰਦਰ ਵੀ ਇਸ ਵਾਰ 'ਸਭ ਅੱਛਾ' ਦਾ ਮਾਹੌਲ ਨਹੀਂ ਦਿੱਸਦਾ। ਬਹੁਤ ਪੱਕੇ ਬੰਧੇਜ ਵਿੱਚ ਰਹਿਣ ਵਾਲੇ ਆਗੂਆਂ ਅਤੇ ਵਰਕਰਾਂ ਵਾਲੀ ਇਸ ਪਾਰਟੀ ਦੇ ਅੰਦਰ ਕਿਸੇ ਨੂੰ ਅੱਗੇ ਕੀਤਾ ਜਾਣ ਉੱਤੇ ਜਿਹੜੇ ਨਾਰਾਜ਼ ਹੋ ਜਾਇਆ ਕਰਦੇ ਸਨ, ਆਪਣੇ ਮਨ ਦਾ ਭਾਵ ਖੁੱਲ੍ਹ ਕੇ ਪ੍ਰਗਟ ਨਹੀਂ ਸੀ ਕਰਦੇ ਹੁੰਦੇ, ਵੱਧ ਤੋਂ ਵੱਧ ਸਰਗਰਮੀ ਛੱਡ ਕੇ ਘਰ ਬੈਠ ਜਾਂਦੇ ਸਨ। ਪਾਰਟੀ ਵਿੱਚ ਹੋਰ ਪਾਰਟੀਆਂ ਤੋਂ ਆਏ ਲੀਡਰਾਂ ਨੂੰ ਲਗਾਤਾਰ ਅੱਗੇ ਕੀਤੇ ਜਾਣ ਨਾਲ ਪਹਿਲੀ ਵਾਰ ਇਸ ਪਾਰਟੀ ਅੰਦਰ ਨਾਰਾਜ਼ਗੀ ਏਨੀ ਵਧਣ ਦੀਆਂ ਖ਼ਬਰਾਂ ਆਈਆਂ ਹਨ ਕਿ ਵੱਖ-ਵੱਖ ਜ਼ਿਲ੍ਹਿਆਂ ਦੇ ਕੁਝ ਆਗੂ ਅਸਤੀਫੇ ਦੇਂਦੇ ਸੁਣੇ ਜਾਣ ਲੱਗੇ ਹਨ। ਇਕੱਲੇ ਪੰਜਾਬ ਦੀ ਗੱਲ ਨਹੀਂ, ਏਦਾਂ ਦੀਆਂ ਖ਼ਬਰਾਂ ਨਾਲ ਦੇ ਰਾਜ ਹਰਿਆਣਾ ਤੋਂ ਵੀ ਆਈਆਂ, ਜਿੱਥੇ ਨਰਿੰਦਰ ਮੋਦੀ ਦੀ ਕੇਂਦਰੀ ਕਮਾਂਡ ਸ਼ੁਰੂ ਹੋਣ ਦੇ ਦਿਨਾਂ ਵਿੱਚ ਪਹਿਲੀ ਵਾਰ ਸਾਰੇ ਪੁਰਾਣਿਆਂ ਨੂੰ ਖੂੰਜੇ ਧੱਕਿਆ ਗਿਆ ਅਤੇ ਆਰ ਐੱਸ ਐੱਸ ਨਾਲ ਨੇੜ ਵਾਲੇ, ਪਰ ਆਮ ਲੋਕਾਂ ਲਈ ਅਸਲੋਂ ਨਵੇਂ ਚਿਹਰੇ ਮਨੋਹਰ ਲਾਲ ਖੱਟਰ ਨੂੰ ਅੱਗੇ ਲਿਆਂਦਾ ਗਿਆ ਸੀ। ਉਸ ਨੂੰ ਰਾਜ ਦਾ ਮੁੱਖ ਮੰਤਰੀ ਬਣਾਉਣ ਨਾਲ ਪੁਰਾਣੇ ਤਿੰਨ ਦਾਅਵੇਦਾਰਾਂ ਵਿੱਚੋਂ ਦੋ ਜਣੇ ਚੁੱਪ ਵੱਟ ਗਏ, ਪਰ ਤੀਜਾ ਆਪਣੇ ਮਨ ਦੀ ਕੌੜ ਅੱਜ ਤੱਕ ਨਹੀਂ ਲੁਕਾ ਸਕਿਆ ਅਤੇ ਗਾਹੇ-ਬਗਾਹੇ ਕੱਢਦਾ ਸੁਣਾਈ ਦੇ ਜਾਂਦਾ ਹੈ। ਪੰਜਾਬ ਦੀ ਭਾਜਪਾ ਵਿੱਚ ਬਰਨਾਲੇ ਵਾਲੇ ਕੇਵਲ ਸਿੰਘ ਢਿੱਲੋਂ ਨੂੰ ਪ੍ਰਧਾਨ ਬਣਾਉਣ ਨਾਲ ਹੀ ਨਹੀਂ, ਪਹਿਲਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਭਾਜਪਾ ਦੀ ਸੂਬਾ ਪ੍ਰਧਾਨਗੀ ਦੇਣ ਨਾਲ ਵੀ ਅੰਦਰ-ਖਾਤੇ ਨਾ-ਮਿਲਵਰਤਣ ਵਧਣ ਲੱਗਾ ਸੀ। ਅੱਜਕੱਲ੍ਹ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨਾਲ ਕਾਂਗਰਸ ਤੋਂ ਆਏ ਰਵਨੀਤ ਸਿੰਘ ਬਿੱਟੂ ਅਤੇ ਕੁਝ ਹੋਰਨਾਂ ਦੀ ਚੜ੍ਹਤ ਹੋ ਰਹੀ ਵੇਖ ਕੇ ਭਾਜਪਾ ਦੇ ਪੁਰਾਣੇ ਲੀਡਰਾਂ ਅਤੇ ਵਰਕਰਾਂ ਵਿੱਚ ਉਬਾਲੇ ਖਾਣ ਵਰਗੀ ਸਥਿਤੀ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ।

ਅਕਾਲੀ ਜਾਂ ਸਭਨਾਂ ਪੰਥਕ ਸਫਾਂ ਵਿਚਲਾ ਨਵਾਂ ਰੁਝਾਨ ਖਡੂਰ ਸਾਹਿਬ ਹਲਕੇ ਦੇ ਪਾਰਲੀਮੈਂਟ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਦਾ ਰੂਪ ਲੈ ਚੁੱਕੀ ਜਥੇਬੰਦੀ 'ਵਾਰਿਸ ਪੰਜਾਬ ਦੇ' ਵੱਲ ਪੁਰਾਣੇ ਲੀਡਰਾਂ ਦੇ ਤੱਕਣ ਦਾ ਹੈ। ਬਾਦਲ ਦਲ ਨਾਲ ਸਾਲਾਂ-ਬੱਧੀ ਜੁੜੇ ਰਹੇ ਕੁਝ ਆਗੂ ਬੀਤੇ ਦਿਨੀਂ ਓਧਰ ਜੁੜਦੇ ਸੁਣੀਂਦੇ ਸਨ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਸੁਖਬੀਰ ਸਿੰਘ ਬਾਦਲ ਦੀ ਮੀਟਿੰਗ ਮਗਰੋਂ ਉਨ੍ਹਾਂ ਦਾ ਕੀ ਰੁਖ ਹੈ, ਇਹ ਅਜੇ ਵੀ ਸਪੱਸ਼ਟ ਨਹੀਂ। ਸੱਤਾ ਮਾਨਣ ਦੀ ਚਾਹਤ ਰੱਖਦੇ ਜਿਹੜੇ ਆਗੂ ਬੀਤੇ ਸਮੇਂ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀਆਂ ਸਰਕਾਰਾਂ ਦੇ ਦੌਰਾਨ ਮਲਾਈਦਾਰ ਦੌਰ ਦੇ ਨਜ਼ਾਰੇ ਮਾਣਦੇ ਸਨ, ਉਹ ਇਸ ਵੇਲੇ ਫਿਰ ਸੱਤਾ ਪ੍ਰਾਪਤੀ ਦੀ ਝਾਕ ਵਿੱਚ ਉਸ ਪਾਸੇ ਜੁੜਦੇ ਜਾਪਣ ਲੱਗੇ ਹਨ। ਭਾਰਤ ਜਦੋਂ ਦਾ ਆਜ਼ਾਦ ਹੋਇਆ ਹੈ, ਅਕਾਲੀ ਦਲਾਂ ਵਿੱਚ ਕਈ ਵਾਰ ਪਾਟਕ ਪਿਆ, ਆਖਰ ਨੂੰ ਲੋਕ ਇੱਕੋ ਅਕਾਲੀ ਦਲ ਪਿੱਛੇ ਬਹੁਤਾ ਕਰ ਕੇ ਭੁਗਤਦੇ ਹੁੰਦੇ ਹਨ, ਪਰ ਬਾਕੀਆਂ ਨੂੰ ਨਕਾਰਦੇ ਨਹੀਂ, ਉਂਜ ਬਹੁਤਾ ਵਜ਼ਨ ਨਹੀਂ ਦੇਂਦੇ। ਚੋਣ ਨੇੜੇ ਪਹੁੰਚ ਕੇ ਇਸ ਬਾਰੇ ਸਥਿਤੀ ਸਪੱਸ਼ਟ ਹੋਇਆ ਕਰਦੀ ਹੈ ਅਤੇ ਕਈ ਵਾਰ ਇਹ ਵੇਖਿਆ ਹੈ ਕਿ ਵੋਟਾਂ ਪੈਣ ਨੂੰ ਮਸਾਂ ਦੋ ਕੁ ਦਿਨ ਪਹਿਲਾਂ ਏਦਾਂ ਦੀ ਕਤਾਰਬੰਦੀ ਹੋਇਆ ਕਰਦੀ ਹੈ। ਬੇਸ਼ੱਕ ਬਾਦਲ ਦਲ ਦੀ ਲੀਡਰਸ਼ਿਪ ਨੂੰ ਇਸ ਵਕਤ ਆਮ ਲੋਕਾਂ ਤੋਂ ਬੁਰੀ ਤਰ੍ਹਾਂ ਨਿੱਖੜੀ ਹੋਈ ਸਮਝਿਆ ਜਾਂਦਾ ਹੈ, ਜੇ ਭਾਜਪਾ ਨਾਲ ਗੱਠਜੋੜ ਦੇ ਕੋਈ ਹਾਲਾਤ ਬਣਦੇ ਦਿੱਸੇ ਅਤੇ ਪੱਲੇ ਕੁਝ ਪੈਂਦਾ ਨਜ਼ਰ ਆਉਣ ਲੱਗ ਪਿਆ ਤਾਂ ਸੱਤਾ ਦੀ ਝਾਕ ਰੱਖਣ ਵਾਲਿਆਂ ਦਾ ਮੂੰਹ ਓਧਰ ਵੀ ਹੋ ਸਕਦਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਲਾਂਭੇ ਚੋਣ ਮਾਹਰਾਂ ਵਿੱਚ ਇਸ ਮੁੱਦੇ ਬਾਰੇ ਚੋਖੀ ਸਿਰ-ਖਪਾਈ ਹੋ ਰਹੀ ਹੈ ਕਿ ਵੋਟਰਾਂ ਦੀ ਗਹਿਰੀ ਜਾਂਚ, ਐੱਸ ਆਈ ਆਰ (ਸਪੈਸ਼ਲ ਇੰਟੈਂਸਿਵ ਰਿਵੀਜ਼ਨ) ਹੋਣ ਮਗਰੋਂ ਜਿਹੜੀ ਵੋਟਰ ਲਿਸਟ ਪ੍ਰਵਾਨ ਕੀਤੀ ਗਈ, ਉਹ ਕਿੱਦਾਂ ਦਾ ਅਸਰ ਪਾਉਣ ਵਾਲੀ ਹੋਵੇਗੀ! ਅੱਜ ਤੱਕ ਜਿਹੜੇ ਅਤੇ ਜਿੰਨੇ ਰਾਜਾਂ ਵਿੱਚ ਐੱਸ ਆਈ ਕਰਵਾਈ ਗਈ ਅਤੇ ਉਸ ਪਿੱਛੋਂ ਚੋਣਾਂ ਹੋਈਆਂ ਹਨ, ਕੀ ਉਨ੍ਹਾਂ ਰਾਜਾਂ ਵਰਗਾ ਹਸ਼ਰ ਸਾਡੇ ਪੰਜਾਬ ਵਿੱਚ ਹੋ ਸਕਦਾ ਤੇ ਚੋਣ ਨਤੀਜੇ ਏਨੇ ਅਣਕਿਆਸੇ ਹੋ ਸਕਦੇ ਹਨ ਕਿ ਕਿਆਫੇ ਲਾਉਣ ਵਾਲੇ ਹੀ ਬੌਂਦਲ ਜਾਣ! ਵੋਟਰਾਂ ਦੀ ਜਾਂਚ ਦੀ ਮੁੱਢਲੀ ਕਾਰਵਾਈ ਦੌਰਾਨ ਇਹ ਗੱਲ ਜ਼ਾਹਰ ਹੋਈ ਹੈ ਕਿ ਇਸ ਰਾਜ ਵਿੱਚ ਲੱਖਾਂ ਲੋਕਾਂ ਦੀਆਂ ਵੋਟਾਂ ਮਰਨ ਮਗਰੋਂ ਵੀ ਬਣੀਆਂ ਰਹੀਆਂ ਸਨ ਤੇ ਚਰਚਾ ਹੈ ਕਿ ਇਹ ਵੋਟਾਂ ਅੱਜ ਤੱਕ ਭਾਰੂ ਧਿਰ ਦੇ ਪੱਖ ਵਿੱਚ ਭੁਗਤਦੀਆਂ ਤੇ ਨਤੀਜੇ ਨੂੰ ਪ੍ਰਭਾਵਤ ਕਰਦੀਆਂ ਰਹੀਆਂ ਹਨ। ਇਸ ਵਾਰ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਲੱਖਾਂ ਲੋਕਾਂ ਦੀਆਂ ਵੋਟਾਂ ਦੂਹਰੀਆਂ ਜਾਂ ਕਈ ਲੋਕਾਂ ਦੀਆਂ ਤਿੰਨ-ਤਿੰਨ ਥਾਈਂ ਬਣੀਆਂ ਹੋਈਆਂ ਸਨ। ਲੜਕੀਆਂ ਬਾਰੇ ਰਿਵਾਇਤ ਹੈ ਕਿ ਵਿਆਹ ਮਗਰੋਂ ਉਨ੍ਹਾਂ ਦੀ ਵੋਟ ਸਹੁਰੇ ਘਰ ਵਾਲੇ ਹਲਕੇ ਵਿੱਚ ਬਣਾਈ ਜਾਂਦੀ ਹੈ ਤੇ ਇਹ ਰਿਵਾਇਤ ਇਸ ਵਾਰ ਵੀ ਆਮ ਕਰ ਕੇ ਓਸੇ ਤਰ੍ਹਾਂ ਕਾਇਮ ਹੈ, ਪਰ ਜਿਹੜੀਆਂ ਲੜਕੀਆਂ ਗਵਾਂਢ ਵਾਲੇ ਰਾਜਾਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਆਦਿ ਵੱਲ ਵਿਆਹੀਆਂ ਗਈਆਂ, ਉਹ ਐਤਕੀਂ ਪੇਕੇ ਪਿੰਡ ਪੰਜਾਬ ਵਿੱਚ ਵੋਟਾਂ ਬਣਵਾ ਰਹੀਆਂ ਹਨ। ਕਾਰਨ ਪੰਜਾਬ ਦਾ ਮੋਹ ਨਹੀਂ, ਸਗੋਂ ਇਸ ਰਾਜ ਵਿੱਚ ਔਰਤਾਂ ਨੂੰ ਹਰ ਮਹੀਨੇ ਮਿਲਦੀ ਇੱਕ ਹਜ਼ਾਰ ਰੁਪਏ ਦੀ ਰਕਮ ਅਤੇ ਪੰਜਾਬ ਦੀਆਂ ਸਰਕਾਰੀ ਬੱਸਾਂ ਸਮੇਤ ਕਈ ਹੋਰ ਸਹੂਲਤਾਂ ਹਨ। ਵੋਟਾਂ ਬਣਾਉਣ ਵਾਲਾ ਅਮਲਾ ਇਸ ਚਲਿੱਤਰ ਨੂੰ ਰੋਕ ਨਹੀਂ ਸਕਦਾ ਤੇ ਪੇਕੇ ਪਿੰਡ ਵਿੱਚ ਵੋਟਾਂ ਇਹ ਗਵਾਂਢੀ ਰਾਜਾਂ ਦੀ ਰਾਜਸੀ ਹਾਲਤ ਦਾ ਕਿੰਨਾ ਕੁ ਅਸਰ ਕਬੂਲਣ ਵਾਲੀਆਂ ਹੋਣਗੀਆਂ ਤੇ ਇਸ ਰਾਜ ਦੇ ਚੋਣ ਨਤੀਜੇ ਨੂੰ ਕਿੰਨਾ ਪ੍ਰਭਾਵਤ ਕਰਨਗੀਆਂ, ਇਹ ਵਿਚਾਰ ਦਾ ਵਿਸ਼ਾ ਹੋ ਸਕਦਾ ਹੈ। ਰਿਪੋਰਟਾਂ ਹਨ ਕਿ ਉਨ੍ਹਾਂ ਲੜਕੀਆਂ ਦੀਆਂ ਵੋਟਾਂ ਪੰਜਾਬ ਵਿਚਲੇ ਉਨ੍ਹਾਂ ਦੇ ਪੇਕੇ ਪਿੰਡ ਦੀ ਲਿਸਟ ਵਿੱਚ ਦਰਜ ਕਰਵਾਉਣ ਲਈ ਇਸ ਵਕਤ ਕੁਝ ਸਿਆਸੀ ਲੋਕ ਹੱਦੋਂ ਵੱਧ ਤੱਕ ਸਰਗਰਮ ਹਨ, ਪਰ ਉਹ ਕਿਸ ਖਾਸ ਪਾਰਟੀ ਵਾਲੇ ਹਨ, ਇਹ ਕਹਿ ਸਕਣਾ ਔਖਾ ਹੈ।

ਇਸ ਦੌਰਾਨ ਵੱਡਾ ਸਵਾਲ ਇਹ ਹੀ ਪੁੱਛਿਆ ਜਾ ਰਿਹਾ ਹੈ ਕਿ ਵੱਖ-ਵੱਖ ਤਜਰਬੇ ਪੇਸ਼ ਕਰਨ ਵਾਲੀ ਪੰਜਾਬ ਦੀ ਰਾਜਨੀਤੀ ਇਸ ਵਾਰ ਕੀ ਕਰੇਗੀ, ਪਰ ਜਿਹੜਾ ਸਵਾਲ ਸਭ ਤੋਂ ਵੱਧ ਸ਼ਿੱਦਤ ਨਾਲ ਪੁੱਛਿਆ ਜਾਣਾ ਚਾਹੀਦਾ ਹੈ, ਉਸ ਦਾ ਚੇਤਾ ਕਿਸੇ ਨੂੰ ਨਹੀਂ ਆ ਰਿਹਾ। ਉਹ ਸਵਾਲ ਇਹ ਹੈ ਕਿ ਬੀਤੇ ਤਿੰਨ ਦਹਾਕਿਆਂ ਤੋਂ ਜਿਹੜਾ ਨਾਜਾਇਜ਼ ਮਾਈਨਿੰਗ ਦਾ ਮੁੱਦਾ ਹਰ ਵਾਰ ਚੋਣਾਂ ਵਿੱਚ ਉੱਛਲਦਾ ਰਿਹਾ ਹੈ, ਉਹ ਏਨੇ ਸਾਲ ਲੰਘ ਜਾਣ ਦੇ ਬਾਅਦ ਵੀ ਜਿਉਂ ਦਾ ਤਿਉਂ ਕਿਉਂ ਸਿਰ ਚੁੱਕੀ ਖੜਾ ਹੈ, ਇਸ ਦਾ ਕੋਈ ਹੱਲ ਕਦੇ ਕਿਸੇ ਪਾਰਟੀ ਦੀ ਸਰਕਾਰ ਕਿਉਂ ਨਹੀਂ ਕੱਢ ਸਕੀ? ਦੂਸਰਾ ਸਵਾਲ ਇਹ ਸਿਰ ਚੁੱਕ ਲੈਂਦਾ ਹੈ ਕਿ ਨਸ਼ੇ ਤਾਂ ਆਦਿ ਕਾਲ ਤੋਂ ਪੰਜਾਬ ਸਮੇਤ ਹਰ ਰਾਜ ਵਿੱਚ ਚਲੇ ਆਏ ਹਨ, ਜਿਹੜਾ ਨਸ਼ਿਆਂ ਦਾ ਵਹਿਣ ਅਠਾਰਾਂ ਕੁ ਸਾਲ ਪਹਿਲਾਂ ਪੰਜਾਬ ਵਿੱਚ ਸ਼ੁਰੂ ਹੋਇਆ ਸੀ, ਜਿਸ ਬਾਰੇ 'ਉੜਤਾ ਪੰਜਾਬ' ਵਰਗੀਆਂ ਫਿਲਮਾਂ ਵੀ ਬਣੀਆਂ ਸਨ, ਉਸ ਦਾ ਕੋਈ ਹੱਲ ਅੱਜ ਤੱਕ ਕਿਸੇ ਪਾਰਟੀ ਨੇ ਕਿਉਂ ਨਹੀਂ ਕੱਢਿਆ ਤੇ ਲੋਕ ਮਰੀ ਕਿਉਂ ਜਾਂਦੇ ਹਨ? ਇਹੋ ਨਹੀਂ, ਸਗੋਂ ਸਭ ਤੋਂ ਪੁਰਾਣਾ ਚੱਲਦਾ ਭ੍ਰਿਸ਼ਟਾਚਾਰ ਦਾ ਮੁੱਦਾ ਵੀ ਹਰ ਚੋਣ ਵਿੱਚ ਚੁੱਕ ਕੇ ਇੱਕ-ਦੂਸਰੇ ਖਿਲਾਫ ਚਾਂਦਮਾਰੀ ਕੀਤੀ ਜਾਂਦੀ ਹੈ, ਪਰ ਕਿਸੇ ਵੀ ਸਰਕਾਰ ਤੇ ਕਿਸੇ ਸਿਆਸੀ ਪਾਰਟੀ ਨੇ ਇਸ ਨੂੰ ਖਤਮ ਤਾਂ ਕੀ ਕਰਨਾ, ਇਸ ਨੂੰ ਠੱਲ੍ਹ ਪਾਉਣ ਵੱਲ ਵੀ ਮੂੰਹ ਕਿਉਂ ਨਹੀਂ ਕੀਤਾ ਅਤੇ ਇਹ ਲਗਾਤਾਰ ਵਧਦਾ ਕਿਉਂ ਜਾਂਦਾ ਹੈ? ਅਮਨ-ਕਾਨੂੰਨ ਦਾ ਮੁੱਦਾ ਵੀ ਪੰਜਾਬ ਦੇ ਲੋਕਾਂ ਲਈ ਬੜਾ ਵੱਡਾ ਹੈ ਅਤੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਹਿੰਸਕ ਪ੍ਰਵਿਰਤੀ ਪੰਜਾਬ ਦੇ ਘਰ-ਘਰ ਪਹੁੰਚਦੀ ਤੇ ਆਪਣੇ ਕਾਲੇ ਰੰਗ ਵਿਖਾ ਰਹੀ ਹੈ। ਕਿਧਰੇ ਕਿਸੇ ਪੂਰੇ ਪਰਵਾਰ ਵੱਲੋਂ ਖੁਦਕੁਸ਼ੀ ਕਰਨ ਦੀ ਖਬਰ ਆ ਜਾਂਦੀ ਹੈ ਜਾਂ ਕਿਸੇ ਘਰ ਦਾ ਕੋਈ ਪੁੱਤਰ ਆਪਣੇ ਮਾਂ-ਬਾਪ ਨੂੰ ਕਤਲ ਕਰ ਦਿੰਦਾ ਜਾਂ ਕਿਸੇ ਹੋਰ ਥਾਂ ਅੱਕੇ ਹੋਏ ਮਾਂ-ਬਾਪ ਆਪਣੇ ਪੁੱਤਰ ਦੇ ਕਤਲ ਦਾ ਕਹਿਰ ਕਮਾ ਬੈਠਦੇ ਹਨ। ਮਸਾਂ ਪੰਜ-ਸੱਤ ਹਜ਼ਾਰ ਰੁਪਏ ਕਿਸੇ ਅਣਪਛਾਤੇ ਫੋਨ ਕਰਨ ਵਾਲੇ ਤੋਂ ਮਿਲਣ ਦੀ ਝਾਕ ਵਿੱਚ ਆਮ ਘਰਾਂ ਦੇ ਬੱਚੇ ਹਰ ਖਤਰਾ ਸਹੇੜਨ, ਕਿਸੇ ਦੇ ਘਰ ਗੋਲੀ ਚਲਾਉਣ ਜਾਂ ਕਿਸੇ ਦਾ ਕਤਲ ਕਰਨ ਤੱਕ ਦੇ ਕਾਰੇ ਕਰਦੇ ਫਸਣ ਲੱਗੇ ਹਨ। ਪੁਲਸ ਦੇ ਕੁਝ ਅਫਸਰਾਂ ਦੀ ਵੱਡੇ ਗੈਂਗਸਟਰਾਂ ਨਾਲ ਸਾਂਝ ਦੀ ਚਰਚਾ ਸਰਕਾਰੇ-ਦਰਬਾਰੇ ਕਈ ਦਹਾਕਿਆਂ ਤੋਂ ਚੱਲਦੀ ਆਈ ਹੈ ਅਤੇ ਅੱਜਕੱਲ੍ਹ ਵੀ ਚੱਲੀ ਜਾਂਦੀ ਹੈ। ਅਮਰੀਕਾ ਦੀ ਇੱਕ ਜਾਂਚ ਏਜੰਸੀ ਵੱਲੋਂ ਕੀਤੇ ਖੁਲਾਸਿਆਂ ਪਿੱਛੋਂ ਪੰਜਾਬ ਦਾ ਇੱਕ ਐੱਸ ਐੱਚ ਓ ਗ੍ਰਿਫਤਾਰ ਕੀਤੇ ਜਾਣ ਦੀ ਜਿਸ ਖਬਰ ਨਾਲ ਪੰਜਾਬ ਹਲੂਣਿਆ ਜਾਣਾ ਚਾਹੀਦਾ ਸੀ, ਉਹ ਰੌਲੇ-ਗੌਲੇ ਵਿੱਚ ਰੁਲ ਗਈ ਤੇ ਲੋਕ ਇਹ ਗੱਲ ਬੜੇ ਆਰਾਮ ਨਾਲ ਕਹੀ ਜਾਂਦੇ ਹਨ ਕਿ ਇੱਕ ਪੁਲਸ ਵਾਲਾ ਫੜਿਆ ਗਿਆ ਤਾਂ ਕੀ ਫਰਕ ਪਵੇਗਾ, ਏਥੇ ਇਹੋ ਜਿਹੇ ਕਈ ਲੋਕ ਅਫਸਰੀਆਂ ਕਰਦੇ ਫਿਰਦੇ ਨੇ।

ਏਦਾਂ ਦੇ ਹਾਲਾਤ ਵਿੱਚ ਵੇਖਣ ਨੂੰ ਅਗਲੀ ਚੋਣ ਪੰਜਾਬ ਵਿੱਚ ਇੱਕ ਹੋਰ ਚੋਣ ਨਹੀਂ ਕਹੀ ਜਾ ਸਕਦੀ, ਜੈਨ-ਜ਼ੈੱਡ ਦੀ ਚੜ੍ਹਤ ਵੇਖ ਚੁੱਕੇ ਸਮਾਜ ਨੂੰ ਜਦੋਂ ਜੈਨ-ਅਲਫਾ ਦੀ ਹਿਲਜੁਲ ਵੀ ਮਹਿਸੂਸ ਹੁੰਦੀ ਹੋਵੇ, ਦਿੱਲੀ ਵਿੱਚ ਕੀਤੇ ਗਏ ਰੋਸ ਪ੍ਰਦਰਸ਼ਨਾਂ ਮਗਰੋਂ ਕੇਂਦਰ ਦਾ ਵਜ਼ੀਰ ਕੱਢਣਾ ਪਿਆ ਹੋਵੇ ਤਾਂ ਇਹ ਚੋਣ ਆਮ ਚੋਣ ਨਹੀਂ ਰਹਿ ਜਾਂਦੀ। ਇਕੱਲੇ ਜਲੰਧਰ ਜ਼ਿਲ੍ਹੇ ਵਿੱਚ ਪੰਜਾਹ ਹਜ਼ਾਰ ਪੰਜ ਸੌ ਵੀਹ ਵੋਟਾਂ ਮਰੇ ਹੋਏ ਲੋਕਾਂ ਦੀਆਂ ਪਤਾ ਲੱਗੀਆਂ ਹਨ। ਇਸ ਤੋਂ ਸਾਫ ਹੈ ਕਿ ਪੰਜਾਬ ਵਿੱਚ ਮ੍ਰਿਤਕਾਂ ਦੀਆਂ ਵੋਟਾਂ ਦੀ ਦੁਰਵਰਤੋਂ ਹੁੰਦੀ ਹੈ, ਜਿਹੜੀ ਸ਼ਾਇਦ ਇਸ ਵਾਰ ਅੱਗੇ ਜਿੰਨੀ ਨਹੀਂ ਹੋ ਸਕੇਗੀ। ਨਤੀਜੇ ਜਿੱਦਾਂ ਦੇ ਵੀ ਆਏ, ਵੇਖੇ ਜਾਣਗੇ, ਪਰ ਅਲੋਕਾਰ ਹਾਲਾਤ ਵਿੱਚ ਨਤੀਜੇ ਵੀ ਇਸ ਵਾਰ ਅਲੋਕਾਰ ਜਿਹੇ ਹੀ ਹੋਣਗੇ।

# ਕਿਤਾਬਾਂ 'ਚੋਂ ਇਤਿਹਾਸ ਦੇ ਵਰਕੇ ਨਾ ਪਾੜੋ

ਮੂੰਹ ਆਈ ਬਾਤ-4

ਭਗਵੰਤ ਰਸੂਲਪੁਰੀ

ਅਸਮਾਨ 'ਤੇ ਬੱਦਲ ਗਹਿਰੇ ਹੋ ਰਹੇ ਦੇਖ ਕੇ ਡਲਿਵਰੀ ਮੈਨ, ਦਾਨੀ ਪੈਂਚਰਾ ਵਾਲੇ ਕੋਲ ਇਹ ਸੋਚ ਕੇ ਰੁਕ ਗਿਆ ਕਿ 'ਕਿਤੇ ਮੀਂਹ ਵਿੱਚ ਭਿੱਜ' ਹੀ ਨਾ ਜਾਈਏ। ਖਟਾਰਾ ਸਾਇਕਲ ਨੂੰ ਸੁੱਕੀ ਟਾਹਲੀ ਨਾਲ ਖੜਾ ਕਰਦਾ ਦਾਨੀ ਬੋਲਿਆ, "ਹੋਰ ਮੁੰਡਿਆ ਸੁਣਾ ਤੇਰਾ ਕੀ ਹਾਲ ਐ?...ਤੇ ਕੀ ਹਾਲ ਏ ਦਿੱਲੀ ਦਰਬਾਰ ਦਾ।"

"ਹਾਲ ਕੀ ਹੋਣਾ ਚਾਚਾ... ਦਿੱਲੀ ਵਾਲੇ ਤਾਂ ਹੁਣ ਕਿਤਾਬਾਂ 'ਚੋਂ ਇਤਿਹਾਸ ਦੇ ਵਰਕੇ ਪਾੜਨ 'ਤੇ ਲੱਗੇ ਹੋਏ ਆ। ਚਾਚਾ ਤੂੰ ਮੈਨੂੰ ਦੱਸ ਬਈ ਐਂ ਕਿਤੇ ਇਤਿਹਾਸ ਦੇ ਵਰਕੇ ਪਾੜੇ ਜਾਂਦੇ ਐ...ਤੁਸੀਂ ਪਾੜੀ ਜਾਓ ਜਿੰਨੇ ਵਰਕੇ ਪਾੜਨੇ ਆ। ਸਮਾਂ ਬੜਾ ਤਕੜੇ ਹੁੰਦੈ... ਉਹ ਫਿਰ ਉਹੀ ਵਰਕੇ ਜੋੜ ਦਿੰਦਾ।" ਡਲਿਵਰੀ ਮੈਨ ਝੋਲੇ 'ਚੋਂ ਇਕ ਕਿਤਾਬ ਕੱਢ ਉਹਦੇ ਵਰਕੇ ਫਰੋਲਦਾ ਕਹਿੰਦਾ ਹੈ।

ਦਾਨੀ ਉਹਦੇ ਅਤੇ ਕਿਤਾਬ ਦੇ ਵਰਕਿਆਂ ਵੱਲ ਦੇਖਦਾ ਕਹਿੰਦਾ ਏ, "ਮੁੰਡਿਆ! ਤੂੰ ਕੀ ਬੁਝਾਰਤਾਂ ਜਿਹੀਆਂ ਪਾਈ ਜਾਂਦੈ? ਦੇਖ ਅਸੀਂ ਹੈਗੇ ਆ ਸਿੱਧੇ ਬੰਦੇ... ਸਾਡੇ ਨਾਲ ਸਿੱਧੀ ਗੱਲ ਕਰਿਆ ਕਰ।"

"ਚਾਚਾ ਗੱਲ ਆਹ ਐ ਕਿ ਮੈਂ ਕੱਲ੍ਹ ਛੋਟੇ ਭਰਾ ਦੀਆਂ ਇਤਿਹਾਸ ਦੀਆਂ ਕਿਤਾਬਾਂ ਦੁਕਾਨ ਤੋਂ ਲੈ ਕੇ ਆਇਆ। ਵਿਹਲਾ ਸੀ ਪੜ੍ਹਨ ਲੱਗ ਪਿਆ। ਮੈਂ ਹੈਰਾਨ ਹੋ ਗਿਆ 'ਦਿੱਲੀ ਦਰਬਾਰ' ਨੇ 'ਦਿੱਲੀ ਸਲਤਨਤ' ਵਾਲੇ ਪਾਠ ਦੇ ਵਰਕੇ ਈ ਪਾੜ ਦਿੱਤੇ। ਫਿਰ ਮੁਗਲ ਇਤਿਹਾਸ ਨੂੰ ਹੀ ਬਦਲ ਕੇ ਰੱਖ ਦਿੱਤਾ। ਇਤਿਹਾਸ 'ਚੋਂ ਤੁਸੀਂ ਮੁਗਲ ਇਤਿਹਾਸ ਨੂੰ ਕਿਵੇਂ ਬਾਹਰ ਸੁੱਟ ਸਕਦੇ ਹੋ.. ਹੱਦ ਹੋ ਗਈ ਯਾਰ...।" ਡਲਿਵਰੀ ਮੈਨ ਤਲਖੀ ਵਿੱਚ ਆ ਗਿਆ ਸੀ।

ਐਨੇ ਨੂੰ ਸੀਮਿੰਟ ਸਟੋਰ ਵਾਲਾ ਗੁਰਦੇਵ ਉਨ੍ਹਾਂ ਦੇ ਸਿਰ ਉੱਤੇ ਆ ਖੜ੍ਹਦਾ ਹੈ, "ਦੇਖੋਂ ਦਿੱਲੀ ਦੇ ਤਖ਼ਤ 'ਤੇ ਬੈਠੇ ਲੋਕ ਤਾਂ ਇਤਿਹਾਸ ਨੂੰ ਕਈ ਸਾਲਾਂ ਤੋਂ ਬਦਲਣ ਲੱਗੇ ਹੋਏ ਨੇ। ਉਨ੍ਹਾਂ ਨੇ ਮੁਗਲ ਰਾਜਿਆਂ ਨੂੰ ਲੁਟੇਰੇ ਤੇ ਧਾੜਵੀਂ ਬਣਾ ਦਿੱਤਾ। ਦਿੱਲੀ ਦੀਆਂ ਸੜਕਾਂ ਦੇ ਨਾਂ ਬਦਲ ਦਿੱਤੇ...ਕਈ ਥਾਵਾਂ ਦੇ ਨਾਂ ਬਦਲ ਦਿੱਤੇ... ਮੈਂ ਮੰਨਦਾ ਜਦੋਂ ਪੰਜਾਬ ਵਿੱਚ ਵੀ ਮੁਗਲ ਰਾਜ ਆਇਆ, ਉਨ੍ਹਾਂ ਸਿੱਖੀ ਉੱਤੇ ਜ਼ੁਲਮ ਕੀਤੇ। ਸਾਡੇ ਗੁਰੂਆਂ ਨਾਲ ਜੋ ਕੀਤਾ ਉਸ ਨੂੰ ਭੁਲਾਇਆ ਨਹੀਂ ਜਾ ਸਕਦਾ... ਪਰ ਬਈ ਉਨ੍ਹਾਂ ਨੇ ਚੰਗੇ ਕੰਮ ਵੀ ਕੀਤੇ। ਇਤਿਹਾਸ ਦੇ ਵਰਕਿਆਂ 'ਤੇ ਮੁਗਲਾਂ ਦਾ ਨਾਂ ਆਵੇਗਾ ਹੀ... ਬਈ ਉਨ੍ਹਾਂ ਨੇ ਐਨਾ ਸਮਾਂ ਰਾਜ ਕੀਤਾ ਤੇ ਆਹ ਆਹ ਕੰਮ ਕੀਤੇ... ਚੰਗੇ ਮਾੜੇ ਸਾਰੇ... ਤੁਸੀਂ ਦੇਖੋ ਜਿਹਦੇ ਕੋਲ ਸੱਤਾ ਆ ਜਾਂਦੀ ਆ... ਉਹ ਆਪਣੇ ਹਿੱਤਾ ਲਈ ਵਰਤਦਾ ਈ ਹੁੰਦਾ।"

ਦਾਨੀ ਵਿਚੋਂ ਹੀ ਬੋਲ ਪਿਆ, "ਪਿੱਛੇ ਜਿਹੇ ਦੋ ਮੁੰਡੇ ਮੋਟਰ ਸਾਇਕਲ ਨੂੰ ਪੈਂਚਰ ਲਵਾਉਣ ਆਏ... ਪਾੜ੍ਹੇ ਸੀ...ਉਹ ਗੱਲਾਂ ਕਰਦੇ ਸੀ ਬਈ ਪਾਕਿਸਤਾਨ ਵਿੱਚ ਜਿਹੜਾ ਇਤਿਹਾਸ ਪੜ੍ਹਾਇਆ ਜਾਂਦਾ ਉੱਥੇ ਹਿੰਦੋਸਤਾਨ ਦੇ ਰਾਜੇ ਮਹਾਰਾਜੇ ਜ਼ੁਲਮ ਕਰਨ ਵਾਲੇ ਪੇਸ਼ ਕੀਤੇ ਜਾਂਦੇ ਆ... ਉਹ ਕਹਿੰਦੇ ਆ ਬਈ ਹਿੰਦੋਸਤਾਨ ਦੇ ਰਾਜਿਆਂ ਨੇ ਮੁਸਲਮਾਨਾਂ ਉੱਤੇ ਜ਼ੁਲਮ ਕੀਤਾ... ਸਾਡੇ ਵਾਲੇ ਪਾਸੇ ਉਲਟ ਆ... ਏਥੇ ਮੁਗਲ, ਤੁਰਕ ਤੇ ਹੋਰ ਜ਼ੁਲਮ ਕਰਨ ਵਾਲੇ ਦਿਖਾਏ ਜਾਂਦੇ ਆ...ਆਪਣੇ ਪੰਜਾਬ ਵਿੱਚ ਵੀ ਸਰਹਿੰਦ ਦਾ ਨਾਂ ਬਦਲ ਹੀ ਦਿੱਤਾ...ਸੁਣ ਕੇ ਮੈਂ ਬੜਾ ਹੈਰਾਨ ਹੋਇਆ। ਸਾਡੇ ਨਿਆਣੇ ਤਾਂ ਗ਼ਲਤ ਇਤਿਹਾਸ ਈ ਪੜ੍ਹੀ ਜਾਂਦੇ ਆ। ਸਿੱਖਿਆ ਵਿੱਚ ਬੇਈਮਾਨੀ ਨਹੀਂ ਹੋਣੀ ਚਾਹੀਦੀ।"

ਡਲਿਵਰੀ ਮੈਨ ਬੋਲਣ ਲੱਗ ਪੈਂਦਾ ਹੈ, "ਚਾਚਾ! ਕੱਲ ਪਰਸੋ ਇਕ ਹੋਰ ਨਵੀਂ ਖ਼ਬਰ ਆ ਗਈ... ਦਿੱਲੀ ਤਖਤ ਵਾਲਿਆਂ ਨੇ ਸਲੇਬਸ ਤਿਆਰ ਕਰਨ ਵਾਲੀ ਨਵੀਂ ਟੀਮ ਤਿਆਰ ਕੀਤੀ ਆ, ਜਿਹਦੇ 'ਚ ਉਹ ਵਿਦਵਾਨ ਭਰਤੀ ਕੀਤੇ ਆ ਜਿਹੜੇ 'ਸੰਘ' ਵਿੱਚ ਕਈ ਕਈ ਸਾਲਾਂ ਤੋਂ ਕੰਮ ਕਰ ਰਹੇ ਨੇ। ਜਿੱਥੇ ਪਹਿਲਾਂ ਇਤਿਹਾਸ ਦੇ ਵਰਕੇ ਪਾੜੇ ਸਨ ਹੁਣ ਉਹ ਰਾਜਨੀਤੀ ਸ਼ਾਸਤਰ ਦੀਆਂ ਕਿਤਾਬਾਂ ਵਿੱਚੋਂ ਕਈ ਵਰਕੇ ਪਾੜਨਗੇ ਤੇ ਰਾਜਨੀਤ ਸ਼ਾਸਤਰ ਦੀਆਂ ਕਿਤਾਬਾਂ 'ਚ ਭਗਵੇਂ ਰੰਗ ਵਾਲੇ ਵਰਕੇ ਜੋੜਨਗੇ। ਫਿਰ ਆਪਣੇ ਏਜੰਡੇ ਅਨੁਸਾਰ ਸਾਡਾ ਸਭਿਆਚਾਰ, ਭਾਰਤੀ ਗਿਆਨ, ਸਾਡੀ ਸਿੱਖਿਆ ਵਿੱਚ ਆਪਣੇ ਵਿਦਵਾਨਾ ਦੀਆਂ ਟੂਕਾਂ ਘੜ ਕੇ ਸਾਡੇ ਨਿਆਣਿਆਂ ਦੇ ਦਿਮਾਗ਼ ਵਿੱਚ ਨਵੀਂ ਤਰ੍ਹਾਂ ਦੇ ਇਤਿਹਾਸ ਨੂੰ ਭਰਨਗੇ ਜਿਹੜਾ ਉਨ੍ਹਾਂ ਦੇ ਹਿੱਤਾਂ 'ਚ ਜਾਵੇਗਾ ਤੇ ਆਪਣੇ ਏਜੰਡੇ ਦਾ ਪ੍ਰਚਾਰ ਕਰੇਗਾ।"

ਗੁਰਦੇਵ ਉਸ ਦੀ ਗੱਲ ਟੋਕ ਕੇ ਫਿਰ ਬੋਲਣ ਲੱਗ ਪੈਂਦਾ ਹੈ, "ਸੁਣਨ 'ਚ ਆਇਆ ਪਾਕਿਸਤਾਨ ਵਾਲੇ ਪਾਸੇ ਜਿਹੜਾ ਦੇਸ਼ ਭਗਤਾਂ ਦਾ ਇਤਿਹਾਸ ਪੜ੍ਹਾਇਆ ਜਾਂਦਾ.. ਉਹਦੇ 'ਚ ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ, ਖਾਨ ਅਬਦੁਲ ਗੁਫਾਰ ਖਾਂ, ਭਗਤ ਸਿੰਘ, ਅਸ਼ਫਾਕ ਅੱਲਾ ਖਾਂ ਤੇ ਹੋਰ ਅਨੇਕਾਂ ਦੇਸ਼ ਭਗਤਾਂ ਦਾ ਜ਼ਿਕਰ ਨਹੀਂ ਹੁੰਦਾ। ਉਨ੍ਹਾਂ ਦੇ ਦੇਸ਼ ਭਗਤ ਹਨ... ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ ਖਾਂ, ਇਕਬਾਲ ਤੇ ਇਹੋ ਜਿਹੇ ਹੋਰ...ਹੁਣ ਇਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਖਿਲਾਫ਼ ਕੋਈ ਜੰਗ ਨਹੀਂ ਲੜੀ... ਨਾ ਹੀ ਜੇਲ੍ਹਾਂ ਵਿੱਚ ਗਏ... ਸਾਨੂੰ ਇਹ ਗੱਲਾਂ ਵੀ ਨਹੀਂ ਭੁੱਲਣੀਆਂ ਚਾਹੀਦੀਆਂ। ਪਿੱਛੇ ਜਿਹੇ ਮੈਂ ਕਿਤੇ ਪੜ੍ਹਿਆ ਕਿ ਓਧਰਲੇ ਕਿਸੇ ਮੰਤਰੀ ਨੇ ਲਹੌਰ ਦੇ ਕਈ ਇਲਾਕਿਆ, ਗਲੀਆਂ, ਸੜਕਾਂ ਦੇ ਨਾਂ ਪਹਿਲਾਂ ਵਾਲੇ ਰੱਖਣ ਦਾ ਐਲਾਨ ਕੀਤਾ... ਇਹ ਨਾਂ ਸਾਰੇ ਹਿੰਦੂਆਂ ਵਾਲੇ ਸਨ... ਜਿਹੜੇ ਨਾਂ ਪਾਕਿਸਤਾਨ ਹਕੂਮਤ ਨੇ ਬਦਲ ਦਿੱਤੇ ਸਨ। ਪਰ ਉੱਥੋਂ ਦੇ ਕੱਟੜ ਲੋਕਾਂ ਨੇ ਇਸ ਗੱਲ ਦਾ ਬਹੁਤ ਵਿਰੋਧ ਕੀਤਾ। ਕੱਟੜ ਲੋਕ ਤਾਂ ਹਰ ਪਾਸੇ ਹਨ।"

"ਤੁਸੀਂ ਹੁਣ ਦੀ ਗੱਲ ਕਰੋ, ਐੱਨ. ਸੀ. ਈ. ਆਰ. ਟੀ. ਵਿੱਚ ਚਾਰ ਬੰਦੇ ਤਾਂ ਉਹ ਨੇ ਜਿਹੜੇ ਆਰ. ਐੱਸ. ਐੱਸ. ਐੱਸ. ਵਿੱਚ ਲੰਮਾਂ ਸਮਾਂ ਕੰਮ ਕਰਦੇ ਆ ਰਹੇ ਨੇ... ਬਾਕੀ ਵੀ ਉਨ੍ਹਾਂ ਦੀ ਸੋਚ ਵਾਲੇ ਹੋਣਗੇ... ਹੁਣ ਇਹ 11 ਵੀਂ ਤੇ 12ਵੀਂ ਜਮਾਤ ਦੀਆਂ ਰਾਜਨੀਤੀ ਸ਼ਾਸਤਰ ਦੀਆਂ ਕਿਤਾਬਾਂ ਵਿੱਚੋਂ ਆਪਣੀ ਵਿਚਾਰਧਾਰਾ ਦੇ ਖਿਲਾਫ਼ ਜਾਣ ਵਾਲੇ ਵਰਕੇ ਪਾੜ੍ਹਨਗੇ ਅਤੇ ਸੰਘ ਦੇ ਹਿੱਤਾਂ ਵਾਲੇ ਵਰਕੇ ਜੋੜਨਗੇ। ਅਗਲੇ ਸਾਲ ਇਹ ਕਿਤਾਬਾਂ ਆ ਜਾਣੀਆਂ ਨੇ... ਤੁਸੀਂ ਦੇਖ ਲਿਓ... ਮਨੂੰ ਦਾ ਕਾਨੂੰਨ ਸਾਡੇ ਨਿਆਣੇ ਪੜ੍ਹਨਗੇ... ਤੁਸੀਂ ਗੱਲਾਂ ਕਰੀ ਜਾਇਓ ਜਿੰਨੀਆਂ ਮਰਜ਼ੀ।"

"ਪਰ ਮੁੰਡਿਆ! ਪਾੜ੍ਹਿਆ ਨੇ ਦਿੱਲੀ ਤਖਤ ਦੇ ਪਾਵੇ ਹਿਲਾ ਕੇ ਰੱਖ ਦਿੱਤੇ ਨੇ... ਇਹ ਪੜ੍ਹੇ ਲਿਖੇ ਥਾਂ ਥਾਂ ਭਟਕਦੇ ਪਾੜ੍ਹੇ... ਆਉਣ ਵਾਲੇ ਸਮੇਂ 'ਚ ਦਿੱਲੀ ਦਾ ਤਖ਼ਤਾਂ ਪਲਟ ਦੇਣਗੇ...ਸ਼ਾਇਦ ਇਤਿਹਾਸ ਦੇ ਪਾਟੇ ਵਰਕੇ ਜੋੜਨ ਵਾਲੇ ਲੋਕ ਤਖਤ ਤੇ ਆ ਬੈਠਣ।"

"ਮੈਂ ਫਿਰ ਕਹਿੰਦਾ... ਦਿੱਲੀ ਦੇ ਤਖਤ 'ਤੇ ਬੈਠੇ ਲੋਕੋਂ ਤੁਸੀਂ ਸਿਲੇਬਸ ਤਾਂ ਬਦਲ ਸਕਦੇ ਹੋ... ਤੁਸੀਂ ਇਤਿਹਾਸ ਦੇ ਵਰਕੇ ਤਾਂ ਪਾੜ ਸਕਦੇ ਹੋ... ਪਰ ਇਹ ਵਰਕੇ ਤੁਸੀਂ ਲੋਕਾਂ ਦੇ ਦਿਲਾਂ 'ਚੋਂ ਨਹੀਂ ਪਾੜ ਸਕਦੇ।" ਡਲਿਵਰੀ ਮੈਨ ਕਿੱਕ ਮਾਰ ਕੇ ਮੋਟਰ ਸਾਇਕਲ ਸਟਾਰਟ ਕਰ ਲੈਂਦਾ ਹੈ।

# ਸੰਤਾਲੀ ਦੀ ਤ੍ਰਾਸਦੀ ਅਤੇ ਪਿੰਡ ਨਾਰੂ ਨੰਗਲ

ਪਿੰਡ ਵਸਿਆ-89

ਵਿਜੈ ਬੰਬੇਲੀ

ਸੰਤਾਲੀ ਦੀ ਤ੍ਰਾਸਦੀ ਨੇ ਜਿਨ੍ਹਾਂ ਪਿੰਡਾਂ ਨੂੰ ਬੁਰੀ ਤਰ੍ਹਾਂ ਮਧੋਲ ਕੇ ਰੱਖ ਦਿੱਤਾ, ਉਨ੍ਹਾਂ ਵਿਚ ਵੱਡ-ਅਕਾਰੀ ਪਿੰਡ ਨਾਰੂ ਨੰਗਲ (ਹੁਸ਼ਿਆਰਪੁਰ) ਵੀ ਸੀ। ਜਿੱਥੇ ਰੱਤ ਦੀ ਨਦੀ ਹੀ ਨਹੀਂ ਸੀ ਵਗੀ, ਸਮਾਜਿਕ ਲੱਜ ਦੀਆਂ ਧੱਜੀਆਂ ਵੀ ਉੱਡੀਆਂ ਸਨ। ਵੱਡ-ਉਮਰੇ ਚਸ਼ਮਦੀਦ, ਜਿਹੜੇ ਉਦੋਂ ਬਾਲ-ਵਰੇਸ ਟੱਪੇ ਹੀ ਸਨ, ਅਨੁਸਾਰ, "ਇੱਥੇ ਤਿੰਨ ਸੈਂਕੜੇ ਲੋਕ ਮਾਰੇ ਗਏ। ਮੁਸਲਮਾਨ ਬਹੁਤੇ, ਦੂਜੇ ਇੱਕਾ-ਦੁੱਕਾ। ਕਰੀਬ ਦਸ ਸੈਂਕੜਿਆਂ ਤੋਂ ਵੱਧ ਨੂੰ ਆਪਣੀ ਜੰਮਣ-ਭੋਂ ਛੱਡਣ ਲਈ ਮਜਬੂਰ ਹੋਣਾ ਪਿਆ। ਮੁਸਲਮਾਨ ਜਾਣਾ ਨਹੀਂ ਸੀ ਚਾਹੁੰਦੇ ਤੇ ਦੂਜੀਆਂ ਧਿਰਾਂ, ਹਿੰਦੂ-ਸਿੱਖ ਤੋਰਨਾ ਨਹੀਂ ਸੀ ਚਾਹੁੰਦੀਆਂ, ਪਰ ਬਾਹਰਲਿਆਂ ਜਨੂੰਨੀਆਂ ਦੇ ਧਾੜਵੀ ਹੱਲਿਆਂ ਨੇ ਉਨ੍ਹਾਂ ਦੇ ਪੈਰ ਹੀ ਨਹੀਂ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਨੂੰ ਵੀ ਬੁਰੀ ਤਰ੍ਹਾਂ ਉਖਾੜਿਆ-ਲਿਤਾੜਿਆ। ਨਾਰੂ ਨੰਗਲ ਉਦੋਂ ਖ਼ੂਨ ਦੇ ਅੱਥਰੂ ਰੋਇਆ ਸੀ।"

ਕਿਸੇ ਵਕਤ ਨਾਰੂ ਮੁਸਲਿਮ ਰਾਜਪੂਤਾਂ ਦੇ ਵਸਾਏ, ਹੁਣ ਉੱਜੜ-ਪੁੱਜੜ ਗਏ, ਉਦੋਂ ਦੇ ਇਸ ਮੰਡੀਨੁਮਾ ਪਿੰਡ ਵਿਚ ਤਾਅ ਜਾਤਾਂ ਵਸਦੀਆਂ ਸਨ। ਸਦਭਾਵਨਾ ਐਨੀ ਕਿ ਲਾਗਲੇ ਪਿੰਡਾਂ 'ਚ ਚੁੰਝ-ਚਰਚਾ ਚਲਦੀ। ਬਹੁਤੇ ਮੁਸਲਮਾਨ ਸਨ, ਨਾ ਸਿਰਫ਼ ਇੱਥੇ, ਸਗੋਂ ਲਾਗਲੇ ਪਿੰਡਾਂ ਵਿਚ ਵੀ। ਹੇਠਲੇ ਹਿਮਾਚਲ (ਲੋਅਰ ਸ਼ਿਵਾਲਿਕ) ਅਤੇ ਨੇਕ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੀ ਜੰਮਣ ਭੋਂਇ ਬਜਵਾੜੇ ਦੇ ਪੈਰਾਂ ਵਿਚ ਵਸਦਾ ਮਕਤਬਾਂ (ਪਾਠਸ਼ਾਲਾਵਾਂ), ਹਕੀਮਾਂ ਅਤੇ ਮੁਨਸ਼ੀਆਂ ਵਜੋਂ ਕਦੇ ਮਸ਼ਹੂਰ ਰਿਹਾ ਇਹ ਪਿੰਡ, ਕਰੀਬ-ਕਰੀਬ ਮੁਸਲਮਾਨ ਬਹੁਲਤਾ ਵਾਲੀਆਂ ਬਾਈ ਬਸੀਆਂ ਅਤੇ ਨਿੱਕੀਆਂ-ਵੱਡੀਆਂ ਬਸਤੀਆਂ ਨਾਲ ਘਿਰਿਆ ਹੋਇਆ ਸੀ। ਬਹੁਤੇ ਸੌਦਾ-ਪੱਤਾ ਵੀ ਇੱਥੋਂ ਲੈਂਦੇ ਅਤੇ ਦਵਾ-ਦਾਰੂ ਤੇ ਤਲੀਮ ਵੀ।

ਬਹੁਤੀ ਭੋਇੰ ਪਠਾਣਾਂ ਦੀ ਸੀ, ਜਿਨ੍ਹਾਂ ਦੇ ਪੁਰਖ਼ਿਆਂ ਨੇ ਪਹਿਲਾਂ ਹੀ ਦੂਸਰੀਆਂ ਤਾਅ ਬਿਰਾਦਰੀਆਂ ਅਤੇ ਹਿੰਦੂ ਜਾਤਾਂ ਨੂੰ ਗੁੱਜਰ ਵਰੇਸ ਜੋਗੀ, ਧਰਮ-ਅਰਥੀ, ਜ਼ਮੀਨ ਦਿੱਤੀ ਹੋਈ ਸੀ। ਪਠਾਣ ਜ਼ਿਮੀਂਦਾਰ ਵੱਜਦੇ ਅਤੇ ਦੂਸਰੇ ਗੈਰ-ਮੁਰਸ। ਧੜਵੈਲ ਪਠਾਣ ਹੋਣ ਦੇ ਬਾਵਜੂਦ, ਜਿਹੜੇ ਵੱਡੀ ਖ਼ੇਤੀ ਤੋਂ ਬਿਨਾਂ ਆਮ ਕਰਕੇ ਮੌਕੇ ਦੀਆਂ ਆਰਮਡ ਫ਼ੋਰਸਾਂ ਵਿਚ ਵੀ ਆਹਲਾ ਅਫ਼ਸਰਾਨ ਸਨ, ਦਿਲ ਦੇ ਬੜੇ ਨਰਮ ਅਤੇ ਸਖ਼ੀ ਸਨ। ਪਿੰਡ ਦੇ ਹਰ ਦੁੱਖ-ਸੁੱਖ ਦੇ ਸਾਂਝੀ। ਦੂਆ-ਸਲਾਮ-ਖ਼ੈਰ ਸੁੱਖ ਮੰਗਣ ਵਾਲੇ ਇਨ੍ਹਾਂ ਪਠਾਣ-ਕਨਬਿਆਂ ਦੀ ਸਿਰਫ਼ ਪਿੰਡ ਵਿਚ ਹੀ ਨਹੀਂ, ਲਾਗਲੇ ਇਲਾਕੇ ਵਿਚ ਵੀ ਬੜੀ ਭੱਲ ਸੀ। ਪੂਰੀ ਪੈਂਠ ਵਾਲੇ ਇਹ ਮੁਸਲਿਮ ਲੋਕ, ਪਿੰਡ ਦੇ ਗਰੀਬ-ਗੁਰਬੇ ਦੀਆਂ ਬਾਹਾਂ ਬਣਦੇ। ਪਿੰਡ ਦੀਆਂ ਧੀਆਂ-ਧਿਆਣੀਆਂ ਨੂੰ ਆਪਣੀ ਧੀ-ਭੈਣ ਸਮਝਦੇ।

ਪਿੰਡ ਦੇ ਆਹਲਾ ਨੰਬਰਦਾਰ ਲਾਲ ਮੁਹੰਮਦ ਖ਼ਾਨ ਪਠਾਣ ਦੀ ਸਰਕਾਰੇ-ਦਰਬਾਰੇ ਸਵੱਲੀ ਪਹੁੰਚ ਸੀ। ਉਹ ਆਪਣੇ ਹਮ-ਰੁਤਬਾ ਮਹਾਜਨਾਂ ਦੇ ਰਾਮ ਦਾਸ ਨਾਲ ਲੋਕ ਭਲਾਈ ਵਿਚ ਸਦਾ ਤਤਪਰ ਰਹਿੰਦਾ। ਲੋਕ-ਹਿੱਤੂ ਇਸ ਪਠਾਣ ਦਾ ਇੱਕ ਸੋਹਣ-ਸਨੁੱਖੜਾ ਭਰਾ ਜਾਨ ਮੁਹੰਮਦ ਖਾਂ ਉਦੋਂ ਲਾਹੌਰ 'ਚ ਵੱਡਾ ਠਾਣੇਦਾਰ ਸੀ, ਜਦ ਵੱਡੇ ਰੌਲਿਆਂ ਦੀ ਖ਼ੂਨੀ 'ਨੇਰੀ ਝੁੱਲੀ। ਦੋ ਪੁੱਤਰਾਂ ਅਤੇ ਦੋ ਧੀਆਂ ਨੂੰ ਜਨਮ ਦੇਣ ਵਾਲੀ ਉਸ ਦੀ ਬੇਗਮ, ਪਰੀਆਂ ਨੂੰ ਮਾਤ ਪਾਉਂਦੀ ਸੀ। ਸੋਨੇ ਵਰਗੇ ਇਹ ਦੋਵੇਂ ਮੁੱਛ-ਫੁੱਟ ਗਭਰੂਟ, ਫਿਰਕੂ ਕਾਂਗ ਨੇ ਨਿਗਲ ਲਏ ਸਨ ਤੇ ਸੂਹੇ ਰੰਗੀਆਂ ਜਵਾਨ-ਜਹਾਨ ਧੀਆਂ ਵੀ।

ਉਨ੍ਹਾਂ ਮਾੜੇ ਸਮਿਆਂ ਵਿਚ ਆਮ ਲੋਕ ਤਾਂ ਇੱਕ-ਦੂਜੇ ਦੇ ਹਮਸਾਏ ਬਣੇ ਰਹੇ। ਸਾਰੇ ਨੇਕ ਰਸੂਖਵਾਨ ਵੀ ਮਾਰ-ਧਾੜ ਦੇ ਵਿਰੋਧੀ ਸਨ, ਖ਼ਾਸ ਕਰਕੇ ਦੇਸ਼ ਭਗਤ ਅਤੇ ਖੱਬੇ-ਪੱਖੀ ਤਾਂ ਸਾਰੇ ਦੇ ਸਾਰੇ। ਬਾਕੀ ਪੰਜਾਬ ਵਾਂਗ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵੀ ਗ਼ਦਰੀਆਂ, ਬੱਬਰ ਅਕਾਲੀਆਂ, ਕਿਰਤੀਆਂ, ਕਮਿਊਨਿਸਟਾਂ ਅਤੇ ਸੋਸ਼ਲਿਸਟ ਕਾਂਗਰਸੀਆਂ, ਗੱਲ ਕੀ; ਤਾਅ ਦੇਸ਼ ਭਗਤਾਂ ਨੇ ਸੰਤਾਲੀ ਦੀ ਰੱਤ ਡੋਲ੍ਹਵੀਂ ਫਿਰਕੂ ਗਰਦ ਵਿਰੋਧੀ ਅਮਨ ਜਥੇ ਬਣਾਏ ਹੋਏ ਸਨ। ਮਾਹਿਲਪੁਰ ਖਿੱਤੇ ਵਿਚ ਕਾਮਰੇਡ ਮੂਲਾ ਸਿੰਘ ਦਾ ਇਨਕਲਾਬੀ ਜਥਾ, ਜਿਹੜਾ ਜਰਨੈਲ ਮੂਲਾ ਸਿੰਘ ਬਾਹੋਵਾਲ ਵਜੋਂ ਸੁਪ੍ਰਸਿੱਧ ਸੀ, ਫਿਰਕੂ ਸਦਭਾਵਨਾ ਲਈ ਅਤੇ ਨਿਹੱਕੇ ਖ਼ੂਨ-ਖਰਾਬੇ ਵਿਰੁੱਧ ਸਰਗਰਮ ਸੀ।

ਹੁਸ਼ਿਆਰਪੁਰ ਇਲਾਕੇ ਵਿਚ ਕੁੱਝ ਡੇਰੇਦਾਰਾਂ ਦੀ ਸ਼ਹਿ ਨਾਲ, ਕਹਿਣ ਨੂੰ ਤਾਂ ਭਾਵੇਂ ਕੁੱਝ ਵਹਿਸ਼ੀ ਮੁਸਲਮਾਨਾਂ ਦੀਆਂ ਦੋਖੀ ਮਨਸ਼ਾ ਵਿਰੁੱਧ ਇੱਕ ਗਰੁੱਪ, ਕੁੱਝ ਅਖੌਤੀ ਧਰਮੀਆਂ ਸਮੇਤ ਭੂਤਰੇ ਹੋਏ ਜੋਗਾ ਸਿੰਘ ਲਹਿਲੀ ਆਦਿ ਦਾ ਟੋਲਾ ਸਰਗਰਮ ਸੀ। ਉਹ ਆਪ ਵੀ ਉਹੀ ਕੁੱਝ ਕਰੀ ਜਾ ਰਹੇ ਸਨ, ਜੋ ਕੁੱਝ ਬੇ-ਅਸੂਲੇ ਮੁਸਲਿਮ ਕਰ ਰਹੇ ਸਨ। ਧਾਕੜਾਂ ਦੀ ਚੱਕੀ ਵਿਚ ਦੋਵਾਂ ਧਿਰਾਂ ਦੇ ਨਿਰਦੋਸ਼ ਪਿਸ ਰਹੇ ਸਨ। ਸਤੰਬਰ 1947 ਨੂੰ ਭੇੜੂਆ-ਬਿਛੋਹੀ ਵੱਲ ਮੁਸਲਮਾਨਾਂ ਵਿਰੁੱਧ ਮੋਰਚਾ ਲੱਗਾ। ਨਾਰੂ ਨੰਗਲ ਦਾ ਉਹੀ ਮੁਸਲਮਾਨ ਥਾਣੇਦਾਰ ਪਿੰਡੋਂ ਬਾਹਰ ਕੀਤੀ ਮੋਰਚਾਬੰਦੀ 'ਚ ਮਾਰਿਆ ਗਿਆ, ਪਰਵਾਰ ਉਸ ਦਾ, ਮਹਿਲ ਵਰਗੇ ਦੋ ਮੰਜ਼ਲੇ ਘਰ ਵਿਚ ਘਿਰ ਗਿਆ। ਮਜ਼ਬੂਤ ਦਰਵਾਜ਼ੇ ਬੰਦ ਸਨ। ਡਰਿਆ-ਡੈਂਬਰਿਆ ਟੱਬਰ ਹਾਲ-ਪਾਹਰਿਆ ਕਰ ਰਿਹਾ ਸੀ। ਥਾਣੇਦਾਰ ਦੀਆਂ ਦਗ-ਦਗ ਕਰਦੀਆਂ ਦੋਵੇਂ ਸਹਿਮੀਆਂ-ਸੁੰਗੜੀਆਂ ਜੁਆਨ ਧੀਆਂ ਵੀ। ਜਾਬਰਾਂ ਦੀ ਅੱਖ ਤਾਂ ਉਨ੍ਹਾਂ ਉੱਤੇ ਹੀ ਸੀ। ਉਹ 'ਰਹਿਮ' ਦੀ ਕੀਮਤ ਵਸੂਲਣੀ ਚਾਹੁੰਦੇ ਸਨ।

ਮੂਲਾ ਸਿੰਘ ਅਤੇ ਉਸ ਦੇ ਸਾਥੀ ਨਿਰਦੋਸ਼ਾਂ ਨੂੰ ਬਚਾਉਣ ਲਈ ਉੱਥੇ ਪਹੁੰਚ ਗਏ। ਨਾ ਸਮਝੌਤੀਆਂ ਕੰਮ ਆਈਆਂ ਅਤੇ ਨਾ ਹੀ ਵਿਰਸੇ ਦੀਆਂ ਉਦਾਹਰਣਾਂ। ਉਲਟਾ ਧਮਕੀਆਂ। ਬਹਿਸ-ਮੁਆਸਬੇ ਵਿਚ ਹੀ ਘਰ ਨੂੰ ਅੱਗ ਲਾ ਦਿੱਤੀ ਗਈ। ਭਾਂਬੜ ਮਚ ਉੱਠੇ। ਲਾਂਬੂ ਅਸਮਾਨ ਵੱਲ ਵਧੇ। ਮੂਲਾ ਸਿੰਘ ਹੁਰੀਂ ਵਹੀਰ ਸਾਹਵੇਂ ਬੇਬੱਸ ਖੜ੍ਹੇ ਸਨ। ਥਾਣੇਦਾਰ ਦਾ ਟੱਬਰ ਅਤੇ ਹੋਰ ਪਨਾਹਗੀਰ ਅੱਗ 'ਚ ਭੁਜ ਰਹੇ ਸਨ। ਸੇਕ ਤੋਂ ਬਚਣ ਲਈ ਤੀਜੀ ਮੰਜ਼ਲ ਚੜ੍ਹੀਆਂ ਕੁੜੀਆਂ ਨੇ ਨੀਮ ਬੇਹੋਸ਼ੀ ਵਿਚ ਥੱਲੇ ਛਾਲ ਮਾਰ ਦਿੱਤੀ। ਬੇ-ਗੈਰਤੇ 'ਮਰਜੀਵੜੇ' ਉਨ੍ਹਾਂ ਨੂੰ ਬੋਚਣ ਲਈ ਵਧੇ। ਇੱਕ ਜੋ ਡਿਗਦੀ ਦਮ ਤੋੜ ਗਈ, ਉਸ ਦੇ ਮਰੀ ਪਈ ਦੇ ਵੀ ਲੀੜੇ 'ਯੋਧਿਆਂ' ਲੀਰੋ-ਲੀਰ ਕਰ ਦਿੱਤੇ। ਐਨ ਉਵੇਂ ਹੀ ਜਿਵੇਂ ਬਾਘੇ ਤੋਂ ਪਾਰ ਹਿੰਦੂ ਧੀਆਂ-ਧਿਆਣੀਆਂ ਦੀ ਪੱਤ ਰੋਲੀ ਜਾ ਰਹੀ ਸੀ।

ਦੂਸਰੀ ਜਿਹੜੀ ਸਹਿਕ ਰਹੀ ਸੀ, ਨੂੰ ਬਚਾਉਣ ਲਈ ਮੂਲਾ ਸਿੰਘ ਦੇ ਸਾਥੀ ਉੱਧਰ ਨੂੰ ਵਧੇ। ਕੋਈ ਹੋਰ ਨਾ ਲੈ ਜਾਵੇ, ਇਸ ਹਫੜਾ-ਦਫੜੀ ਵਿਚ ਕਿਸੇ ਜਰਵਾਣੇ ਨੇ ਬਰਛਾ ਮੁਟਿਆਰ ਦੇ ਸੀਨੇ ਵਿਚ ਲੰਘਾ ਦਿੱਤਾ। ਖ਼ੂਨ ਦੀ ਫੁਆਰ ਭਾਵੇਂ ਗੂੜ੍ਹੀ ਲਾਲ ਰੱਤੀ ਸੀ, ਪਰ ਇਸ ਨੇ ਫਿਰਕੂਆਂ ਦੇ ਮੂੰਹ 'ਤੇ ਕਾਲਖ ਮਲ ਦਿੱਤੀ। ਦਿਲ ਤਾਂ ਉਨ੍ਹਾਂ ਦੇ ਪਹਿਲਾਂ ਹੀ ਕਾਲੇ ਸਨ। "ਜੇ ਅਸੀਂ ਮਾਰੂ ਹਥਿਆਰਾਂ ਨਾਲ ਲੈਸ ਹੁੰਦੇ ਤਾਂ ਧੀਓ . . ਸ਼ਾਇਦ ਧੀਓ! ਅਸੀਂ ਤੁਹਾਨੂੰ ਬਚਾ ਹੀ ਲੈਂਦੇ।"

ਸ਼ੇਰ ਦਿਲ ਮੂਲਾ ਸਿੰਘ ਕੁਰਲਾ ਉੱਠਿਆ। ਤੋੜ ਹਯਾਤੀ ਤੱਕ ਉਹ ਇਹ ਦ੍ਰਿਸ਼ ਨਾ ਭੁੱਲ ਸਕਿਆ, ਉਸ ਨੂੰ ਲੱਗਦਾ ਜਿਵੇਂ ਉਸ ਦੀਆਂ ਜੁਆਨ ਧੀਆਂ ਨੇ ਹੀ ਕੋਠੇ ਤੋਂ ਛਾਲ ਮਾਰੀ ਹੋਵੇ।

*ਮੋਬਾ. 94634-39075*

# ਧੀਆਂ ਨੂੰ ਸਹੁਰੇ ਤੋਰ ਕੇ ਨੀਂ ਮੇਰੀ ਰਾਣੀਏ ਮਾਏ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-78

ਸੁਰਜੀਤ ਸੁਮਨ

ਕੀ ਵੇਖ ਰਿਹਾਂ? ਸੁਫਨਾ। ਰਾਤ ਦੇ ਦੂਜੇ-ਤੀਜੇ ਪਹਿਰ ਦਾ ਸੁਫਨਾ। ਅੱਧੀ ਰਾਤ ਪਹਿਰ ਦੇ ਤੜਕੇ ਮੇਰੀ ਜਿੰਦ ਅੰਮੜੀਏ ਧੜਕੇ। ਸਾਉਣ ਮਹੀਨੇ ਦੇ ਕਿਸੇ ਦਿਨ ਦੀ ਸ਼ਾਮ ਢਲ ਰਹੀ ਹੈ। ਕੁੜੀਆਂ-ਚਿੜੀਆਂ ਟਾਹਲੀ ਉੱਤੇ ਪਾਈ ਪੀਂਘ ਝੂਟ ਰਹੀਆਂ ਹਨ। ਝੂਟ ਰਹੀ ਹੁੰਦੜਹੇਲ ਮੁਟਿਆਰ ਦੀ ਪੀਂਘ ਜਦੋਂ ਬੱਝਵੇਂ ਹੁਲਾਰੇ ਨਾਲ ਟਾਹਲੀ ਦੇ ਸਿਖਰ ਨੂੰ ਛੂਹਣ-ਛੂਹਣ ਕਰਦੀ ਹੈ ਤਾਂ ਐਨ ਓਸੇ ਵੇਲੇ ਉਸ ਦਾ ਉੱਡਦਾ ਰੰਗਲਾ ਦੁਪੱਟਾ ਇੰਝ ਦੀ ਭਾਅ ਮਾਰਨ ਲੱਗਦੈ, ਜਿਵੇਂ ਅਸਮਾਨ ਵਿੱਚ ਸਤਰੰਗੀ ਪੀਂਘ ਪੈ ਗਈ ਹੋਵੇ। ਅਗਲੇ ਹੀ ਪਲ ਅਸਮਾਨ ਵਿੱਚ ਘਨਘੋਰ ਘਟਾਵਾਂ ਛਾਈਆਂ ਹੋਈਆਂ ਦਿਸਦੀਆਂ ਹਨ। ਪੰਛੀ ਆਪਣੇ ਆਲ੍ਹਣਿਆਂ ਨੂੰ ਮੁੜ ਰਹੇ ਹਨ। ਸਵੇਰੇ-ਸਵੇਰੇ ਮੀਂਹ ਪੈ ਕੇ ਹਟਿਆ ਹੈ। ਅਗਲੇ ਸਮੇਂ ਵਿੱਚ ਕੋਈ ਪਤਾ ਨਹੀਂ ਕਦੋਂ ਬੱਦਲ ਵਰ੍ਹ ਪੈਣ। ਸਿਆਣੀਆਂ ਮਾਵਾਂ ਤਬਸਰਾ ਕਰਦੀਆਂ, 'ਨੀਂ ਕਿਆ ਪਤਾ ਸਾਉਣ ਦਾ ਮੀਂਹ ਤਾਂ ਕਹਿੰਦੇ ਬੰਨੇ ਨਾਲ ਬੰਨ ਛੱਡ ਜਾਂਦੈ।' ਇਨ੍ਹਾਂ ਸਾਰੀਆਂ ਵਿੱਚ ਖੜ੍ਹੀ ਮੇਰੀ ਮਾਂ ਆਪਣਾ ਗਿਆਨ ਸਾਂਝਾ ਕਰਦੀ ਹੈ, 'ਆਹੋ ਨੀ ਤੂੰ ਸਿਆਣਿਆਂ ਦੀ ਕਹਾਵਤ ਨੀਂ ਸੁਣੀਂ? ਅਖੇ ਸਾਉਣ ਦੇ ਛਰਾਟੇ, ਭਾਦੋਂ ਦੇ ਅੜਾਕੇ ਤੇ ਅੱਸੂ ਦੀਆਂ ਝੜੀਆਂ।' ਇੱਕ ਕੁੜੀ ਪੀਂਘ ਝੂਟ ਰਹੀ ਹੈ ਤੇ ਬਹੁਤੀਆਂ ਇੱਕ ਹੋਰ ਨਵ-ਵਿਆਹੀ ਕੁੜੀ ਦੇ ਦੁਆਲੇ ਹੋਈਆਂ ਉਸ ਨਾਲ ਚੋਹਲ-ਮੋਹਲ ਕਰ ਰਹੀਆਂ ਹਨ। ਉਸ ਨੂੰ ਛੇੜ ਰਹੀਆਂ ਹਨ। ਉਸ ਦੇ ਸਹੁਰੇ ਘਰ ਦਾ ਹਾਲ-ਹਵਾਲ ਜਾਣ ਰਹੀਆਂ ਹਨ। ਟਿੱਚਰਾਂ-ਮਸ਼ਕਰੀਆਂ ਕਰ ਰਹੀਆਂ ਹਨ।

ਆਪਣੇ ਸਹੁਰੇ ਘਰ ਵਿੱਚ ਸੁਖੀ ਵਸਦੀਆਂ ਕੁੜੀਆਂ ਦੇ ਚਿਹਰਿਆਂ ਦੀ ਰੌਣਕ ਹੋਰ ਤਰ੍ਹਾਂ ਦੀ ਗਵਾਹੀ ਭਰਦੀ ਹੈ। ਜਿਨ੍ਹਾਂ ਕੁੜੀਆਂ ਦੇ ਸਹੁਰੇ ਘਰ ਹਾਲੇ ਪੈਰ ਨਹੀਂ ਲੱਗ ਰਹੇ, ਉਨ੍ਹਾਂ ਦੇ ਚਿਹਰਿਆਂ ਉੱਤੇ ਉੱਡਦੀਆਂ ਹਵਾਈਆਂ ਹੋਰ ਵੀ ਬਹੁਤ ਕੁਝ ਬਿਆਨ ਕਰਦੀਆਂ ਹਨ, ਪਰ ਹੈਰਾਨਗੀ ਦੀ ਗੱਲ ਇਹ ਹੈ ਕਿ ਇਹ ਸਾਰੀਆਂ ਇਕੱਠੀਆਂ ਹੋਈਆਂ ਮੁਟਿਆਰਾਂ ਸਾਉਣ ਦੇ ਮਹੀਨੇ ਆਪਣੇ ਮਾਪਿਆਂ ਦੇ ਘਰਾਂ ਵਿੱਚ ਆ ਕੇ ਕੋਈ ਅਲੋਕਾਰੀ ਜਿਹਾ ਸਕੂਨ ਮਹਿਸੂਸ ਕਰ ਰਹੀਆਂ ਜਾਪਦੀਆਂ ਹਨ। ਜਿਵੇਂ ਆਪਣੀਆਂ ਜੜ੍ਹਾਂ ਨੂੰ ਗਲਵੱਕੜੀ ਪਾ ਰਹੀਆਂ ਹੋਣ। ਉਹ ਜਾਣਦੀਆਂ ਹਨ ਕਿ ਇਸੇ ਸਕੂਨ ਨੇ ਸਹੁਰੇ ਘਰ ਜਾ ਕੇ ਉਨ੍ਹਾਂ ਦੀ ਜਿਊਣ ਊਰਜਾ ਵਿੱਚ ਪਰਿਵਰਤਿਤ ਹੋਣਾ ਹੈ। ਅਚਾਨਕ ਅੱਖ ਦੇ ਫੋਰ ਵਿੱਚ ਪੀਂਘ ਤੜੱਕ ਕਰਕੇ ਟੁੱਟ ਜਾਂਦੀ ਹੈ। ਝੂਟ ਰਹੀ ਕੁੜੀ ਚੌਫਾਲ ਜਾ ਡਿੱਗਦੀ ਹੈ। ਝੱਟ ਮੇਰੀ ਅੱਖ ਖੁੱਲ੍ਹ ਜਾਂਦੀ ਹੈ। ਪਲ ਭਰ ਵਿੱਚ ਹੀ ਮੈਂ ਪਸੀਨੇ ਨਾਲ ਗੜੁੱਚ ਹੋ ਜਾਂਦਾ ਹਾਂ। ਪਾਣੀ ਪੀਣ ਲਈ ਰਸੋਈ ਵਿੱਚ ਜਾਂਦਾ ਹਾਂ। ਪਤਨੀ ਡਰਾਇੰਗ ਰੂਮ ਵਿੱਚ ਬੈਠੀ ਪਾਠ ਕਰ ਰਹੀ ਹੈ। ਮੈਂ ਜਾਣਦਾ ਹਾਂ। ਉਸ ਨੂੰ ਨੀਂਦ ਨਹੀਂ ਆ ਰਹੀ ਹੋਵੇਗੀ। ਕੁਝ ਦਿਨ ਪਹਿਲਾਂ ਹੀ ਧੀ ਦਾ ਵਿਆਹ ਕਰਕੇ ਹਟੇ ਹਾਂ। ਦਿਨ ਵਿੱਚ ਇਹ ਕਿੰਨੀ ਵਾਰੀ ਧੀ ਨਾਲ ਫੋਨ 'ਤੇ ਗੱਲ ਕਰ ਲੈਂਦੀ ਹੈ। ਵੀਡੀਓ ਕਾਲ ਕਰਦੀ ਹੈ। ਫਿਰ ਵੀ ਗੱਲ-ਗੱਲ 'ਤੇ ਅੱਖਾਂ ਭਰ ਬਹਿੰਦੀ ਹੈ। ਮੈਨੂੰ ਬੀਬੀ ਚੇਤੇ ਆਉਂਦੀ ਹੈ। ਧੀਆਂ ਨੂੰ ਸਹੁਰੇ ਤੋਰ ਕੇ ਉਸ ਨੇ ਕਿੰਝ ਵਕਤ ਗੁਜ਼ਾਰਿਆ ਹੋਵੇਗਾ? ਉਨ੍ਹੀਂ ਦਿਨੀਂ ਨਾ ਕੋਈ ਫੋਨ, ਨਾ ਕੋਈ ਛੇਤੀ-ਛੇਤੀ ਸੁੱਖ-ਸੁਨੇਹਾ ਦੇਣ ਵਾਲਾ। ਫਿਰ ਹੌਲੀ-ਹੌਲੀ ਮੈਨੂੰ ਸਾਰੇ ਜਹਾਨ ਦੀਆਂ ਮਾਵਾਂ ਚੇਤੇ ਆਉਣ ਲੱਗਦੀਆਂ ਹਨ। ਇੱਕ ਵਾਰ ਤਾਂ ਇਨ੍ਹਾਂ ਮਾਵਾਂ ਅੱਗੇ ਮੇਰਾ ਸਿਰ ਝੁਕ ਜਾਂਦਾ ਹੈ।

ਸੋਚਦਾ ਹਾਂ, ਘਰ ਦੀ ਰੌਣਕ ਧੀਆਂ ਨਾਲ ਹੀ ਹੁੰਦੀ ਹੈ। ਕਿਸੇ ਵੀ ਘਰ ਦੇ ਦਰ-ਦਰਵਾਜ਼ੇ 'ਤੇ ਜਦੋਂ ਉਸ ਘਰ ਦੀ ਵਿਆਹੀ-ਵਰੀ ਧੀ ਦਸਤਕ ਦਿੰਦੀ ਹੈ ਤਾਂ ਸੁੰਨਾ ਘਰ ਖੁਸ਼ੀਆਂ-ਖੇੜਿਆਂ ਨਾਲ ਭਰ ਜਾਂਦਾ ਹੈ। ਘਰ ਦਾ ਵਿਹੜਾ ਨੱਚ ਉੱਠਦਾ ਹੈ। ਮਾਂ ਦਾ ਸਮੁੱਚਾ ਆਪਾ ਨਵੀਂ ਊਰਜਾ ਨਾਲ ਭਰ ਜਾਂਦਾ ਹੈ। ਮਨ ਦਾ ਪੰਛੀ ਚਹਿਕਣ ਲੱਗਦਾ ਹੈ। ਧੀਆਂ ਨੂੰ ਧਿਆਣੀਆਂ ਕਿਹਾ ਜਾਂਦਾ ਹੈ। ਧੀਆਂ ਜਦੋਂ ਵਿਆਹੀਆਂ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਦਾ ਨਾਂਅ ਹਰ ਵੇਲੇ ਧਿਆਉਂਦੇ ਰਹਿੰਦੇ ਹਨ। ਹੌਲੀ-ਹੌਲੀ ਧੀਅ ਦੇ ਘਰ ਨੂੰ ਭਾਗ ਲੱਗਦੇ ਹਨ। ਮਾਪੇ ਉਨ੍ਹਾਂ ਨੂੰ ਯਾਦ ਕਰਦੇ ਹਨ। ਖਾਸ ਕਰਕੇ ਮਾਂ ਘਰ ਦੀ ਹਰ ਚੀਜ਼-ਵਸਤ ਵਿੱਚੋਂ ਧੀ ਦੀਆਂ ਯਾਦਾਂ ਫਰੋਲਦਿਆਂ ਸਮਾਂ ਲੰਘਾਉਂਦੀ ਹੈ। ਫਿਰ ਉਹ ਆਪਣੀ ਧੀ ਨੂੰ ਤਿਉਹਾਰਾਂ ਰਾਹੀਂ ਚੇਤੇ ਕਰਨ ਲੱਗਦੀ ਹੈ। ਤਿਉਹਾਰਾਂ ਦੀ ਯਾਦ ਦਿਵਾ ਉਸ ਨੂੰ ਆਪਣੇ ਕੋਲ ਬੁਲਾਉਂਦੀ ਹੈ। ਉਹਦੇ ਘਰ ਜਾਣ ਦਾ ਬਹਾਨਾ ਭਾਲਦੀ ਹੈ। ਵੇਖਿਆ ਜਾਵੇ ਤਾਂ ਬਹੁਤੇ ਤਿਉਹਾਰ ਵੀ ਧੀਆਂ ਨਾਲ ਈ ਆਪਣਾ ਗਾੜ੍ਹਾ ਤੇ ਗੂੜ੍ਹਾ ਨਾਤਾ ਰੱਖਦੇ ਹਨ। ਰੁੱਖੀ-ਸੁੱਖੀ ਜ਼ਿੰਦਗੀ ਵਿੱਚ ਇਹੀ ਤਿਉਹਾਰ ਭਰਵੇਂ ਔੜ ਮਾਰੀ ਧਰਤੀ ਦੇ ਤਲ 'ਤੇ ਮੀਂਹ ਤੋਂ ਪਹਿਲਾਂ ਦੀ ਫੁਹਾਰ ਬਣ ਕੇ ਆਉਂਦੇ ਹਨ।

ਸੋਚਦਾ ਹਾਂ ਇਹ ਤਿਉਹਾਰ ਹੀ ਹਨ, ਜੋ ਮਨੁੱਖ ਦੀ ਬੇਰੰਗ ਜ਼ਿੰਦਗੀ ਨੂੰ ਰੰਗਾਂ ਨਾਲ ਭਰ ਦਿੰਦੇ ਹਨ। ਰਸਹੀਣ ਜ਼ਿੰਦਗੀ ਨੂੰ ਰਸੀਲਾ ਬਣਾ ਦਿੰਦੇ ਹਨ। ਪਿਓ ਤੇ ਮਾਂ-ਧੀ ਦਾ ਰਿਸ਼ਤਾ ਕਮਾਲ ਦਾ ਰਿਸ਼ਤਾ ਮੰਨਿਆ ਗਿਆ ਹੈ। ਨਿੱਕੀ ਜਿਹੀ ਧੀ ਕਦੋਂ ਵੱਡੀ ਹੋ ਕੇ ਸਹੁਰੇ ਘਰ ਤੁਰ ਜਾਂਦੀ ਹੈ, ਪਤਾ ਵੀ ਨਹੀਂ ਲਗਦਾ। ਘਰਾਂ ਵਿੱਚ ਆਈ ਕਿਸੇ ਵੀ ਤਰ੍ਹਾਂ ਦੀ ਆਫਤ ਨੂੰ ਟਾਲਣ ਲਈ ਮਾਂ, ਧੀ ਨੂੰ ਪਹਿਲਾਂ ਯਾਦ ਕਰਦੀ ਹੈ। ਦੁਖੀ ਹੋਈ ਮਾਤਾ ਤ੍ਰਿਪਤਾ ਗਭਰੇਟ ਨਾਨਕ ਨੂੰ ਸਿੱਧੇ ਰਾਹ ਪਾਉਣ ਲਈ ਬੇਬੇ ਨਾਨਕੀ ਕੋਲ ਦੁੱਖ ਰੋਂਦੀ ਹੈ। ਇਹੋ ਬੇਬੇ ਨਾਨਕੀ ਆਪਣੇ ਵੀਰ ਨੂੰ ਮੋਦੀ ਖਾਨੇ ਦੀ ਨੌਕਰੀ ਦੁਆ ਆਪਣੇ ਕੋਲ ਰੱਖ ਮਾਂ ਦਾ ਦੁੱਖ ਨੁਆਰਦੀ ਹੈ। 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਗੀਤ ਦੇ ਬੋਲ ਮੇਰੇ ਕੰਨਾਂ ਵਿੱਚ ਗੂੰਜਣ ਲਗਦੇ ਹਨ। ਕਿਸੇ ਵੇਲੇ ਪੰਜਾਬੀਅਤ ਦੀਆਂ ਫਿਜ਼ਾਵਾਂ ਵਿੱਚ ਕੁਲਦੀਪ ਮਾਣਕ ਦਾ ਇੱਕ ਗੀਤ ਵੱਜਿਆ ਕਰਦਾ ਸੀ, 'ਹੋਇਆ ਕੀ ਜੇ ਧੀ ਜੰਮ ਪਈ/ਪਰ ਕੁੱਖ ਤਾਂ ਸੁਲੱਖਣੀ ਹੋਈ।' ਇਸੇ ਤਰ੍ਹਾਂ ਖੁਸ਼ਦਿਲ ਖੇਲਿਆਂ ਵਾਲੇ ਦਾ ਗਾਇਆ ਗੀਤ 'ਧੀਆਂ ਹੋਣ ਧਿਰਾਂ ਪੁੱਤ ਜੱਗ 'ਤੇ ਨਿਸ਼ਾਨ ਨੇ' ਆਪਣੇ ਆਪ ਵਿੱਚ ਹੀ ਬਹੁਤ ਕੁਝ ਕਹਿ ਜਾਂਦੇ ਹਨ। ਪੁੱਤ ਤਾਂ ਦੂਰ ਐਥੇ ਤਾਂ ਕਈ ਬੇਔਲਾਦ ਜੋੜੇ ਅੱਜਕੱਲ੍ਹ ਧੀ ਨੂੰ ਵੀ ਤਰਸਦੇ ਹਨ।

ਇਹ ਸਭ ਕੁਝ ਸੋਚਦਿਆਂ ਮੇਰੀਆਂ ਅੱਖਾਂ ਅੱਗੇ ਮਾਸਟਰ ਪਿਆਰਾ ਸਿੰਘ ਦਾ ਰੋਣਹਾਕਾ ਚਿਹਰਾ ਆ ਖੜ੍ਹਦਾ ਹੈ। ਕਿੰਨੇ ਦਿਨ ਹੋਏ ਉਸ ਦੇ ਦਰਸ਼ਨ ਹੀ ਨਹੀਂ ਹੋਏ। ਉਹਦਾ ਫੋਨ ਵੀ ਨਈਂ ਲੱਗ ਰਿਹਾ। ਜਿਵੇਂ ਨੈੱਟਵਰਕ ਤੋਂ ਈ ਬਾਹਰ ਹੋ ਗਿਆ ਹੋਵੇ। ਫਿਰ ਮੈਨੂੰ ਚੇਤੇ ਆਉਂਦਾ ਹੈ ਉਹਦੇ ਭੈਣ-ਭਰਾਵਾਂ ਦਾ ਕਲੇਸ਼। ਚਲੋ ਦੁਬਾਰਾ ਗੱਲ ਕਰਕੇ ਦੇਖਦੇ ਆਂ। ਸ਼ਾਇਦ ਫੋਨ ਚੁੱਕ ਈ ਲਵੇ। ਮੈਂ ਉਸ ਨੂੰ ਫੋਨ ਲਗਾਇਆ ਈ ਸੀ, ਐਨ ਓਸੇ ਵੇਲੇ ਮੇਰੇ ਘਰ ਦੀ ਡੋਰ ਵੈੱਲ ਵੱਜਦੀ ਹੈ। ਗੇਟ 'ਤੇ ਸੱਚਮੁੱਚ ਹੀ ਮਾਸਟਰ ਜੀ ਖੜ੍ਹੇ ਹਨ। 'ਸ਼ੈਤਾਨ ਕੋ ਯਾਦ ਕੀਆ ਸ਼ੈਤਾਨ ਹਾਜ਼ਰ' ਸੋਚਦਾ ਹਾਂ, ਬੋਲਦਾਂ ਉੱਕਾ ਵੀ ਨਹੀਂ। ਉਹ ਮੈਨੂੰ ਪਾਰਕ ਵੱਲ ਲੈ ਤੁਰਦਾ ਹੈ। ਥੱਕਿਆ-ਥੱਕਿਆ ਜਿਹਾ ਲੱਗ ਰਿਹਾ ਪਿਆਰਾ ਸਿੰਘ ਆਖਦੈ, ਯਾਰ ਕਈ ਦਿਨ ਹੋਗੇ ਘਰ ਫਿਰ ਝੱਜੂ ਪਿਆ ਹੋਇਐ। ਭੈਣ ਮੇਰੀ ਨੇ ਵੱਖ ਕਲੇਸ਼ ਪਾਇਆ ਹੋਇਆ। ਹੁਣ ਤੂੰ ਈ ਦੱਸ ਬਈ ਜਦੋਂ ਅਸੀਂ ਉਸ ਨੂੰ ਬਣਦਾ ਹਿੱਸਾ ਪਹਿਲਾਂ ਈ ਦੇਤਾ ਫਿਰ ਭਲਾਂ ਹੁਣ ਹੋਰ ਪਾਣੀ 'ਚ ਮਧਾਣੀ ਪਾਉਣ ਦਾ ਕਿਆ ਫੈਅਦਾ? ਤੈਨੂੰ ਮੈਂ ਇੱਕ ਗੱਲ ਦੱਸਾਂ। ਲੋਕਾਂ ਨੂੰ ਸਾਡੀਆਂ ਜ਼ਮੀਨਾਂ ਵਿਕੀਆਂ ਦਿਸਦੀਆਂ। ਇੱਕ ਤਾਂ ਅਸੀਂ ਫਿਰ ਘਰੋਂ ਬੇਘਰ ਹੋਗੇ। ਦੂਜਾ ਨਿਆਣੇ ਸਾਡੇ ਹੱਥੋਂ ਨਿਕਲਗੇ। ਸਾਲੇ ਨਿੱਤ ਨਵੀਆਂ ਚੀਜ਼ਾਂ ਖਰੀਦਣ ਤੁਰ ਪੈਂਦੇ ਨੇ। ਤੀਜਾ ਸਾਡੇ ਭੈਣਾਂ-ਭਾਈਆਂ ਦੇ ਰਿਸ਼ਤਿਆਂ ਵਿੱਚ ਫਿੱਕ ਪੈ ਗਿਆ। ਊਂ ਸੱਚ ਦੱਸਾਂ ਮੈਂ ਛੋਟੇ ਭਾਈ ਨੂੰ ਕਹਿੰਦਾ ਵੀ ਰਿਹਾ ਬਈ ਬਾੜੇ ਆਲੇ ਥੌਅ ਦਾ ਨਿਬੇੜਾ ਵੀ ਕਰ ਲੈ। ਹੁਣ ਪ੍ਰਾਹੁਣੇ ਸਾਡੇ ਭਾਣਜੇ ਨੂੰ ਉਂਗਲ਼ ਦੇਈ ਰੱਖਦੈ। ਉਨ੍ਹਾਂ ਭੈਣ ਕੋਲੋਂ ਕੇਸ ਕਰਵਾ'ਤਾ। ਹੁਣ ਭਾਣਜਾ ਨਿੱਤ ਆ ਖੜ੍ਹਦੈ ਬਈ ਇਹਦੇ 'ਚੋਂ ਵੀ ਸਾਡਾ ਬਣਦਾ ਹਿੱਸਾ ਦਿਓ। ਭੈਣ ਆਉਂਦੀ ਆ ਰੋ ਕੇ ਵਾਪਸ ਮੁੜ ਜਾਂਦੀ ਆ। ਮਾਂ ਹੁੰਦੀ ਛੋਟੇ ਨੂੰ ਮੱਤ ਦਿੰਦੀ। ਧੀ ਨੂੰ ਸਮਝਾਉਂਦੀ। ਇੱਕ ਗੱਲ ਹੋਰ ਦੱਸਾਂ? ਇਹ ਰੌਲਾ ਨਈਂ ਸੀ ਪੈਣਾ। ਅਸੀਂ ਦੋਵੇਂ ਜੀਅ ਤਾਂ ਭੈਣਾਂ ਦੇ ਘਰ ਅਕਸਰ ਜਾਂਦੇ-ਆਉਂਦੇ ਰਹਿੰਦੇ ਆਂ। ਆਹ ਛੋਟਾ ਤੇ ਮੇਰਾ ਮੁੰਡਾ ਅੰਬਰ ਨੂੰ ਗਲੀਆਂ ਕਰਦੇ ਨੇ। ਇਨ੍ਹਾਂ ਹਰੇਕ ਰਿਸ਼ਤੇ ਨੂੰ ਨੋਟਾਂ ਨਾਲ ਤੋਲਦੇ ਨੇ। ਛੋਟੇ ਦੀ ਘਰਵਾਲੀ ਜਮਾਂ ਈ ਲੜਾਕੀ। ਜਿਸ ਦਿਨ ਦਾ ਉਹਦਾ ਵਰਤੋਂ-ਵਿਹਾਰ ਭੈਣਾਂ ਨਾਲੋਂ ਟੁੱਟਿਆ, ਉਸ ਨੇ ਤਾਂ ਸਾਰੇ ਰਿਸ਼ਤੇ ਈ ਫਨਾਹ ਕਰਕੇ ਰੱਖ'ਤੇ ਮੇਰੇ 'ਆਰ। ਰਾਤ ਦਾ ਸੁਫਨਾ ਸੁਣ। ਜਾਣੀਂ ਮੈਂ ਖੇਤਾਂ 'ਚੋਂ ਟਮਾਟਰ ਤੋੜ ਰਿਹਾਂ। ਥੋੜ੍ਹਾ ਅੱਗੇ ਜਾ ਕੇ ਦੇਖਿਆ ਖਾਲ ਲਹੂ ਨਾਲ ਭਰੀ ਵਗ ਰਹੀ ਆ। ਹੋਰ ਅੱਗੇ ਵੱਢੀ-ਟੁੱਕੀ ਮਾਂ ਤੇ ਬਾਪੂ ਦੀਆਂ ਲਾਸ਼ਾਂ ਪਈਆਂ ਦੇਖ ਮੇਰੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਰੋਂਦਾ-ਰੋਂਦਾ ਜਦੋਂ ਮੈਂ ਟਾਹਲੀ ਕੋਲ ਆਇਆ ਤਾਂ ਮੇਰੀਆਂ ਦੋਵੇਂ ਭੈਣਾਂ ਪੀਂਘ ਝੂਟਣ। ਮਾਂ ਮੇਰੀ ਉਨ੍ਹਾਂ ਨਾਲ ਰਲ ਕੇ ਗਾ ਰਹੀ ਸੀ, 'ਧੀਆਂ ਨੂੰ ਸਹੁਰੇ ਤੋਰ ਕੇ ਨੀ ਮੇਰੀ ਰਾਣੀਏ ਮਾਏ/ਤੇਰਾ ਕੇਹਾ ਕੁ ਲੱਗਦੈ ਜੀਅ ਨੀ ਭਲੀਏ/ਦਿਨ ਨੂੰ ਗਿਣਦੀ ਪੂਣੀਆਂ ਨੀ ਮੇਰੀ ਰਾਣੀਏ ਧੀਏ/ਕੋਈ ਤਾਰੇ ਗਿਣ ਗਿਣ ਰਾਤ ਨੀ ਭਲੀਏ।'

**ਸੰਪਰਕ-98144-30874**


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਬੇਤਾਲ ਸਮਿਆਂ ਦੀ ਸ਼ਾਇਰੀ

## ਕੁੱਤਾ ਜੂਨ ਤੇ ਮੈਂਡੋਲਿਨ

**ਮੋਹਣ ਮਤਿਆਲਵੀ**
**ਸਫੇ-108, ਮੁੱਲ-250 ਰੁਪਏ**
**ਹੁਨਰ ਪਬਲੀਕੇਸ਼ਨ, ਪਟਿਆਲਾ**





ਫੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਮੋਹਨ ਸਿੰਘ ਤਿਆਗੀ**

ਮੋਹਣ ਮਤਿਆਲਵੀ ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਕੱਦਾਵਰ ਸ਼ਾਇਰ ਹੈ। ਉਹ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਨਿਰੰਤਰ ਕਾਵਿ ਸਿਰਜਣਾ ਕਰ ਰਿਹਾ ਹੈ। ਉਸ ਦੀ ਸਿਰਜਣ ਸਮਰੱਥਾ ਉਸ ਦੇ ਚੇਤਨਾਗਤ ਪਾਸਾਰਾਂ ਵਿੱਚ ਪਈ ਹੋਈ ਹੈ। ਉਹ ਪੰਜਾਬੀ ਕਵਿਤਾ ਨੂੰ ਦਾਨਾਬਾਦ ਬਨਾਮ ਸਿੰਘੋਵਾਲ (2014), ਕੋਈ ਨਹੀਂ ਆਏਗਾ (2015), ਕੈਨਵਸ ਦੇ ਮੱਥੇ ਤੇ ਜੰਗਲ (2017) ਅਤੇ ਖਾਨਾਬਦੋਸ਼ੀ ਭਟਕਣਾਂ ਦੇ ਪੈੜ ਚਿੰਨ੍ਹ (2021) ਵਰਗੇ ਬਹੁਚਰਚਿਤ ਕਾਵਿ-ਸੰਗ੍ਰਹਿ ਦੇ ਚੁੱਕਾ ਹੈ। 'ਕੁੱਤਾ ਜੂਨ ਤੇ ਮੈਂਡੋਲਿਨ' ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਦੀ ਸਮੁੱਚੀ ਕਵਿਤਾ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਇਹ ਪੁਸਤਕ ਸਾਡੇ ਵਰਤਮਾਨ ਦੌਰ ਦੀ ਗਾਥਾਕਾਰੀ ਹੈ। ਇਹ ਕਾਵਿ-ਸੰਵਾਦ ਆਦਿ ਤੋਂ ਅੰਤ ਤੀਕ ਗਹਿਗੱਚ ਰੂਪ ਵਿੱਚ ਆਪਣੀ ਪਕੜ ਬਣਾਈ ਰੱਖਦਾ ਹੈ। ਇਸ ਕਵਿਤਾ ਦਾ ਗਹਿਰਾ ਭੇਦ ਇਸ ਦਾ ਕਾਟਵਾਂ ਸਿਰਲੇਖ ਸਹਿਜੇ ਹੀ ਬਿਆਨ ਕਰ ਦਿੰਦਾ ਹੈ। ਕਵਿਤਾ ਬਾਰੇ ਇਹ ਧਾਰਨਾ ਸਰਬ ਵਿਆਪਕ ਹੈ ਕਿ ਕਵਿਤਾ ਆਪਣੇ ਆਲੇ-ਦੁਆਲੇ ਪਈਆਂ ਵਸਤਾਂ ਅਤੇ ਵਰਤਾਰਿਆਂ ਨੂੰ ਸਿੱਧੀ ਅਤੇ ਸਰਲ ਭਾਸ਼ਾ ਵਿੱਚ ਨਹੀਂ ਬਿਆਨਦੀ, ਸਗੋਂ ਇਹ ਪਾਠ ਵਿੱਚ ਨਿਹਿਤ ਉਨ੍ਹਾਂ ਵਸਤਾਂ ਅਤੇ ਵਰਤਾਰਿਆਂ ਨੂੰ ਨਿਰਮਤ ਕਰਨ ਵਾਲੇ ਕਾਰਕਾਂ ਤੱਕ ਵੀ ਆਪਣੀ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਇਹ ਕਵਿਤਾ ਮੂਲ ਰੂਪ ਵਿੱਚ ਇਸੇ ਦ੍ਰਿਸ਼ਟੀਗਤ ਪ੍ਰਵਚਨ ਨੂੰ ਪਰਨਾਈ ਹੋਈ ਹੈ। ਮਤਿਆਲਵੀ ਦਾ ਇਹੀ ਸੰਵਾਦ 'ਦਾਨਾਬਾਦ ਬਨਾਮ ਸਿੰਘੋਵਾਲ' ਤੋਂ ਲੈ ਕੇ 'ਕੁੱਤਾ ਜੂਨ ਤੇ ਮੈਂਡੋਲਿਨ' ਦੇ ਆਰ-ਪਾਰ ਫ਼ੈਲਦਾ ਹੋਇਆ ਆਪਣੀ ਸਿਰਜਣਾਤਮਕ ਊਰਜਾ ਅਤੇ ਚੇਤਨਾ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੀ ਕਵਿਤਾ ਸਮਕਾਲ ਦੀ ਗਤੀ ਦੇ ਨਾਲ-ਨਾਲ ਕਰਵਟ ਲੈਂਦੀ ਹੋਈ, ਇਸ ਦੀ ਗਹਿਰੀ ਚਾਲ ਨੂੰ ਰੇਖਾਂਕਿਤ ਕਰਨ ਲਈ ਯਤਨਸ਼ੀਲ ਹੈ। ਮਤਿਆਲਵੀ ਬਾਹਰੀ ਦ੍ਰਿਸ਼ਾਂ ਅਤੇ ਵਰਤਾਰਿਆਂ ਦੀਆਂ ਆਪਸੀ ਸਮਕਰਨਾਂ ਨੂੰ ਅਭਿਵਿਅਕਤ ਕਰਨ ਦੀ ਥਾਵੇਂ ਉਨ੍ਹਾਂ ਦੀ ਆਂਤਰਿਕ ਸਰਗਰਮੀ 'ਤੇ ਵਧੇਰੇ ਜ਼ੋਰ ਦਿੰਦਾ ਹੈ। ਇਹੀ ਪਾਸਾਰ ਇਸ ਕਵਿਤਾ ਨੂੰ ਸਿਰਜਣਾ ਦੇ ਨਵੇਂ ਵਿਚਾਰਧਾਰਾਈ ਆਧਾਰ ਨਾਲ ਜੋੜਦਾ ਹੈ, ਜਿੱਥੋਂ ਇਹ ਕਵਿਤਾ ਸਿਰਜਣਾ ਦੇ ਨਵੇਂ ਦਿਸਹੱਦਿਆਂ ਵਿੱਚ ਪ੍ਰਵੇਸ਼ ਕਰਦੀ ਹੋਈ ਆਪਣੇ ਮੰਤਵ ਅਤੇ ਮਹੱਤਵ ਨੂੰ ਸਾਕਾਰ ਕਰਨ ਦਾ ਯਤਨ ਕਰਦੀ ਹੈ।

ਇਸ ਸੰਬੰਧੀ ਏ.ਓਵਚਾਰੈਂਕੋ ਦੇ ਵਿਚਾਰ ਹਨ, ਕਲਾ ਦਾ ਆਪਣਾ ਸੁਭਾਅ ਹੀ ਇਸ ਗੱਲ ਨੂੰ ਨਿਰਧਾਰਿਤ ਕਰਦਾ ਹੈ ਕਿ ਸੱਚੇ ਕਲਾਕਾਰ ਉਹਨਾਂ ਹਕੀਕੀ ਲੋਕਾਂ ਦੀਆਂ ਚਿੰਤਾਵਾਂ, ਆਸਾਂ ਅਤੇ ਉਮੰਗਾਂ ਦਾ ਹੁੰਗਾਰਾ ਭਰਨਗੇ, ਜੋ ਪਦਾਰਥਕ ਅਤੇ ਆਤਮਿਕ ਦੌਲਤ ਪੈਦਾ ਕਰਨ ਲਈ ਅਣਥੱਕ ਕੰਮ ਕਰ ਰਹੇ ਹਨ ਅਤੇ ਜੋ ਸਮਾਜਿਕ ਅਤੇ ਨਿੱਜੀ ਇਕਸੁਰਤਾ ਦਾ ਕਸ਼ਟ ਭੋਗ ਰਹੇ ਹਨ। ਇਹ ਕਵਿਤਾ ਬਹੁਤ ਸਾਰੇ ਕਵੀਆਂ ਲਈ ਊਰਜਾ ਅਤੇ ਪ੍ਰੇਰਕ ਸ਼ਕਤੀ ਦਾ ਕੰਮ ਕਰਦੀ ਨਜ਼ਰ ਆਉਂਦੀ ਹੈ। ਇਸ ਕਵਿਤਾ ਦਾ ਸਾਰ ਅਤੇ ਸਰੂਪ ਵੀ ਰਾਜਨੀਤਕ ਚੇਤਨਾ ਵਾਲਾ ਹੈ। ਮੋਹਣ ਮਤਿਆਲਵੀ ਵੀ ਕਵਿਤਾ ਦੀ ਇਸੇ ਧਾਰਾ ਨਾਲ ਪਰਣਾਇਆ ਹੋਇਆ ਕਵੀ ਹੈ, ਉਸ ਦੀ ਕਵਿਤਾ ਵਿੱਚ ਸੰਵਾਦ ਸਦਾ ਕੇਂਦਰ ਵਿੱਚ ਰਹਿੰਦਾ ਹੈ। ਉਹ ਸਮਕਾਲ ਦੇ ਗੁੰਝਲਦਾਰ ਅਤੇ ਜਟਿਲ ਵਰਤਾਰਿਆਂ ਤੀਕ ਆਪਣੀ ਪਹੁੰਚ ਬਣਾਉਂਦਾ ਹੋਇਆ ਕਵਿਤਾ ਦੇ ਗੁੱਝੇ ਭੇਦਾਂ ਅਤੇ ਰਹੱਸਾਂ ਤੋਂ ਜਾਣੂ ਕਰਵਾਉਂਦਾ ਹੈ। ਉਹ ਵਿਵਸਥਾ ਦੇ ਮੱਕੜਜਾਲ ਨੂੰ ਇਸ ਢੰਗ ਨਾਲ ਹੱਥ ਪਾਉਂਦਾ ਹੈ ਕਿ ਇੱਕ-ਇੱਕ ਕਰਕੇ ਇਸ ਦੀਆਂ ਅਥਾਹ ਵਿਰਲਾਂ ਦ੍ਰਿਸ਼ਟੀਗੋਚਰ ਹੋਣ ਲੱਗਦੀਆਂ ਹਨ। ਉਦੋਂ ਇਹ ਕਵਿਤਾ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਂਦੀ ਹੋਈ ਆਪਣੀ ਸਿਰਜਣਾਤਮਕ ਸਮਰੱਥਾ ਦਾ ਪ੍ਰਗਟਾਵਾ ਵੀ ਕਰਦੀ ਹੈ। ਇਹ ਕਵਿਤਾ ਬਣੀਆਂ ਲੀਹਾਂ ਤੋਂ ਉਲਟ ਦਿਸ਼ਾ ਵੱਲ ਚੱਲਦੀ ਹੈ। ਸਿਰਫ਼ ਐਨਾ ਹੀ ਨਹੀਂ, ਇਹ ਕੋਈ ਨਵਾਂ ਸੰਵਾਦ ਛੇੜਨ ਲਈ ਤੱਤਪਰ ਹੈ। ਮਤਿਆਲਵੀ ਦਾ ਕਾਵਿ-ਨਾਇਕ ਪਥਰਾ ਗਏ ਸਮਿਆਂ ਨੂੰ ਗਤੀ ਦੇਣ ਦੇ ਰੌਂਅ ਵਿੱਚ ਹੈ।

ਮਤਿਆਲਵੀ ਦੀ ਕਵਿਤਾ ਵਰਤਮਾਨ ਦੌਰ ਵਿੱਚ ਬੰਦੇ ਦੀ ਹੋਂਦ-ਨਿਹੋਂਦ ਦਾ ਮਸਲਾ ਵਾਰ-ਵਾਰ ਉਠਾਉਂਦੀ ਹੈ। ਉਹ ਕਵਿਤਾ ਦੇ ਇੱਕ ਸੂਤਰ ਤੋਂ ਦੂਜੇ ਸੂਤਰ ਅਤੇ ਫਿਰ ਅਗਲੇ ਸੂਤਰ ਤੀਕ ਆਪਣੀ ਪਹੁੰਚ ਬਣਾਉਂਦਾ ਹੋਇਆ ਆਪਣੀ ਗੱਲ ਨਿਰਣਾਇਕ ਢੰਗ ਨਾਲ ਅੱਗੇ ਤੋਰਨ ਲਈ ਬਾਜ਼ਿੱਦ ਹੈ। ਇਸੇ ਮਨੋਸੰਵਾਦ ਰਾਹੀਂ ਉਹ ਮਨਬਚਨੀ ਦੇ ਅਥਾਹ ਪਾਸਾਰਾਂ ਤੀਕ ਜਾ ਪਹੁੰਚਦਾ ਹੈ। ਮਤਿਆਲਵੀ ਇਸ ਕਸੌਟੀ 'ਤੇ ਖਰਾ ਉੱਤਰਦਾ ਹੈ। ਇਸ ਕਵਿਤਾ ਦਾ ਸਭ ਤੋਂ ਵੱਡਾ ਹਾਸਲ ਇਹ ਹੈ ਕਿ ਇਹ ਕਵਿਤਾ ਬੰਦੇ ਦਾ ਕਰਮ ਖੇਤਰ ਨਿਸ਼ਚਤ ਕਰਨ ਦੀ ਕਵਾਇਦ ਕਰਦੀ ਹੈ। ਮਤਿਆਲਵੀ ਦਾ ਕਾਵਿ-ਨਾਇਕ ਜਲਦੀ-ਜਲਦੀ ਆਦਮੀ ਨੂੰ ਬਰੀ ਨਹੀਂ ਹੋਣ ਦਿੰਦਾ, ਸਗੋਂ ਉਸ ਦੀ ਕਰਮ ਭੂਮੀ ਵਿੱਚ ਨਿਹਿਤ ਭੂਮਿਕਾ ਨੂੰ ਉਲਟਾ ਪਲਟਾ ਕੇ ਵੇਖਣ ਦੀ ਪਹਿਲ-ਕਦਮੀ ਵੀ ਕਰਦਾ ਹੈ। ਬੰਦੇ ਦੀ ਅਸਲ ਸ਼ਨਾਖ਼ਤ ਦਾ ਇਹ ਵੱਖਰਾ ਢੰਗ-ਤਰੀਕਾ ਹਰ ਕਵੀ ਨਹੀਂ ਅਪਣਾ ਸਕਦਾ। ਇਸ ਕਾਰਜ ਲਈ ਕਵੀ ਦੀ ਖ਼ੁਦ ਦੀ 'ਮੈਂ' ਨੂੰ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਨਾ ਪੈਂਦਾ ਹੈ। ਉਸ ਨੂੰ ਜੰਗਲਾਂ ਘਾਟੀਆਂ ਅਤੇ ਦਰਿਆਵਾਂ ਵਿੱਚ ਉਤਰਨਾ ਪੈਂਦਾ ਹੈ ਤਾਂ ਕਿਤੇ ਜਾ ਕੇ ਉਸ ਨੂੰ ਆਪਣੇ ਅਸਲ ਕਿਰਦਾਰ ਅਤੇ ਚਿਹਰੇ ਦੀ ਪਛਾਣ ਆਉਂਦੀ ਹੈ। ਇਹ ਸਾਰਾ ਕੁਝ ਇਸ ਕਵਿਤਾ ਵਿੱਚ ਚੇਤ-ਅਚੇਤ ਢੰਗ ਨਾਲ ਵਾਪਰਦਾ ਨਜ਼ਰ ਆਉਂਦਾ ਹੈ।

ਮਤਿਆਲਵੀ ਸਿਰਫ਼ ਨਾਂਅ ਦਾ ਹੀ ਕਵੀ ਨਹੀਂ ਸਦਵਾਉਣਾ ਚਾਹੁੰਦਾ, ਸਗੋਂ ਇੱਕ ਕਵੀ ਦੀ ਜ਼ਿੰਮੇਵਾਰੀ ਵੀ ਨਿਸ਼ਚਤ ਕਰਨੀ ਲੋਚਦਾ ਹੈ। ਇਹ ਅਹਿਦਨਾਮਾ ਇਸ ਕਵਿਤਾ ਨੂੰ ਇੱਕ ਵੱਖਰੀ ਦਿਸ਼ਾ ਵੱਲ ਤੋਰਦਾ ਹੈ। ਇਹ ਕਵਿਤਾ ਜਦ ਅਜਿਹਾ ਕਾਵਿਕ ਖਿਆਲ ਲੈ ਕੇ ਆਉਂਦੀ ਹੈ ਤਾਂ ਪਾਠਕ ਨੂੰ ਗਹਿਰੀਆਂ ਸੋਚਾਂ ਵਿੱਚ ਪਾ ਦਿੰਦੀ ਹੈ। ਮਤਿਆਲਵੀ ਜਦ ਜੁਝਾਰਵਾਦੀ ਕਾਵਿ ਧਾਰਾ ਦੇ ਕਵੀਆਂ ਦੇ ਉਥਾਨ ਅਤੇ ਦੁਖਾਂਤਕ ਅੰਤ ਦੀ ਗੱਲ ਕਰਦਾ ਹੈ ਤਾਂ ਉਦੋਂ ਉਹ ਇਸ ਲਹਿਰ ਤੋਂ ਪਾਸਾ ਵੱਟਣ ਵਾਲੇ ਕਵੀਆਂ ਦੇ ਸਮਾਜਿਕ ਅਤੇ ਰਾਜਨੀਤਕ ਵਿਹਾਰ ਨੂੰ ਵਰਤਮਾਨ ਦੀ ਕਸਵੱਟੀ 'ਤੇ ਵੀ ਪਰਖ਼ ਕੇ ਵੇਖਦਾ ਹੈ। ਉਹ ਜੁਗਾੜ ਤੰਤਰ ਨੂੰ ਰੱਦ ਕਰਦਾ ਹੋਇਆ ਕਵੀ ਦੀ ਅਸਲ ਭੂਮਿਕਾ ਨੂੰ ਸਾਹਮਣੇ ਲਿਆਉਣ ਦਾ ਜੇਰਾ ਕਰਦਾ ਹੈ।

ਇਸ ਕਾਵਿ ਸੰਗ੍ਰਹਿ ਦੀ ਕਵਿਤਾ 'ਪ੍ਰਸੰਗ ਰਹਿਤ' ਅਜੋਕੇ ਮਾਹੌਲ ਵਿੱਚ ਬੜੇ ਗਹਿਰੇ ਅਰਥ ਰੱਖਦੀ ਹੈ। ਇਹ ਕਵਿਤਾ ਜਿੱਥੇ ਸਮਕਾਲ ਵਿੱਚ ਸ਼ਬਦ ਦੀ ਭੂਮਿਕਾ ਨਿਸ਼ਚਿਤ ਕਰਨ ਦਾ ਯਤਨ ਕਰਦੀ ਹੈ, ਉਸ ਦੇ ਨਾਲ ਹੀ ਸਾਡੇ ਆਲੇ-ਦੁਆਲੇ ਘਟ ਰਹੇ ਵਰਤਾਰਿਆਂ ਦੀ ਤੀਬਰਤਾ ਨੂੰ ਵੀ ਦਰਸਾਉਣ ਦੇ ਆਹਰ ਵਿੱਚ ਹੈ। ਕਵੀ ਇਨ੍ਹਾਂ ਸੰਕਟ ਭਰੇ ਸਮਿਆਂ ਵਿੱਚ ਬੁੱਧੀਜੀਵੀ ਵਰਗ ਦੀ ਖਾਮੋਸ਼ੀ ਨੂੰ ਇੱਕ ਸਾਜ਼ਿਸ਼ ਗਰਦਾਨਦਾ ਹੈ। ਉਹ ਆਪਣੀ ਕਵਿਤਾ ਵਿੱਚ ਇਸ ਖਤਰਨਾਕ ਚੁੱਪੀ ਦਾ ਮਸਲਾ ਵਾਰ-ਵਾਰ ਉਠਾਉਂਦਾ ਹੈ। ਇਹ ਸੰਵਾਦ ਇਸ ਕਵਿਤਾ ਵਿੱਚ ਵਿਭਿੰਨ ਰੂਪ ਵਿੱਚ ਚਲਦਾ ਦਿਖਾਈ ਦਿੰਦਾ ਹੈ। ਮਤਿਆਲਵੀ ਕਵੀ ਜਨਾਂ ਅਤੇ ਆਲੋਚਕਾਂ ਨੂੰ ਵਾਦ-ਸੰਵਾਦ ਦੀ ਗਹਿਰ ਵਿੱਚੋਂ ਨਿਕਲ ਕੇ ਸਿੱਧਾ ਮੈਦਾਨ ਵਿੱਚ ਨਿਤਰਨ ਲਈ ਵੰਗਾਰਦਾ ਹੈ।

ਇਸ ਪੁਸਤਕ ਵਿਚਲੀ ਕਵਿਤਾ ਮਹਿਜ਼ ਆਪਣੇ ਆਲੇ-ਦੁਆਲੇ ਨਾਲ ਸੰਵਾਦ ਹੀ ਨਹੀਂ ਰਚਾਉਂਦੀ, ਸਗੋਂ ਅਜੋਕੇ ਪਰਿਪੇਖ ਵਿੱਚ ਮਨੁੱਖ ਦੀ ਸਮਾਜਿਕ ਸਰਗਰਮੀ ਅਤੇ ਗਤੀਸ਼ੀਲਤਾ 'ਤੇ ਵਧੇਰੇ ਜ਼ੋਰ ਦਿੰਦੀ ਹੈ। ਇਹ ਪ੍ਰਵਚਨ ਵਿਰੋਧੀ ਅਤੇ ਵਿਕਰਾਲ ਪ੍ਰਸਥਿਤੀਆਂ ਵਿੱਚ ਸ਼ੂਕਦੇ ਤੀਰ ਵਾਂਗ ਅੱਗੇ ਵਧਦਾ ਹੋਇਆ ਨਿਵੇਕਲੇ ਢੰਗ ਨਾਲ ਸਮਕਾਲ ਦੀ ਗਹਿਰੀ ਧੁੰਦ ਦੇ ਆਰ-ਪਾਰ ਹੋ ਜਾਂਦਾ ਹੈ। ਇਹ ਅਜੀਬ ਕੌਤਕ ਸਿਰਫ਼ ਮਤਿਆਲਵੀ ਦੀ ਕਵਿਤਾ ਵਿੱਚ ਹੀ ਵਾਪਰ ਸਕਦਾ ਹੈ। ਜੇਕਰ ਪੰਜਾਬੀ ਕਵਿਤਾ ਦੇ ਵਰਤਮਾਨ ਦ੍ਰਿਸ਼ ਵੱਲ ਇੱਕ ਝਾਤ ਮਾਰੀ ਜਾਵੇ ਤਾਂ ਇਹ ਕਵਿਤਾ ਬਹੁਸੁਰਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਕਵਿਤਾ ਵਿੱਚ ਸਮਕਾਲੀ ਮਨੁੱਖ ਦੇ ਹੋਂਦਮੂਲਕ ਮਸਲੇ ਅਤੇ ਸੰਕਟ ਕੇਂਦਰ ਵਿੱਚ ਰਹਿੰਦੇ ਹਨ। ਇਸ ਕਵਿਤਾ ਦੀ ਇਹ ਪ੍ਰਾਪਤੀ ਕਹੀ ਜਾ ਸਕਦੀ ਹੈ ਕਿ ਇਹ ਕਵਿਤਾ ਸਾਡੇ ਸਮਾਜਿਕ ਵਿਹਾਰ ਪਿੱਛੇ ਕੰਮ ਕਰ ਰਹੇ ਉਨ੍ਹਾਂ ਕਾਰਨਾਂ ਅਤੇ ਕਾਰਕਾਂ ਨੂੰ ਤਲਾਸ਼ਣ ਦਾ ਯਤਨ ਕਰਦੀ ਹੈ, ਜਿਹੜੇ ਸਾਡੀ ਸਮਾਜਿਕ ਹੋਣੀ ਨੂੰ ਨਿਸ਼ਚਤ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ। ਇਹੀ ਕਾਰਨ ਹੈ ਕਿ ਇਹ ਕਵਿਤਾ ਰਾਜਨੀਤਕ ਬੁਰਛਾਗਰਦੀ ਅਤੇ ਰਾਜਸੀ ਪ੍ਰਪੰਚਾਂ ਦੀ ਬਿਸਾਤ ਨੂੰ ਵੱਖਰੇ ਢੰਗ ਨਾਲ ਪੇਸ਼ ਕਰਦੀ ਹੈ। ਮਤਿਆਲਵੀ ਆਪਣੀ ਗੱਲ ਕਹਿਣ ਲੱਗਿਆਂ ਸੁਹਜਾਤਮਕ ਵਾਤਾਵਰਣ ਨਹੀਂ ਉਸਾਰਦਾ, ਸਗੋਂ ਕੌੜੀ-ਕੁਸੈਲੀ ਭਾਸ਼ਾ ਵਿੱਚ ਗੱਲ ਕਰਨ ਨੂੰ ਵਧੇਰੇ ਤਰਜੀਹ ਦਿੰਦਾ ਹੈ। ਇਸ ਤਰ੍ਹਾਂ ਦੀ ਕਵਿਤਾ ਦਾ ਇੱਕ ਆਪਣਾ ਹੀ ਕਾਵਿ-ਸ਼ਾਸ਼ਤਰ ਹੁੰਦਾ ਹੈ। ਇਸ ਤਰ੍ਹਾਂ ਦੀ ਕਵਿਤਾ ਕੋਈ ਤਲਿਸਮੀ ਆਭਾ ਮੰਡਲ ਨਹੀਂ ਉਸਾਰਦੀ, ਇਸ ਦੀ ਪਹਿਲ-ਕਦਮੀ ਪਾਠਕ ਨੂੰ ਚਿੰਤਾ ਅਤੇ ਚਿੰਤਨ ਦੇ ਰਾਹ 'ਤੇ ਤੋਰਨ ਦੀ ਹੁੰਦੀ ਹੈ। ਇਹ ਜੁਗਤ ਇਸ ਕਵਿਤਾ ਨੂੰ ਇੱਕ ਸਥਿਰ ਪੈਟਰਨ ਵਿੱਚ ਨਿਰੰਤਰ ਗਤੀਸ਼ੀਲ ਬਣਾਈ ਰੱਖਦੀ ਹੈ। ਇਸ ਪੁਸਤਕ ਦੀ ਅੰਤਿਕਾ 'ਹੈਪੀ ਮਿਲੇਨੀਅਮ' ਸਾਡੇ ਧਿਆਨ ਦੀ ਮੰਗ ਕਰਦੀ ਹੈ। ਮਤਿਆਲਵੀ ਇਸ ਦੌਰ ਦੀ ਬੇਤਰਤੀਬੀ ਅਤੇ ਆਤੰਕ 'ਤੇ ਟਿੱਪਣੀ ਕਰਦਾ ਹੈ। ਉਹ ਕਵਿਤਾ ਨੂੰ ਰਸਾਂ ਵਾਂਗ ਸਿਰਫ਼ ਮਾਨਣ ਦੀ ਸ਼ੈਅ ਨਹੀਂ ਮੰਨਦਾ, ਸਗੋਂ ਇਸ ਨੂੰ ਸਮਾਜਿਕ ਕਾਇਆ-ਕਲਪ ਦੇ ਬਦਲ ਵਜੋਂ ਨਿਰਧਾਰਿਤ ਕਰਨ ਦੀ ਚਾਹਤ ਰੱਖਦਾ ਹੈ। ਮਤਿਆਲਵੀ ਇਤਿਹਾਸਕ ਚੇਤਨਾ ਦਾ ਕਵੀ ਹੈ। ਉਸ ਦੀ ਕਵਿਤਾ ਇਤਿਹਾਸਕ ਪਿੱਠਭੂਮੀ ਵਿੱਚ ਚਲਦੀ ਹੋਈ ਸਾਡੇ ਆਲੇ-ਦੁਆਲੇ ਘਟ ਰਹੇ ਵਰਤਾਰਿਆਂ ਦੀ ਪੈੜ ਨੱਪਣ ਲਈ ਜੱਦੋ-ਜਹਿਦ ਕਰਦੀ ਵਿਖਾਈ ਦਿੰਦੀ ਹੈ। ਉਹ ਧਰਮ ਅਤੇ ਮਿਥਿਹਾਸ ਨੂੰ ਲੋਕਾਂ ਵਿਰੁੱਧ ਵਰਤਣ ਵਾਲੀਆਂ ਸ਼ਕਤੀਆਂ ਦੀ ਅਸਲ ਮਨਸ਼ਾ ਤੋਂ ਪਰਦਾ ਲਾਹ ਸੁੱਟਦਾ ਹੈ। ਸਿਰਫ਼ ਐਨਾ ਹੀ ਨਹੀਂ, ਉਹ ਲੋਕ-ਮਾਨਸਿਕਤਾ ਦੇ ਆਪਣਾ ਗਲਬਾ ਜਮਾਉਣ ਵਾਲੀਆਂ ਧਿਰਾਂ ਦੀ ਕਾਰਪੋਰੇਟੀ ਸੋਚ ਅਤੇ ਮਨਮਾਨੀਆਂ ਦੀ ਧੌਂਸਮੂਲਕ ਰਾਜਨੀਤੀ ਦੀਆਂ ਗਹਿਰੀਆਂ ਪਰਤਾਂ ਨੂੰ ਚੇਤਨਾ ਰੂਪੀ ਨਸ਼ਤਰ ਦੀ ਤਿੱਖੀ ਧਾਰ ਨਾਲ ਕੁਰੇਦਣ ਦੀ ਸ਼ਕਤੀ ਵੀ ਰੱਖਦਾ ਹੈ। ਇਹ ਦੋ-ਧਾਰੀ ਸਿਰਜਣਾ ਇਸ ਕਵਿਤਾ ਨੂੰ ਵਿਚਾਰਧਾਰਾ ਦੇ ਮਹਾਂ ਸੰਗਰਾਮ ਨਾਲ ਜੋੜਦੀ ਹੋਈ ਚਿੰਤਨ ਮੰਥਨ ਦੇ ਨਵੇਂ ਦੁਆਰ ਖੋਲ੍ਹਦੀ ਹੈ। ਇਹੀ ਕਾਰਨ ਹੈ ਕਿ ਮਤਿਆਲਵੀ ਦੀ ਕਵਿਤਾ ਸਥਾਪਤ ਸੁਹਜ-ਸ਼ਾਸਤਰ ਨੂੰ ਰੱਦ ਕਰਦੀ ਹੋਈ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਕੋਈ ਨਵੀਂ ਪਿਰਤ ਪਾਉਣ ਲਈ ਯਤਨਸ਼ੀਲ ਹੈ। ਉਹ ਵਿਸ਼ਵੀਕਰਨ ਦੀ ਰਾਜਨੀਤੀ, ਪ੍ਰਪੰਚਾਂ ਅਤੇ ਪਾਸਾਰਾਂ ਨੂੰ ਵੱਖ-ਵੱਖ ਖੰਡਾਂ ਅਤੇ ਪ੍ਰਸੰਗਾਂ ਵਿੱਚ ਚਿਤਵਣ ਦੀ ਬਜਾਏ ਸਮੁੱਚੇ ਰੂਪ ਵਿੱਚ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਸੰਗਠਿਤ ਕਾਵਿ-ਪ੍ਰਬੰਧ ਉਸ ਦੀ ਕਵਿਤਾ ਨੂੰ ਲੋਕ ਮੁਕਤੀ ਦੀ ਲਹਿਰ ਦੀ ਅਗਲੀ ਕੜੀ ਨਾਲ ਜੋੜਦਾ ਹੈ। ਜਦ ਇਹ ਕਵਿਤਾ ਇਸ ਪਾਸੇ ਵੱਲ ਮੋੜਾ ਕੱਟਦੀ ਹੈ ਤਾਂ ਇਸ ਦਾ ਸਾਹਿਤਕ ਮਨੋਰਥ ਆਪਣੇ-ਆਪ ਹੀ ਸਪੱਸ਼ਟ ਹੋ ਜਾਂਦਾ ਹੈ। ਇਹ ਕਵਿਤਾ ਦੱਬੇ-ਕੁਚਲੇ, ਲਤਾੜੇ ਅਤੇ ਜਾਗ੍ਰਿਤ ਬੰਦੇ ਦਾ ਮਨੋ-ਸੰਵਾਦ ਹੈ। ਇਸ ਦੀਆਂ ਇਕਹਿਰੀਆਂ ਅਤੇ ਜਟਿਲ ਪਰਤਾਂ ਵਿੱਚ ਵਿਵਸਥਾ ਵੱਲੋਂ ਨਕਾਰੇ ਗਏ ਮਨੁੱਖ ਦਾ ਰੋਹ, ਵਿਦਰੋਹ ਅਤੇ ਆਕ੍ਰੋਸ਼ ਪਿਆ ਹੋਇਆ ਹੈ। ਜਦੋਂ ਇਹ ਮਾਰ, ਧਾੜ ਅਤੇ ਹਿੰਸਾ ਮਤਿਆਲਵੀ ਦੀ ਕਵਿਤਾ ਵਿੱਚ ਵਾਪਰਦੀ ਹੈ ਤਾਂ ਇਸ ਵਿੱਚੋਂ ਅਨੰਤ ਨਗਾਰਿਆਂ ਦੀ ਆਵਾਜ਼ ਉਤਪੰਨ ਹੁੰਦੀ ਹੈ। ਉਸ ਦੀ ਹਰ ਕਵਿਤਾ ਵਿੱਚ ਅਸੀਂ ਇਹ ਆਹਟ ਸੁਭਾਵਿਕ ਰੂਪ ਵਿੱਚ ਸੁਣਦੇ ਹਾਂ।

ਇਸ ਸਮੁੱਚੀ ਕਵਿਤਾ ਨੂੰ ਪੜ੍ਹਦਿਆਂ ਇਹ ਗੱਲ ਬੜੇ ਵਿਸ਼ਵਾਸ ਨਾਲ ਆਖੀ ਜਾ ਸਕਦੀ ਹੈ ਕਿ ਇਹ ਕਵਿਤਾ ਮਹਿਜ਼ ਸਮਕਾਲ ਦਾ ਬਿਰਤਾਂਤ ਮਾਤਰ ਨਹੀਂ ਹੈ, ਇਸ ਨੂੰ ਸਮਝਣ ਅਤੇ ਪਰਿਭਾਸ਼ਤ ਕਰਨ ਲਈ ਇਸ ਦੀਆਂ ਅੰਤਰਦ੍ਰਿਸ਼ਟੀਆਂ ਅਤੇ ਆਂਤਰਿਕ ਧੁਨੀਆਂ ਵੱਲ ਪਰਤਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਇਸ ਕਵਿਤਾ ਵਿੱਚ ਵਿਚਰਦੇ ਕਾਵਿ ਨਾਇਕ ਦੀ ਸ਼ਨਾਖ਼ਤ ਕਰਨੀ ਵੀ ਬੇਹੱਦ ਜ਼ਰੂਰੀ ਹੈ। ਉਹ ਕੋਈ ਸਧਾਰਨ ਕਿਸਮ ਦਾ ਆਦਮੀ ਨਹੀਂ ਹੈ, ਉਸ ਦੀ ਗੰਭੀਰਤਾ, ਤਲਖੀ ਅਤੇ ਬੇਚੈਨੀ ਉਸ ਨੂੰ ਵੱਖਰੇ ਰਾਹਾਂ ਦਾ ਪਾਂਧੀ ਬਣਾਉਂਦੀ ਹੈ। ਅਜੋਕੀ ਪੰਜਾਬੀ ਕਵਿਤਾ ਵਿੱਚ ਅਜਿਹਾ ਤਿੱਖਾ ਅਤੇ ਗਹਿਗੱਚ ਸੰਵਾਦ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਇਹ ਕਵਿਤਾ ਧਰਮ ਅਤੇ ਰਾਜਨੀਤੀ ਦੇ ਮੱਕੜਜਾਲ ਅਤੇ ਦਮਨ ਚੱਕਰ ਨੂੰ ਇਸ ਢੰਗ ਨਾਲ ਪੇਸ਼ ਕਰਦੀ ਹੈ ਕਿ ਇਸ ਵਿੱਚੋਂ ਸੱਭਿਅਤਾ ਦੇ ਖੰਡਰ ਆਪਣੇ ਆਪ ਜੱਗ ਜ਼ਾਹਰ ਹੋਣ ਲੱਗਦੇ ਹਨ। ਉਦੋਂ ਇਸ ਕਵਿਤਾ ਵਿੱਚੋਂ ਪਰੋਮਿਥੀਅਸ ਦੀ ਛਟਪਟਾਹਟ ਅਤੇ ਦਰਦ ਲੋਕ ਪੀੜਾ ਵਿੱਚ ਢਲਣ ਲੱਗਦੇ ਹਨ। ਇਸ ਕਵਿਤਾ ਵਿੱਚ ਕੁੱਤਾ ਜੂਨ ਦਾ ਕਠੋਰ ਚਿਹਨ ਅਤੇ ਮੈਂਡੋਲੀਨ ਦਾ ਸੰਗੀਤਕ ਤੇ ਕੋਮਲ ਚਿਹਨ ਜਿੱਥੇ ਪਥਰਾ ਗਏ ਸਮਿਆਂ ਦੀ ਤੁਲਨਾਤਮਕ ਅਤੇ ਟਕਰਾਵੀਂ ਤਰਜਮਾਨੀ ਕਰਦੇ ਹਨ, ਉਸ ਦੇ ਨਾਲ ਹੀ ਇਸ ਕਰੂਰ ਦੌਰ ਵਿੱਚ ਬੰਦੇ ਲਈ ਆਸ ਅਤੇ ਆਸਥਾ ਦਾ ਦੀਵਾ ਵੀ ਬਾਲਦੇ ਹਨ। ਇਸ ਤਰ੍ਹਾਂ ਮਤਿਆਲਵੀ ਦੀ ਕਵਿਤਾ ਜਿੱਥੇ ਮੂੰਹਜ਼ੋਰ ਸਮਿਆਂ ਅੱਗੇ ਇੱਕ ਵੰਗਾਰ ਖੜ੍ਹੀ ਕਰਦੀ ਹੈ, ਉਸ ਦੇ ਨਾਲ ਹੀ ਸਦੀਆਂ ਤੋਂ ਕੁੱਤਾ ਜੂਨ ਵਰਗੀ ਹੋਣੀ ਭੋਗ ਰਹੇ ਜਨਮਾਨਸ ਲਈ ਆਸ ਦਾ ਦੀਵਾ ਵੀ ਜਗਾਉਂਦੀ ਹੈ। ਇਹ ਕਾਵਿ ਪੁਸਤਕ ਜਿੱਥੇ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਸੰਵਾਦ ਛੇੜਦੀ ਹੈ, ਉਸ ਦੇ ਨਾਲ ਹੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਮੁਹਾਵਰਾ ਸਥਾਪਤ ਕਰਨ ਲਈ ਜੱਦੋ-ਜਹਿਦ ਕਰਦੀ ਵੀ ਨਜ਼ਰ ਆਉਂਦੀ ਹੈ।

ਮੋਬਾ. 98144—79150

---

# ਪੁਰਖਿਆਂ ਦੀਆਂ ਜੜ੍ਹਾਂ ਨੂੰ ਫਰੋਲਦਿਆਂ

## ਮੇਰੇ ਪਿਤਾ ਦੀ ਕੁਰਸੀ

(ਪਾਕਿਸਤਾਨ ਦੀ ਯਾਤਰਾ)
**ਰਜਵੰਤ ਕੌਰ ਸੰਧੂ**
**ਪੰਨੇ : 128, ਮੁੱਲ : 150 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**

**ਸਾਹਿਤ ਚਿੰਤਨ**

**ਡਾ. ਸੰਦੀਪ ਰਾਣਾ**

ਧਾਰਮਿਕ ਯਾਤਰਾਵਾਂ ਜਾਂ ਸਾਹਿਤਕ ਸਮਾਗਮਾਂ 'ਤੇ ਪਾਕਿਸਤਾਨ ਜਾ ਕੇ ਆਏ ਕਈ ਪੰਜਾਬੀ ਲੇਖਕਾਂ ਨੇ ਧਾਰਮਿਕ ਅਤੇ ਸਾਹਿਤਕ ਗਤੀਵਿਧੀਆਂ ਦੇ ਨਾਲ-ਨਾਲ ਆਪਣੇ ਜੱਦੀ ਪਿੰਡਾਂ, ਵਿੱਛੜੇ ਦੋਸਤਾਂ-ਮਿੱਤਰਾਂ ਤੇ ਦੋਹਾਂ ਦੇਸ਼ਾਂ ਦੇ ਸਾਂਝੇ ਸੱਭਿਆਚਾਰ ਨੂੰ ਕੇਂਦਰ ਵਿੱਚ ਰੱਖ ਕੇ ਸਫ਼ਰਨਾਮੇ ਲਿਖੇ, ਜੋ ਸਫ਼ਰਨਾਮਾ ਸਾਹਿਤ ਵਿੱਚ ਵੱਖਰੀ ਪਹਿਚਾਣ ਰੱਖਦੇ ਹਨ। 1947 ਦੀ ਵੰਡ ਸਮੇਂ ਉਸ ਖ਼ਾਸ ਖਿੱਤੇ ਤੋਂ ਦੂਰ ਹੋਏ ਲੋਕਾਂ ਨੇ ਆਪਣੀ ਮਾਤ-ਭੂਮੀ ਨੂੰ ਛੱਡਣ ਦਾ ਜੋ ਦਰਦ ਹੰਢਾਇਆ, ਉਹ ਜ਼ਖ਼ਮ ਉਹਨਾਂ ਦਿਲਾਂ ਵਿੱਚ ਅਜੇ ਵੀ ਬਾਕੀ ਹਨ। ਉਹਨਾਂ ਨੂੰ ਇਹ ਸਫ਼ਰਨਾਮੇ ਆਪਣੀ ਮਾਤ-ਭੂਮੀ ਤੋਂ ਆਏ ਸੁਨੇਹੇ ਵਾਂਗ ਪ੍ਰਤੀਤ ਹੁੰਦੇ ਹਨ ਅਤੇ ਇਸੇ ਕਾਰਨ ਇਹਨਾਂ ਸਫ਼ਰਨਾਮਿਆਂ ਨੂੰ ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ। ਇਸੇ ਲੜੀ ਅਧੀਨ ਇੱਕ ਸਫ਼ਰਨਾਮਾ ਪ੍ਰਕਾਸ਼ਿਤ ਹੋਇਆ ਹੈ, ਜੋ ਰਜਵੰਤ ਕੌਰ ਸੰਧੂ ਦੁਆਰਾ ਲਿਖਿਆ ਗਿਆ ਹੈ ਅਤੇ ਇਹ ਸਫ਼ਰਨਾਮਾ ਔਰਤ ਲੇਖਕਾਂ ਦੁਆਰਾ ਲਿਖੇ ਸਫ਼ਰਨਾਮਿਆਂ ਵਿੱਚ ਮੁੱਲਵਾਨ ਵਾਧਾ ਹੈ। ਵੰਡ ਦੇ ਇਸ ਦਰਦ ਤੇ ਮਨਾਂ ਅੰਦਰਲੀ ਭਾਵੁਕਤਾ ਨੂੰ ਇੱਕ ਔਰਤ ਦੇ ਨਜ਼ਰੀਏ ਤੋਂ ਵੇਖਣਾ ਤੇ ਸਮਝਣਾ ਪਾਠਕ ਲਈ ਵੀ ਇੱਕ ਵਿਲੱਖਣ ਅਨੁਭਵ ਸਿੱਧ ਹੁੰਦਾ ਹੈ। ਇਹ ਸਫ਼ਰਨਾਮਾ ਇਸ ਗੱਲ ਕਾਰਨ ਹੋਰ ਵਿਲੱਖਣ ਅਤੇ ਵਿਸ਼ੇਸ਼ ਹੋ ਜਾਂਦਾ ਹੈ ਕਿ ਲੇਖਿਕਾ ਆਪਣੇ-ਆਪ ਨੂੰ ਕੋਈ ਵੱਡੀ ਸਾਹਿਤਕਾਰਾ ਨਹੀਂ ਕਹਿੰਦੀ। ਉਸ ਦੁਆਰਾ ਇੱਕ ਆਮ ਨਾਗਰਿਕ ਵਾਂਗ ਇਹ ਯਾਤਰਾ ਕਰਨੀ ਅਤੇ ਫਿਰ ਉਸ ਯਾਤਰਾ ਦਾ ਬਿਰਤਾਂਤ ਕਲਮਬੱਧ ਕਰਨਾ ਆਪਣੇ-ਆਪ ਵਿੱਚ ਵਿਲੱਖਣ ਪ੍ਰਾਪਤੀ ਹੈ।

ਸਫ਼ਰਨਾਮੇ 'ਮੇਰੇ ਪਿਤਾ ਦੀ ਕੁਰਸੀ' ਦੀ ਸ਼ੁਰੂਆਤ ਵਿੱਚ ਲੇਖਿਕਾ ਆਪਣੀ ਪਾਕਿਸਤਾਨ ਜਾਣ ਦੀ ਹਸਰਤ ਬਾਰੇ ਦੱਸਦੀ ਹੈ ਕਿ ਉਸ ਦੇ ਪਤੀ ਨਾਮਵਰ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ ਇਸ ਤੋਂ ਪਹਿਲਾਂ ਵੀ ਦੋ ਵਾਰ ਪਾਕਿਸਤਾਨ ਜਾ ਆਏ ਸਨ ਤੇ ਦੋਵੇਂ ਵਾਰ ਲੇਖਿਕਾ ਦੇ ਮਨ ਦੀ ਨਾਲ ਜਾਣ ਹਸਰਤ ਪੂਰੀ ਨਾ ਹੋ ਸਕੀ। ਆਖ਼ਰਕਾਰ 2023 ਵਿੱਚ ਦੋਹਾਂ ਪਤੀ-ਪਤਨੀ ਦਾ ਕੈਨੇਡਾ ਤੋਂ ਭਾਰਤ ਆਉਣ ਅਤੇ ਫਿਰ ਪਾਕਿਸਤਾਨ ਜਾਣ ਦਾ ਸਬੱਬ ਬਣ ਹੀ ਗਿਆ। ਇਸ ਢੰਗ ਨਾਲ ਭਾਵੁਕ, ਧਾਰਮਿਕ ਅਤੇ ਸ਼ਰਧਾ ਭਰੇ ਸਫ਼ਰ ਦਾ ਆਗ਼ਾਜ਼ ਹੁੰਦਾ ਹੈ। 1947 ਦੀ ਭਾਰਤ-ਪਾਕਿਸਤਾਨ ਵੰਡ ਸਮੇਂ ਲੱਖਾਂ ਲੋਕਾਂ ਨੂੰ ਆਪਣੇ ਘਰ-ਬਾਰ, ਜ਼ਮੀਨਾਂ ਤੇ ਪਿੰਡ ਛੱਡ ਕੇ ਰਾਤੋ-ਰਾਤ ਹਿਜਰਤ ਕਰਨੀ ਪਈ ਸੀ। ਇਸ ਵੰਡ ਦਾ ਸਭ ਤੋਂ ਵੱਡਾ ਖ਼ਮਿਆਜ਼ਾ ਪੰਜਾਬ ਦੀ ਧਰਤੀ ਨੂੰ ਭੁਗਤਣਾ ਪਿਆ। ਲੇਖਿਕਾ ਦੇ ਪਤੀ ਦਾ ਪਰਵਾਰ ਵੀ ਇਸੇ ਤਰ੍ਹਾਂ ਹਿਜਰਤ ਕਰਕੇ ਭਾਰਤ ਪਹੁੰਚਿਆ ਸੀ ਤੇ ਉਸ ਪਰਵਾਰ ਨੂੰ ਆਪਣਾ ਪਿੰਡ ਭੜਾਣਾ ਛੱਡਣਾ ਪਿਆ ਸੀ। ਇਸ ਕਰਕੇ ਆਪਣੇ ਪਤੀ ਦੇ ਮਨ ਦੀ ਬੁੱਝ ਕੇ ਇਸ ਸਫ਼ਰ ਦੀ ਸ਼ੁਰੂਆਤ ਲੇਖਿਕਾ ਉਸੇ ਪਿੰਡ ਤੋਂ ਕਰਨਾ ਚਾਹੁੰਦੀ ਹੈ। ਜਦ ਉਹ ਦੋਵੇਂ ਆਪਣੇ ਪਾਕਿਸਤਾਨੀ ਸਾਥੀਆਂ ਨਾਲ ਉਸ ਪਿੰਡ ਪੁੱਜਦੇ ਹਨ ਤਾਂ ਆਪਣੇ ਅਤੇ ਆਪਣੇ ਪਤੀ ਦੇ ਅਨੁਭਵ ਨੂੰ ਉਹ ਬੜੇ ਸਰਲ ਪਰ ਭਾਵੁਕ ਢੰਗ ਨਾਲ ਲਿਖਦੀ ਹੈ। ਇਸ ਸਾਰੇ ਬਿਰਤਾਂਤ ਨਾਲ ਪਾਠਕ ਸਾਹਮਣੇ ਉਸ ਪਿੰਡ ਦੀ ਫੇਰੀ ਦੇ ਸਾਰੇ ਦ੍ਰਿਸ਼ ਸਾਕਾਰ ਹੋ ਜਾਂਦੇ ਹਨ। ਪਾਠਕ ਇੰਞ ਮਹਿਸੂਸ ਕਰਦਾ ਹੈ ਕਿ ਉਹ ਵੀ ਭਾਵੁਕ ਹੋਇਆ ਉਸ ਪਿੰਡ ਵਿੱਚ ਨਾਲ ਹੀ ਘੁੰਮ ਰਿਹਾ ਹੈ, ਪਰ ਇਸ ਸਫ਼ਰਨਾਮੇ ਦਾ ਬਿਰਤਾਂਤ ਭਾਵੁਕਤਾ ਦੇ ਸਿਖ਼ਰ 'ਤੇ ਉਸ ਸਮੇਂ ਪੁੱਜਦਾ ਹੈ, ਜਦ ਲੇਖਿਕਾ ਲਾਹੌਰ ਦੇ ਕਿਲ੍ਹਾ ਗੁੱਜਰ ਸਿੰਘ ਥਾਣੇ ਵਿੱਚ ਜਾਂਦੀ ਹੈ, ਜਿੱਥੇ ਵੰਡ ਸਮੇਂ ਉਸ ਦੇ ਪਿਤਾ ਜੀ ਐੱਸ.ਐੱਚ.ਓ ਵਜੋਂ ਤੈਨਾਤ ਸਨ। ਉਥੇ ਸਾਰੇ ਕਮਰਿਆਂ, ਦਫ਼ਤਰਾਂ ਨੂੰ ਵੇਖਦੀ ਜਦ ਥਾਣਾ ਮੁਖੀ ਦੀ ਕੁਰਸੀ ਤੱਕ ਪੁੱਜਦੀ ਹੈ ਤਾਂ ਮਨ ਬੇਕਾਬੂ ਹੋ ਜਾਂਦਾ ਹੈ। ਉਸ ਕੁਰਸੀ 'ਤੇ ਬੈਠ ਕੇ ਜਦ ਉਹ ਆਪਣੇ ਪਿਤਾ ਦੀ ਕਦੀ ਉਸ ਕੁਰਸੀ 'ਤੇ ਬੈਠਦੇ ਹੋਣ ਸਮੇਂ ਦੀ ਹੋਂਦ ਨੂੰ ਮਹਿਸੂਸ ਕਰਦੀ ਹੈ ਤਾਂ ਉਹਨਾਂ ਭਾਵੁਕ ਪਲਾਂ ਬਾਰੇ ਪੜ੍ਹ ਕੇ ਕੋਈ ਵੀ ਅੱਖ ਨਮ ਹੋਏ ਬਿਨਾਂ ਨਹੀਂ ਰਹਿੰਦੀ। ਮਿਸਾਲ ਵੇਖੋ-ਮੈਂ ਕੁਰਸੀ ਅੱਗੇ ਖਲੋ ਕੇ ਭਾਵੁਕ ਹੋ ਜਾਂਦੀ ਹਾਂ। ਆਪਣੇ ਹੰਝੂ ਲੁਕਾਉਣ ਲਈ ਦੋਵਾਂ ਹੱਥਾਂ ਨਾਲ ਪਲ ਭਰ ਲਈ ਆਪਣੀਆਂ ਅੱਖਾਂ ਨੂੰ ਢਕ ਲੈਂਦੀ ਹਾਂ ਤੇ ਫਿਰ ਕੁਰਸੀ 'ਤੇ ਬੈਠ ਜਾਂਦੀ ਹਾਂ। ਮੇਰੇ ਅੰਦਰ ਕੀ ਵਰੋਲੇ ਉੱਠਦੇ ਹੋਣਗੇ, ਕੀ ਭਾਵਨਾਵਾਂ ਉਮੜ ਰਹੀਆਂ ਹੋਣਗੀਆਂ! ਇਹ ਸਭ ਕੁਝ ਆਪ-ਮੁਹਾਰੇ ਮੇਰੀਆਂ ਅੱਖਾਂ ਵਿੱਚੋਂ ਅੱਥਰੂਆਂ ਦੀ ਝੜੀ ਬਣ ਕੇ ਵਹਿ ਤੁਰਦਾ ਹੈ। (ਪੰਨਾ 38) ਉਸ ਥਾਣੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਸਮੇਂ ਉਹ ਹੋਰ ਜ਼ਿਆਦਾ ਭਾਵੁਕ ਹੁੰਦੀ ਹੈ ਤੇ ਆਪਣੀ ਹੋਂਦ ਨੂੰ ਆਪਣੇ ਪਿਤਾ ਦੇ ਨਾਂਅ ਨਾਲ ਜਾ ਜੋੜਦੀ ਉਹ ਆਪਣੇ-ਆਪ ਨੂੰ ਰਜਵੰਤ ਕੌਰ ਢਿੱਲੋਂ ਕਹਿ ਲੋਕਾਂ ਨੂੰ ਮੁਖ਼ਾਤਬ ਹੁੰਦੀ ਹੈ।

ਇਸ ਤੋਂ ਬਾਅਦ ਲੇਖਿਕਾ ਨਨਕਾਣਾ ਸਾਹਿਬ ਦੀ ਯਾਤਰਾ ਬਾਰੇ ਸਾਰਾ ਹਾਲ ਬਿਆਨ ਕਰਦੀ ਹੈ। ਉਹ ਭਾਵੁਕ ਅਤੇ ਜਾਣਕਾਰੀ ਭਰਪੂਰ ਢੰਗ ਨਾਲ ਗੁਰਦੁਆਰਾ ਜਨਮ ਅਸਥਾਨ, ਗੁਰਦੁਆਰਾ ਬਾਲ ਲੀਲਾ, ਗੁਰਦੁਆਰਾ ਮਾਲ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਆਦਿ ਦੇ ਦਰਸ਼ਨਾਂ ਬਾਰੇ ਪੁਸਤਕ ਵਿੱਚ ਸ਼ਾਮਲ ਕਰਦੀ ਹੈ। ਇਸ ਤੋਂ ਇਲਾਵਾ ਉਹ ਵੱਖਰੇ ਪਾਠਾਂ ਵਿੱਚ ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ ਅਤੇ ਲਾਹੌਰ ਵਿੱਚ ਗੁਰੂ ਅਰਜਨ ਦੇਵ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਰਾ ਸਾਹਿਬ ਦੇ ਦਰਸ਼ਨ ਵੀ ਕੀਤੇ। ਭਾਈ ਲਾਲੋ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਏਮਨਾਬਾਦ ਵੀ ਗਏ। ਗੁਰਦੁਆਰਾ ਪੰਜਾ ਸਾਹਿਬ ਜਾਂਦਿਆਂ ਤਿੰਨ ਦਰਿਆਵਾਂ ਨੂੰ ਪਾਰ ਕਰਨਾ ਵੀ ਲੇਖਿਕਾ ਲਈ ਬੇਮਿਸਾਲ ਤਜਰਬਾ ਸੀ। ਇਸ ਤੋਂ ਬਾਅਦ ਉਹ ਉਹਨਾਂ ਸਮਾਗਮਾਂ ਦੇ ਵੇਰਵੇ ਵੀ ਇਸ ਪੁਸਤਕ ਵਿੱਚ ਸ਼ਾਮਲ ਕਰਦੀ ਹੈ, ਜਦ ਉਹ ਮਾਤ ਭਾਸ਼ਾ ਦਿਵਸ ਸਮੇਂ ਪੰਜਾਬੀ ਭਾਸ਼ਾ ਦੇ ਹੱਕ ਵਿੱਚ ਇਕ ਰੈਲੀ ਵਿੱਚ ਸ਼ਾਮਲ ਹੁੰਦੇ ਹਨ, ਪੰਜਾਬੀ ਸੰਗਤ ਪਾਕਿਸਤਾਨ ਵੱਲੋਂ ਕਰਵਾਏ ਸਮਾਗਮ ਵਿੱਚ ਸ਼ਿਰਕਤ ਕਰਦੇ ਹਨ, ਯੂਨੀਵਰਸਿਟੀ ਵਿੱਚ ਕਰਵਾਏ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ। ਇਸ ਦੇ ਨਾਲ ਹੀ ਉਹ ਪਾਕਿਸਤਾਨ ਦੇ ਜਿਨ੍ਹਾਂ ਅਦੀਬਾਂ ਨੂੰ ਮਿਲਦੇ ਹਨ, ਉਹਨਾਂ ਮੁਲਾਕਾਤਾਂ ਬਾਰੇ ਅਤੇ ਉਹਨਾਂ ਨਾਲ ਹੋਏ ਵਿਚਾਰ ਵਟਾਂਦਰਿਆਂ ਬਾਰੇ ਵੀ ਇਸ ਪੁਸਤਕ ਵਿੱਚ ਵਿਸਥਾਰਤ ਪਾਠ ਸ਼ਾਮਲ ਕੀਤੇ ਗਏ ਹਨ। ਫ਼ਖ਼ਰ ਜ਼ਮਾਂ, ਇਲਿਆਸ ਘੁੰਮਣ, ਖ਼ਾਲਿਦ ਫ਼ਰਹਾਦ, ਅਫ਼ਜ਼ਲ ਸਾਹਿਰ ਅਤੇ ਅਹਿਮਦ ਰਜ਼ਾ ਵਰਗੇ ਕਈ ਸਾਹਿਤਕਾਰਾਂ ਦਾ ਜ਼ਿਕਰ ਇਸ ਸਫ਼ਰਨਾਮੇ ਵਿੱਚ ਮਿਲਦਾ ਹੈ।

ਇਸ ਢੰਗ ਨਾਲ ਇਹ ਸਫ਼ਰਨਾਮਾ ਇਕ ਵੱਖਰੀ ਦ੍ਰਿਸ਼ਟੀ ਤੋਂ ਲਿਖਿਆ ਹੋਣ ਕਾਰਨ ਵਿਸ਼ੇਸ਼ ਵੀ ਹੈ ਅਤੇ ਤਾਜ਼ਗੀ ਭਰਿਆ ਵੀ, ਜਿਸ ਗੱਲ ਨੂੰ ਲੇਖਿਕਾ ਦੇ ਪਤੀ ਡਾ. ਵਰਿਆਮ ਸੰਧੂ ਨੇ ਵੀ ਤਸਲੀਮ ਕੀਤਾ ਹੈ। ਉਸ ਪ੍ਰੇਰਨਾ ਕਾਰਨ ਹੀ ਇਹ ਪੁਸਤਕ ਹੋਂਦ ਵਿੱਚ ਆਈ ਤੇ ਪਾਠਕਾਂ ਨੂੰ ਨਾਰੀ ਦ੍ਰਿਸ਼ਟੀ ਤੋਂ ਲਿਖਿਆ ਸਰਲ, ਪਰ ਪੁਖ਼ਤਾ ਢੰਗ ਨਾਲ ਰਚਿਆ ਸਫ਼ਰਨਾਮਾ ਪੜ੍ਹਨ ਨੂੰ ਮਿਲਿਆ। ਪਾਠਕਾਂ ਦੇ ਭਰਪੂਰ ਹੁੰਗਾਰੇ ਦਾ ਯਕੀਨ ਹੈ।

**ਸੰਪਰਕ : 98728-87551**




---

## ਸੁਰ ਪੰਜ ਦਰਿਆਵਾਂ ਦੇ

**ਸ਼ਮਸ਼ੇਰ ਸਿੰਘ ਸੰਧੂ**
**ਸਫ਼ੇ-172, ਸਾਲ 2025, ਮੁੱਲ-325 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸ਼ਮਸ਼ੇਰ ਸਿੰਘ ਸੰਧੂ ਮਾਂ-ਬੋਲੀ ਪੰਜਾਬੀ ਦਾ ਹੋਣਹਾਰ ਸਾਹਿਤਕਾਰ ਹੈ। ਉਸ ਨੇ ਐੱਮ.ਏ. ਦੀ ਪੜ੍ਹਾਈ ਕਰਦਿਆਂ 1974 ਈ. ਵਿੱਚ ਕਹਾਣੀਆਂ ਦੀ ਮੌਲਿਕ ਕਿਤਾਬ ਛਪਵਾਈ। ਦੋ ਕੁ ਵਰ੍ਹਿਆਂ ਪਿੱਛੋਂ 'ਸਮਾਂਤਰ ਕਹਾਣੀ ਗੋਸ਼ਟੀ' ਦੀ ਪ੍ਰਥਾ ਚਾਲੂ ਕੀਤੀ। ਉਸ ਨੇ ਦੋ ਗੀਤ-ਸੰਗ੍ਰਹਿ, ਇੱਕ ਕਾਵਿ-ਸੰਗ੍ਰਹਿ ਅਤੇ ਇੱਕ ਸੰਪਾਦਿਤ ਕਹਾਣੀ-ਸੰਗ੍ਰਹਿ ਵੀ ਛਪਵਾਏ। ਪੰਜਾਬੀ ਦੇ ਨਾਮਵਰ ਚਿੰਤਕ ਤੇ ਸ਼ਾਇਰ ਡਾ. ਹਰਿਭਜਨ ਸਿੰਘ ਅਨੁਸਾਰ ਉਸ ਦੀ ਸ਼ਾਇਰੀ ਵਿੱਚੋਂ ਵੀ ਗਲਪ ਝਲਕਦਾ ਹੈ। ਉਸ ਦੀ ਸ਼ੈਲੀ ਬੜੀ ਰੌਚਿਕ ਹੈ। ਉਸ ਦੀਆਂ ਸ਼ਾਇਰੀ ਅਤੇ ਸ਼ਾਇਰਾਂ ਨਾਲ ਗੁਫ਼ਤਗੂ ਦੀਆਂ ਬਹੁਤ ਸਾਰੀਆਂ ਵੀਡੀਓਜ਼ ਟੀ.ਵੀ. ਅਤੇ ਯੂ ਟਿਊਬ 'ਤੇ ਆਮ ਵੇਖੀਆਂ ਜਾਂਦੀਆਂ ਹਨ। ਉਹ ਪਹਿਨ-ਪਚਰ ਕੇ ਸੋਹਣਾ ਸਜ-ਸੰਵਰ ਕੇ ਰਹਿਣ ਦਾ ਸ਼ੁਕੀਨ ਹੈ। ਉਸ ਦੀ ਸਰੀਰਕ ਦਿੱਖ, ਫਿਫਟੀ ਵਾਲੀ ਚਿਣ-ਚਿਣ ਕੇ ਬੰਨ੍ਹੀ ਪੱਗ ਤੇ ਕੋਟ-ਨਕਟਾਈ ਕਿਸੇ ਸ਼ਹਿਨਸ਼ਾਹ ਦਾ ਭੁਲੇਖਾ ਪਾਉਂਦੀ ਹੈ। ਉਮਰ ਦੇ ਵਧਣ ਨਾਲ ਉਹ ਸਗੋਂ ਜੁਆਨੀ ਵੱਲ ਪਰਤਦਾ ਦਿਖਾਈ ਦਿੰਦਾ ਹੈ।



ਛੋਟੀ ਉਮਰ ਵਿੱਚ ਚਿੱਠੇ (ਕਾਵਿ-ਕਿੱਸੇ) ਪੜ੍ਹਨ-ਸੁਣਨ ਦੇ ਸ਼ੌਂਕੀ ਸ਼ਮਸ਼ੇਰ ਸੰਧੂ ਨੂੰ ਪੰਜਾਬੀ ਲੋਕਗੀਤਾਂ ਤੇ ਇਨ੍ਹਾਂ ਨੂੰ ਸੰਗੀਤ ਨਾਲ ਸੁਰ ਕਰਕੇ ਰਸੀਲੀ ਆਵਾਜ਼ ਵਿੱਚ ਗਾਉਣ ਵਾਲੇ ਗਾਇਕਾਂ ਤੇ ਲਿਖਣ ਵਾਲੇ ਗੀਤਕਾਰਾਂ ਨੂੰ ਸੁਣਨ ਤੇ ਪੜ੍ਹਨ ਦਾ ਅਵੱਲਾ ਰੋਗ ਚਿੰਮੜ ਗਿਆ। ਉਹ ਗਾਇਕੀ ਅਖਾੜੇ ਸੁਣਦਾ-ਸੁਣਦਾ ਆਪ ਗੀਤ ਲਿਖਣ ਲੱਗ ਪਿਆ। ਤਕੜੇ ਗਾਇਕ ਇਸ ਦੇ ਗੀਤਾਂ ਨੂੰ ਗਾਉਣ ਲੱਗ ਪਏ। ਇਉਂ ਸੰਧੂ ਉਨ੍ਹਾਂ ਦੇ ਨੇੜੇ ਹੁੰਦਾ ਗਿਆ ਤੇ ਉਸ ਨੇ ਉਨ੍ਹਾਂ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ। ਸ਼ਮਸ਼ੇਰ ਸੰਧੂ ਦੇ ਦੱਸਣ ਮੁਤਾਬਿਕ ਉਸ ਨੇ 1983 ਈ: ਵਿੱਚ ਦੋ ਕਿਤਾਬਾਂ 'ਲੋਕਸੁਰਾਂ' ਤੇ 'ਸੁਰ ਦਰਿਆਓ ਪਾਰ ਦੇ' ਲਿਖੀਆਂ। ਉਨ੍ਹਾਂ ਨੂੰ ਬਹੁਤ ਪਸੰਦ ਕੀਤਾ ਗਿਆ ਤੇ ਮੰਗ ਮੁੜ ਛਾਪਣ ਦੀ ਉੱਠੀ, ਇਸ ਲਈ ਇਹ ਦੋਵੇਂ ਪੁਸਤਕਾਂ ਹੁਣ 2025 ਈ: ਵਿੱਚ ਇੱਕੋ ਪੁਸਤਕ ਵਿੱਚ ਭਾਗ 'ੳ' ਤੇ 'ਅ' ਬਣਾ ਕੇ 'ਸੁਰ ਪੰਜ ਦਰਿਆਵਾਂ ਦੇ' ਟਾਈਟਲ ਹੇਠ ਛਾਪ ਦਿੱਤੀਆਂ ਹਨ।

ਭਾਵੇਂ ਹੁਣ ਇਨ੍ਹਾਂ ਵਿੱਚੋਂ ਬਹੁਤੇ ਗਾਇਕ ਹੈ ਤੋਂ 'ਸੀ' ਹੋ ਗਏ ਹਨ। ਪਰੰਤੂ ਸੰਧੂ ਨੇ ਆਪਣੀ ਲਿਖਤ ਵਿੱਚ ਨਾ ਕੋਈ ਵਾਧਾ ਕੀਤਾ ਹੈ ਤੇ ਨਾ ਹੀ ਤਬਦੀਲੀ ਕੀਤੀ ਹੈ, ਸਗੋਂ ਜਿਉਂ ਦੀ ਤਿਉਂ 'ਇਤਿਹਾਸਕ ਦਸਤਾਵੇਜ਼ ਸਮਝ ਕੇ' ਰੱਖੇ ਹਨ। ਲੇਖਕ ਜੇਕਰ ਇਨ੍ਹਾਂ ਦੇ ਅਖੀਰ 'ਤੇ ਨੋਟ ਦੇ ਕੇ ਜਾਂ ਹੋਰ ਪੈਰ੍ਹੇ ਜੋੜ ਕੇ ਵਾਧੇ ਕਰ ਦਿੰਦਾ ਤਾਂ ਇਹ ਮੁੱਲਵਾਨ ਪੁਸਤਕ ਹੋਰ ਵੀ ਵਧੇਰੇ ਕੀਮਤੀ ਹੋ ਜਾਣੀ ਸੀ।

ਪੁਸਤਕ ਦੇ ਭਾਗ (ੳ) ਵਿੱਚ ਭਾਰਤੀ ਪੰਜਾਬ ਦੇ 18 ਪ੍ਰਸਿੱਧ ਗਾਇਕਾਂ ਦੇ 10 ਗਾਇਕਾਵਾਂ ਤੇ ਸ਼ਬਦ ਚਿੱਤਰ ਹਨ, ਜਿਨ੍ਹਾਂ ਵਿੱਚ ਚਾਂਦੀ ਰਾਮ ਤੇ ਸ਼ਾਂਤੀ ਦੇਵੀ, ਮੁਹੰਮਦ ਸਦੀਕ ਤੇ ਰਣਜੀਤ ਕੌਰ, ਪੋਹਲੀ ਤੇ ਪੰਮੀ, ਜਗਮੋਹਨ ਕੌਰ ਤੇ ਕੇ. ਦੀਪ ਦੀਆਂ ਜੋੜੀਆਂ ਹਨ। ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ, ਸ਼ਮਸ਼ਾਦ ਬੇਗ਼ਮ, ਬੀਬੀ ਨੂਰਾ ਤੇ ਸੁਦੇਸ਼ ਕਪੂਰ ਗਾਇਕਾਵਾਂ ਹਨ। ਯਮਲਾ ਜੱਟ, ਮਸਤਾਨਾ, ਜੱਗਾ, ਮਿਲਖੀ ਰਾਮ, ਢਾਡੀ ਦੀਦਾਰ ਸਿੰਹੁ ਰਟੈਂਡਾ, ਹਰਚਰਨ ਗਰੇਵਾਲ, ਦੀਦਾਰ ਸੰਧੂ, ਮਾਣਕ, ਛਿੰਦਾ, ਸੂਫ਼ੀ ਗੁਰਦਾਸ ਮਾਨ, ਕਰਮਜੀਤ ਧੂਰੀ ਤੇ ਗੁਰਪਾਲ ਪਾਲ ਗਾਇਕ ਹਨ। ਜਸਵੰਤ ਸਿੰਘ ਭੰਵਰਾ ਮਿਊਜ਼ਿਕ ਡਾਇਰੈਕਟਰ ਦਾ ਸ਼ਬਦ ਚਿੱਤਰ ਵੀ ਹੈ। ਚਮਕੀਲੇ ਤੱਕ ਵਿੱਚ ਹੋਰ ਵੀ ਕਾਫ਼ੀ ਗਾਇਕਾਂ ਦਾ ਜ਼ਿਕਰ ਹੈ।

ਭਾਗ (ਅ) ਵਿੱਚ ਪਾਕਿਸਤਾਨੀ ਪੰਜਾਬ ਅਤੇ ਬੰਗਲਾਦੇਸ਼ ਵਿੱਚ ਚਲੇ ਗਏ ਪੰਜਾਬੀ ਗਾਇਕ ਤੇ ਗਾਇਕਾਵਾਂ ਦੇ ਸ਼ਬਦ ਚਿੱਤਰ ਹਨ। ਇਨ੍ਹਾਂ ਵਿੱਚ ਨੂਰਜਹਾਂ, ਆਲਮ ਲੁਹਾਰ, ਰੂਨਾ ਲੈਲਾ, ਮਹਿੰਦੀ ਹਸਨ, ਫਰੀਦਾ ਖਾਨੁਮ, ਸ਼ੌਕਤ ਅਲੀ, ਗੁਲਾਮ ਅਲੀ ਤੇ ਰੇਸ਼ਮਾ ਜਿਹੇ ਚਰਚਿੱਤ ਫ਼ਨਕਾਰਾਂ ਸਮੇਤ ਸਬੀਨਾ ਯਾਸਮੀਨ, ਤੁਫ਼ੈਲ ਨਿਆਜੀ, ਨਾਜ਼ੀਆ ਹਸਨ, ਇਲਾਇਤ ਹੁਸੈਨ ਭੱਟੀ, ਨਾਹੀਦ ਅਖ਼ਤਰ, ਅਮਜਦ ਪ੍ਰਵੇਜ਼, ਸ਼ਮਸ਼ਾ ਕੰਵਲ, ਮਲਿਕਾ ਪੁਖਰਾਜ ਤੇ ਤਾਹਿਰਾ ਸਈਅਦ ਅਤੇ ਗੁਲਸ਼ਨ ਆਰਾ ਸਈਅਦ ਸਮੇਤ ਹੋਰ ਕਲਾਕਾਰਾਂ ਬਾਰੇ ਵੀ ਸ਼ਬਦ ਚਿੱਤਰ ਸ਼ਾਮਲ ਹਨ। ਸਮੁੱਚੀ ਪੁਸਤਕ ਦੇ ਪਾਠ ਉਪਰੰਤ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਸੰਧੂ ਨੇ ਉਨ੍ਹਾਂ ਦੇ ਗਾਉਣ ਦੇ ਢੰਗ, ਗੀਤਾਂ ਦੇ ਮੁਖੜੇ, ਗਾਇਨ ਸਟਾਈਲ ਨੂੰ ਬਹੁਤ ਨੇੜਿਓਂ ਹੋ ਕੇ ਵੇਖਿਆ ਹੈ। ਕਿਸੇ ਨੇ ਗ਼ਜ਼ਲਾਂ ਗਾਈਆਂ ਹਨ, ਕਈ ਦੋਗਾਣੇ ਵਿੱਚ ਪ੍ਰਸਿੱਧ ਹੋਏ, ਕਈਆਂ ਨੇ ਕਿੱਸਾ-ਕਾਵਿ ਮਿਰਜ਼ਾ-ਹੀਰ ਗਾਏ, ਲੰਮੀਆਂ ਹੇਕਾਂ ਵਾਲੇ, ਸੋਹਣੇ ਮਿੱਠੇ ਗਲੇ ਵਾਲੇ ਦੱਸ ਕੇ ਪਾਠਕਾਂ ਨੂੰ ਜਾਣੂ ਕਰਵਾਇਆ ਹੈ। ਪ੍ਰਸਿੱਧ ਗਾਣਿਆਂ ਦੀ ਚਰਚਾ ਕੀਤੀ ਹੈ। ਸਭ ਤੋਂ ਵਧੀਆ ਗੱਲ ਸ਼ਮਸ਼ੇਰ ਸੰਧੂ ਨੇ ਗੁਣ-ਔਗੁਣ ਨਿਰਪੱਖ ਹੋ ਕੇ ਦੱਸਦਿਆਂ ਵੀ ਉਨ੍ਹਾਂ ਸਭ ਦੀ ਪ੍ਰਸੰਸਾ ਹੀ ਕੀਤੀ ਹੈ। ਕਈ ਗਾਇਕਾਂ ਬਾਰੇ ਦਿਲਚਸਪ ਘਟਨਾਵਾਂ ਸੁਣਾ ਕੇ ਪਾਠਕਾਂ ਨੂੰ ਉਕਤਾਉਣ ਨਹੀਂ ਦਿੱਤਾ। ਮਿਰਜ਼ਾ ਗ਼ਾਲਿਬ ਦੀ ਫ਼ਾਰਸੀ ਵਿੱਚ ਲਿਖੀ ਗ਼ਜ਼ਲ ਜੋ ਗ਼ੁਲਾਮ ਮੁਸਤਫਾ ਤਬੱਸਮ ਨੇ ਪੰਜਾਬੀ ਵਿੱਚ ਸ਼ਾਨਦਾਰ ਅਨੁਵਾਦ ਕੀਤੀ ਤੇ ਜਿਸ ਨੂੰ ਗ਼ੁਲਾਮ ਅਲੀ ਨੇ ਬੜੇ ਜੋਸ਼ 'ਚ ਗਾਇਆ, ਉਸ ਦਾ ਪੂਰਾ ਪਾਠ ਸਫ਼ਾ 150-51 'ਤੇ ਦੇ ਕੇ ਸੰਧੂ ਨੇ ਵੀ ਸਾਂਭਣਯੋਗ ਸੌਗਾਤ ਪਾਠਕਾਂ ਦੀ ਝੋਲੀ ਪਾ ਦਿੱਤੀ ਹੈ। ਇੱਕ ਪੰਗਤੀ ਹਾਜ਼ਰ ਹੈ। ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ ਆਜਾ ਦੇਖ ਮੇਰਾ ਇੰਤਜ਼ਾਰ ਆਜਾ। ਸੰਧੂ ਦੀ ਤਰਜ਼ਿ ਬਿਆਨੀ ਗ਼ਲਪੀ ਹੈ। ਹਰਿਭਜਨ ਸਿੰਘ ਹੁਰਾਂ ਦੇ ਸ਼ਬਦਾਂ ਵਿੱਚ ਜੇ ਕਹੀਏ ਕਿ ਸਾਰੀ ਸ਼ਬਦ ਚਿੱਤਰ ਪੁਸਤਕ ਇੱਕ ਮਹਾਂ ਕਾਵਿਕ ਨਾਵਲ ਦਾ ਆਕਾਰ ਧਾਰਨ ਕਰੀ ਬੈਠੀ ਹੈ। ਇਹ ਸੱਚ ਹੀ ਹੈ। ਇੱਕ ਤੋਂ ਇੱਕ ਪੰਜਾਬੀ ਲੋਕ ਗੀਤਕਾਰੀ ਦਾ ਨਿਕਾਸ ਤੇ ਵਿਕਾਸ ਗ਼ਲਪੀ ਸ਼ੈਲੀ ਵਿੱਚ ਬੜੇ ਬਿਰਤਾਂਤ ਸਿਰਜ ਕੇ ਲਿਖਿਆ ਗਿਆ ਹੈ। ਪਾਠਕ ਇੱਕ ਵਾਰ ਪੜ੍ਹਨ ਲੱਗਿਆਂ ਸੰਪੂਰਨ ਪੜ੍ਹਨ ਤੱਕ ਲੱਗਿਆ ਰਹਿੰਦਾ ਹੈ। ਭਾਵੇਂ ਕਿ ਕਈ ਗਾਇਕ-ਕਲਾਕਾਰ ਉਸ ਦੀ ਪਹੁੰਚ ਤੋਂ ਬਾਹਰ ਰਹਿ ਗਏ ਜਾਂ ਕਿਸੇ ਕਾਰਨ ਸ਼ਾਮਲ ਨਹੀਂ ਹੋ ਸਕੇ, ਪਰੰਤੂ ਫੇਰ ਵੀ ਸ਼ਾਮਲ ਸਮੱਗਰੀ ਇਤਿਹਾਸਕ ਤੇ ਸਾਂਭਣਯੋਗ ਹੈ।

**- ਤੇਜਾ ਸਿੰਘ ਤਿਲਕ ਬਰਨਾਲਾ**
**ਸੰਪਰਕ - 98766-36159**

---

# ਪੁਸਤਕ ਰੀਵਿਊ

## ਧੁਆਂਖੀਆਂ ਲਗਰਾਂ

(ਨਾਵਲ)
**ਵਜ਼ੀਰ ਸਿੰਘ ਰੰਧਾਵਾ**
**ਪੰਨੇ : 151, ਮੁੱਲ : 300 ਰੁਪਏ**
**ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ**

'ਧੁਆਂਖੀਆਂ ਲਗਰਾਂ' ਨਾਵਲ ਵਜ਼ੀਰ ਸਿੰਘ ਰੰਧਾਵਾ ਦੁਆਰਾ ਲਿਖਿਆ ਗਿਆ ਤੀਜਾ ਨਾਵਲ ਹੈ। ਇਸ ਤੋਂ ਪਹਿਲਾਂ ਉਹ 'ਦੁੱਧ ਦੀ ਲਾਜ' ਅਤੇ 'ਡੁੱਲ੍ਹੇ ਬੇਰ' ਨਾਮਕ ਦੋ ਨਾਵਲ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਉਹ ਇੱਕ ਮਿੰਨੀ ਕਹਾਣੀ-ਸੰਗ੍ਰਹਿ ਦਾ ਰਚੈਤਾ ਵੀ ਹੈ। ਵਿਚਾਰ ਅਧੀਨ ਨਾਵਲ ਅਜੋਕੇ ਸਮੇਂ ਦੀ ਭਿਆਨਕ ਸਮੱਸਿਆ ਨਸ਼ਿਆਂ ਕਾਰਨ ਬਰਬਾਦ ਹੋ ਰਹੀ ਜਵਾਨੀ ਅਤੇ ਨਸ਼ਾ ਤਸਕਰੀ ਦੇ ਗੁੰਝਲਦਾਰ ਜਾਲ ਦੁਆਲੇ ਘੁੰਮਦਾ ਹੈ। ਇਸ ਨਾਵਲ ਵਿੱਚ ਨੌਜਵਾਨ ਪੀੜ੍ਹੀ ਦੇ ਹਨੇਰੇ ਵਿੱਚ ਜਾ ਰਹੇ ਭਵਿੱਖ ਨੂੰ ਮੁੱਖ ਮੁੱਦਾ ਬਣਾ ਕੇ ਇਸ ਦਰਦ ਨੂੰ ਹੰਢਾਉਂਦੇ ਵਿਅਕਤੀਆਂ ਅਤੇ ਪਰਵਾਰਾਂ ਦੀ ਤ੍ਰਾਸਦੀ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਇਹ ਜਗਰੂਪ ਨਾਂਅ ਦੀ ਇੱਕ ਲੜਕੀ ਦੀ ਕਹਾਣੀ ਹੈ, ਜੋ ਭੋਲੇਪਣ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੀ ਹੈ ਅਤੇ ਬਲੈਕਮੇਲ ਕਰਕੇ ਉਸ ਨੂੰ ਨਸ਼ਾ ਤਸਕਰੀ ਦੇ ਚੱਕਰਵਿਊ ਵਿੱਚ ਵੀ ਫਸਾ ਲਿਆ ਜਾਂਦਾ ਹੈ। ਇਸੇ ਸਭ ਕਰਕੇ ਉਸ ਦੀ ਜ਼ਿੰਦਗੀ, ਕੈਰੀਅਰ ਅਤੇ ਭਵਿੱਖ ਸਭ ਦਾਅ 'ਤੇ ਲੱਗ ਜਾਂਦਾ ਹੈ। ਇੱਥੋਂ ਤੱਕ ਕਿ ਉਸ ਦਾ ਪਤੀ ਵੀ ਨਸ਼ੇ ਕਰਨ ਲੱਗਦਾ ਹੈ। ਨਾਵਲ ਅਗਲੇ ਪਸਾਰਾਂ ਵਿੱਚ ਬੜੇ ਫ਼ਿਲਮੀ ਢੰਗ ਨਾਲ ਮੋੜ ਲੈਂਦਾ ਹੋਇਆ ਆਪਣੇ ਸਿਖ਼ਰ ਵੱਲ ਮੁੜਦਾ ਹੈ। ਇਸ ਬਿਰਤਾਂਤ ਦਾ ਸਮਾਂ ਲੱਗਭੱਗ 22-25 ਸਾਲ ਦੇ ਸਮੇਂ ਵਿੱਚ ਫੈਲਿਆ ਹੋਇਆ ਹੈ। ਜਗਰੂਪ ਦੇ ਵਿਆਹ ਸਮੇਂ ਤੋਂ ਸ਼ੁਰੂ ਹੋਏ ਇਸ ਬਿਰਤਾਂਤ ਵਿੱਚ ਜਗਰੂਪ ਦੇ ਨਸ਼ੇ ਕਰਨ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਪਾਠਕ ਦੀ ਉਤਸੁਕਤਾ ਇਸ ਸੰਬੰਧ ਵਿੱਚ ਵਧਦੀ ਹੈ ਕਿ ਇਕ ਲੜਕੀ ਕਿਵੇਂ ਨਸ਼ਿਆਂ ਦੇ ਚੁੰਗਲ ਵਿੱਚ ਫਸੀ ਹੋਵੇਗੀ। ਇਸੇ ਉਤਸੁਕਤਾ ਨੂੰ ਨਾਵਲਕਾਰ ਪਿੱਛਲਝਾਤ ਤਕਨੀਕ ਰਾਹੀਂ ਉਸ ਦੇ ਕਾਲਜ ਸਮੇਂ ਦਾ ਉਪ ਬਿਰਤਾਂਤ ਦੱਸ ਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਵਲਕਾਰ ਉਸ ਸਾਰੀ ਘਟਨਾ ਬਿਰਤਾਂਤ ਬਾਰੇ ਜਾਣਕਾਰੀ ਦਿੰਦਾ ਹੈ ਕਿ ਜਗਰੂਪ ਕਿਵੇਂ ਇਸ ਜਾਲ ਵਿੱਚ ਟਰੈਪ ਹੋਈ। ਇਸ ਤੋਂ ਬਾਅਦ ਵਰਤਮਾਨ ਸਮੇਂ ਨੂੰ ਬਿਆਨ ਕਰਦਾ ਬਿਰਤਾਂਤ ਉਸ ਦੀ ਸਾਰੀ ਜ਼ਿੰਦਗੀ ਦੀ ਕਹਾਣੀ ਪਾਠਕ ਨੂੰ ਕਹਿ ਸੁਣਾਉਂਦਾ ਹੈ। ਨਾਵਲਕਾਰ ਦੀ ਦ੍ਰਿਸ਼ਟੀ ਇੱਥੇ ਕਾਲਪਨਿਕ ਵੱਧ ਲੱਗਦੀ ਹੈ, ਕਿਉਂਕਿ ਕੁਝ ਘਟਨਾਵਾਂ ਅਜਿਹੀਆਂ ਵੀ ਘਟਦੀਆਂ ਹਨ ਜਿਨ੍ਹਾਂ ਨੂੰ ਪਾਠਕ ਸੰਭਵਤਾ ਦੇ ਪੈਮਾਨੇ 'ਤੇ ਪਰਖਦਾ ਹੈ। ਲੰਬਾ ਸਮਾਂ ਨਸ਼ੇ ਕਰਨ ਦੇ ਬਾਵਜੂਦ ਜਗਰੂਪ ਇੱਕ ਵਧੀਆ ਜੀਵਨ ਵੀ ਜਿਉਂਦੀ ਹੈ, ਨਸ਼ਿਆਂ ਦੀ ਤਸਕਰੀ ਵਿੱਚ ਬਲਵਿੰਦਰ ਸਿੰਘ ਨਾਲ ਮਿਲ ਖ਼ੂਬ ਰਕਮ ਕਮਾਉਂਦੀ ਹੈ, ਇਕ ਢਾਬਾ ਖੋਲ੍ਹਦੀ ਹੈ ਅਤੇ ਇੱਕ ਬੇਟੇ ਦੀ ਮਾਂ ਵੀ ਬਣਦੀ ਹੈ। ਇੱਥੇ ਉਸ ਦੇ ਕਈ ਕੰਮਾਂ ਬਾਰੇ ਉਸ ਦਾ ਪਤੀ ਵੀ ਨਹੀਂ ਜਾਣਦਾ। ਉਹ ਇਸ ਢੰਗ ਨਾਲ ਇਹ ਸਾਰੇ ਕੰਮ ਕਰਦੀ ਹੈ ਕਿ ਉਸ ਦੇ ਰਾਜਨੀਤਕ ਲਿੰਕ ਵੀ ਬਣ ਜਾਂਦੇ ਹਨ। ਨਾਵਲ ਦੇ ਅੰਤਿਮ ਪਾਸਾਰ ਵਿੱਚ ਉਹ ਸਮਾਜ ਸੇਵਾ ਵੱਲ ਮੁੜਦੀ ਹੈ ਅਤੇ ਇਕ ਨਸ਼ਾ ਛੁਡਾਊ ਕੇਂਦਰ ਸਥਾਪਤ ਕਰਦੀ ਹੈ। ਫ਼ਿਲਮੀ ਢੰਗ ਨਾਲ ਉਸ ਦੇ ਪੁੱਤ ਜਗਦੀਪ ਦਾ ਵਿਆਹ ਉਸੇ ਵਿਅਕਤੀ ਦੀ ਧੀ ਨਾਲ ਹੁੰਦਾ ਹੈ, ਜਿਸ ਕਾਰਨ ਉਹ ਇਸ ਚੱਕਰਵਿਊ ਵਿੱਚ ਫਸੀ ਸੀ। ਇਸ ਢੰਗ ਨਾਲ ਇਹ ਨਾਵਲ ਸਮਾਜ ਦੇ ਮਾੜੇ ਅਨਸਰਾਂ ਕਾਰਨ ਖ਼ਮਿਆਜ਼ਾ ਭੁਗਤ ਰਹੇ ਲੋਕਾਂ ਦੀ ਗੱਲ ਕਰਦਾ ਹੈ। ਨਾਵਲਕਾਰ ਦੀ ਭਾਸ਼ਾ ਸਰਲ, ਸਹਿਜ ਅਤੇ ਮੁਹਾਵਰੇਦਾਰ ਹੈ ਤੇ ਜ਼ਿਆਦਾਤਰ ਮਾਝੀ ਉਪ ਬੋਲੀ ਦੀ ਵਰਤੋਂ ਕੀਤੀ ਗਈ ਹੈ। ਆਸ ਹੈ ਇਹ ਨਾਵਲ ਪਾਠਕਾਂ ਨੂੰ ਪਸੰਦ ਆਵੇਗਾ।




**— ਡਾ. ਸੰਦੀਪ ਰਾਣਾ**

## ਤੇਤਰੇ ਮੇਤਰੇ ਬੋਲ

(ਕਾਵਿ-ਸੰਗ੍ਰਹਿ)
**ਧਿਆਨ ਸਿੰਘ ਕਾਹਲੋਂ**
**ਪੰਨੇ-152, ਮੁੱਲ-250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਤੇਤਰੇ ਮੇਤਰੇ ਬੋਲ' ਧਿਆਨ ਸਿੰਘ ਕਾਹਲੋਂ ਦੀ ਤੀਸਰੀ ਪੁਸਤਕ ਹੈ।ਇਸ ਤੋਂ ਪਹਿਲਾਂ ਉਸ ਦੇ ਦੋ ਗੀਤ-ਸੰਗ੍ਰਹਿ ਬੋਲ ਰਸੀਲੇ, ਟੁੰਬ ਬੇਬੋਲ ਪ੍ਰਕਾਸ਼ਿਤ ਹੋ ਚੁੱਕੇ ਹਨ। ਗੀਤਕਾਰ ਦੇ ਤੌਰ 'ਤੇ ਉਸ ਨੇ ਪੰਜਾਬੀ ਸਾਹਿਤ ਜਗਤ ਵਿੱਚ ਚੰਗਾ ਨਾਮਣਾ ਖੱਟਿਆ ਹੈ। ਗੀਤਕਾਰੀ ਦੇ ਨਾਲ-ਨਾਲ ਉਹ ਇੱਕ ਚੰਗਾ ਗਾਇਕ ਵੀ ਰਿਹਾ ਹੈ। ਇਸ ਪੁਸਤਕ ਵਿੱਚ ਉਸ ਨੇ ਲੱਗਭੱਗ 113 ਕਵਿਤਾਵਾਂ ਨੂੰ ਸ਼ਾਮਲ ਕੀਤਾ ਹੈ। ਇਸ ਪੁਸਤਕ ਨੂੰ ਭਾਵੇਂ ਕਾਵਿ-ਸੰਗ੍ਰਹਿ ਦਾ ਨਾਂਅ ਦਿੱਤਾ ਗਿਆ ਹੈ। ਜੇਕਰ ਗਿਣਤੀ ਦੀਆਂ ਕੁਝ ਕੁ ਕਵਿਤਾਵਾਂ ਨੂੰ ਇਸ ਵਿੱਚੋਂ ਕੱਢ ਦਿੱਤਾ ਜਾਵੇ ਤਾਂ ਇਹ ਉਸ ਦਾ ਤੀਸਰਾ ਗੀਤ-ਸੰਗ੍ਰਹਿ ਹੀ ਹੈ। ਇਸ ਗੀਤ-ਸੰਗ੍ਰਹਿ ਵਿੱਚ ਸੋਲੋ ਗੀਤਾਂ ਦੇ ਨਾਲ-ਨਾਲ ਡਿਊਟ ਗੀਤ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਗੀਤ-ਸੰਗ੍ਰਹਿ ਦੇ ਗੀਤ ਧਾਰਮਿਕ, ਨੈਤਿਕਤਾ, ਸ਼ਿਸ਼ਟਾਚਾਰ, ਧੋਖਾਧੜੀ ਵਰਗੇ ਵਿਸ਼ਿਆਂ ਦੇ ਨਾਲ ਸੰਬੰਧਤ ਹਨ। ਆਪਣੇ ਇਨ੍ਹਾਂ ਗੀਤਾਂ ਰਾਹੀਂ ਉਹ ਸਮਾਜ ਸੁਧਾਰ ਅਤੇ ਸਮਾਜ ਕਲਿਆਣ ਦਾ ਹੋਕਾ ਦਿੰਦਾ ਹੈ। ਇਨ੍ਹਾਂ ਗੀਤਾਂ ਵਿੱਚ ਉਸ ਨੇ ਸਾਡੇ ਧਾਰਮਿਕ ਨਾਇਕਾਂ, ਯੋਧਿਆਂ, ਸੂਰਬੀਰਾਂ ਦੇ ਜੀਵਨ ਜਸ਼ ਨੂੰ ਗਾ ਕੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਆ ਹੈ। ਪਿਆਰ-ਮੁਹੱਬਤ ਦੇ ਗੀਤਾਂ ਵਿੱਚ ਵੀ ਉਸ ਨੇ ਪਿਆਰ ਨੂੰ ਵਡਿਆਇਆ ਹੈ ਅਤੇ ਆਪਣੇ ਪਿਆਰੇ ਨਾਲ ਰਲ-ਮਿਲ ਕੇ ਜੀਵਨ ਜਿਉਣ ਦਾ ਹੋਕਾ ਦਿੱਤਾ ਹੈ। ਜੀਵਨ ਤੋਰ ਦੇ ਅਸਲ ਅਰਥਾਂ ਨੂੰ ਪਹਿਚਾਣਦਾ ਉਹ ਜ਼ਿੰਦਗੀ ਨੂੰ ਹਰ ਪਲ ਦਾ ਸੰਘਰਸ਼ ਮੰਨਦਾ ਹੈ। ਰਿਸ਼ਤਿਆਂ ਬਾਰੇ ਲਿਖੇ ਉਸ ਦੇ ਗੀਤ ਪੰਜਾਬੀ ਸੱਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦੇ ਹਨ। ਜੀਵਨ ਦੀ ਨਾਸ਼ਵਾਨਤਾ ਦਾ ਜ਼ਿਕਰ ਉਸ ਦੇ ਅਨੇਕਾਂ ਗੀਤਾਂ ਵਿੱਚ ਆ ਰਿਹਾ ਹੈ। ਇਨ੍ਹਾਂ ਗੀਤਾਂ ਵਿੱਚ ਉਹ ਕੁੱਲ ਲੋਕਾਈ ਦੀਆਂ ਖੈਰਾਂ ਮੰਗਦਾ ਹੈ। ਰਾਜਨੀਤੀਵਾਨਾਂ ਦੇ ਪਰਦੇ ਫਰੋਲਦਾ ਹੈ। ਲੋਕ ਸੱਚਾਈਆਂ, ਮੁਹਾਵਰਿਆਂ, ਅਖਾਣਾਂ ਦੀ ਵਰਤੋਂ ਨੇ ਇਨ੍ਹਾਂ ਗੀਤਾਂ ਨੂੰ ਹੋਰ ਵੀ ਵਜ਼ਨਦਾਰ ਬਣਾ ਦਿੱਤਾ ਹੈ। ਵਿਭਿੰਨ ਵਿਸ਼ਿਆਂ ਬਾਰੇ ਲਿਖੇ ਸਾਂਝੇ ਗੀਤਾਂ ਦੇ ਗੁਲਦਸਤੇ ਨੂੰ ਪਾਠਕਾਂ ਦੀ ਝੋਲੀ ਪਾਉਣ ਲਈ ਧਿਆਨ ਸਿੰਘ ਕਾਹਲੋਂ ਨੂੰ ਮੁਬਾਰਕਬਾਦ। ਪੁਸਤਕ ਦਾ ਭਰਪੂਰ ਸਵਾਗਤ।



**- ਰਾਮਪਾਲ ਸ਼ਾਹਪੁਰੀ (ਡਾ.)**

## ਬਲਵੰਤ ਗਾਰਗੀ ਦੀ ਨਾਟ-ਦ੍ਰਿਸ਼ਟੀ

**ਨਵ-ਅਮਰੀਕੀ ਆਲੋਚਨਾਤਮਕ ਅਧਿਐਨ**
**ਡਾ. ਗਗਨਦੀਪ ਸਿੰਘ**
**ਸਫ਼ੇ : 214, ਕੀਮਤ : 495 ਰੁਪਏ**
**ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ**

ਸਾਹਿਤ ਅਤੇ ਚਿੰਤਨ ਦਾ ਗਹਿਰਾ ਰਿਸ਼ਤਾ ਹੈ।ਇਸ ਰਿਸ਼ਤੇ ਵਿਚਕਾਰ 'ਸਮਝ' ਅਹਿਮ ਭੂਮਿਕਾ ਨਿਭਾਉਂਦੀ ਹੈ। ਇਉਂ ਸਿਰਜਣਾਤਮਕ ਪ੍ਰਬੰਧ ਨੂੰ ਸਮਝਣ ਲਈ ਵਿਭਿੰਨ ਅਨੁਸ਼ਾਸਨੀ ਵਿਧੀਆਂ ਸੇਧ ਪ੍ਰਦਾਨ ਕਰਦੀਆਂ ਹਨ।ਰਚਨਾ ਜਾਂ ਵਿਧਾ ਨੂੰ ਕਿਸੇ 'ਅਨੁਸ਼ਾਸਨ' ਵਿੱਚ ਫਰੇਮ ਕਰਕੇ ਵਾਚਣਾ; ਅਧਿਏਤਾ ਦੀ ਦਿਲਚਸਪੀ ਦਾ ਹਿੱਸਾ ਵੀ ਹੁੰਦਾ ਹੈ ਅਤੇ ਕਈ ਵਾਰ 'ਖੋਜ-ਲੋੜ' ਦਾ ਕਾਰਨ ਵੀ ਹੈ।ਇਹ ਅਭਿਆਸੀ ਪ੍ਰਕਿਰਿਆ ਗਿਆਨ ਵਿੱਚ ਵਾਧਾ ਜ਼ਰੂਰ ਕਰਦੀ ਹੈ।ਡਾ. ਗਗਨਦੀਪ ਸਿੰਘ ਨੇ 'ਬਲਵੰਤ ਗਾਰਗੀ ਦੀ ਨਾਟ-ਦ੍ਰਿਸ਼ਟੀ ਨੂੰ 'ਨਵ-ਅਮਰੀਕੀ ਆਲੋਚਨਾਤਮਕ ਅਧਿਐਨ' ਦਾ ਵਿਸ਼ਾ ਬਣਾ ਕੇ ਨਿਵੇਕਲਾ ਕਾਰਜ ਕਰਨ ਦਾ ਯਤਨ ਕੀਤਾ ਹੈ।ਨਵ-ਅਮਰੀਕੀ ਆਲੋਚਨਾ:-ਬਣਤਰ-ਬੁਣਤਰ, ਵਿਅੰਗ, ਵਿਰੋਧਾਭਾਸ, ਵਿੱਟ, ਜੈਸਚਰ, ਤਣਾਓ ਆਦਿ ਸੰਕਲਪਾਂ ਦੇ ਮਾਧਿਅਮ ਨਾਲ ਰਚਨਾ ਦੀ ਡੂੰਘ ਸੰਰਚਨਾ ਤੱਕ ਪਹੁੰਚਦੀ ਹੈ। ਇਹੋ ਜਿਹੇ ਸਿਧਾਂਤਾਂ ਨੂੰ ਜਟਿਲ, ਦੂਹਰੀ ਪ੍ਰਕਿਰਤੀ ਵਾਲੀ ਵਿਧਾ 'ਤੇ ਲਾਗੂ ਕਰਨਾ ਵੱਡੀ ਚੁਣੌਤੀ ਹੈ ਅਤੇ ਉਹ ਵੀ ਬਲਵੰਤ ਗਾਰਗੀ ਦੇ ਨਾਟਕ। ਅਧਿਐਨ ਕਰਤਾ ਨੇ 'ਪੰਜਾਬੀ ਨਾਟਕ ਤੇ ਰਚਨਾ ਦ੍ਰਿਸ਼ਟੀ: ਸਿਧਾਂਤ ਤੇ ਇਤਿਹਾਸ' ਵਿੱਚ ਸਿਧਾਂਤਕੀ ਨੂੰ ਆਧਾਰ ਬਣਾਉਂਦੇ ਹੋਏ ਕੁਝ ਸੂਤਰ ਨਿਰਧਾਰਤ ਕੀਤੇ ਹਨ; ਜੋ ਅਗਲੇਰੇ ਅਧਿਆਇ ਦਾ ਵਿਹਾਰ ਬਣਦੇ ਹਨ।'ਬਲਵੰਤ ਗਾਰਗੀ : ਜੀਵਨ ਤੇ ਰਚਨਾ' ਪੂਰਵਲੀ ਖੋਜ ਦੇ ਤੱਥਮੂਲਕ ਵੇਰਵਿਆਂ ਨੂੰ ਨਿਚੋੜ ਵਿੱਚ ਹੀ ਪੇਸ਼ ਕਰਦਾ ਹੈ।'ਬਲਵੰਤ ਗਾਰਗੀ ਦੇ ਨਾਟਕ: ਰਚਨਾ-ਦ੍ਰਿਸ਼ਟੀ' ਮੁੱਖ ਅਧਿਆਇ ਕਿਹਾ ਜਾ ਸਕਦਾ ਹੈ। ਚੌਥਾ ਅਤੇ ਪੰਜਵਾਂ ਅਧਿਆਇ ਬਲਵੰਤ ਗਾਰਗੀ ਦੇ ਨਾਟਕਾਂ ਨੂੰ 'ਦਲਿਤ' ਅਤੇ 'ਨਾਰੀ ਚੇਤਨਾ' ਦੇ ਪਰਿਪੇਖ ਵਿੱਚ ਵਾਚਦਾ ਹੈ। ਸਮੁੱਚੇ ਅਧਿਐਨ ਵਿੱਚ ਲੋਹਾ ਕੁੱਟ, ਸੈਲ ਪੱਥਰ, ਕੇਸਰੋ, ਕਣਕ ਦੀ ਬੱਲੀ, ਧੂਣੀ ਦੀ ਅੱਗ, ਗਗਨ ਮੈ ਥਾਲੁ, ਸੁਲਤਾਨ ਰਜ਼ੀਆ, ਸੌਂਕਣ, ਮਿਰਜ਼ਾ ਸਾਹਿਬਾਂ, ਬਲਦੇ ਟਿੱਬੇ, ਅਭਿਸਾਰਿਕਾ ਗਿਆਰਾਂ ਨਾਟਕ ਕੇਂਦਰ ਬਿੰਦੂ ਬਣਦੇ ਹਨ।

ਸਮਾਜ ਦੇ ਅਣਗੌਲੇ ਪੱਖ ਸਮਾਜਿਕ, ਸਾਭਿਆਚਾਰਕ, ਜਾਗੀਰਦਾਰੀ, ਆਰਥਿਕ ਮੰਦਹਾਲੀ ਆਦਿ ਵਿੱਚ ਢਲ ਕੇ ਨਾਰੀ/ਦਲਿਤ ਭਾਵਾਂ ਨੂੰ ਨਾਟਕਾਂ ਵਿੱਚ ਦ੍ਰਿਸ਼ਟੀਗੋਚਰ ਕਰਦੇ ਹਨ। ਅਤ੍ਰਿਪਤ ਭਾਵਨਾਵਾਂ ਨੂੰ ਬੇਬਾਕੀ ਨਾਲ ਸਾਹਮਣੇ ਲਿਆਉਂਦੇ ਹਨ। ਨਾਟਕਕਾਰ ਦੀ ਰਚਨਾਤਮਕ ਪ੍ਰਤਿਭਾ ਨੂੰ ਪਤਾਕਾ, ਪ੍ਰਕਰੀ, ਅਧਿਕਾਰਤ ਕਥਾ, ਪਾਤਰਾਂ ਦੀ ਉੱਤਮ, ਮਾਧਿਅਮ, ਅਧਮ ਸ਼੍ਰੇਣੀ, ਪਿਛਲਝਾਤ, ਵਿਅੰਗ, ਮੁਹਾਵਰੇ, ਲੋਕਧਾਰਾਈ ਵਿਵਰਣ ਆਦਿ 'ਚ ਪਰਖਦਿਆਂ ਸਮਾਜਿਕ-ਦ੍ਰਿਸ਼ ਦਾ ਬੋਧ ਕਰਵਾਇਆ ਗਿਆ ਹੈ।ਨਾਟਕੀ ਪਾਠ ਅਤੇ ਮੰਚ ਪ੍ਰਸਤੁਤੀ ਦਾ ਸੁਮੇਲ ਇਸ ਵਿਧਾ ਦਾ ਖ਼ਾਸ ਪਛਾਣ ਚਿੰਨ੍ਹ ਹੈ।ਇਸ ਨੂੰ ਧਿਆਨ ਵਿੱਚ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਪਰ ਕਿਤੇ-ਕਿਤੇ ਵਿਚਾਰਾਂ ਅਤੇ ਨਾਟ-ਹਵਾਲਿਆਂ ਦਾ ਦੁਹਰਾਓ ਰੜਕਦਾ ਹੈ। ਨਾਟਕਾਂ ਦੀ ਲੰਬੀ ਸੂਚੀ ਵਿੱਚੋਂ ਵਿਵਿਧਤਾ ਦੇ ਹੋਰ ਹਵਾਲੇ ਤਲਾਸ਼ੇ ਜਾ ਸਕਦੇ ਹਨ।ਪ੍ਰਾਪਤ ਹੋਈ ਪੁਸਤਕ ਵਿੱਚ 'ਬਲਵੰਤ ਗਾਰਗੀ ਦੇ ਨਾਟਕਾਂ ਵਿੱਚ ਨਾਰੀ ਚੇਤਨਾ' (ਸਫ਼ੇ 193-199) ਦੋ ਵਾਰ ਚਿਪਕੇ ਹੋਏ ਹਨ। ਹੋ ਸਕਦਾ ਹੈ ਪ੍ਰਕਾਸ਼ਨ ਤਕਨੀਕ ਦੀ ਗੜਬੜੀ ਹੋਵੇ। ਗਾਰਗੀ ਦੇ ਨਾਟ-ਸੰਦਰਭ ਵਿੱਚ ਚਰਚਾ ਬਣੀ ਰਹਿਣੀ ਹੈ।ਇਹ ਨਾਟ-ਅਧਿਐਨ ਅਗਲੇਰਾ, ਨਿਵੇਕਲਾ ਕਦਮ ਹੈ।



**- ਡਾ. ਚੰਦਰ ਪ੍ਰਕਾਸ਼**

# ਦੋ ਸ਼ਾਹਮੁਖੀ ਤੇ ਇਕ ਗੁਰਮੁਖੀ ਪੁਸਤਕਾਂ ਦੀ 2026 ਢਾਹਾਂ ਪੁਰਸਕਾਰ ਲਈ ਚੋਣ

**ਅੰਬਰ ਹੁਸੈਨੀ ਦੇ 'ਨਵਾਂ ਪਿੰਡ', ਘੁੰਮਣ ਦੇ 'ਪਰਛਾਵਾਂ' ਨਾਵਲਾਂ, ਬੈਨੀਪਾਲ ਦੇ ਕਹਾਣੀ ਸੰਗ੍ਰਹਿ 'ਕਬਰਾਂ 'ਚ ਉੱਗੇ ਫੁੱਲ' ਦੀ ਢਾਹਾਂ ਸਾਹਿਤ ਇਨਾਮ ਲਈ ਚੋਣ**

**ਸਰੀ, ਕੈਨੇਡਾ** : ਢਾਹਾਂ ਸਾਹਿਤ ਫਾਊਂਡੇਸ਼ਨ ਵੱਲੋਂ ਹਰ ਸਾਲ ਗਲਪ ਦੀਆਂ ਪੁਸਤਕਾਂ ਨੂੰ ਦਿੱਤੇ ਜਾਂਦੇ ਇਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਲ 2026 ਲਈ ਢਾਹਾਂ ਸਾਹਿਤ ਇਨਾਮ ਇਸ ਵਾਰ ਸ਼ਾਹਮੁਖੀ ਦੇ ਦੋ ਨਾਵਲਾਂ ਤੇ ਗੁਰਮੁਖੀ ਦੇ ਇਕ



ਕਹਾਣੀ ਸੰਗ੍ਰਹਿ ਨੂੰ ਦਿੱਤਾ ਜਾਵੇਗਾ। ਇਸ ਵਾਰ ਜਿਊਰੀ ਵੱਲੋਂ ਪਾਕਿਸਤਾਨ ਵਿੱਚ ਸ਼ਾਹਮੁਖੀ ਵਿੱਚ ਲਿਖਣ ਵਾਲੀ ਅੰਬਰ ਹੁਸੈਨੀ ਨੂੰ ਉਸ ਦਾ ਨਾਵਲ 'ਨਵਾਂ ਪਿੰਡ' ਨੂੰ ਅਤੇ ਅਕਮਲ ਸ਼ਹਿਜ਼ਾਦ ਘੁੰਮਣ ਦੇ ਨਾਵਲ 'ਪਰਛਾਵਾਂ' ਨੂੰ ਅਤੇ ਪੰਜਾਬ ਦੀ ਕਹਾਣੀਕਾਰਾਂ ਰਾਜਪ੍ਰੀਤ ਕੌਰ ਬੈਨੀਪਾਲ ਦੇ ਕਹਾਣੀ ਸੰਗ੍ਰਹਿ 'ਕਬਰਾਂ ਵਿੱਚ ਉੱਗੇ ਫੁੱਲ' ਆਦਿ ਤਿੰਨ ਗਲਪ ਪੁਸਤਕਾਂ ਦੀ ਚੋਣ ਕੀਤੀ ਗਈ ਹੈ। 18 ਨਵੰਬਰ ਨੂੰ ਸਰੀ, ਬੀ ਸੀ ਦੇ ਨੌਰਥਵਿਊ ਗਲਫ਼ ਐਂਡ ਕੰਟਰੀ ਕਲੱਬ ਵਿਖੇ ਲਾਈਵ ਸਮਾਰੋਹ ਤੇ ਡਿਨਰ ਗਾਲਾ ਵਿੱਚ ਇਹ ਇਨਾਮ ਦਿੱਤੇ ਜਾਣਗੇ। ਢਾਹਾਂ ਫਾਊਂਡੇਸ਼ਨ ਦੇ ਮੁਖੀ ਬਰਜਿੰਦਰ ਸਿੰਘ ਢਾਹਾਂ (ਬਰਜ ਢਾਹਾਂ) ਨੇ ਦੱਸਿਆ ਕਿ ਇਸ ਵਾਰ ਭਾਰਤ, ਪਾਕਿਸਤਾਨ, ਬਰਤਾਨੀਆ, ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਤੋਂ ਕੁਲ 58 ਪੁਸਤਕਾਂ ਐਵਾਰਡ ਕਮੇਟੀ ਕੋਲ ਪੁੱਜੀਆਂ ਸਨ। ਜਿਨ੍ਹਾਂ ਵਿੱਚੋਂ 45 ਗੁਰਮੁਖੀ ਤੇ 13 ਸ਼ਾਹਮੁਖੀ ਦੀਆਂ ਸਨ। ਉੱਤਮ ਕਿਤਾਬਾਂ ਦੀ ਚੋਣ ਤਿੰਨ ਜਿਊਰੀਆਂ ਨੇ ਕੀਤੀ। ਗੁਰਮੁਖੀ ਜਿਊਰੀ ਵਿੱਚ ਜੰਗ ਬਹਾਦੁਰ ਗੋਇਲ, ਸਰਘੀ ਤੇ ਦੀਪਤੀ ਬਬੂਟਾ ਸਨ। ਸ਼ਾਹਮੁਖੀ ਜਿਊਰੀ ਵਿੱਚ ਨਵੀਦ ਆਲਮ, ਖ਼ੌਲਾ ਚੀਮਾ ਤੇ ਚਾਂਦ ਸ਼ਕੀਲ ਸਨ। ਅੱਗੇ ਤਿੰਨ ਕਿਤਾਬਾਂ ਦੀ ਚੋਣ ਦਾ ਕਾਰਜ ਸੈਂਟ੍ਰਲ ਜਿਊਰੀ ਨੇ ਕੀਤਾ ਇਸ ਜਿਊਰੀ ਵਿੱਚ ਅਰਵਿੰਦਰ ਕੌਰ ਧਾਲੀਵਾਲ, ਮੁਹੰਮਦ ਮੁਨੀਰ ਤੇ ਸੁਕੀਰਤ ਆਨੰਦ ਸਨ। ਚੇਤੇ ਰਹੇ ਕੁੱਲ 51 ਹਜ਼ਾਰ ਡਾਲਰ ਦੇ ਇਨਾਮ ਦੀ ਰਾਸ਼ੀ ਦੀ ਵੰਡ ਇਸ ਤਰ੍ਹਾਂ ਹੁੰਦੀ ਹੈ। ਜੇਤੂ ਪੁਸਤਕ ਨੂੰ 25 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ ਅਤੇ ਬਾਕੀ ਦੋਵਾਂ ਪੁਸਤਕਾਂ ਨੂੰ 10-10 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ। 6 ਹਜ਼ਾਰ ਡਾਲਰ ਇਨ੍ਹਾਂ ਪੁਸਤਕਾਂ ਦੇ ਅਨੁਵਾਦਕਾਂ ਨੂੰ ਦਿੱਤਾ ਜਾਵੇਗਾ।

# ਡਾ. ਪਰਮਜੀਤ ਕੌਰ ਸਿੱਧੂ ਨੇ ਯੂ ਕੇ 'ਚ ਹੋਈ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 'ਚ ਪੰਜਾਬ 'ਵਰਸਿਟੀ ਦੀ ਕੀਤੀ ਨੁਮਾਇੰਦਗੀ

**ਚੰਡੀਗੜ੍ਹ** : ਡਾ. ਪਰਮਜੀਤ ਕੌਰ ਸਿੱਧੂ, ਮੁਖੀ ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 8-9 ਅਗਸਤ 2026 ਨੂੰ ਯੂਨੀਵਰਸਿਟੀ ਕਾਲਜ ਲੰਡਨ, ਯੂ. ਕੇ. ਵਿਖੇ ਸਿੱਖ ਐਜੂਕੇਸ਼ਨ ਕੌਂਸਲ ਯੂ. ਕੇ. ਵੱਲੋਂ ਆਯੋਜਿਤ ਪੰਜਾਬੀ ਕਾਨਫਰੰਸ ਯੂ. ਕੇ. 2026 ਵਿੱਚ ਭਾਗ ਲਿਆ। ਇਸ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਪੰਜਾਬ, ਲਾਹੌਰ, ਡੈਨਮਾਰਕ, ਕੈਨੇਡਾ, ਯੂ. ਕੇ. ਅਤੇ ਦੁਨੀਆ ਦੇ ਹੋਰ ਹਿੱਸਿਆਂ ਤੋਂ ਵਿਦਵਾਨਾਂ ਅਤੇ ਖੋਜਕਰਤਾਵਾਂ ਨੇ ਸ਼ਿਰਕਤ ਕੀਤੀ। ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ, ਸਾਹਿਤ, ਸਿੱਖਿਆ ਅਤੇ ਸੱਭਿਆਚਾਰ ਨਾਲ ਸਬੰਧਤ ਸਮਕਾਲੀ ਮੁੱਦਿਆਂ 'ਤੇ ਗੰਭੀਰ ਅਕਾਦਮਿਕ ਵਿਚਾਰ-ਵਟਾਂਦਰਾ ਹੋਇਆ। ਇਸ ਕਾਨਫਰੰਸ ਦੀ ਵਿਸ਼ੇਸ਼ ਮਹੱਤਤਾ ਇਸ ਗੱਲ ਵਿੱਚ ਰਹੀ ਕਿ ਇੱਕ ਪ੍ਰਮੁੱਖ ਬ੍ਰਿਟਿਸ਼ ਯੂਨੀਵਰਸਿਟੀ ਵਿੱਚ ਗੁਰਮੁਖੀ ਲਿਪੀ ਵਿੱਚ ਖੋਜ-ਪੱਤਰ ਪੇਸ਼ ਕੀਤੇ ਗਏ, ਜਿਸ ਨਾਲ ਅੰਤਰਰਾਸ਼ਟਰੀ ਅਕਾਦਮਿਕ ਮੰਚ 'ਤੇ ਪੰਜਾਬੀ ਭਾਸ਼ਾ ਦੀ ਮੌਜੂਦਗੀ ਨੂੰ ਮਜ਼ਬੂਤੀ ਮਿਲੀ।ਡਾ. ਪਰਮਜੀਤ ਕੌਰ ਸਿੱਧੂ ਨੇ ਵਿਸ਼ਵੀਕਰਨ ਅਤੇ ਡਿਜੀਟਲ ਯੁਗ ਵਿਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਪਛਾਣ: ਚੁਣੌਤੀਆਂ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਆਪਣਾ ਖੋਜ-ਪੱਤਰ ਪੇਸ਼ ਕੀਤਾ। ਉਨ੍ਹਾਂ ਨੇ ਵਿਸ਼ਵੀਕਰਨ ਅਤੇ ਤੇਜ਼ੀ ਨਾਲ ਹੋ ਰਹੇ ਡਿਜੀਟਲ ਪਰਿਵਰਤਨ ਦੇ ਦੌਰ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਪਛਾਣ ਸਾਹਮਣੇ ਮੌਜੂਦ ਚੁਣੌਤੀਆਂ ਦੇ ਨਾਲ-ਨਾਲ ਡਿਜੀਟਲ ਤਕਨਾਲੋਜੀ ਰਾਹੀਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੰਭਾਲ, ਪ੍ਰਸਾਰ ਅਤੇ ਵਿਸ਼ਵ ਪੱਧਰੀ ਪਹੁੰਚ ਲਈ ਉਪਲਬਧ ਸੰਭਾਵਨਾਵਾਂ 'ਤੇ ਚਾਨਣਾ ਪਾਇਆ।




ਕਾਨਫਰੰਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਪੰਜਾਬੀ ਦੀਆਂ ਸੰਭਾਵਨਾਵਾਂ, ਪ੍ਰਵਾਸੀ ਸਮਾਜ ਵਿੱਚ ਪੰਜਾਬੀ ਸਿੱਖਿਆ, ਪੰਜਾਬੀ ਕੋਸ਼ਕਾਰੀ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਤੇ ਯੋਗਦਾਨ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਸਾਲ 2030 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੂੰ ਸਮਰਪਿਤ ਇੱਕ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਉਣ ਦੀ ਮਹੱਤਵਪੂਰਨ ਅਕਾਦਮਿਕ ਪਹਿਲ ਦਾ ਵੀ ਐਲਾਨ ਕੀਤਾ ਗਿਆ।ਕਾਨਫਰੰਸ ਵਿੱਚ ਭਾਗੀਦਾਰੀ ਅਤੇ ਅਕਾਦਮਿਕ ਯੋਗਦਾਨ ਲਈ ਡਾ. ਸਿੱਧੂ ਨੂੰ ਪ੍ਰਬੰਧਕਾਂ ਵੱਲੋਂ 'ਸਨਮਾਨ ਪੱਤਰ' ਪ੍ਰਦਾਨ ਕੀਤਾ ਗਿਆ।ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਅੰਤਰਰਾਸ਼ਟਰੀ ਅਕਾਦਮਿਕ ਮੰਚ 'ਤੇ ਸਥਾਪਿਤ ਕਰਨ ਲਈ ਪ੍ਰਬੰਧਕਾਂ ਵੱਲੋਂ ਪ੍ਰਦਾਨ ਕੀਤੇ ਇਸ ਮਹੱਤਵਪੂਰਨ ਮੌਕੇ ਲਈ ਧੰਨਵਾਦ ਪ੍ਰਗਟ ਕੀਤਾ।

# ਸਮਕਾਲ

---- ਭਗਵੰਤ ਰਸੂਲਪੁਰੀ----

## ਸਮਕਾਲੀਨ ਪੰਜਾਬੀ ਕਹਾਣੀ : ਸੰਪਾਦਨ ਤੇ ਅਨੁਵਾਦ ਡਾ. ਅਮਰਜੀਤ ਕੌਂਕੇ

ਚੋਣਵੀਂ ਪੰਜਾਬੀ ਕਹਾਣੀ ਨੂੰ ਹਿੰਦੀ ਵਿੱਚ ਅਨੁਵਾਦ ਕਰਨ ਦੀ ਸਾਡੇ ਪੰਜਾਬ ਵਿੱਚ ਲੰਮੀ ਪ੍ਰੰਪਰਾ ਰਹੀ ਹੈ। ਬਹੁਤ ਸਾਰੀਆਂ ਸੰਪਾਦਤ ਕਿਤਾਬਾਂ ਹਿੰਦੀ ਵਿੱਚ ਆ ਚੁੱਕੀਆਂ ਹਨ। ਪੰਜਾਬੀ ਕਹਾਣੀ ਲਈ ਇਹ ਚੰਗੀ ਖ਼ਿਰਤ ਹੈ। ਇਸ



ਨਾਲ ਪੰਜਾਬੀ ਵਿੱਚ ਲਿਖੀ ਜਾ ਰਹੀ ਨਿੱਗਰ ਕਹਾਣੀ ਹਿੰਦੀ ਦੇ ਪਾਠਕਾਂ ਤੱਕ ਪੁੱਜਦੀ ਹੈ। ਹਥਲੀ ਪੁਸਤਕ ਇਸ ਲਈ ਨਿਵੇਕਲੀ ਤੇ ਗੰਭੀਰ ਕਿਸਮ ਦੀ ਕਹਿ ਸਕਦੇ ਹਾਂ ਕਿ ਅਨੁਵਾਦਕ ਅਮਰਜੀਤ ਕੌਂਕੇ ਨੇ ਬੜੀ ਮਿਹਨਤ ਨਾਲ ਪੰਜਾਬੀ ਦੀਆਂ ਪ੍ਰਸਿੱਧ ਕਹਾਣੀਆਂ ਦੀ ਚੋਣ ਕਰਕੇ ਉਨ੍ਹਾਂ ਦਾ ਅਨੁਵਾਦ ਕੀਤਾ ਹੈ। ਚੋਣ ਕਰਨ ਦੀ ਉਸ ਦੀ ਆਪਣੀ ਦ੍ਰਿਸ਼ਟੀ ਹੈ, ਜਿਸ ਦ੍ਰਿਸ਼ਟੀ ਬਾਰੇ ਉਸ ਨੇ ਕਿਤਾਬ ਦੀ ਸੰਪਾਦਕੀ ਵਿੱਚ ਜ਼ਿਕਰ ਕੀਤੀ ਹੈ। ਅਮਰਜੀਤ ਕੌਂਕੇ ਮੁੱਖ ਰੂਪ ਵਿੱਚ ਗੰਭੀਰ ਸ਼ਾਇਰ ਹੈ। ਤੇ ਉਹ ਲੰਮੇ ਸਮੇਂ ਤੋਂ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਉਸ ਨੇ ਕੁਝ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ। 'ਸਮਕਾਲੀਨ ਪੰਜਾਬੀ ਕਹਾਣੀ : ਇਕ ਪਰਿਦ੍ਰਸ਼' ਸਿਰਲੇਖ ਹੇਠ 8 ਕੁ ਪੰਨੇ ਦਾ ਲੇਖ ਲਿਖਿਆ ਹੈ। ਜਿਸ ਵਿੱਚ ਉਸ ਨੇ ਪੰਜਾਬੀ ਕਹਾਣੀਆਂ ਵਿੱਚ ਹੁਣ ਤੱਕ ਮਕਬੂਲ ਹੋਏ ਟਰੈਂਡ ਤੇ ਚਰਚਿਤ ਕਹਾਣੀਆਂ ਦੀ ਗੱਲ ਕੀਤੀ ਹੈ। ਲੇਖ ਵਿੱਚ ਕੌਂਕੇ ਨੇ ਸੁਧਾਰਵਾਦੀ, ਪ੍ਰਗਤੀਵਾਦੀ, ਕਿਸਾਨੀ, ਦਲਿਤ, ਪਰਵਾਸੀ, ਨਾਰੀਵਾਦੀ ਆਦਿ ਕਹਾਣੀ ਦੀਆਂ ਲਹਿਰਾਂ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਉਸ ਨੇ ਤਿੰਨ ਪੀੜ੍ਹੀਆਂ ਦੀ ਕਹਾਣੀ ਨੂੰ ਪੁਸਤਕ ਵਿੱਚ ਅਨੁਵਾਦ ਕੀਤਾ ਹੈ। ਪੁਸਤਕ ਵਿੱਚ ਉਸ ਨੇ ਅਸਲੋਂ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਵੀ ਅਨੁਵਾਦ ਕੀਤੀ ਹੈ। ਪੁਸਤਕ ਵਿੱਚ 23 ਅਨੁਵਾਦ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਹਨ : ਜੇਹ ਦੂਧ ਤੁਮਾਹਰਾ (ਕੁਲਵੰਤ ਸਿੰਘ ਵਿਰਕ), ਸੋਯਾ ਹੁਆ ਨਾਗ (ਰਾਮ ਸਰੂਪ ਅਣਖੀ), ਆਇਨਾ (ਗੁਰਦੇਵ ਰੁਪਾਣਾ), ਮਾਤ (ਕਿਰਪਾਲ ਕਜ਼ਾਕ), ਮੁਝੇ ਵੀ ਢੂੰਢਨਾ (ਜਸਵਿੰਦਰ ਸਿੰਘ), ਡਰ (ਜਿੰਦਰ), ਦਾਵ (ਸੁਖਜੀਤ), ਟ੍ਰਿਕ ਟ੍ਰੀਟ (ਕਰਨੈਲ ਸਿੰਘ ਸ਼ੇਰਗਿੱਲ), ਕਤਲ (ਬਿੰਦਰ ਬਸਰਾ), ਮੁਝੇ ਬੰਦਾ ਪਸੰਦ ਹੈ (ਸਰਬਜੀਤ ਕੌਰ ਸੋਹਲ), ਮੈਂ ਛੁੱਟੀ ਪਰ ਜਾ ਰਹਾਂ ਹੂੰ (ਅਰਵਿੰਦਰ ਕੌਰ ਧਾਲੀਵਾਲ), ਵਿਸ਼ਵ ਸੁੰਦਰੀ (ਜਤਿੰਦਰ ਹਾਂਸ), ਮਹਾਮਾਯਾ (ਭਗਵੰਤ ਰਸੂਲਪੁਰੀ), ਕਠਿਨ ਰਾਸਤੋ ਕੇ ਯਾਤਰੀ (ਦੀਪਤੀ ਬਬੂਟਾ), ਸੂਨਯ ਮੇਂ ਭਟਕਦੇ ਰਿਸ਼ਤੇ (ਨਿਰੰਜਣ ਬੋਹਾ), ਅਬ ਦਿੱਲ ਖ਼ੁਸ਼ ਹੈ (ਰਵੀ ਸ਼ੇਰਗਿੱਲ), ਸੇਵੈਂਥ ਸੈਂਸ (ਤ੍ਰਿਪਤਾ ਕੇ. ਸਿੰਘ), ਮਰਨ ਰਿਤੂ (ਪਰਮਜੀਤ ), ਪਲੇਟੀ (ਜਸਵਿੰਦਰ ਧਰਮਕੋਟ), ਚੁਟਕਲਾ (ਹਰਦੀਪ ਸੱਭਰਵਾਲ), ਕਸ਼ਮਕਸ਼ (ਗੁਰਮੀਤ ਆਰਿਫ਼), ਜੇਲ੍ਹ ਕੀ ਰੋਟੀ (ਅਲਫਾਜ਼), ਡਾਲੀ ਸੇ ਟੂਟਾ ਫੂਲ (ਅਸ਼ਵਨੀ ਕੁਮਾਰ ਸਾਵਨ) ਆਦਿ ਕਹਾਣੀਆਂ ਦਾ ਅਨੁਵਾਦ ਬੜੀ ਮਿਹਨਤ ਨਾਲ ਕੀਤਾ ਗਿਆ ਹੈ। ਸਾਰੀਆਂ ਕਹਾਣੀਆਂ ਦਾ ਅਨੁਵਾਦ ਹਿੰਦੀ ਮੁਹਾਵਰੇ ਵਾਲੇ ਤੇ ਹਿੰਦੀ ਲਹਿਜੇ ਵਾਲਾ ਹੈ। ਅਮਰਜੀਤ ਕੌਂਕੇ ਦਾ ਇਸ ਯਤਨ ਤਰੀਫ਼ ਦੇ ਕਾਬਿਲ ਹੈ। ਕਿਤਾਬ ਦਾ ਮੁੱਲ : 350 ਰੁਪਏ ਅਤੇ ਸਫ਼ੇ 204 ਹਨ। ਇਸ ਕਿਤਾਬ ਨੂੰ ਲੋਕੋਦਿਆ ਪ੍ਰਕਾਸ਼ਨ, ਲਖਨਊ ਨੇ ਛਾਪਿਆ ਹੈ।

## ਜਿੰਦਰ ਦਾ ਨਾਵਲ 'ਜ਼ਿੰਦਗੀ' ਹੁਣ ਅੰਗਰੇਜ਼ੀ ਵਿੱਚ The Inheritance of Longing 'ਚ ਅਨੁਵਾਦ

ਸਾਹਿਤ ਅਕੈਡਮੀ ਆਵਾਰਡ ਪ੍ਰਾਪਤ ਕਥਾਕਾਰ ਜਿੰਦਰ ਦਾ ਪਿਛਲੇ ਸਾਲ ਇਕ ਨਾਵਲ 'ਜ਼ਿੰਦਗੀ' ਪ੍ਰਕਾਸ਼ਤ ਹੋਇਆ ਸੀ। ਕੁਰੂਕਸ਼ੇਤਰ ਯੂਨਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁੱਖ ਡਾ. ਕੁਲਦੀਪ ਸਿੰਘ ਨੇ ਜਿੰਦਰ ਦੇ ਨਾਵਲ ਦਾ ਅਨੁਵਾਦ The Inheritance of Longing ਸਿਰਲੇਖ ਹੇਠ ਕੀਤਾ ਹੈ। ਭਾਵੇ ਕਿ ਪੰਜਾਬੀ ਵਿੱਚ ਨਾਵਲ ਦਾ ਨਾਂ 'ਜ਼ਿੰਦਗੀ' ਹੈ, ਅੰਗਰੇਜ਼ੀ ਵਾਲੇ ਟਾਇਟਲ ਦਾ ਅਨੁਵਾਦ ਇਸ ਤਰ੍ਹਾਂ ਹੋ ਸਕਦਾ ਹੈ 'ਚਾਹਤਾਂ ਦੀ ਵਿਰਾਸਤ' ਇਸ ਨੂੰ ਬਿਹਾਰ ਦੇ 'ਸਪਰਸ਼ ਪ੍ਰਕਾਸ਼ਨ' ਨੇ ਬੜੀ ਖ਼ੂਬਸੂਰਤੀ ਨਾਲ ਪ੍ਰਕਾਸ਼ਤ ਕੀਤਾ ਹੈ। ਇਹ ਨਾਵਲ ਮਨੁੱਖੀ ਦੀ ਮਰ ਰਹੀ ਹੋਂਦ ਦੇ ਅਰਥ ਦੀ ਤਲਾਸ਼ ਕਰਦਾ ਹੈ। ਨਾਵਲ ਦਾ ਮੁੱਖ ਪਾਤਰ ਵਿਜੈ ਕੰਡਾ ਦੀ ਜ਼ਿੰਦਗੀ ਦੀ ਕਹਾਣੀ ਹੈ। ਜਿਹੜਾ ਚੰਗੇ ਭਵਿੱਖ ਲਈ ਵਿਦੇਸ਼ ਜਾਂਦਾ ਹੈ। ਆਪਣੀ ਹੋਂਦ




ਨੂੰ ਕਾਇਮ ਲੱਖਣ ਲਈ ਉਹ ਆਰਥਿਕ ਤੇ ਸਭਿਆਚਾਰਕ ਸੰਘਰਸ਼ ਕਰਦਾ ਹੈ। ਨਾਵਲ ਵਿੱਚ ਲੋਕ ਰੂੜ੍ਹੀਆਂ, ਮਿੱਥਾਂ, ਵਿਸ਼ਵਾਸ, ਕਥਾਵਾਂ ਤੇ ਪ੍ਰੰਪਰਾਵਾਂ ਨੂੰ ਬੜੀ ਕੁਸ਼ਲਤਾ ਨਾ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਰਿਸ਼ਤਿਆਂ ਦੀ ਯਾਤਰਾ ਮਿੱਥ ਰਾਹੀਂ ਪੇਸ਼ ਕਰਦਾ ਹੈ। ਰਿਸ਼ਤਿਆਂ ਦਾ ਜੋੜ-ਤੋੜ, ਦੁਬਿਧਾ ਅਤੇ ਮਾਨਸਿਕ ਪੀੜ ਜਿੰਦਰ ਭਾਰਤੀ ਮਿੱਥ ਰਾਹੀ ਨਾਵਲੀ ਬਿਰਤਾਂਤ ਵਿੱਚ ਢਾਲਦਾ ਹੈ। ਜ਼ਿੰਦਗੀ ਦੀਆਂ ਉਲਝਣਾਂ, ਪੇਚੀਦਗੀਆਂ, ਦੁਸ਼ਵਾਰੀਆਂ ਦਾ ਬਿਰਤਾਂਤ ਪਾਤਰਾਂ ਦੇ ਵਿਹਾਰ ਰਾਹੀਂ ਪੇਸ਼ ਹੁੰਦਾ ਹੈ। ਨਾਵਲ ਦਾ ਘਟਨਾਸਥਲ ਭਾਰਤ ਅਤੇ ਇੰਗਲੈਂਡ ਵਿੱਚ ਵਾਪਰਦਾ ਹੈ। ਪਰ ਜੋ ਕੁਝ ਵਾਪਰ ਰਿਹਾ ਹੈ ਉਹ ਪਾਤਰਾਂ ਦੇ ਮਨ ਵਿੱਚ ਵਾਪਰ ਰਿਹਾ ਹੈ। ਨਾਵਲ ਦਾ ਬਿਰਤਾਂਤ ਬਹੁ ਪਰਤੀ ਤੇ ਬਹੁ ਅਰਥੀ ਹੈ। ਸਾਰਾ ਨਾਵਲ ਚੇਤਨ ਪ੍ਰਵਾਰ ਤੇ ਉੱਤਮ ਪੁਰਖੀ ਸ਼ੈਲੀ ਵਿੱਚ ਲਿਖਿਆ ਗਿਆ ਹੈ। ਅੰਗਰੇਜ਼ੀ ਵਿੱਚ ਪੜ੍ਹਨ ਵਾਲੇ ਪਾਠਕਾਂ ਹੇਠ ਲਿਖੇ ਪਤੇ ਤੇ ਸੰਪਰਕ ਕਰ ਸਕਦੇ ਹਨ- The Inheritance of Longing(Novel): Jinder. , Sparsha Prakashan, 302 B, Shri Hariradha Apartment, Boring Road, Patna-800013, Bihar , M. 82107-59758, Price: 350/-, Page: 155

## ਲੋਅ : ਜੁਲਾਈ-ਸਤੰਬਰ,2026


ਲੋਅ ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਪਰਚੇ ਦੇ ਮੁੱਖ ਸੰਪਾਦਕ ਪਰਮਿੰਦਰ ਸੋਢੀ ਤੇ ਸੰਪਾਦਕ ਹਰਮੀਤ ਆਰਟਿਸਟ ਹਨ। 'ਪੰਜਾਬੀ ਅਦਬ ਦਾ ਵਰਤਮਾਨ' 'ਤੇ ਸੰਪਾਦਕੀ ਹੈ। ਨਵੇਂ ਅੰਕ ਵਿੱਚ ਚਾਰ ਅਨੁਵਾਦ ਕੀਤੀਆਂ ਨਿੱਗਰ




ਕਹਾਣੀਆਂ ਮੱਛੀ (ਰਮੇਸ਼ਵਰ ਸਿੰਘ ਕਸ਼ਯਪ, ਅਨੁ. ਅਰਵਿੰਦਰ ਧਾਲੀਵਾਲ), ਮੁਹੱਬਤ (ਜਗਦੰਬਾ ਪ੍ਰਸਾਦ ਦੀਕਸ਼ਤ, ਅਨੁ. ਯਤਿੰਦਰ ਮਾਹਲ), 'ਸਿੱਲੀ ਸਿੱਲੀ ਆਉਂਦੀ ਐ ਹਵਾ' (ਮਦਨ ਗੋਪਾਲ ਲੱੜ੍ਹਾ, ਅਨੁ. ਬੂਟਾ ਸਿੰਘ ਚੌਹਾਨ), 'ਰਾਹ ਬੰਦ ਹਨ' (ਮੁਹੰਮਦ ਮਨਸ਼ਾ ਯਾਦ, ਅਨੁ. ਸੰਦੀਪ ਰਾਣਾ) ਛਪੀਆਂ ਹਨ। ਹਰਕੀਰਤ ਕੌਰ, ਤਰਸੇਮ ਨੂਰ, ਸੁਖਬੀਰ, ਦੇਵਿੰਦਰ ਮਹਿੰਦਰੂ, ਬਲਰਾਜ ਨੰਗਲ, ਜਗਤਾਰ ਗਿੱਲ, ਸਿਮਰਨਜੋਤ ਮਾਨ, ਬਾਬੂਸ਼ਾ ਕੋਹਲੀ, ਡੋਲਣ ਰਾਏ, ਮਨਿੰਦਰ ਮਨ, ਅਫ਼ਜ਼ਲ ਸਾਹਿਰ, ਡਾ. ਮੁਹੰਮਦ ਰਫ਼ੀ, ਹਰਜਿੰਦਰ ਤੇ ਹਰਮਨਪ੍ਰੀਤ ਸਿੰਘ ਦੀਆਂ ਕਵਿਤਾਵਾਂ, ਗ਼ਜ਼ਲਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਰਵਿੰਦਰ ਰਵੀ ਦਾ 'ਅੰਦਰ ਵੱਲ ਖੁੱਲ੍ਹਦਾ ਬੂਹਾ', ਹਰਮੀਤ ਵਿਦਿਆਰਥੀ ਦੀ ਲਿਖਤ ਪਾਠਕ ਨੂੰ ਬੰਨ੍ਹ ਲੈਂਦੀ ਹੈ। ਬਲਵਿੰਦਰ ਗਰੇਵਾਲ ਨੇ ਸੁਖਜੀਤ, ਯੂਨਸ ਖ਼ਾਨ ਨੇ ਸੰਗੀਤਕਾਰ ਖ਼ਯਾਮ, ਸਿਮਰਨ ਅਕਸ ਨੇ ਉਦਾਸ ਦਿਨ, ਬਲਦੇਵ ਸਿੰਘ ਸੜਕਨਾਮਾ ਨੇ 'ਮੇਰੇ ਅਧਿਆਪਕ', ਮਨਮੋਹਨ ਨੇ 'ਕਾਮੁਕਤਾ ਤੇ ਲਿੰਗਕਤਾ ਦੀ ਭਾਸ਼ਾ', ਗੁਰਮੀਤ ਕੜਿਆਲਵੀ ਨੇ 'ਕਿਰਤ ਦੀ ਲੁੱਟ', ਗੁਰਪ੍ਰੀਤ ਨੇ 'ਇਕ ਪਾਠਕ ਦੀ ਨੋਟ ਬੁੱਕ' ਵੱਖ ਵੱਖ ਵਿਧਾ 'ਚ ਲਿਖਿਆ ਹੈ। ਰਚਨਾਵਾਂ ਆਪਣੀ ਪੜ੍ਹਨਯੋਗਤਾ ਬਣਾਈ ਰੱਖਦੀਆਂ ਹਨ। ਹਰਮੀਤ ਦਾ 'ਮੁੜਿਆ ਹੋਇਆ ਵਰਕਾ' ਤੇ 'ਪਿਛਲਾ ਬੂਹਾ' ਵੀ ਦਿਲਚਸਪ ਹਨ। ਪਰਚਾ ਮੰਗਵਾਉਣ ਲਈ ਹਰਮੀਤ ਆਰਟਿਸਟ (98760-82236) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਛਿਣ : ਜੁਲਾਈ-ਸਤੰਬਰ, 2026

ਛਿਣ ਮਿੰਨੀ ਕਹਾਣੀ ਵਿਧਾ ਦਾ ਪਰਚਾ ਹੈ। ਪਰਚੇ ਦੇ ਮੁੱਖ ਸੰਪਾਦਕ ਤ੍ਰਿਪਤ ਭੱਟੀ ਹਨ। ਮਿੰਨੀ ਕਹਾਣੀ ਦੇ ਪ੍ਰਸੰਗ ਵਿੱਚ ਅਮਰੀਕਾ ਈਰਾਨ ਜੰਗ ਦੀ ਗੱਲ ਸੰਪਾਦਕੀ ਵਿੱਚ ਕੀਤੀ ਹੈ। ਪਰਚੇ ਵਿੱਚ ਸੁਰਿੰਦਰ ਦੀਪ ਤੇ ਡਾ. ਸ਼ਿਆਮ ਸੁੰਦਰ ਦੀਪਤੀ ਦੀਆਂ ਵਿਸ਼ੇਸ਼ ਮਿੰਨੀ ਕਹਾਣੀਆਂ ਛਪੀਆਂ ਹਨ। ਸੱਜਰੀ ਪੈੜ ਵਿੱਚ ਕਰਮਵੀਰ ਸੂਰੀ, ਰਣਜੀਤ ਕਾਂਝਲਾ, ਹਰਨੇਕ ਸਿੰਘ, ਡੀ ਐਮ ਸਿੰਘ, ਹਰਦੀਪ ਸੱਭਰਵਾਲ, ਬਿਮਲ ਸਹਿਗਲ, ਹਰਭਜਨ ਖੇਮਕਰਨੀ ਤੇ ਹਰਦੀਪ ਭੱਟੀ ਦੀਆਂ ਮਿੰਨੀ ਕਹਾਣੀਆਂ ਛਪੀਆਂ ਹਨ। ਅੱਗੇ ਕਰਮਵੀਰ ਸੂਰੀ ਦਾ ਤ੍ਰਿਪਤ ਭੱਟੀ ਬਾਰੇ ਲੇਖ ਤੇ ਉਸ ਦੀਆਂ ਕਹਾਣੀਆਂ ਹਨ। ਮਹਿੰਦਰ ਜੱਗੀ ਦੀਆਂ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਜਗਦੀਸ਼ ਰਾਏ ਕੁਲਰੀਆਂ ਵੱਲੋਂ ਕੁਝ ਅਨੁਵਾਦ ਕਹਾਣੀਆਂ ਕੀਤੀਆਂ ਹਨ। ਅੰਤਲੇ ਪੰਨੇ ਉੱਤੇ ਮਿੰਨੀ ਕਹਾਣੀ ਬਾਰੇ ਆਲੋਚਨਾ ਲਿਖਤਾਂ ਹਨ। ਪਰਚੇ ਨੂੰ ਮੰਗਵਾਉਣ ਲਈ ਸੰਪਾਦਕ ਦਵਿੰਦਰ ਪਟਿਆਲਵੀ (62839-76369) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਸਾਹਿਤਕ ਸਮਾਗਮ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਦਿੱਲੀ




ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਕੁਲਵੀਰ ਗੋਜਰਾ ਨੇ ਕੀਤੀ।ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ ਅਤੇ ਸਮਾਗਮ ਵਿੱਚ ਸ਼ਾਮਲ ਸਾਹਿਤਕਾਰਾਂ ਨਾਲ ਸਭ ਦੀ ਜਾਣ-ਪਛਾਣ ਕਰਵਾਈ। ਇਹ ਪ੍ਰੋਗਰਾਮ ਇਸ ਪੱਖੋਂ ਬਹੁਤ ਨਿਵੇਕਲਾ ਸੀ ਕਿ ਇਸ ਵਾਰ ਚਾਰ ਉੱਭਰਦੇ ਖੋਜਾਰਥੀ ਸਰੋਤਿਆਂ ਦੇ ਰੂਬਰੂ ਹੋਏ, ਜਿਨ੍ਹਾਂ ਨੇ ਆਪਣੇ ਖੋਜ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਸਮਾਗਮ ਦੀ ਸ਼ੁਰੂਆਤ ਵਿੱਚ ਰਾਜਵੀਰ ਕੌਰ ਨੇ ਆਪਣੇ ਖੋਜ ਵਿਸ਼ੇ 'ਪਾਕਿਸਤਾਨੀ ਪੰਜਾਬੀ ਕਵਿਤਾ : ਪ੍ਰਵਚਨ, ਵਿਸ਼ਲੇਸ਼ਣ-ਬਾਬਾ ਨਜਮੀ, ਸਾਬਿਰ ਅਲੀ ਸਾਬਿਰ, ਤਾਹਿਰਾ ਸਰਾ ਤੇ ਅਫਜ਼ਲ ਸਾਹਿਰ ਦੇ ਸੰਦਰਭ ਵਿੱਚ' ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਤੋਂ ਬਾਅਦ ਪਵਨਬੀਰ ਸਿੰਘ ਨੇ 'ਪੰਜਾਬੀ ਨਾਟ ਚਿੰਤਨ : ਸਿਧਾਂਤ ਤੇ ਵਿਹਾਰ' ਵਿਸ਼ੇ ਉੱਤੇ ਚਾਨਣਾ ਪਾਇਆ। ਅਗਲੇ ਬੁਲਾਰੇ ਕਰਮਜੀਤ ਕੌਰ ਨੇ 'ਗਦਰ ਲਹਿਰ ਦੀ ਪੰਜਾਬੀ ਵਾਰਤਕ : ਭਾਸ਼ਾਈ, ਵਿਧਾਗਤ ਤੇ ਵਿਚਾਰਧਾਰਾਈ ਅਧਿਅਨ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਤਤਪਸ਼ਚਾਤ ਹਰਕਮਲਪ੍ਰੀਤ ਸਿੰਘ ਨੇ ਆਪਣੇ ਖੋਜ ਵਿਸ਼ੇ 'ਹੀਰ ਵਾਰਿਸ ਸ਼ਾਹ : ਦੇਹ, ਹਿੰਸਾ ਤੇ ਸੱਤਾ ਦਾ ਪ੍ਰਵਚਨ' ਬਾਰੇ ਖੁੱਲ੍ਹ ਕੇ ਸੰਵਾਦ ਰਚਾਇਆ।ਪੇਪਰ ਪੜ੍ਹੇ ਜਾਣ ਤੋਂ ਬਾਅਦ ਹਾਜ਼ਰ ਸਰੋਤਿਆਂ ਵੱਲੋਂ ਸਵਾਲ-ਜਵਾਬ ਦਾ ਬਹੁਤ ਹੀ ਦਿਲਚਸਪ ਅਤੇ ਗਿਆਨਵਰਧਕ ਸਿਲਸਿਲਾ ਸ਼ੁਰੂ ਹੋਇਆ। ਪੰਜਾਬੀ ਸਾਹਿਤ ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ, ਖੋਜਾਰਥੀ ਆਕਾਸ਼ਦੀਪ ਸਿੰਘ ਅਤੇ ਕਿਰਨਦੀਪ ਕੌਰ ਨੇ ਵਿਸ਼ਿਆਂ ਨਾਲ ਸੰਬੰਧਤ ਬਹੁਤ ਹੀ ਮਹੱਤਵਪੂਰਨ ਸਵਾਲ ਪੁੱਛੇ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਕੁਲਵੀਰ ਗੋਜਰਾ ਨੇ ਆਖਿਆ ਕਿ ਪੰਜਾਬੀ ਸਾਹਿਤ ਸਭਾ ਨੇ ਸਾਹਿਤਕ ਚਰਚਾ ਦੇ ਖੇਤਰ ਵਿੱਚ ਇਹ ਇੱਕ ਨਵੀਂ ਅਤੇ ਸਾਰਥਕ ਪਿਰਤ ਪਾਈ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਪਾਬੰਦੀ ਦੇ ਬਾਵਜੂਦ ਹਰੇਕ ਖੋਜਾਰਥੀ ਨੇ ਆਪਣੇ ਖੋਜ ਕਾਰਜ ਬਾਰੇ ਗੱਲ ਕਰਦਿਆਂ ਆਪਣੀ ਡੂੰਘੀ ਸਮਝ ਅਤੇ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਪ੍ਰੋਗਰਾਮ ਦੇ ਅੰਤ ਵਿੱਚ ਸਵਾਲ-ਜਵਾਬ ਦੇ ਰੂਪ ਵਿੱਚ ਸ਼ੁਰੂ ਹੋਏ ਅਰਥਪੂਰਨ ਸੰਵਾਦ ਦੀ ਵੀ ਭਰਪੂਰ ਸ਼ਲਾਘਾ ਕੀਤੀ।

# 'ਸ਼ਾਇਰਾਂ ਦੀ ਦੁਨੀਆ-3' ਰਿਲੀਜ਼

**ਜਲੰਧਰ** : ਪੰਜਾਬੀ ਜ਼ੁਬਾਨ ਦੇ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਦੀ ਨਵੀਂ ਆਈ ਪੁਸਤਕ 'ਸ਼ਾਇਰਾਂ ਦੀ ਦੁਨੀਆ ਭਾਗ-3' ਲੋਕ ਅਰਪਣ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ. ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਅਤੇ ਸਾਹਿਤ



ਅਕਾਦਮੀ ਲੁਧਿਆਣਾ ਦੇ ਸਕੱਤਰ ਉੱਘੇ ਸਾਹਿਤਕਾਰ ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ ਜਗਦੀਸ਼ ਰਾਣਾ ਪਿਛਲੇ ਕੁਝ ਸਾਲਾਂ ਤੋਂ ਨਿਰੰਤਰ ਸ਼ਾਇਰਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਸਾਂਝੀ ਕਰਦੇ ਹੋਏ ਸ਼ਬਦ ਚਿੱਤਰ ਲਿਖਦਾ ਆ ਰਿਹਾ ਹੈ। ਉਹ ਪਹਿਲਾਂ ਵੀ ਦੋ ਪੁਸਤਕਾਂ 'ਸ਼ਾਇਰਾਂ ਦੀ ਦੁਨੀਆ' ਭਾਗ-1 ਅਤੇ ਭਾਗ 2 ਪ੍ਰਕਾਸ਼ਿਤ ਕਰ ਚੁੱਕਾ ਹੈ, ਜਿਹਨਾਂ ਵਿੱਚ 100 ਦੇ ਕਰੀਬ ਸ਼ਾਇਰ ਸ਼ਾਮਲ ਸਨ। ਹੁਣ ਜਗਦੀਸ਼ ਰਾਣਾ ਨੇ ਪੰਜਾਬੀ ਦੇ ਗੌਲ਼ੇ-ਅਣਗੌਲ਼ੇ 25 ਸ਼ਾਇਰਾਂ ਬਾਰੇ ਲਿਖੇ ਸ਼ਬਦ ਚਿੱਤਰ ਸ਼ਾਇਰਾਂ ਦੀ ਦੁਨੀਆ ਭਾਗ 3 ਵਿੱਚ ਪ੍ਰਕਾਸ਼ਿਤ ਕੀਤੇ ਹਨ। ਉਹਨਾਂ ਕਿਹਾ ਕਿ ਜਗਦੀਸ਼ ਰਾਣਾ ਇੱਕ ਕਿਸਮ ਨਾਲ ਇਤਿਹਾਸਿਕ ਕਾਰਜ ਕਰ ਰਿਹਾ ਹੈ, ਜਦਕਿ ਇਹ ਕੰਮ ਸਾਹਿਤ ਅਕਾਦਮੀਆਂ, ਭਾਸ਼ਾ ਵਿਭਾਗ ਪੰਜਾਬ ਜਾਂ ਯੂਨੀਵਰਸਿਟੀਆਂ ਵਿੱਚ ਬੈਠੇ ਵਿਦਵਾਨਾਂ ਦੇ ਕਰਨ ਵਾਲਾ ਕੰਮ ਸੀ। ਪ੍ਰੋ. ਸੰਧੂ ਵਰਿਆਣਵੀ ਨੇ ਕਿਹਾ ਕਿ ਜਗਦੀਸ਼ ਰਾਣਾ ਦੁਆਰਾ ਸ਼ਾਇਰਾਂ ਬਾਰੇ ਕੀਤੇ ਜਾ ਰਹੇ ਇਸ ਖੋਜ ਭਰਪੂਰ ਕਾਰਜ ਦਾ ਭਾਸ਼ਾ ਵਿਭਾਗ ਪੰਜਾਬ ਅਤੇ ਸਾਹਿਤ ਅਕਾਦਮੀ ਨੂੰ ਨੋਟਿਸ ਲੈਣਾ ਚਾਹੀਦਾ ਹੈ।ਜਗਦੀਸ਼ ਰਾਣਾ ਨੇ ਇਸ ਮੌਕੇ ਕਿਹਾ ਕਿ ਉਹ ਸ਼ਬਦ ਚਿੱਤਰ ਲਿਖ ਕੇ ਪੰਜਾਬ ਦੇ ਅਜਿਹੇ ਸ਼ਾਇਰਾਂ ਨੂੰ ਸਾਂਭਣਾ ਚਾਹੁੰਦਾ ਹੈ, ਜੋ ਗੁੰਮਨਾਮੀ ਦੇ ਹਨੇਰੇ ਵਿੱਚ ਇੱਕ ਤਰ੍ਹਾਂ ਨਾਲ ਗੁਆਚ ਹੀ ਗਏ ਹਨ। ਮੌਕੇ 'ਤੇ ਹਾਜ਼ਰ ਨਾਮਵਰ ਸ਼ਾਇਰ ਨੱਕਾਸ਼ ਚਿੱਤੇਵਾਨੀ ਨੇ ਕਿਹਾ ਕਿ ਸ਼ਾਇਰਾਂ ਦੀ ਦੁਨੀਆ ਭਾਗ 3 ਵਿੱਚ ਉਸ ਬਾਰੇ ਵੀ ਵਿਸਥਾਰਤ ਸ਼ਬਦ ਚਿੱਤਰ ਸ਼ਾਮਲ ਹੈ ਤੇ ਇਹ ਮੇਰੇ ਲਈ ਮਾਣ ਵਾਲੀ ਗੱਲ ਹੈ।ਸ਼ਾਇਰ ਸੋਹਣ ਸਿੰਘ ਭਿੰਡਰ ਪਟਵਾਰੀ ਨੇ ਕਿਹਾ ਕਿ ਜਗਦੀਸ਼ ਰਾਣਾ ਨੇ ਆਪਣੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਨਾਲ ਨਿਵੇਕਲਾ ਤੇ ਵੱਖਰਾ ਕਾਰਜ ਕਰ ਦਿਖਾਇਆ ਹੈ।

# ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਪੁਲਾਂ ਹੇਠੋਂ ਮੁੜਦਾ ਪਾਣੀ' 'ਤੇ ਗੋਸ਼ਟੀ



**ਬਰਨਾਲਾ** : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਪੁਲਾਂ ਹੇਠੋਂ ਮੁੜਦਾ ਪਾਣੀ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਨਾਵਲ ਨੂੰ ਤ੍ਰੈਕਾਲੀ ਸੰਵਾਦ, ਚਿੰਤਨ ਤੇ ਚੇਤਨਾ ਦਾ ਪਰਵਾਸੀ ਕੈਨਵਸ ਕਿਹਾ। ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਨਾਵਲ 'ਪੁਲਾਂ ਹੇਠੋਂ ਮੁੜਦਾ ਪਾਣੀ' ਪੰਜਾਬ 'ਚੋਂ ਹੋ ਰਹੇ ਪ੍ਰਵਾਸ ਅਤੇ ਪ੍ਰਵਾਸ ਨਾਲ ਜੁੜੀਆਂ ਸਮੱਸਿਆਵਾਂ ਮੁਸ਼ਕਲਾਂ ਅਤੇ ਮਸਲਿਆਂ ਨੂੰ ਉਭਾਰਦਾ ਹੈ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਜੁਗਰਾਜ ਧੌਲਾ, ਪਰਮਜੀਤ ਮਾਨ, ਤੇਜਾ ਸਿੰਘ ਤਿਲਕ, ਡਾ. ਭੁਪਿੰਦਰ ਸਿੰਘ ਬੇਦੀ, ਡਾ. ਰਾਮਪਾਲ ਸਿੰਘ ਸ਼ਾਹਪੁਰੀ, ਜਸਪਾਲ ਮਾਨਖੇੜਾ, ਰਾਜਪਾਲ ਸਿੰਘ, ਰਜਿੰਦਰ ਭਦੌੜ, ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਹਾਕਮ ਸਿੰਘ ਰੂੜੇਕੇ ਨੇ ਵੀ ਨਾਵਲ ਬਾਰੇ ਅਤੇ ਸਨਮਾਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਸਾਉਣ ਮਹੀਨੇ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ 'ਚ ਡਾ. ਗੁਰਮੀਤ ਕੱਲਰਮਾਜਰੀ ਦਾ ਸਨਮਾਨ ਵੀ ਕੀਤਾ ਗਿਆ।

# ਗੁਰਬਾਜ਼ ਸਿੰਘ ਦੀ ਪੁਸਤਕ 'ਹੁਣ ਉਹ ਗੱਲਾਂ ਕਿੱਥੇ' ਦਾ ਲੋਕ-ਅਰਪਣ

**ਪਟਿਆਲਾ** : ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਉੱਘੇ ਪੰਜਾਬੀ ਲੇਖਕ ਗੁਰਬਾਜ਼ ਸਿੰਘ ਦੀ ਪੁਸਤਕ 'ਹੁਣ ਉਹ ਗੱਲਾਂ ਕਿੱਥੇ' ਦਾ ਲੋਕ ਅਰਪਣ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਕੀਤਾ ਗਿਆ। ਡਾ. ਯੋਗ ਰਾਜ ਨੇ ਗੁਰਬਾਜ਼ ਸਿੰਘ ਦੀ ਪੁਸਤਕ ਦੇ ਹਵਾਲੇ ਨਾਲ ਵਰਤਮਾਨ ਪੰਜਾਬੀ ਕਵਿਤਾ ਅਤੇ ਸਾਹਿਤ ਦੇ ਪ੍ਰਯੋਜਨ 'ਤੇ ਤਨਕੀਦੀ ਪੱਖਾਂ ਤੋਂ ਗੰਭੀਰ ਚਰਚਾ ਕੀਤੀ। ਕਿਤਾਬ 'ਤੇ ਦਰਸ਼ਨ ਸਿੰਘ ਆਸ਼ਟ, ਡਾ. ਹਰਜਿੰਦਰ ਪਾਲ ਸਿੰਘ ਵਾਲੀਆ, ਡਾ. ਮਦਨ ਲਾਲ ਹਸੀਜਾ, ਮੁਖਤਿਆਰ ਸਿੰਘ, ਗੁਰਪ੍ਰੀਤ ਕੌਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਪੜਾਅ ਦੌਰਾਨ ਲੇਖਕ ਗੁਰਬਾਜ਼ ਸਿੰਘ ਨੇ ਆਪਣੀ ਪੁਸਤਕ ਦੀ ਸਿਰਜਣ ਪ੍ਰਕਿਰਿਆ ਬਾਰੇ ਰੌਸ਼ਨੀ ਪਾਈ ਅਤੇ ਇਸ ਦੇ ਲਿਖੇ ਜਾਣ ਦੇ ਕਾਰਨਾਂ ਬਾਰੇ ਦਿਲਚਸਪ ਢੰਗ ਨਾਲ ਚਰਚਾ ਕੀਤੀ। ਮੰਚ ਸੰਚਾਲਨਾ ਪਟਿਆਲਵੀ ਨੇ ਬਾਖ਼ੂਬੀ ਨਿਭਾਈ।ਇਸ ਦੌਰਾਨ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।



# ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਮਿਲਣੀ ਬਾਬੂ ਰਜਬ ਅਲੀ ਨੂੰ ਸਮਰਪਤ



**ਕੈਲਗਰੀ** : ਅਰਪਨ ਲਿਖਾਰੀ ਸਭਾ ਦੀ ਅਗਸਤ ਮਹੀਨੇ ਦੀ ਇਕੱਤਰਤਾ ਕੋਸੋ ਹਾਲ ਵਿਚ ਹੋਈ। ਇਹ ਮੀਟਿੰਗ ਬਾਬੂ ਰਜਬ ਅਲੀ ਖ਼ਾਨ ਦੀ 132ਵੀਂ ਵਰ੍ਹੇਗੰਢ ਨੂੰ ਸਮਰਪਿਤ ਰਹੀ। ਇਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਰਨੈਲ ਤੱਗੜ ਅਤੇ ਬੀਬੀ ਕਿਰਨਜੋਤ ਕੌਰ ਨੇ ਕੀਤੀ। ਸਭਾ ਦੇ ਸੁਹਿਰਦ ਅਤੇ ਸਤਿਕਾਰਯੋਗ ਮੈਂਬਰ ਲਖਵਿੰਦਰ ਜੌਹਲ ਦੇ ਨੌਜੁਆਨ ਸਪੁੱਤਰ ਸੁਖਦੀਪ ਜੌਹਲ ਦੀ ਬੇ-ਵਕਤੀ ਮੌਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ।ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਸਕੱਤਰ ਦਰਸ਼ਨ ਸਿੰਘ ਬਰਾੜ, ਸੋਹਣ ਸਿੰਘ ਭੁੱਚੋ, ਸੁਖਮੰਦਰ ਸਿੰਘ ਗਿੱਲ, ਜਤਿੰਦਰ ਕੈਂਥ, ਡਾ. ਮਨਮੋਹਨ ਬਾਠ, ਗੁਰਚਰਨ ਸਿੰਘ ਹੇਅਰ, ਸੁਰਿੰਦਰ ਗੀਤ, ਲਖਵਿੰਦਰ ਸਿੱਧੂ, ਜਰਨੈਲ ਤੱਗੜ, ਸਰਵਣ ਸਿੰਘ ਸੰਧੂ, ਮੁਖਿੰਦਰਪਾਲ ਸਿੰਘ ਉੱਪਲ਼, ਮੋਹਨ ਸਿੰਘ ਪਪਰਾਲਾ, ਤਾਜਬੀਰ ਸਿੰਘ ਅਤੇ ਚਰਨਦੀਪ ਕੌਰ, ਜਸਵੀਰ ਸਿਹੋਤਾ, ਜ਼ੀਰ ਸਿੰਘ ਬਰਾੜ, ਮਾਸਟਰ ਹਰਭਜਨ ਸਿੰਘ, ਜੈ ਸਿੰਘ ਉੱਪਲ, ਜਸਵੰਤ ਸਿੰਘ ਸੇਖੋਂ, ਸਰੂਪ ਸਿੰਘ ਮੰਡੇਰ, ਜਗਦੇਵ ਸਿੱਧੂ, ਸਤਨਾਮ ਸਿੰਘ ਢਾਅ ਆਦਿ ਸਾਹਿਤਕਾਰਾਂ, ਅਦੀਬਾਂ ਨੇ ਆਪੋ-ਆਪਣੀਆਂ ਰਚਨਾਵਾਂ, ਕਵਿਤਾ, ਗੀਤ ਵਿਚਾਰ ਆਦਿ ਸਰੋਤਿਆਂ ਨਾਲ ਸਾਂਝੇ ਕੀਤੇ।

# ਸੁਰਖ਼ ਰਾਹਾਂ ਦੀਆਂ ਸਿਮਰਤੀਆਂ 'ਤੇ ਸੰਵਾਦ



**ਕੈਲੀਫੋਰਨੀਆ** : ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਕੈਲੀਫੋਰਨੀਆ ਵਿਖੇ ਕਰਵਾਇਆ ਗਿਆ ਸਾਹਿਤਕ ਸਮਾਗਮ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੇਖੋਂ ਦੇ ਉਦਘਾਟਨੀ ਸ਼ਬਦਾਂ ਨਾਲ ਹੋਇਆ। ਹਰਪ੍ਰੀਤ ਕੌਰ ਧੂਤ ਨੇ ਡਾ. ਮੇਘਾ ਸਿੰਘ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਵਿਦਰੋਹੀ ਬੋਲ ਬਾਰੇ ਡਾ. ਜਸਵਿੰਦਰ ਸਿੰਘ ਦਾ ਰੀਵਿਊ ਪੇਪਰ ਪੇਸ਼ ਕੀਤਾ। ਡਾ. ਜਸਵਿੰਦਰ ਸਿੰਘ ਅਨੁਸਾਰ, "ਡਾ. ਮੇਘਾ ਸਿੰਘ ਨੇ ਪੰਜਾਬੀ ਦੀ ਜੁਝਾਰਵਾਦੀ ਕਵਿਤਾ ਨੂੰ ਉਸ ਦੇ ਨਿੱਗਰ ਇਤਿਹਾਸਕ ਸੰਦਰਭ ਵਿਚ ਸਮਝ ਕੇ ਬਹੁਤ ਮਿਹਨਤ, ਲਗਨ ਅਤੇ ਵਿਚਾਰਧਾਰਕ ਸਪੱਸ਼ਟਤਾ ਨਾਲ ਚੁਣ ਕੇ ਸੰਪਾਦਿਤ ਕੀਤਾ ਹੈ। ਪ੍ਰੋ. ਹਰਭਜਨ ਸਿੰਘ ਨੇ ਕਿਤਾਬ ਬਾਰੇ ਸੰਵਾਦ ਤੋਰਿਆ। ਉਪਰੰਤ ਡਾ. ਗੁਰਪਾਲ ਸਿੰਘ ਸੰਧੂ ਦੁਆਰਾ ਸੰਪਾਦਿਤ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ-ਵਾਦ ਸੰਵਾਦ' ਰਿਲੀਜ਼ ਕੀਤਾ ਗਿਆ। ਇਸ ਸੰਗ੍ਰਹਿ ਵਿਚ ਦਸ ਵਿਦਵਾਨ ਆਲੋਚਕਾਂ ਦੇ ਖੋਜ-ਪੱਤਰ ਅਤੇ ਪ੍ਰੋ. ਹਰਭਜਨ ਸਿੰਘ ਨਾਲ ਡਾ. ਮਨਜਿੰਦਰ ਸਿੰਘ ਦੁਆਰਾ ਕੀਤੀ ਮੁਲਾਕਾਤ ਸ਼ਾਮਲ ਹਨ। ਇਸ ਪੁਸਤਕ ਬਾਰੇ ਡਾ. ਮਾਨ ਸਿੰਘ ਢੀਂਡਸਾ ਨੇ ਪੇਪਰ ਪੇਸ਼ ਕੀਤਾ। ਮਹਿੰਗਾ ਸਿੰਘ ਨੇ ਪ੍ਰੋ. ਹਰਭਜਨ ਸਿੰਘ ਦੀ ਪੁਸਤਕ 'ਸੁਰਖ਼ ਰਾਹਾਂ ਦੀਆਂ ਸਿਮਰਤੀਆਂ' ਬਾਰੇ ਗੱਲ ਕਰਦਿਆਂ ਕਾਲਾ ਸੰਘਿਆਂ ਸੰਘਰਸ਼ ਦੌਰਾਨ ਉਨ੍ਹਾਂ ਨਾਲ ਬਿਤਾਏ ਸੰਗਰਾਮੀ ਪਲਾਂ ਦੀਆਂ ਯਾਦਾਂ ਨਿੱਘੇ ਮੋਹ ਨਾਲ ਸਾਂਝੀਆਂ ਕੀਤੀਆਂ।

# 'ਕੱਚੀ ਨੀਂਦ ਦਾ ਸੁਪਨਾ' ਸਮੇਤ ਪੰਜ ਪੁਸਤਕਾਂ ਲੋਕ ਅਰਪਤ ਤੇ ਕਵੀ ਦਰਬਾਰ

**ਬਠਿੰਡਾ** : ਸਾਦਿਕ ਪਬਲੀਕੇਸ਼ਨ, ਜੋਧਪੁਰ ਪਾਖਰ, ਬਠਿੰਡਾ ਵੱਲੋਂ ਇੱਥੋਂ ਦੇ ਟੀਚਰਜ਼ ਹੋਮ ਵਿਖੇ ਚਾਰ ਹੋਰ ਪੁਸਤਕਾਂ ਲੋਕ ਅਰਪਿਤ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸੁਰਿੰਦਰਪ੍ਰੀਤ ਘਣੀਆਂ ਨੇ ਕੀਤੀ ਅਤੇ ਮੁੱਖ ਮਹਿਮਾਨ ਪਰਮਜੀਤ ਕੌਰ ਸਰਹਿੰਦ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਬਲਵੰਤ ਭਾਟੀਆ, ਪ੍ਰਿੰ. ਜਗਮੇਲ ਸਿੰਘ ਜਠੌਲ, ਪ੍ਰੋ. ਤਰਸੇਮ ਨਰੂਲਾ ਅਤੇ ਭੁਪਿੰਦਰ ਮਾਨ ਸ਼ਾਮਲ ਸਨ।ਸਮਾਗਮ ਵਿੱਚ ਇਨ੍ਹਾ ਨੇ ਆਪਣੇ ਵਿਚਾਰ ਵੀ ਪ੍ਰਗਟ ਕੀਤੇ। ਪ੍ਰਧਾਨਗੀ ਮੰਡਲ ਵੱਲੋਂ ਮੀਤ ਬਠਿੰਡਾ ਦਾ ਕਾਵਿ ਸੰਗ੍ਰਹਿ 'ਕੱਚੀ ਨੀਂਦ ਦਾ ਸੁਪਨਾ', ਹਰਮਨ ਹਬੀਬ ਦਾ ਕਾਵਿ ਸੰਗ੍ਰਹਿ 'ਸਫ਼ਰ-ਏ-ਰਜ਼ਾ', ਰਾਮ ਸਿੰਘ ਪਾਠਕ



ਦਾ ਬਾਲ ਕਾਵਿ ਸੰਗ੍ਰਹਿ 'ਮੁੜ ਆਈਆਂ ਰੌਣਕਾਂ', ਜਗਜੀਤ ਸਿੰਘ ਦੀ ਖੋਜ ਪੁਸਤਕ 'ਡਾ. ਦਰਸ਼ਨ ਗਿੱਲ ਦੀ ਕਾਵਿ-ਸੰਵੇਦਨਾ' ਅਤੇ ਸਾਦਿਕ ਤਖਤੂਪੁਰੀਆ ਤੇ ਕੁਲਦੀਪ ਸਿੰਘ ਦੀਪ ਵੱਲੋਂ ਸੰਪਾਦਿਤ ਕਾਵਿ ਸੰਗ੍ਰਹਿ 'ਸਾਂਝੇ ਅਹਿਸਾਸ' ਲੋਕ ਅਰਪਿਤ ਕੀਤਾ ਗਿਆ। ਇਨ੍ਹਾ ਪੁਸਤਕਾਂ ਦੀ ਜਾਣ-ਪਛਾਣ ਵੀ ਕਰਵਾਈ ਗਈ। ਇਸ ਮੌਕੇ ਹੋਏ ਇੱਕ ਵਿਸ਼ਾਲ ਕਵੀ ਦਰਬਾਰ ਵਿੱਚ ਪ੍ਰੌੜ੍ਹ ਕਵੀਆਂ ਬਲਵੰਤ ਭਾਟੀਆ, ਗੁਰਚੇਤ ਫੱਤੇਵਾਲੀਆ, ਰਣਵੀਰ ਰਾਣਾ, ਸੁਰਿੰਦਰਪ੍ਰੀਤ ਘਣੀਆਂ, ਡਾ. ਜਸਪਾਲਜੀਤ, ਪ੍ਰੋ. ਤਰਸੇਮ ਨਰੂਲਾ, ਅਮਨਦੀਪ ਕੌਰ ਮਾਨ, ਸੁੱਖਾ ਗਿੱਲ ਤੋਂ ਇਲਾਵਾ ਨਵੇਂ ਕਵੀਆਂ ਸੁਭਾਸ਼ ਸੋਲੰਕੀ, ਸੁਖਨੂਰ ਖ਼ਿਆਲੀ, ਜਗਜੀਤ ਕਾਉਣੀ, ਰਾਮ ਸਿੰਘ ਪਾਠਕ, ਹਰਮਨ ਹਬੀਬ, ਅਮਨਦੀਪ ਬੀਰੋਕੇ, ਸੁਖਦੇਵ ਭੱਟੀ, ਜਗਸੀਰ ਤਾਜੀ, ਪ੍ਰਿੰ. ਮੱਖਣ ਸਿੰਘ, ਸਿਕੰਦਰ ਮਾਨਵ, ਅਮਨਦੀਪ ਕੌਰ, ਕਵਿੱਤਰੀ ਹਰਨਫ਼ਸ, ਅਮਰਬੀਰ ਸਿੰਘ, ਗਗਨਦੀਪ ਸੰਧੂ, ਰੇਨੂੰ ਦੇਵੀ ਤੇ ਰੇਖਾ ਦੇਵੀ, ਸ਼ਾਇਰ ਅਲੀ ਤੇ ਦਵਿੰਦਰ ਸਿੰਘ, ਜਗਸੀਰ ਤਾਜੀ, ਗੁਰਪ੍ਰੀਤ ਕੌਰ ਪ੍ਰੀਤ, ਰਜਿੰਦਰ ਸਰਾਵਾਂ ਆਦਿ ਕਵੀਆਂ ਨੇ ਆਪਣੀਆਂ ਭਾਵਪੂਰਤ ਅਤੇ ਸਮਕਾਲੀ ਦ੍ਰਿਸ਼ ਨੂੰ ਪੇਸ਼ ਕਰਦੀਆਂ ਕਵਿਤਾਵਾਂ ਸੁਣਾ ਕੇ ਵਿਸ਼ੇਸ਼ ਵਾਹ-ਵਾਹ ਖੱਟੀ। ਮੰਚ ਸੰਚਾਲਨ ਮੀਤ ਬਠਿੰਡਾ ਨੇ ਕੀਤਾ।

# ਗਿਆਨਦੀਪ ਮੰਚ ਨੇ ਕਵੀ ਦਰਬਾਰ ਕਰਵਾਇਆ

**ਪਟਿਆਲਾ**-ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸੈਮੀਨਾਰ ਹਾਲ ਵਿਖੇ ਅਜ਼ਾਦੀ ਦਿਹਾੜੇ ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ



ਪ੍ਰਧਾਨਗੀ ਗਿਆਨਦੀਪ ਮੰਚ ਦੇ ਪ੍ਰਧਾਨ ਡਾ. ਜੀ ਐੱਸ ਆਨੰਦ ਨੇ ਕੀਤੀ।ਵਿਸ਼ੇਸ਼ ਮਹਿਮਾਨ ਵਜੋਂ ਬਹੁਪੱਖੀ ਲੇਖਕ ਅਤੇ ਸ਼ਾਇਰ ਧਰਮ ਸਿੰਘ ਕੰਮੇਆਣਾ ਨੇ ਸ਼ਿਰਕਤ ਕੀਤੀ।ਅਜ਼ਾਦੀ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਅਜ਼ਾਦੀ ਦਿਹਾੜੇ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਤੋਂ ਉਪਰੰਤ ਮਹਿੰਦਰ ਸਿੰਘ ਬਲਬੇੜਾ ਅਤੇ ਰਾਜੇਸ਼ ਸਰਮਾ ਦੇ ਕਵੀਸ਼ਰੀ ਜਥੇ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪਿਤ ਕਵੀਸ਼ਰੀ ਰੰਗ ਨਾਲ ਸਮਾਗਮ ਦਾ ਆਗਾਜ਼ ਕੀਤਾ। ਇਸ ਸਮਾਗਮ ਵਿੱਚ ਸੁਪ੍ਰਸਿੱਧ ਪੰਜਾਬੀ ਮੈਗਜ਼ੀਨ ਗੁਸਈਆਂ ਦੇ ਅਜ਼ਾਦੀ ਦਿਵਸ ਵਿਸ਼ੇਸ਼ ਅੰਕ ਦਾ ਲੋਕ ਅਰਪਣ ਵੀ ਕੀਤਾ ਗਿਆ।ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਵਿੱਚ ਪੰਜਾਬੀਆਂ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਅਤੇ ਬਹੁਤ ਦਰਦ ਹੰਢਾਇਆ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚੋਂ ਧਰਮ ਸਿੰਘ ਕੰਮੇਆਣਾ, ਬਚਨ ਸਿੰਘ ਗੁਰਮ, ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ, ਕੁਲਦੀਪ ਕੌਰ ਧੰਜੂ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਤਰਲੋਚਨ ਮੀਰ, ਰਾਮ ਸਿੰਘ ਬੰਗ, ਜਸਵਿੰਦਰ ਕੌਰ, ਸੰਤ ਸਿੰਘ ਸੋਹਲ, ਬਲਵਿੰਦਰ ਭੱਟੀ, ਇੰਜ. ਮੇਜਰ ਸਿੰਘ, ਕ੍ਰਿਸ਼ਨ ਧੀਮਾਨ, ਹਰੀ ਸਿੰਘ ਚਮਕ, ਬਲਬੀਰ ਸਿੰਘ ਦਿਲਦਾਰ, ਮੰਗਤ ਖਾਨ, ਰਾਜੇਸ਼ਵਰ ਕੁਮਾਰ, ਅਮਨਦੀਪ ਸਿੰਘ ਪਟਿਆਲਾ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ। ਰਬਿੰਦਰ ਸਿੰਘ ਐੱਸ ਡੀ ਓ, ਗੁਰਦੀਪ ਸਿੰਘ ਸੱਗੂ, ਚਰਨ ਸਿੰਘ ਬੰਬੀਹਾ ਭਾਈ, ਗੁਰਦੇਵ ਸਿੰਘ ਅਤੇ ਪਵਨ ਕੁਮਾਰ ਵੀ ਹਾਜ਼ਰ ਰਹੇ। ਫੋਟੋਗ੍ਰਾਫੀ ਦੇ ਫਰਜ਼ ਦਰਸ਼ ਪਸਿਆਣਾ ਵੱਲੋਂ ਬਾਖ਼ੂਬੀ ਨਿਭਾਏ ਗਏ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਕਸ਼ਮੀਰ ਯਾਤਰਾ-2 : ਦੇਵ ਕੁਰਾਈਵਾਲਾ**

**ਮਜ਼ਦੂਰ ਵਰਗ ਬਦਲਾਅ ਲਈ ਸੰਘਰਸ਼ ਕਰਨ ਦਾ ਸੰਕਲਪ ਲੈਂਦਾ ਹੈ : ਅਮਰਜੀਤ ਕੌਰ**

**'ਰਾਵੀ ਤੋਂ ਘੱਗਰ ਵਾਇਆ ਸਤਲੁਜ' : ਧਰਮ ਸਿੰਘ ਕੰਮੇਆਣਾ (ਫੋਕਸ) ਨਿਰੰਜਣ ਬੋਹਾ**

**ਤਰਸੇਮ ਸਿੰਘ ਭੰਗੂ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**



"ਮੇਰਾ ਦਾਗ਼ਿਸਤਾਨ ਵਾਲੇ 'ਰਸੂਲ ਹਮਜ਼ਾਤੋਵ' ਦੇ ਨਾਂਅ ਤੋਂ ਸਭ ਪੰਜਾਬੀ ਪਾਠਕ ਬਾਖ਼ੂਬੀ ਜਾਣੂ ਹਨ। ਉਨ੍ਹਾਂ ਦੀ ਚੋਣਵੀਂ ਸ਼ਾਇਰੀ ਦੀ ਕਿਤਾਬ "ਰਸੂਲ ਹਮਜ਼ਾਤੋਫ: ਮੁੰਤਖ਼ਿਬ ਨਜ਼ਮੇਂ" ਦਾ ਉਰਦੂ ਅਨੁਵਾਦ 1979 ਵਿੱਚ "ਦਾਰੁਲ ਇਸ਼ਾਯਤ ਤਰੱਕੀ, ਤਾਸ਼ਕੰਦ, ਯੂ ਐਸ ਐਸ ਆਰ" ਵੱਲੋਂ ਛਾਪਿਆ ਗਿਆ ਸੀ। ਇਹ ਸ਼ਾਨਦਾਰ ਉਰਦੂ ਅਨੁਵਾਦ ਜਨਾਬ ਮਨਜ਼ੂਰ ਸਲੀਮ ਵੱਲੋਂ ਕੀਤਾ ਗਿਆ ਸੀ। ਉਸੇ ਕਿਤਾਬ ਵਿੱਚੋਂ ਪੰਜ ਨਜ਼ਮਾਂ ਦਾ ਗੁਰਮੁਖੀ ਲਿਪੀ ਰੂਪ ਪੰਜਾਬੀ ਪਾਠਕਾਂ ਦੇ ਸਨਮੁਖ ਪੇਸ਼ ਹੈ। ਇਸ ਕੰਮ ਨੂੰ ਅੱਗੇ ਜਾਰੀ ਰੱਖਣ ਹਿੱਤ ਪਾਠਕਾਂ ਦੀ ਰਾਇ ਦੀ ਉਡੀਕ ਰਹੇਗੀ। -ਜੋਗਿੰਦਰਪਾਲ ਮਾਨ

# ਰਸੂਲ ਹਮਜ਼ਾਤੋਵ ਦੀਆਂ ਕਵਿਤਾਵਾਂ

## ਪਹਾੜੀ ਨੌਜਵਾਨ

(ਇੱਕ ਲੋਕ ਕਹਾਣੀ)

"ਸੁਨੋ ਨਾਜ਼ਨੀ[1] ਮਹਜ਼ਬੀਂ[2] ਤੁਮ ਡਰੋ ਮਤ
ਮੇਰੇ ਵਾਸਤੇ ਘਰ ਕਾ ਦਰਵਾਜ਼ਾ ਖੋਲੋ"
"ਯਹਾਂ ਰਾਤ ਕੇ ਵਕਤ ਯੂੰ, ਬਾਂਕਪਨ ਸੇ
ਤੁਮਹੇਂ ਕੌਨ ਸਾ ਕਾਮ ਲਾਯਾ ਹੈ ਬੋਲੋ?"
"ਕਸਮ ਖਾ ਕੇ ਕਹਤਾ ਹੂੰ ਦਿਲ ਕੀ ਮੁਹੱਬਤ
ਮੁਝੇ ਖੈਂਚ ਲਾਈ ਹੈ ਦਰ ਪਰ ਤੁਮਹਾਰੇ"
"ਬੜੇ ਆਏ ਆਸ਼ਿਕ ਕਹੀਂ ਕੇ, ਹਟੋ ਭੀ
ਕਿ ਮੈਂ ਸੁਨ ਚੁਕੀ ਹੂੰ ਯੇ ਅਫ਼ਸਾਨੇ ਸਾਰੇ"
"ਖ਼ੁਦਾ ਮੇਰੇ ਸੋਜ਼ੇ-ਦਰੋਂ[3] ਕਾ ਹੈ ਸ਼ਾਹਿਦ[4]
ਵਫ਼ਾ ਕੋ ਮਿਰੀ ਆਜ਼ਮਾ ਲੋ ਅਭੀ ਤੁਮ
ਮੁਹੱਬਤ ਕੋ ਸਾਬਿਤ ਕਰੂੰ ਕਿਸ ਤਰਹ ਮੈਂ
ਬਤਾਓ ਨਾ ਮੁਝ ਸੇ ਹੋ ਕਯਾ ਚਾਹਤੀ ਤੁਮ?"
"ਅਰੇ ਅਜਨਬੀ ਯੂੰ ਨਾ ਘੋੜੇ ਸੇ ਉਤਰੋ
ਯੇ ਤੇਜ਼ੀ ਤੁਮਹਾਰੀ ਅਜਬ ਬੇਤੁਕੀ ਹੈ
ਜੋ ਆਸ਼ਿਕ ਹੋ ਮੇਰਾ, ਮਿਰੀ ਤੀਨ ਸ਼ਰਤੇਂ
ਕਿਸੀ ਤਰਹ ਪੂਰੀ ਕਰੇ, ਲਾਜ਼ਮੀ ਹੈ
ਜੋ ਯੇ ਖਾਹਿਸ਼ ਮੇਰੀ ਪੂਰੀ ਕਰੋਗੇ
ਨਿਛਾਵਰ ਕਰੂੰਗੀ ਮੈਂ ਦਿਲ ਅਪਨਾ ਤੁਮ ਪਰ
ਮਗਰ ਇਨ ਪਹਾੜੋਂ ਪੇ ਚੜ੍ਹਨਾ ਪੜੇਗਾ
ਬੁਲੰਦੀ ਹੈ ਜਿਨ ਕੀ ਫ਼ਲਕ[5] ਕੇ ਬਰਾਬਰ"
"ਬਤਾਓ ਕਿਧਰ ਜਾਊਂ? ਹੋ ਖ਼ਤਮ ਉਲਝਨ
"ਉਭਰਤੀ ਹੈ ਕਾਲੀ ਘਟਾਏਂ ਜਹਾਂ ਸੇ
ਵਹਾਂ ਬਰਫ਼ ਕੀ ਜੈਸੀ ਇਕ ਫ਼ਾਖ਼ਤਾ[6] ਨੇ
ਬਨਾਯਾ ਹੈ ਰਿਫਅਤ[7] ਪੇ ਅਪਨਾ ਨਿਸ਼ੇਮਨ[8]
ਵਹਾਂ ਚਾਂਦ ਨਿਕਲੇਗਾ ਤਬ ਉਸ ਤਰਫ਼ ਸੇ
ਗੁਜ਼ਰ ਹੋਗਾ ਇੱਕ ਲਾਲਚੀ ਲੋਮੜੀ ਕਾ
ਤੁਮਹੇਂ ਖਾਲ ਉਸ ਲੋਮੜੀ ਕੀ ਹੈ ਲਾਨਾ
ਮਗਰ ਸੁਨ ਲੋ ਸੂਰਜ ਨਿਕਲਨੇ ਸੇ ਪਹਲੇ"
ਸ਼ਫ਼ਕ[9] ਜੂੰ ਹੀ ਗਰਦੂੰ[10] ਪੇ ਮਸ਼ਰਿਕ[11] ਮੈਂ ਫੈਲੀ
ਥਕਾ ਹਾਰਾ ਵੁਹ ਅਪਨੇ ਘੋੜੇ ਪੇ ਲੌਟਾ
ਥੀ ਇਕ ਸੁਰਖ਼ ਸੀ ਖਾਲ ਸ਼ਾਨੋ[12] ਸੇ ਲਿਪਟੀ
ਕਿ ਵੁਹ ਲੋਮੜੀ ਹਾਥ ਆ ਹੀ ਗਈ ਥੀ
"ਮੈਂ ਇਨਆਮ ਕਾ ਮੁਸਤਹੱਕ[13] ਹੋ ਗਯਾ ਹੂੰ।"
ਹਸੀਨਾ ਕੋ ਬੇਚੈਨ ਹੋ ਕਰ ਸਦਾ ਦੀ
"ਅਰੇ ਨੌਜਵਾਂ, ਭੂਲ ਬੈਠੇ ਹੋ ਸ਼ਰਤੇਂ
ਕਿ ਯੇ ਬਾਤ ਤੋ ਤੀਨ ਬਾਤੋਂ ਮੇਂ ਇਕ ਥੀ
ਚੜ੍ਹੋ ਅਪਨੇ ਘੋੜੇ ਪੇ ਇਕ ਬਾਰ ਫਿਰ ਤੁਮ
ਹਵਾ ਕੀ ਤਰਹ ਘੋੜਾ ਦੌੜਾਤੇ ਜਾਓ
ਮੁਝੇ ਚਾਹਿਏ ਮੋਤੀਓਂ ਕਾ ਪਯਾਲਾ
ਸਮੁੰਦਰ ਕੀ ਤਹ ਸੇ ਉਸੇ ਲੇ ਕੇ ਆਓ"
ਕੁਸ਼ਾਦਾ[14] ਹਥੇਲੀ ਪੇ ਮੋਤੀ ਧਰੇ ਵੁਹ
ਫਿਰ ਇਕ ਬਾਰ ਪਹੁੰਚਾ ਦਰੇ ਮਹਿਜਬੀਂ ਪਰ
"ਮਿਰੀ ਜਾਂ ਸੁਨੋ, ਅਬ ਤੋ ਦਰਵਾਜ਼ਾ ਖੋਲੋ
ਕਿ ਵਾਅਦੇ ਪੇ ਪੂਰਾ ਮੈਂ ਉਤਰਾ ਸਰਾਸਰ"
"ਪਹਾੜੀ ਜਵਾਂ ਅਪਨੀ ਵਹਸ਼ਤ ਕੋ ਰੋਕੋ
ਪੜੀ ਕੈਸੇ ਗੁਸਤਾਖ਼ ਹੋਨੇ ਕੀ ਹਿੰਮਤ
ਗਿਰੀ ਖ਼ਾਹਿਸੇਂ ਤੀਨ ਥੀਂ ਔਰ ਮੁਝ ਕੋ
ਹੈ ਦੌਲਤ ਸੇ ਬੜ੍ਹ ਕਰ ਸਦਾਕਤ[15] ਸੇ ਉਲਫ਼ਤ"
"ਤੋ ਜਲਦੀ ਬਤਾਓ ਕਿ ਕਯਾ ਔਰ ਲਾਊਂ
ਨਿਕਲ ਜਾਊਂ ਕਿਸ ਸਮਤ[16] ਜੋਸ਼ੇ-ਜਨੂੰ ਮੇਂ?"
"ਅਬ ਆਓ ਕਿ ਦਰਵਾਜ਼ਾ ਪੂਰਾ ਖੁਲਾ ਹੈ
ਅਬ ਆਓ ਮਿਰੇ ਖ਼ਾਨਾ[17]-ਏ-ਪੁਰ ਸਕੂੰ ਮੇਂ"

ਹਮ ਆਗੋਸ਼[18] ਹੋਨੇ ਸੇ ਪਹਲੇ ਹੀ ਲੇਕਿਨ
ਕਸਮ ਖਾ ਕੇ ਇਕਰਾਰ ਕਰਨਾ ਪੜੇਗਾ
ਭੁਲਾ ਦੋਗੇ ਤੁਮ ਬੂੜੇ ਵਾਲਿਦ ਕੋ ਅਪਨੇ
ਨਾ ਦੇਖੋਗੇ ਚਿਹਰਾ ਕਭੀ ਅਪਨੀ ਮਾਂ ਕਾ।
ਮਿਰੀ ਜਾਨ ਜਲਦੀ ਕਰੋ ਅਹਦ ਮੁਝ ਸੇ
ਮਿਰੇ ਹੁਸਨ ਕੇ ਸਾਮਨੇ ਸਰ ਝੁਕਾ ਦੋ
ਛੁਪਾ ਲੂੰਗੀ ਮੈਂ ਅਪਨੀ ਬਾਹੋਂ ਮੇਂ ਤੁਮਕੋ
ਛੁਪੇ ਨਿਯਾਮ ਮੇਂ ਕੋਈ ਤਲਵਾਰ ਜੈਸੇ
ਕਸਮ ਖਾਓ ਔਰ ਖ਼ੂਬ-ਰੂੰ[19] ਨੌਜਵਾਂ ਤੁਮ
ਨਸ਼ਾਤੇ[20] ਮੁਹੱਬਤ ਕੇ ਸਾਏ ਮੇਂ ਠਹਰੋ
ਮਗਰ ਯੇ ਕਿਧਰ ਚਲ ਦਿਏ ਮੇਰੀ ਜਾਂ ਤੁਮ?
ਜਵਾਬ ਉਸ ਨੇ ਘੋੜੇ ਕੀ ਟਾਪੋਂ ਸੇ ਪਾਯਾ
ਕਿ ਸ਼ੋਰ ਉਨ ਕਾ ਯਕ ਦਮ ਫ਼ਿਜ਼ਾਓਂ ਮੇਂ ਗੂੰਜਾ।

*1. ਕੋਮਲ ਸਰੀਰ ਵਾਲੀ, ਲਾਡਲੀ 2. ਚੰਦ ਵਰਗੇ ਮੱਥੇ ਵਾਲੀ 3. ਦੁੱਖਾਂ-ਦਰਦਾਂ ਦੇ ਅਧਿਆਏ 4. ਗਵਾਹ 5. ਅਸਮਾਨ 6. ਘੁੱਗੀ 7. ਚੋਟੀ, ਉਚਾਈ ਆਲ੍ਹਣਾ 9. ਦਿਨ ਚੜ੍ਹਦੇ ਦੀ ਲਾਲੀ 10. ਅਸਮਾਨ 11. ਪੂਰਬ 12 ਮੋਢੇ 13 ਹੱਕਦਾਰ 14. ਖੋਲ੍ਹੀ ਹੋਈ 15. ਸੱਚਾਈ 16. ਤਰਫ, ਪਾਸਾ 17. ਘਰ, ਮਕਾਨ 18 ਜੱਫੋ-ਜੱਫੀ 19. ਸੋਹਣਾ-ਸੁਨੱਖਾ 20. ਖ਼ੁਸ਼ੀ*

## ਸਾਰਸ

ਕਭੀ ਮੈਂ ਸੋਚਤਾ ਹੂੰ ਵੁਹ ਮਜਾਹਿ[1] ਦੀਨ ਸਫ਼-ਸ਼ਿਕਨ[2]
ਜੋ ਖ਼ੂਨੀ ਮਾਅਰਕੋਂ ਮੇਂ ਬਨ ਗਏ ਥੇ ਲੁਕਮਾਏ-ਅਜਲ[3]
ਕਿਏ ਨਹੀਂ ਗਏ ਸਪੁਰਦੇ-ਖ਼ਾਕ, ਬਲਕਿ ਉਨ ਕੇ ਤਨ
ਉੜੇ, ਸਫ਼ੇਦ ਸਾਰਸੋਂ ਕੇ ਜਿਸਮ ਮੇਂ ਗਏ ਬਦਲ
ਫਿਜ਼ਾਓਂ ਮੇਂ ਵੁਹ ਉੜਤੇ ਫਿਰ ਰਹੇ ਹੈਂ ਤਬ ਸੇ ਆਜ ਤਕ
ਅਜੀਬ ਦਰਦਨਾਕ ਸੀ ਸਦਾ[4] ਬੁਲੰਦ ਕਰਤੇ ਹੈ
ਇਸੀ ਲਿਏ ਤੋਂ ਸਾਰਸੋਂ ਪੇ ਖ਼ਾਮੋਸ਼ੀ ਕੇ ਸਾਥ ਹਮ
ਨਜ਼ਰ ਜਮਾਏ ਰਹਤੇ ਹੈਂ ਵੁਹ ਜਬ ਕਭੀ ਗੁਜ਼ਰਤੇ ਹੈਂ
ਵਤਨ ਸੇ ਦੂਰ ਸਾਰਸੋਂ ਕੋ ਅਜਨਬੀ ਦੱਯਾਰ[5] ਮੇਂ
ਮੈਂ ਉੜਤੇ ਦੇਖਤਾ ਹੂੰ ਜ਼ਰਦ[6] ਝਟਪਟੇ ਮੇਂ ਸ਼ਾਮ ਕੇ
ਕੁਛ ਇਸੀ ਤੇਜ਼ੀ ਸੇ ਕੁਛ ਇਸ ਤਰਹ ਸੇ ਇਕ ਕਤਾਰ ਮੈਂ
ਕਭੀ ਵੁਹ ਜੈਸੇ ਘੋੜੇਂ ਪਰ ਸਵਾਰ ਹੋ ਕੇ ਚਲਤੇ ਥੇ
ਗਜ਼ਰ ਕੇ ਵੁਹ ਨਿਗਾਹ ਕੀ ਪਹੁੰਚ ਸੇ ਦੂਰ ਜਾਤੇ ਹੈਂ
ਤੋ ਸੁਨਤਾ ਹੂੰ ਉਨਹੇਂ ਪੁਕਾਰਤੇ ਕਿਸੀ ਕੋ ਨਾਮ ਸੇ
ਇਸ ਲਿਏ "ਟਰੌਂ ਟਰੌਂ" ਕੋ ਉਨਕੀ ਮੁੱਦਤੋਂ ਸੇ ਹਮ
"ਅਵਾਰ" ਬੋਲੀ ਸੇ ਬਹੁਤ ਹੀ ਮਿਲਤੀ ਜੁਲਤੀ ਪਾਤੇ ਹੈਂ
ਉਦਾਸ ਆਸਮਾਂ ਕੇ ਆਰ-ਪਾਰ ਮਹਿਵੇ-ਗਾਸ਼ਤ[7] ਹੈਂ
ਕਭੀ ਜੋ ਅਪਨੇ ਯਾਰ ਥੇ, ਰਫ਼ੀਕ[8] ਥੇ, ਅਜ਼ੀਜ਼[9] ਥੇ
ਸਫ਼ੋਂ ਮੇਂ ਉਨ ਕੀ ਇਕ ਮੁਕਾਮ ਖ਼ਾਲੀ ਦੇਖਤਾ ਹੂੰ ਮੈਂ
ਦਿਯਾ ਗਯਾ ਹੈ ਸ਼ਾਯਦ ਇਸਕੋ ਛੋੜ ਮੇਰੇ ਵਾਸਤੇ?
ਮਿਲੂੰਗਾ ਮੈਂ ਭੀ ਜਾ ਕੇ ਸਾਰਸੋਂ ਕੀ ਸਫ਼ ਮੇਂ ਏਕ ਦਿਨ
ਉੜਾ ਕਰੂੰਗਾ ਮੈਂ ਭੀ ਉਨਕੇ ਸਾਥ ਜ਼ੇਰੇ-ਆਸਮਾਂ
ਯਹਾਂ ਜ਼ਮੀਨ ਪੇ ਬਾਕੀ ਰਹਨੇ ਵਾਲੇ ਲੋਗੋ ਸ਼ਾਮ ਕੋ
ਸੁਨਾ ਕਰੋਗੇ ਯੂੰ ਹੀ ਤੁਮ ਮਿਰੀ ਕੁਰੱਖ਼ਤ ਸੀ ਫ਼ੁਗਾਂ[10]।

*1. ਆਪਣੇ ਅਕੀਦੇ ਲਈ ਲੜਨ ਵਾਲੇ, 2. ਕਤਾਰਬੰਦ 3. ਮੌਤ ਦਾ ਖਾਜਾ 4. ਅਵਾਜ਼, ਹੋਕਾ 5. ਮੁਲਕ, ਇਲਾਕੇ 6. ਪੀਲਾ, ਸੁਨਹਿਰਾ 7. ਉਤਵ ਵਿੱਚ ਮਗਨ 8. ਹਮਦਰਦ, ਦੋਸਤ 9. ਪਿਆਰੇ 10. ਪੁਕਾਰ, ਦੁਹਾਈ*

## ਹਯਾਤੇ-ਨੌ (ਨਵਾਂ ਜੀਵਨ)

ਅਜਬ ਖ਼ਯਾਲਾਤ ਹਮ ਕੋ ਸੋਤੇ ਮੇਂ ਹੈਂ ਸਤਾਤੇ
ਗੁਜ਼ਸਤਾਂ[1] ਸ਼ਬ[2] ਮੈਂਨੇ ਖ਼ਾਬ ਦੇਖਾ ਕਿ ਮਰ ਗਯਾ ਹੂੰ
ਕਹੀਂ ਸੇ ਆ ਕਰ ਲਗੀ ਹੈ ਗੋਲੀ ਮਿਰੀ ਬਗ਼ਲ ਮੇਂ
ਅਮੀਕ[3] ਘਾਟੀ ਮੇਂ ਸਬ ਸੇ ਮਖ਼ਫ਼ੀ[4] ਪੜਾ ਹੂੰਆ ਹੂੰ
ਕਰੀਬ ਹੀ ਚੀਖ਼ਤੀ ਪਹਾੜੀ ਨਦੀ ਰਵਾ ਹੈਂ
ਮਦਦ ਕਾ ਹੂੰ ਮੁੰਤਜ਼ਿਰ[5], ਨਹੀਂ ਜਿਸ ਕਾ ਕੋਈ ਹਾਸਲ
ਪੜਾ ਹੂੰ ਧਰਤੀ ਪੇ, ਗਰਦ ਬਿਖਰੀ ਹੁਈ ਹੈ ਹਰ ਸੂ[6]
ਵੋਹ ਗਰਦ ਹੋਨਾ ਹੈ ਜਲਦ ਹੀ ਜਿਸ ਮੇਂ ਮੁਝ ਕੋ ਸ਼ਾਮਿਲ
ਨਹੀਂ ਕੋਈ ਜਾਨਤਾ ਲਬੇ-ਦਮ[7] ਹੂੰ ਮੈਂ ਯਹਾਂ ਪਰ
ਦਿਖਾਈ ਦੇਤਾ ਨਹੀਂ ਹੈ ਕੁਛ ਭੀ ਮੁਝੇ ਯਹਾਂ ਸੇ
ਬਜੁਜ਼[8] ਉਕਾਬੋਂ ਕੇ ਉੜ ਰਹੇ ਹੈਂ ਜੋ ਆਸਮਾਂ ਪਰ
ਬਜੁਜ਼ ਕਿਸੀ ਕਮਸਿਨ[9] ਔਰ ਸ਼ਰਮੀਲੇ ਸੇ ਹਿਰਨ ਕੇ
ਬਹੁਤ ਹੀ ਨਾ-ਵਕਤ ਮੌਤ ਕਾ ਮੇਰੀ ਗ਼ਮ ਮਨਾਨੇ
ਨਾ ਮਾਂ ਨਾ ਬੀਵੀ ਨਾ ਦੋਸਤ ਅਹਬਾਬ ਆ ਰਹੇ ਹੈਂ
ਮਿਰੇ ਜਨਾਜ਼ੇ ਪੇ ਬੈਨ ਕਰਨੇ ਕੋ ਸਾਥ ਮਿਲ ਕਰ
ਨਾ ਗਾਊਂ ਕੇ ਨੌਹਾ-ਗਰ[10] ਹੀ ਸੂਰਤ ਦਿਖਾ ਰਹੇ ਹੈਂ

ਨਾ ਦੇਖਨੇ ਵਾਲਾ ਹੈ ਨਾ ਗੁਨ ਗਾਨੇ ਵਾਲਾ ਕੋਈ
ਮਗਰ ਮੈਂ ਇਸ ਬੇਬਸੀ ਮੇਂ ਮਰਨੇ ਕੋ ਸੋਚਤਾ ਹੂੰ
ਤੋ ਮੇਰੀ ਪਯਾਰੀ "ਅਵਾਰ" ਮੇਂ ਬਾਤ ਕਰਨੇ ਵਾਲੇ
ਉਧਰ ਸੇ ਦੋ ਸ਼ਖ਼ਸ ਹੈ ਗੁਜ਼ਰਤੇ, ਮੈਂ ਸੁਨ ਰਹਾ ਹੂੰ
ਅਮੀਕ ਘਾਟੀ ਮੇਂ ਸਬ ਸੇ ਮਖ਼ਫ਼ੀ ਪੜਾ ਹੁਆ ਹੂੰ
ਤੜਪ ਰਹਾ ਹੂੰ ਮਗਰ ਵੁਹ ਦੋਨੋਂ ਬਸਦ ਮਸੱਰਤ
ਕਿਸੀ ਹੁਸਨ ਕੇ ਫ਼ਰੇਬ ਕੀ ਬਾਤ ਕਰ ਰਹੇ ਹੈਂ
ਹੈ ਸਾਜ਼ਿਸ਼ੋ ਪਰ ਕਿਸੀ ਅਲੀ ਕੀ ਭੀ ਉਨ ਕੋ ਹੈਰਤ
"ਅਵਾਰ" ਬੋਲੀ ਕੇ ਸੁਨਤੇ ਹੀ ਜੀ ਉਠਾ, ਬਦਨ ਮੇਂ
ਫਿਰ ਆਈ ਤਾਕਤ, ਯੇ ਰਾਜ਼ ਮੇਰੀ ਸਮਝ ਮੇਂ ਆਯਾ
ਕਿ ਡਾਕਟਰ ਔਰ ਹਕੀਮ ਅੱਛਾ ਨਾ ਕਰ ਸਕੇਂਗੇ
ਫ਼ਕਤ ਮਿਰੀ ਮਾਦਰੀ ਜ਼ੁਬਾਂ ਹੈ ਇਲਾਜ ਮੇਰਾ
ਹਯਾਤ ਨੌਂ[11] ਦੂਸਰੋਂ ਕੋ ਦੇ ਦੂਸਰੀ ਜ਼ੁਬਾਨੇਂ
ਕੁਛ ਇਸ ਅਦਾ ਸੇ ਜੋ ਉਨ ਸੇ ਮਖ਼ਸੂਸ[12] ਹੋ ਗਈ ਹੈ
ਮਗਰ ਫ਼ਨਾ ਹੋ ਰਹੀ ਹੋ ਕਲ ਜੋ "ਅਵਾਰ" ਮੇਰੀ
ਤੋ ਮੈਂ ਯੇ ਚਾਹੂੰਗਾ ਆਜ ਹੀ ਆਏ ਮੌਤ ਮੁਝਕੋ!
ਹੈਂ ਲੋਗ ਕਹਤੇ ਕਿ ਇਸ ਜ਼ਬਾਨ ਮੇਂ ਨਹੀਂ ਹੈ ਵੁਸਅਤ[13]
ਅਸੰਬਲੀ ਮੇਂ ਸੁਨਾਈ ਦੇਤੀ ਨਾ ਗੂੰਜਤੀ ਹੈ
ਮਗਰ ਯਹ ਬਾਤੇਂ ਅਹਮ ਨਹੀਂ, ਮੈਂ ਹੂੰ ਇਸ ਪੇ ਸ਼ੈਦਾ[14]
ਮਿਰੇ ਲਿਏ ਯਹ ਅਜ਼ੀਜ਼[15] ਭੀ ਹੈ ਅਜ਼ੀਮ[16] ਭੀ ਹੈ
ਕਲਾਮੇ-ਮਹਮੂਦ[17] ਕੇ ਫ਼ਕਤ[18] ਤਰਜਮੇ ਪੜ੍ਹੇਂਗੀ
ਮਿਰੇ ਇਲਾਕੇ ਕੀ ਮੇਰੇ ਬਾਅਦ ਆਨੇ ਵਾਲੀ ਨਸਲੇਂ?
"ਅਵਾਰ" ਮੇਂ ਲਿਖਨੇ ਵਾਲਾ ਕਯਾ ਆਖ਼ਿਰੀ ਹੂੰ ਸ਼ਾਇਰ
ਸਮਝ ਮੇਂ ਲੋਗੋਂ ਕੀ ਆਤੀ ਹੈ ਅਬ ਭੀ ਜਿਸ ਕੀ ਨਜ਼ਮੇਂ?
ਯਹ ਜ਼ਿੰਦਗੀ ਯਹ ਵਸੀਅ[19] ਦੁਨਯਾ ਹੈ ਮੁਝਕੋ ਪਯਾਰੀ
ਇਸੇ ਮੁਹੱਬਤ ਗੀ ਨਿਗਾਹੋਂ ਸੇ ਦੇਖਤਾ ਹੂੰ
ਮਗਰ ਮੁਝੇ ਸੋਵੀਅਤ ਵਤਨ ਹੈ ਅਜ਼ੀਜ਼ ਸਭ ਸੇ
"ਅਵਾਰ" ਮੇਂ ਗੀਤ ਜਿਸ ਕੀ ਅਜ਼ਮਤ[20] ਕੇ ਗਾ ਰਹਾ ਹੂੰ
ਮੈਂ ਸ਼ਰਕ ਤਾਂ ਗ਼ਰਬ[21] ਇਸ ਸਰ-ਜ਼ਮੀਨੇ ਮਿਹਨਤ
ਅਲਾਮਤੇ-ਹੁਰੀਯਤ[22] ਪੇ ਜਾਂ ਤਕ ਕਰੂੰ ਨਿਛਾਵਰ
ਮਗਰ ਮਿਰੀ ਆਰਜ਼ੂ ਹੈ ਮਰਨੇ ਕੇ ਬਾਅਦ ਮੁਝ ਕੋ
"ਅਵਾਰ" ਧਰਤੀ ਮੇਂ ਹੋ ਸਕੂਨੇ-ਲਹਦ[23] ਮੁਯੱਸਿਰ
"ਅਵਾਰ" ਅਫ਼ਰਾਦ[24] ਗ਼ਮ ਮਨਾਨੇ ਕੋ ਹੋ ਇਕੱਠਾ
ਤੋ ਉਨਕੇ ਹੋਨੋਂ ਪੇ ਜ਼ਿਕਰ ਮੇਰਾ "ਅਵਾਰ" ਮੇਂ ਹੋ
ਰਸੂਲ ਕਾ ਜ਼ਿਕਰ ਹੈ ਜੋ ਖ਼ੁਦ ਇਕ "ਅਵਾਰ" ਸ਼ਾਇਰ
"ਅਵਾਰ" ਸ਼ਾਇਰ ਕਾ ਵਾਰਿਸ-ਓ-ਜਾਨਸ਼ੀਨ ਹੈ ਜੋ[25]

*1. ਲੰਘੀ ਹੋਈ, 2 ਰਾਤ, 3 ਡੂੰਘੀ, 4 ਛੁਪਿਆ ਹੋਇਆ, 5 ਝਾਕ, 6 ਹਰ ਪਾਸੇ, 7 ਆਖਰੀ ਸਾਹਾਂ 'ਤੇ, 8 ਸਿਵਾਏ, 9 ਛੋਟੀ ਉਮਰ ਦਾ, 10 ਵੈਣ ਪਾਉਣ ਵਾਲਾ, 11 ਨਵੀਂ ਜ਼ਿੰਦਗੀ, 12 ਰਾਖਵਾਂ, 13 ਵਿਸ਼ਾਲਤਾ, 14 ਸ਼ੈਦਾਈ, 15 ਪਿਆਰੀ, 16 ਮਹਾਨ, 17 ਉਨੀਵੀਂ ਸਦੀ ਦੇ ਇੱਕ ਸ਼ਾਇਰ ਦੀ ਸ਼ਾਇਰੀ, 18 ਸਿਰਫ਼, 19 ਵਿਸ਼ਾਲ, 20 ਵਡੱਪਣ, 21 ਪੂਰਬ, 22 ਆਜ਼ਾਦੀ, 23 ਕਬਰ ਵਿਚਲੀ ਸ਼ਾਂਤੀ, 24 ਲੋਕ, 25 ਬਾਪ*

## ਮਿਰੇ ਜਾਨੇ ਕਾ ਅਬ ਵਕਤ ਆ ਚੁੱਕਾ ਹੈ

ਮਿਰੇ ਜਾਨੇ ਕਾ ਅਬ ਵਕਤ ਆ ਚੁੱਕਾ ਹੈ
ਕੋਈ ਸਾਮਾਂ[1] ਨਾ ਹੋਗਾ ਸਾਥ ਮੇਰੇ
ਸਬਾ[2] ਔਰ ਤਾਇਰੋ[3] ਕੇ ਸੁਬਹ ਕੇ ਗੀਤ
ਮੈਂ ਛੋੜੇ ਜਾ ਰਹਾ ਹੂੰ ਅਪਨੇ ਪੀਛੇ
ਮੈਂ ਛੋੜੇ ਜਾ ਰਹਾ ਹੂੰ ਚਾਂਦਨੀ ਰਾਤ
ਯੇ ਰੰਗੀਂ[4] ਘਾਸ ਕੇ ਫੂਲ ਔਰ ਅਸ਼ਜਾਰ[5]
ਸਮੁੰਦਰ ਕੀ ਸਦਾਏਂ[6] ਦੂਰ ਹੈਂ ਜੋ
ਨਦੀ ਕੇ ਭਾਰੀ-ਭਰਕਮ ਸਾਜ਼ ਕੇ ਤਾਰ
ਹਵਾ ਔਰ ਬਾਰਿਸ਼ੋਂ ਨੇ ਹੈ ਤਰਾਸ਼ਾ
ਪਹਾੜੀ ਚੋਟੀਓਂ ਪਰ ਜਿਨਕੇ ਵੁਹ ਗ਼ਾਰ[7]
ਯੇ ਇਤਨੀ ਪਯਾਰੀ ਹੈ ਮੁਝਕੋ ਕਿ ਜਿਤਨੇ
ਮੁਅੱਮਰ[8] ਮਾਂ ਕੇ ਦਾਗ਼ੋਂ ਵਾਲੇ ਰੁਖ਼ਸਾਰ[9]
ਮੈਂ ਛੋੜੇ ਜਾ ਰਹਾ ਹੂੰ ਦਰਯਾ ਕੀ ਸ਼ੌਕਤ[10]
ਸ਼ੁਆਓਂ[11] ਕੀ ਵੁਹ ਧੀਮੀ ਨਰਮ ਸੁਰਖ਼ੀ
ਲਿਪਟਤੀ ਹੈ ਜੋ ਸ਼ਾਨੋ[12] ਸੇ ਤੁਮਹਾਰੇ
ਜੋ ਕਮ ਹੋਤੀ ਹੈ ਸੂਰਜ ਕੀ ਬੁਲੰਦੀ
ਵੁਹ ਸਬ ਦੇਤਾ ਹੂੰ ਤੁਮਕੋ ਜੋ ਬਦਨ ਸਾ[13]
ਜਨਮ ਕੇ ਵਕਤ ਸੇ ਅਬ ਤਕ ਮਿਰਾ ਥਾ
ਕਣੀ ਘਾਸ ਔਰ ਇਸ ਧਰਤੀ ਕੀ ਖ਼ੁਸ਼ਬੂ
ਯੇ ਚੱਕਰਦਾਰ ਲਹਰਾਤਾ ਸਾ ਰਸਤਾ
ਯੇ ਠੰਡੀ ਬਾਰਿਸ਼ ਔਰ ਯੇ ਗਰਮ ਸੂਰਜ
ਯੇ ਗਰਦੂੰ[14] ਸਬ ਮੈਂ ਦੇ ਕਰ ਜਾ ਰਹਾ ਹੂੰ
ਔਰ ਇਨ ਸਬ ਸੇ ਬੜਾ ਹੈ ਜੋ ਖ਼ਜ਼ਾਨਾ
ਤੁਮਹਾਰਾ ਪਯਾਰ ਲੇਕਰ ਜਾ ਰਹਾ ਹੂੰ

*1. ਸਮਾਨ ਦਾ ਸੰਖੇਪ, 2.ਬਸੰਤ ਰੁੱਤ ਹਵਾ, 3. ਉਡਦੇ ਹੋਏ ਪੰਛੀ, 4. ਰੰਗੀਨ ਦਾ ਸੰਖੇਪ, 5.ਦਰੱਖਤ, 6.ਅਵਾਜ਼ਾਂ, 7. ਖੱਡ, 8. ਵੱਡੀ ਉਮਰ ਵਾਲੀ, 9. ਚਿਹਰਾ, 10. ਸ਼ਕਤੀ, 11. ਸੂਰਜ ਦੀਆਂ ਕਿਰਨਾਂ, 12 ਮੋਢੇ, 13. ਸਰੀਰ, 14. ਅਸਮਾਨ*

## ਜ਼ਰਦ ਪੱਤੇ

ਫ਼ਵਾਰ ਕੇ ਨਰਮ ਨਰਮ ਕਤਰੇ
ਬਰਹਨਾ[1] ਸਾਖੋਂ ਸੇ ਗਿਰ ਰਹੇ ਹੈਂ
ਇਧਰ ਉਧਰ ਜ਼ਰਦ ਜ਼ਰਦ ਪੱਤੇ
ਹਵਾਓਂ ਮੇਂ ਉੜਤੇ ਫਿਰ ਰਹੇ ਹੈਂ
ਖ਼ਿਜ਼ਾਂ[2] ਇਨਹੇਂ ਜੋਸ਼ ਔਰ ਗ਼ਜ਼ਬ ਸੇ
ਭਗਾਤੀ ਜਾਤੀ ਹੈ ਹਰ ਗੁਜ਼ਰ ਪਰ
ਯਤੀਮ ਔਰ ਪਯਾਰ ਕੋ ਤਰਸਤੇ
ਰਵਾਂ ਹੈ ਪਸਪਾਈ[3] ਕੀ ਡਗਰ ਪਰ
ਗੁਜ਼ਰਤੇ ਹੈਂ ਲੋਗ ਖ਼ਾਮੋਸ਼ੀ ਸੇ
ਕੁਚਲਤੇ ਔਰ ਖ਼ਾਕ ਮੇਂ ਮਿਲਾਤੇ
ਇਨਹੇਂ ਕਭੀ ਥੇ ਜੋ ਖ਼ੂਬਸੂਰਤ
ਥੇ ਸਬ ਕੀ ਨਜ਼ਰੋਂ ਸੇ ਦਾਦ ਪਾਤੇ
ਬਹਾਰ ਮੇਂ ਫਿਰ ਸਜਰ[4] ਸਜਰ ਪਰ
ਨਿਕਲਤੇ ਹੈਂ ਬੇਸ਼ੁਮਾਰ ਪੱਤੇ
ਅਜੀਬ ਬੇਰਹਮ ਸੇ ਹੈਂ ਲੇਕਿਨ
ਨਿਜ਼ਾਮੇ ਫ਼ਿਤਰਤ[5] ਕੇ ਯਹ ਕਰਿਸ਼ਮੇ

*1. ਨੰਗਾ, 2.ਪਤਝੜ ਦਾ ਮੌਸਮ, 3. ਹਾਰਿਆ ਹੋਇਆ, 4. ਦਰੱਖਤ, 5. ਕੁਦਰਤ ਦਾ ਪ੍ਰਬੰਧ*

**- ਲਿਪੀਅੰਤਰ : ਜੋਗਿੰਦਰ ਪਾਲ ਮਾਨ**

**ਸੰਪਰਕ : 89683-43252**

# ਫਿਰਕੂ ਨਫਰਤ ਦੀ ਵਿਚਾਰਧਾਰਾ

**ਮੰਗਤ ਰਾਮ ਪਾਸਲਾ**

ਆਰ.ਐੱਸ.ਐੱਸ. ਦੀਆਂ ਹਦਾਇਤਾਂ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਨਿਭਾਏ ਕਾਰਜਕਾਲ ਦੌਰਾਨ 'ਆਰਥਿਕ ਵਿਕਾਸ, ਸਿੱਖਿਆ ਤੇ ਸਮਾਜਿਕ' ਖੇਤਰਾਂ 'ਚ ਇਕ ਵਿਸ਼ੇਸ਼ ਨਮੂਨਾ ਤਿਆਰ ਕੀਤਾ, ਜਿਸ ਨੂੰ 'ਗੁਜਰਾਤ ਵਿਕਾਸ ਮਾਡਲ' ਦਾ ਨਾਂਅ ਦਿੱਤਾ ਗਿਆ। ਇਸੇ ਵਿਕਾਸ ਮਾਡਲ ਅਧੀਨ ਕਾਰਪੋਰੇਟ ਘਰਾਣਿਆਂ ਤੇ ਧਨਵਾਨ ਲੋਕਾਂ ਨੂੰ ਦੇਸ਼ ਦੇ ਕੁਦਰਤੀ ਖ਼ਜ਼ਾਨੇ ਲੁੱਟਣ, ਮਿਹਨਤਕਸ਼ ਲੋਕਾਂ 'ਤੇ ਗਰੀਬੀ, ਬੇਰੁਜ਼ਗਾਰੀ ਤੇ ਭੁੱਖਮਰੀ ਦੇ ਪਹਾੜ ਲੱਦਣ ਤੇ ਕੁਪੋਸ਼ਣ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਦੇ 'ਮਹਾਨ ਕਾਰਜ' ਕੀਤੇ ਗਏ। ਇਸ ਤੋਂ ਬਿਨਾਂ ਦੇਸ਼ ਦੇ ਖਜ਼ਾਨੇ ਤੇ ਬੈਂਕਾਂ ਨਾਲ ਅਰਬਾਂ ਰੁਪਏ ਦੀ ਧੋਖਾਧੜੀ ਕਰਕੇ ਵਿਦੇਸ਼ ਭੱਜਣ ਵਾਲੇ ਭਗੌੜਿਆਂ ਦੀ ਗਿਣਤੀ 'ਚ ਵੀ ਗੁਜਰਾਤ ਮੋਹਰੀ ਪ੍ਰਾਂਤ ਬਣ ਗਿਆ। ਵਿੱਦਿਅਕ ਸਿਲੇਬਸ ਅੰਦਰ ਵਿਗਿਆਨਕ ਨਜ਼ਰੀਏ ਨੂੰ ਖਾਰਜ ਕਰਕੇ ਪਿਛਾਖੜੀ, ਗੈਰ ਵਿਗਿਆਨਕ ਤੇ ਕਰਮਕਾਂਡੀ ਵਿਚਾਰ ਘੁਸੇੜਨ ਦੀ ਸ਼ੁਰੂਆਤ ਵੀ ਗੁਜਰਾਤ ਤੋਂ ਹੀ ਕੀਤੀ ਗਈ। ਇਸ ਤੋਂ ਵੀ ਜ਼ਿਆਦਾ ਖਤਰਨਾਕ ਕਾਰਜ 2002 'ਚ ਸੂਬਾ ਸਰਕਾਰ ਦੀ ਸ਼ਹਿ 'ਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾ ਕੇ ਫਿਰਕੂ ਫਸਾਦ ਕਰਾਉਣਾ ਸੀ, ਜਿਸ 'ਚ ਹਜ਼ਾਰਾਂ ਮੁਸਲਮਾਨ ਔਰਤਾਂ, ਮਰਦਾਂ ਤੇ ਬੱਚਿਆਂ ਦਾ ਕਤਲੇਆਮ ਕੀਤਾ ਗਿਆ, ਔਰਤਾਂ ਦੇ ਬਲਾਤਕਾਰ ਕੀਤੇ ਗਏ ਤੇ ਜਾਇਦਾਦਾਂ ਲੁੱਟੀਆਂ ਗਈਆਂ। ਇਸ ਖਤਰਨਾਕ ਵਰਤਾਰੇ ਬਾਰੇ ਉਸ ਸਮੇਂ ਦੇ ਭਾਜਪਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਫਿਰਕੂ ਦੰਗੇ ਤੁਰੰਤ ਰੋਕ ਕੇ 'ਰਾਜ ਧਰਮ' ਨਿਭਾਉਣ ਦੀ ਹਦਾਇਤ ਕੀਤੀ ਸੀ। ਸੂਬਾਈ ਸਰਕਾਰ ਵੱਲੋਂ ਫਿਰਕੂ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਥਾਂ ਇਸ ਦੇ ਉਲਟ ਪੀੜਤ ਤੇ ਬੇਦੋਸ਼ੇ ਲੋਕਾਂ ਉਪਰ ਹੀ ਸੰਗੀਨ ਝੂਠੇ ਮੁਕੱਦਮੇ ਦਰਜ ਕੀਤੇ ਗਏ। ਜਿਸ ਵੀ ਅਦਾਲਤ ਦੇ ਜੱਜ ਜਾਂ ਪੁਲਸ ਅਫਸਰ ਨੇ ਸੰਵਿਧਾਨਕ ਮਰਿਆਦਾਵਾਂ ਦੀ ਪਾਲਣਾ ਕਰਦੇ ਹੋਏ ਦੰਗਾਕਾਰੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਕਰਨ ਦੀ ਹਿੰਮਤ ਕੀਤੀ, ਉਨ੍ਹਾਂ ਨੂੰ ਵੀ ਡਰਾਇਆ-ਧਮਕਾਇਆ ਗਿਆ। ਇਸ ਸੰਬੰਧ 'ਚ ਇਕ ਜੱਜ ਦੀ ਹੱਤਿਆ ਦਾ ਕੇਸ ਅਜੇ ਵੀ ਇਕ ਬੁਝਾਰਤ ਬਣਿਆ ਹੋਇਆ ਹੈ। ਕਈ ਅਫਸਰ ਤਾਂ ਅੱਜ ਵੀ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਸਜ਼ਾਵਾਂ ਭੁਗਤ ਰਹੇ ਹਨ। ਇਹ ਘ੍ਰਿਣਾਤਮਕ ਕਾਰਵਾਈਆਂ ਕਰਨ ਦੀ ਜ਼ਿੰਮੇਵਾਰੀ ਮੌਜੂਦਾ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਦਿੱਤੀ ਗਈ, ਜੋ ਉਸ ਸਮੇਂ ਗੁਜਰਾਤ ਸਰਕਾਰ 'ਚ ਗ੍ਰਹਿ ਮੰਤਰੀ ਦਾ ਕਾਰਜ ਸੰਭਾਲ ਰਹੇ ਸਨ। ਅਜਿਹੇ ਨੇਤਾ ਤੋਂ ਹੋਰ ਕੋਈ ਆਸ ਹੀ ਨਹੀਂ ਕੀਤੀ ਜਾ ਸਕਦੀ?

ਸੰਘ ਨੇ ਆਪਣੀ ਫਿਰਕੂ ਵਿਚਾਰਧਾਰਾ ਨੂੰ ਹੋਰ ਅਗਾਂਹ ਤੋਰਨ ਲਈ ਹੁਣ ਯੂ.ਪੀ. ਨੂੰ ਇਕ ਪ੍ਰਯੋਗਸ਼ਾਲਾ ਵਜੋਂ ਚੁਣਿਆ ਹੋਇਆ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਜੀ ਆਪ ਕਿਸੇ ਵਿਗਿਆਨਕ ਸੋਚ ਦੇ ਧਾਰਨੀ ਜਾਂ ਪੜ੍ਹੇ-ਲਿਖੇ ਵਿਅਕਤੀ ਨਹੀਂ ਹਨ। ਉਨ੍ਹਾਂ ਦੀ ਪਹਿਚਾਣ ਇਕ ਮੱਠ ਦੇ ਮਹੰਤ ਹੋਣ ਦੀ ਹੈ। ਜ਼ਿਆਦਾਤਰ ਐਸੇ ਸੱਜਣ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਣ, ਸਧਾਰਨ ਲੋਕਾਂ ਨੂੰ ਅੰਧਵਿਸ਼ਵਾਸੀ ਬਣਾ ਕੇ ਸਮਾਜ ਨੂੰ ਮੁੜ ਮੱਧ ਕਾਲ 'ਚ ਪਿਛਾਂਹ ਲੈ ਕੇ ਜਾਣ ਦਾ ਯਤਨ ਕਰਦੇ ਹਨ। ਉਸ ਦੀ ਬੋਲਚਾਲ, ਕਾਰਜਵਿਧੀ ਤੇ ਸਮਾਜ ਪ੍ਰਤੀ ਮਿੱਥੀਆਂ ਪਹਿਲਤਾਵਾਂ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਉਹ ਵਿਅਕਤੀ ਆਧੁਨਿਕਤਾ ਤੇ ਵਿਗਿਆਨਕ ਨਜ਼ਰੀਏ ਨਾਲ ਮਾਨਵੀ ਵਿਕਾਸ ਦਾ ਕੱਟੜ ਵਿਰੋਧੀ ਹੈ। ਉਸ ਦੀ ਸਮਝਦਾਰੀ 'ਚ ਦੇਸ਼ ਅੰਦਰ ਇਕ ਖਾਸ ਧਰਮ ਅਧਾਰਤ (ਹਿੰਦੂਤਵੀ) ਗੈਰ ਲੋਕਰਾਜੀ ਵਿਵਸਥਾ ਲਾਗੂ ਕਰਨਾ, ਮੁਸਲਮਾਨ ਘੱਟ ਗਿਣਤੀ ਧਾਰਮਿਕ ਭਾਈਚਾਰੇ ਪ੍ਰਤੀ ਅੱਤ ਦੀ ਨਫ਼ਰਤ ਤੇ ਝੂਠਾ ਬਿਰਤਾਂਤ ਸਿਰਜਣਾ, ਬਜਰੰਗ ਦਲ, ਗਊ ਰਕਸ਼ਕ, ਵਿਸ਼ਵ ਹਿੰਦੂ ਪ੍ਰੀਸ਼ਦ, ਲਵ ਜਿਹਾਦ ਵਿਰੋਧੀ ਸੈਨਾਵਾਂ, ਹਿੰਦੂ ਵਾਹਿਨੀ ਇਤਿਆਦਿ ਸੱਜੇ ਪੱਖੀ ਹਥਿਆਰਬੰਦ ਸੰਗਠਨ ਸਥਾਪਤ ਕਰਨਾ ਹੈ, ਜੋ ਸਮਾਜ ਅੰਦਰ ਹਿੰਸਾ ਤੇ ਨਫ਼ਰਤ ਫੈਲਾ ਕੇ ਵਿਸ਼ੇਸ਼ ਧਾਰਮਿਕ ਵਿਚਾਰਧਾਰਾ ਦੇ ਵਿਰੋਧੀਆਂ 'ਤੇ ਮਾਰੂ ਹਮਲੇ ਕਰਨ ਨੂੰ ਆਪਣਾ ਪਰਮ ਧਰਮ ਸਮਝਦੇ ਹਨ। ਉਸ ਦਾ ਦੇਸ਼ ਦੇ ਸੰਵਿਧਾਨ, ਨਿਆਂਪਾਲਿਕਾ ਤੇ ਲੋਕਾਂ ਦੇ ਮੂਲ ਅਧਿਕਾਰਾਂ ਦੀ ਰਾਖੀ ਪ੍ਰਤੀ ਤ੍ਰਿਸਕਾਰ ਭਰਿਆ ਵਤੀਰਾ ਹੈ। ਉਸ ਦੀ ਅਗਵਾਈ 'ਚ ਯੂ.ਪੀ. ਦੀ ਅਫਸਰਸ਼ਾਹੀ, ਪੁਲਸ, ਦੂਸਰੇ ਅਰਧ ਸੈਨਿਕ ਦਲ ਤੇ ਸੱਜੇ ਪੱਖੀ ਸੰਸਥਾਵਾਂ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਫਿਰਕੂ ਸੋਚ ਦਾ ਧਾਰਨੀ ਬਣ ਚੁੱਕਾ ਹੈ, ਜੋ ਹਮੇਸ਼ਾ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਪੈਦਾ ਕਰਨ ਲਈ ਬਹੁਤ ਹੀ ਬੇਹੂਦਾ, ਭੜਕਾਊ ਤੇ ਅੱਪਤੀਜਨਕ ਟਿੱਪਣੀਆਂ ਕਰਨ 'ਚ ਮਾਣ ਮਹਿਸੂਸ ਕਰਦਾ ਹੈ। ਭਾਰਤੀ ਵੋਟਰਾਂ ਦੀ ਇਹ ਵੀ ਤ੍ਰਾਸਦੀ ਹੀ ਹੈ ਕਿ ਉਨ੍ਹਾਂ ਨੇ ਅਸੈਂਬਲੀ ਚੋਣਾਂ 'ਚ ਭਾਜਪਾ ਨੂੰ ਵੋਟਾਂ ਪਾ ਕੇ ਯੋਗੀ ਆਦਿੱਤਿਆ ਨਾਥ ਨੂੰ ਮੁੱਖ ਮੰਤਰੀ ਦੇ ਪਦ 'ਤੇ ਬਿਠਾਇਆ ਹੈ। ਲੋਕਾਂ ਦੇ ਮੱਤ ਦਾ ਸਤਿਕਾਰ ਕੀਤੇ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਹੈ।

ਯੋਗੀ ਆਦਿੱਤਿਆ ਨਾਥ ਦੀ ਇਕ ਹੋਰ ਵਿਸ਼ੇਸ਼ ਪਹਿਚਾਣ ਬਿਨਾਂ ਅਦਾਲਤੀ ਫੈਸਲਿਆਂ ਤੇ ਸੰਵਿਧਾਨਕ ਮਰਿਆਦਾਵਾਂ ਦੀ ਉਲੰਘਣਾ ਕਰਦੇ ਹੋਏ ਕਥਿਤ ਅਪਰਾਧੀਆਂ, ਦੇਸ਼ ਧ੍ਰੋਹੀਆਂ, ਲਵ ਜਿਹਾਦੀਆਂ, ਭਾਵ ਮੁਸਲਮਾਨਾਂ ਦੇ ਘਰਾਂ ਨੂੰ ਬੁਲਡੋਜ਼ਰ ਨਾਲ ਪੂਰੀ ਤਰ੍ਹਾਂ ਢਹਿ-ਢੇਰੀ ਕਰਨ ਵਾਲੇ ਮੁੱਖ ਮੰਤਰੀ ਵਜੋਂ ਸਥਾਪਤ ਹੋ ਗਈ ਹੈ। ਇਨ੍ਹਾਂ ਗੈਰ-ਕਾਨੂੰਨੀ ਕਾਰਵਾਈਆਂ ਨੂੰ ਰੋਕਣ ਬਾਰੇ ਅਨੇਕਾਂ ਅਦਾਲਤੀ ਫੈਸਲਿਆਂ ਨੂੰ ਮੁੱਖ ਮੰਤਰੀ ਯੋਗੀ ਤੇ ਉਸ ਦੀ ਅਫਸਰਸ਼ਾਹੀ ਟਿੱਚ ਜਾਣਦੀ ਹੈ। ਅਜਿਹੇ ਗੈਰ-ਸੰਵਿਧਾਨਕ ਰੁਝਾਨ ਲੋਕਰਾਜੀ ਪ੍ਰਣਾਲੀ ਦਾ ਮਲੀਆਮੇਟ ਕਰਕੇ ਫਾਸ਼ੀ ਤਰਜ਼ ਦੀ ਹਕੂਮਤ ਕਾਇਮ ਕਰਨ ਦਾ ਸਬੱਬ ਬਣ ਜਾਂਦੇ ਹਨ। ਖੁੱਲ੍ਹੇ ਰੂਪ 'ਚ ਮੁੱਖ ਮੰਤਰੀ ਸੱਜੇ ਪੱਖੀ ਹਿੰਦੂ ਸੰਗਠਨਾਂ ਦੀ ਹਰ ਗੈਰ ਕਾਨੂੰਨੀ ਤੇ ਹਿੰਸਕ ਕਾਰਵਾਈ ਨੂੰ ਜਾਇਜ਼ ਠਹਿਰਾਉਂਦਾ ਹੈ, ਜਦਕਿ ਉਸੇ ਜ਼ੁਬਾਨ ਨਾਲ ਧਾਰਮਿਕ ਘੱਟ-ਗਿਣਤੀਆਂ ਦੇ ਹਰ ਧਾਰਮਿਕ ਤੇ ਸਮਾਜਿਕ ਸਮਾਗਮ ਉਪਰ ਪਾਬੰਦੀਆਂ ਦੀ ਬੁਛਾੜ ਕਰ ਦਿੰਦਾ ਹੈ। ਉਦਾਹਰਣ ਦੇ ਤੌਰ 'ਤੇ ਮੁਸਲਮਾਨਾਂ ਵੱਲੋਂ ਚੰਦ ਕੁ ਮਿੰਟਾਂ ਲਈ ਕੀਤੀ ਜਾਣ ਵਾਲੀ ਨਮਾਜ਼ ਨੂੰ ਕਿਸੇ ਸਰਕਾਰੀ ਜਗ੍ਹਾ 'ਤੇ ਕਰਨ ਦੀ ਪੂਰਨ ਮਨਾਹੀ ਹੈ ਤੇ ਮਸਜਿਦਾਂ ਦੇ ਸਪੀਕਰਾਂ ਦੀ ਆਵਾਜ਼ ਵੀ ਇਕ ਖਾਸ ਹੱਦ ਤੱਕ ਸੀਮਤ ਕਰ ਦਿੱਤੀ ਗਈ ਹੈ। ਘੱਟ-ਗਿਣਤੀਆਂ ਦੇ ਦੁਕਾਨਦਾਰਾਂ ਤੇ ਰੇੜ੍ਹੀ ਲਾਉਣ ਵਾਲਿਆਂ ਨੂੰ ਆਪਣੇ ਧਰਮ ਦੀ ਜਾਣਕਾਰੀ ਦੇਣ ਲਈ ਆਪਣੀਆਂ ਦੁਕਾਨਾਂ ਜਾਂ ਹੋਰ ਕਾਰੋਬਾਰੀ ਅਦਾਰਿਆਂ 'ਤੇ ਆਪਣੇ ਧਰਮ ਦੀ ਜਾਣਕਾਰੀ ਵਾਲੀ 'ਨੇਮ ਪਲੇਟ' ਲਾਉਣ ਦੀਆਂ ਸਖਤ ਹਦਾਇਤਾਂ ਕੀਤੀਆਂ ਜਾਂਦੀਆਂ ਹਨ। ਇੱਥੋਂ ਤੱਕ ਕਿ ਕਿਸੇ ਹਿੰਦੂ ਧਰਮ ਨਾਲ ਸੰਬੰਧਤ ਯਾਤਰਾ ਦੌਰਾਨ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਨੂੰ ਪਰਦਿਆਂ ਨਾਲ ਢਕ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਘਰਾਂ ਦੇ ਦਰਵਾਜ਼ੇ ਤੇ ਦੁਕਾਨਾਂ ਬੰਦ ਕਰਨ ਦੇ ਤੁਗਲਕੀ ਫੁਰਮਾਨ ਜਾਰੀ ਕੀਤੇ ਜਾਂਦੇ ਹਨ। ਧਾਰਮਿਕ ਘੱਟ ਗਿਣਤੀਆਂ ਤੇ ਬਹੁਜਨ ਸਮਾਜ ਨਾਲ ਸੰਬੰਧਤ ਲੋਕਾਂ 'ਤੇ ਝੂਠੇ ਇਲਜ਼ਾਮ ਲਗਾ ਕੇ ਬੇਤਰਸੀ ਨਾਲ ਮਾਰਕੁਟਾਈ ਕੀਤੀ ਜਾਂਦੀ ਹੈ ਤੇ ਬਿਲਡਿੰਗਾਂ ਨੂੰ ਢਾਅ ਦਿੱਤਾ ਜਾਂਦਾ ਹੈ।

ਦੂਸਰੇ ਬੰਨੇ ਹਿੰਦੂ ਧਰਮ ਨਾਲ ਸੰਬੰਧਤ ਸਾਵਨ ਮਹੀਨੇ 'ਚ ਕਾਂਵੜੀਆਂ ਦੀ ਯਾਤਰਾ ਦੌਰਾਨ ਯੂ.ਪੀ. ਦੀਆਂ ਮੁੱਖ ਸੜਕਾਂ ਨੂੰ ਆਮ ਆਵਾਜਾਈ ਲਈ ਪੂਰਨ ਤੌਰ 'ਤੇ ਬੰਦ ਕਰ ਦਿੱਤਾ ਜਾਂਦਾ ਹੈ। ਕਾਂਵੜ ਯਾਤਰਾ ਲਈ ਰਾਖਵੀਆਂ ਕੀਤੀਆਂ ਸੜਕਾਂ ਦੇ ਵਿਚਕਾਰ ਕਾਂਵੜੀਆਂ ਨੂੰ ਕੰਨ ਪਾੜਵੀਆਂ ਆਵਾਜ਼ਾਂ ਨਾਲ ਡੀ.ਜੇ. ਵਜਾਉਣ, ਨਾਚ ਕਰਨ, ਸ਼ਰੇਆਮ ਗਾਂਜਾ, ਭੰਗ ਤੇ ਸ਼ਰਾਬ ਦਾ ਸੇਵਨ ਕਰਨ ਅਤੇ ਅੱਤ ਦੇ ਅਪੱਤੀਜਨਕ ਗੀਤ ਵਜਾਉਣ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। ਸਾਰਾ ਕੁੱਝ ਚੁੱਪ-ਚਾਪ ਦੇਖਦੀ ਹੋਈ ਅਫਸਰਸ਼ਾਹੀ ਦਾ ਪੂਰਾ ਕੰਟਰੋਲ ਇਨ੍ਹਾਂ ਕਾਂਵੜੀਆਂ ਦੇ ਹੱਥ ਦੇ ਦਿੱਤਾ ਜਾਂਦਾ ਹੈ, ਜੋ ਕਿਸੇ ਵੀ ਕਾਨੂੰਨੀ ਪਾਬੰਦੀ ਨੂੰ ਮੰਨਣ ਤੋਂ ਬਰੀ ਹਨ। ਇਨ੍ਹਾਂ ਸ਼ਰਾਰਤੀ ਤੇ ਭੜਕਾਊ ਕਾਰਵਾਈਆਂ ਦੌਰਾਨ 'ਕਾਂਵੜ ਖੰਡਤ' ਹੋਣ ਦੇ ਬਹਾਨੇ ਬੇਕਸੂਰ ਲੋਕਾਂ ਨੂੰ ਬੇਤਰਸੀ ਨਾਲ ਮਾਰਿਆ-ਕੁੱਟਿਆ ਜਾਂਦਾ ਹੈ, ਉਨ੍ਹਾਂ ਦੇ ਵਾਹਨਾਂ ਦੀ ਭੰਨਤੋੜ ਕੀਤੀ ਜਾਂਦੀ ਹੈ ਤੇ ਜਾਇਦਾਦਾਂ ਦਾ ਭਾਰੀ ਨੁਕਸਾਨ ਕੀਤਾ ਜਾਂਦਾ ਹੈ। ਇਹਨਾਂ ਅਸਮਾਜਿਕ ਗਤੀਵਿਧੀਆਂ 'ਚ ਲਿਪਤ ਤੱਤਾਂ ਉਪਰ ਮੁੱਖ ਮੰਤਰੀ ਜੀ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਦੇ ਹਨ ਤੇ ਸਾਰੀ ਅਫਸਰਸ਼ਾਹੀ ਨੱਤ-ਮਸਤਕ ਹੋ ਕੇ ਕਾਂਵੜੀਆਂ ਦੀ ਸੇਵਾ 'ਚ ਮਗਨ ਰਹਿੰਦੀ ਹੈ। ਇਹ ਸਾਰਾ ਕੁੱਝ ਹਿੰਦੂ ਧਰਮ ਦੀਆਂ ਸਹਿਣਸ਼ੀਲਤਾ, ਮੁਹੱਬਤ ਤੇ ਫਿਰਕੂ ਸਦਭਾਵਨਾ ਮਜ਼ਬੂਤ ਕਰਨ ਦੀਆਂ ਗੌਰਵਮਈ ਪ੍ਰੰਪਰਾਵਾਂ ਦੇ ਪੂਰੀ ਤਰ੍ਹਾਂ ਵਿਰੋਧ 'ਚ ਹੈ। ਇਹ ਵੀ ਮਾਣ ਕਰਨਯੋਗ ਹਕੀਕਤ ਹੈ ਕਿ ਕਾਂਵੜ ਯਾਤਰਾ ਦੇ ਦੌਰਾਨ ਬਹੁਤ ਸਾਰੇ ਮੁਸਲਮਾਨ ਧਾਰਮਿਕ ਸਦਭਾਵਨਾ ਤਹਿਤ ਆਪਣੇ ਹਿੰਦੂ ਕਾਂਵੜੀਏ ਭਰਾਵਾਂ ਦਾ ਪੂਰਾ-ਪੂਰਾ ਸਤਿਕਾਰ ਕਰਦੇ ਹੋਏ ਲੰਗਰਾਂ ਦੀ ਸੇਵਾ ਕਰਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਸਦਭਾਵਨਾ ਭਰੀਆਂ ਕਾਰਵਾਈਆਂ ਦੀਆਂ ਉਦਾਹਰਣਾਂ ਮੁਸਲਮਾਨਾਂ ਦੇ ਧਾਰਮਿਕ ਅਵਸਰਾਂ 'ਤੇ ਹਿੰਦੂ ਤੇ ਸਿੱਖ ਭਰਾਵਾਂ ਵੱਲੋਂ ਕੀਤੀਆਂ ਵੀ ਮਿਲ ਜਾਂਦੀਆਂ ਹਨ। ਅਸਲ 'ਚ ਇਹ ਹੀ ਭਾਰਤ ਦੀ 'ਅਨੇਕਤਾ 'ਚ ਏਕਤਾ' ਦੀ ਖ਼ੂਬਸੂਰਤ ਤਸਵੀਰ ਹੈ।

ਬਿਨਾਂ ਸ਼ੱਕ 'ਕਾਂਵੜ ਯਾਤਰਾ' ਵਰਗੇ ਧਾਰਮਿਕ ਸਮਾਗਮ ਕਰਨ ਦਾ ਹਿੰਦੂ ਸਮਾਜ ਨੂੰ ਪੂਰਾ-ਪੂਰਾ ਅਧਿਕਾਰ ਹੈ। ਉਨ੍ਹਾਂ ਦੇ ਇਸ ਅਧਿਕਾਰ ਨੂੰ ਮਾਨਤਾ ਤੇ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ, ਪ੍ਰੰਤੂ ਕੀ ਸਮਾਜ ਵਿਰੋਧੀ ਤੱਤਾਂ ਨੂੰ 'ਧਾਰਮਿਕ ਆਸਥਾ' ਦੇ ਨਾਂਅ 'ਤੇ ਗੁੰਡਾਗਰਦੀ ਕਰਨ, ਸ਼ਰੇਆਮ ਨਸ਼ਿਆਂ ਦਾ ਸੇਵਨ ਕਰਨ, ਸਕੂਲਾਂ ਤੇ ਦੂਸਰੇ ਫਿਰਕੇ ਦੇ ਲੋਕਾਂ ਦੀਆਂ ਦੁਕਾਨਾਂ ਨੂੰ ਕਈ-ਕਈ ਦਿਨਾਂ ਤੱਕ ਬੰਦ ਰੱਖਣ ਤੇ ਬੇਕਸੂਰ ਲੋਕਾਂ ਦੀ ਮਾਰਕੁੱਟ ਸਮੇਤ ਹਰ ਤਰ੍ਹਾਂ ਦਾ ਅਪਮਾਨ ਕਰਨ ਦਾ ਅਧਿਕਾਰ ਦੇਣਾ ਜਾਇਜ਼ ਹੈ?

ਇਕ ਹਕੀਕੀ ਧਾਰਮਿਕ ਵਿਰਤੀ ਦੇ ਧਾਰਨੀ ਕਾਂਵੜੀਏ ਨੇ ਖ਼ੁਦ ਸੋਸ਼ਲ ਮੀਡੀਆ ਸਾਹਮਣੇ ਖੜ੍ਹੇ ਹੋ ਕੇ ਭਾਵੁਕ ਲਹਿਜੇ 'ਚ ਕਿਹਾ ਹੈ ਕਿ "ਸਿਰਫ 20 ਪ੍ਰਤੀਸ਼ਤ ਹੀ ਹਕੀਕੀ ਰੂਪ 'ਚ ਕਾਂਵੜੀਏ ਹਨ, ਜਿਨ੍ਹਾਂ ਦੀ ਹਿੰਦੂ ਧਰਮ 'ਚ ਆਸਥਾ ਹੈ। ਬਾਕੀ ਸਭ ਗੈਰ ਸਮਾਜੀ ਤੱਤ ਹਨ, ਜੋ ਧਰਮ ਦਾ ਚੋਗਾ ਪਾ ਕੇ ਗੁੰਡਾਗਰਦੀ ਕਰਦੇ ਹਨ।" ਅੱਗੋਂ ਇਕ ਹੋਰ ਵਿਅਕਤੀ ਇਹ ਕਹਿੰਦਾ ਹੈ ਕਿ, "ਜੇਕਰ ਕਾਂਵੜ ਯਾਤਰਾ ਦਾ ਇਹੀ ਹਾਲ ਰਿਹਾ ਤਾਂ ਸੰਭਵ ਹੈ ਕਿ ਕੁੱਝ ਸਮੇਂ ਬਾਅਦ ਅਜਿਹੇ ਧਾਰਮਿਕ ਪ੍ਰੋਗਰਾਮਾਂ 'ਤੇ ਸਰਕਾਰ ਨੂੰ ਪਾਬੰਦੀ ਲਾਉਣੀ ਪੈ ਜਾਵੇ।"

ਕੀ ਦੇਸ਼ ਦੇ ਵੱਖ-ਵੱਖ ਧਰਮਾਂ ਨਾਲ ਸੰਬੰਧਤ ਲੋਕ, ਵਿਸ਼ੇਸ਼ ਰੂਪ 'ਚ ਹਿੰਦੂ ਧਰਮ ਨਾਲ ਸੰਬੰਧਤ ਸੱਜਣ ਆਪਣੀ ਸੰਤਾਨ ਨੂੰ ਇਹੋ ਜਿਹੇ ਇਨਸਾਨ ਬਣਦੇ ਦੇਖਣਾ ਚਾਹੁੰਦੇ ਹਨ, ਜਿਹੋ ਜਿਹੇ ਇਸ ਕਾਂਵੜ ਯਾਤਰਾ 'ਚ ਦੇਖੇ ਜਾ ਰਹੇ ਹਨ? ਕੀ ਅਜਿਹਾ ਵਰਤਾਰਾ, ਭਾਵੇਂ ਉਹ ਕਿਸੇ ਵੀ ਧਰਮ ਦੇ ਅਨੁਆਈਆਂ ਵੱਲੋਂ ਕੀਤਾ ਜਾਂਦਾ ਹੈ, ਭਾਰਤ ਦੇ ਆਰਥਿਕ ਵਿਕਾਸ ਤੇ ਵਿਗਿਆਨਕ ਸੋਚ 'ਚ ਵਾਧੇ ਲਈ ਮਦਦਗਾਰ ਬਣੇਗਾ ਜਾਂ ਦੇਸ਼ ਨੂੰ ਪਿਛਾਂਹ ਮੱਧ ਯੁੱਗ ਦੇ ਹਨੇਰ ਕਾਲ 'ਚ ਸੁੱਟ ਦੇਵੇਗਾ? ਵੱਖ-ਵੱਖ ਧਰਮਾਂ, ਜਾਤੀਆਂ ਤੇ ਵਿਚਾਰਾਂ ਦੇ ਧਾਰਨੀ ਲੋਕਾਂ ਅੰਦਰ ਆਪਸੀ ਮੁਹੱਬਤ, ਸਤਿਕਾਰ ਦੀ ਭਾਵਨਾ ਤੇ ਭਾਈਚਾਰਕ ਸਾਂਝ ਨੂੰ ਕੀ ਅਸੀਂ ਮਜ਼ਬੂਤ ਕਰਨਾ ਚਾਹੁੰਦੇ ਹਾਂ ਜਾਂ ਨਫ਼ਰਤ, ਹਿੰਸਾ, ਗੁੰਡਾਗਰਦੀ ਤੇ ਦੁਸ਼ਮਣੀ ਭਰਿਆ ਵਤੀਰਾ ਪ੍ਰਫੁੱਲਤ ਕਰਨਾ ਚਾਹੁੰਦੇ ਹਾਂ? ਪੂਰੀ ਸੰਭਾਵਨਾ ਹੈ ਕਿ ਭਾਰਤ ਅੰਦਰ ਅਰਾਜਕਤਾ ਤੇ ਫਿਰਕੂ ਨਫ਼ਰਤ ਫੈਲਾਉਣ ਦਾ ਅਜਿਹਾ ਛੜਯੰਤਰ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ 'ਤੇ ਬਹੁਕੌਮੀ ਕਾਰਪੋਰੇਸ਼ਨਾਂ, ਸਾਮਰਾਜੀ ਸ਼ਕਤੀਆਂ ਤੇ ਭਾਰਤ ਦੋਖੀ ਤਾਕਤਾਂ ਵੱਲੋਂ ਭਾਰਤ ਦੀ ਨੌਜੁਆਨ ਪੀੜ੍ਹੀ ਨੂੰ ਕੁਰਾਹੇ ਪਾਉਣ ਲਈ ਯੋਜਨਾਬੱਧ ਢੰਗ ਨਾਲ ਰਚਿਆ ਜਾ ਰਿਹਾ ਹੈ? ਜੇ ਇਕ ਵਾਰ ਸਾਡੀ ਨੌਜਵਾਨ ਪੀੜ੍ਹੀ ਅਜਿਹੀ ਗੁੰਡਾ ਪ੍ਰਵਿਰਤੀ, ਅਰਾਜਕਤਾ, ਫਿਰਕੂ ਨਫਰਤ ਤੇ ਹਿੰਸਾ ਦੀ ਆਦੀ ਹੋ ਗਈ, ਫਿਰ ਉਸ ਨੂੰ ਮੁੜ ਠੀਕ ਲੀਹ 'ਤੇ ਲਿਆਉਣਾ ਔਖਾ ਹੀ ਨਹੀਂ, ਬਲਕਿ ਅਸੰਭਵ ਕਾਰਜ ਬਣ ਜਾਵੇਗਾ। ਜਿਸ ਤਰ੍ਹਾਂ ਸੰਘ ਪਰਵਾਰ ਦੇਸ਼ ਅੰਦਰ ਫਿਰਕੂ ਫਾਸ਼ੀ ਰਾਜ ਸਥਾਪਤ ਕਰਨ ਲਈ ਧਾਰਮਿਕ ਆਸਥਾ ਦਾ ਇਸਤੇਮਾਲ ਕਰਕੇ ਦੇਸ਼ ਨੂੰ ਅਰਾਜਕਤਾ ਤੇ ਹਿੰਸਾ ਵੱਲ ਨੂੰ ਧਕੇਲਦਾ ਜਾ ਰਿਹਾ ਹੈ, ਉਹ ਸਮੁੱਚੇ ਦੇਸ਼ ਲਈ ਬਹੁਤ ਖਤਰਨਾਕ ਹੈ। ਸਾਰੀਆਂ ਹੀ ਰਾਜਸੀ ਤੇ ਧਾਰਮਿਕ ਸ਼ਖ਼ਸੀਅਤਾਂ ਨੂੰ ਕਿਸੇ ਵੀ ਧਰਮ ਦੇ ਨਾਂਅ 'ਤੇ ਕੀਤੀਆਂ ਜਾਣ ਵਾਲੀਆਂ ਕਿਸੇ ਵੀ ਵੰਨਗੀ ਦੀਆਂ ਹਿੰਸਕ, ਫਿਰਕੂ ਤੇ ਗੈਰ-ਕਾਨੂੰਨੀ ਕਾਰਵਾਈਆਂ 'ਚ ਜਨ ਸਧਾਰਨ ਤੇ ਖਾਸਕਰ ਨੌਜਵਾਨ ਪੀੜ੍ਹੀ ਨੂੰ ਫਸਣ ਤੋਂ ਰੋਕਣ ਲਈ ਗੰਭੀਰ ਯਤਨ ਕਰਨੇ ਹੋਣਗੇ।

ਮੋਬਾ. 98141-82998

# ਕਹਾਣੀ ਦੋ ਆਈ ਸੀ ਈ ਹੱਲਿਆਂ ਦੀ

**ਲੌਰਾ ਫਲੈਂਡਰਜ਼**

**ਅਨੁ : ਬੂਟਾ ਸਿੰਘ ਮਹਿਮੂਦਪੁਰ**

ਇਸ ਹਫ਼ਤੇ ਮੈਂ ਆਈ ਸੀ ਈ (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਦੀਆਂ ਦੋ ਕਾਰਵਾਈਆਂ ਕੋਲੋਂ ਲੰਘੀ। ਇੱਕ ਮੈਂ ਖ਼ੁਦ ਵੇਖੀ, ਦੂਜੀ ਨਹੀਂ ਦੇਖੀ ਅਤੇ ਇਹੀ ਸਮੱਸਿਆ ਹੈ।

ਠੰਢ ਦੇ ਮੌਸਮ ਵਿੱਚ ਦ੍ਰਿੜ੍ਹ ਇਰਾਦੇ ਵਾਲੇ ਡਰਾਈਵਰਾਂ ਵਾਂਗ, ਇਸ ਥੈਂਕਸਗਿਵਿੰਗ ਉੱਪਰ ਮੈਂ ਸੈਂਕੜੇ ਮੀਲ ਗੱਡੀ ਚਲਾ ਕੇ ਗਈ; ਨਿਊਯਾਰਕ ਸਿਟੀ ਦੇ ਡਾਊਨਟਾਊਨ ਤੋਂ ਪਿੰਡਾਂ ਵਾਲੇ ਮਿਸ਼ੀਗਨ ਤੱਕ ਤੇਰਾਂ ਘੰਟਿਆਂ ਦਾ ਸਫ਼ਰ-ਕੰਕਰੀਟ ਅਤੇ ਭੀੜ-ਭੜੱਕੇ 'ਚੋਂ ਨਿਕਲ ਕੇ ਜੰਗਲਾਂ ਅਤੇ ਬਰਫ਼ ਵਾਂਗ ਜੰਮੀਆਂ ਝੀਲਾਂ ਤੱਕ ਦਾ ਸਫ਼ਰ ਅਤੇ ਫਿਰ ਵਾਪਸੀ। (ਸ਼ਾਨਦਾਰ ਸਫ਼ਰ ਵਿਚ ਮੇਰਾ ਸਾਥ ਦੇਣ ਵਾਲੇ ਪਿਆਰੇ ਡੌਂਗੀ ਤਰਿਸ਼ਾ, ਤੇਰਾ ਧੰਨਵਾਦ।)

ਘਰ ਪਹੁੰਚ ਕੇ, ਸਫ਼ਰ ਦੀ ਥਕਾਵਟ ਨਾਲ ਚੂਰ ਮੇਰੀਆਂ ਹੱਡੀਆਂ ਨੂੰ ਪੂਰੀ ਤਰ੍ਹਾਂ ਅਰਾਮ ਵੀ ਨਹੀਂ ਸੀ ਮਿਲਿਆ ਕਿ ਮੇਰੇ ਫ਼ੋਨ 'ਤੇ ਆਈ ਸੀ ਈ ਅਲਰਟ ਵੱਜਣ ਲੱਗ ਪਏ। ਮੈਂ ਰੌਲੇ-ਰੱਪੇ ਵਾਲੀ ਕੈਨਾਲ ਸਟ੍ਰੀਟ 'ਤੇ ਰਹਿੰਦੀ ਹਾਂ, ਜਿੱਥੇ ਆਈ ਸੀ ਈ ਦੇ ਛਾਪੇ ਵੱਡੇ ਤੇ ਸ਼ੋਰ-ਸ਼ਰਾਬੇ ਵਾਲੇ ਹੁੰਦੇ ਹਨ। ਪਿਛਲੇ ਮਹੀਨੇ, 50 ਫੈਡਰਲ ਏਜੰਟਾਂ ਨੇ ਉੱਥੇ ਹੱਲਾ ਬੋਲ ਦਿੱਤਾ-ਮਕਸਦ ਸੀ ਸੜਕ ਉੱਪਰ ਸਾਮਾਨ ਵੇਚਣ ਵਾਲੇ ਪਰਵਾਸੀਆਂ ਨੂੰ ਫੜਨਾ ਅਤੇ ਕਦੇ ਨਾ ਸੌਣ ਵਾਲੇ ਸ਼ਹਿਰ ਨੇ ਉਨ੍ਹਾਂ ਨੂੰ ਲੱਗਭੱਗ ਤੁਰੰਤ ਹੀ ਵਾਪਸ ਭੇਜ ਦਿੱਤਾ। ਪੋਲਕਾ-ਡੌਟ ਕੱਪੜੇ ਪਹਿਨੀ ਇੱਕ ਜ਼ਨਾਨੀ (ਸ਼ਾਇਦ ਕੋਈ ਗਾਹਕ), ਜੋ ਇੱਕ ਡਰਾਉਣੇ ਫ਼ੌਜੀ ਟਰੱਕ ਦੇ ਸਾਹਮਣੇ ਨਕਾਬਪੋਸ਼ ਆਦਮੀ ਨੂੰ ਡਾਂਟ ਰਹੀ ਸੀ, ਉਸ ਦੀ ਵੀਡੀਓ ਵਾਇਰਲ ਹੋ ਗਈ ਅਤੇ ਚਾਹ ਵੇਲੇ ਤੱਕ ਸਾਮਾਨ ਵੇਚਣ ਵਾਲੇ ਮੁੜ ਸਸਤੇ ਨਕਲੀ ਬੈਗ ਵੇਚ ਰਹੇ ਸਨ।

ਇਸ ਸ਼ਨੀਚਰਵਾਰ, ਡੀ ਐੱਚ ਐੱਸ ਨੇ ਕਥਿਤ ਤੌਰ 'ਤੇ ਇੱਕ ਹੋਰ ਇਨਫੋਰਸਮੈਂਟ ਸਰਜ (ਤਾਲਮੇਲਵਾਂ ਹੱਲਾ) ਦੀ ਯੋਜਨਾ ਬਣਾਈ ਸੀ-ਇਸ ਵਾਰੀ ਲੱਗਭੱਗ 600 ਏਜੰਟਾਂ ਨੂੰ ਨਾਲ ਲੈ ਕੇ ਅਤੇ ਕੈਨਾਲ ਸਟ੍ਰੀਟ ਉੱਪਰ ਤਾਂ ਕਾਰਵਾਈ ਹੋਰ ਵੀ ਵੱਡੀ ਸੀ। ਇੱਕ ਵਾਰ ਫਿਰ ਉਨ੍ਹਾਂ ਨੂੰ ਮੈਨਹੈਟਨ ਦੀ ਅਫ਼ਰਾਤਫ਼ਰੀ ਦਾ ਸਾਹਮਣਾ ਕਰਨਾ ਪਿਆ। ਜਿਉਂ ਹੀ ਇਹ ਖ਼ਬਰ ਫੈਲੀ ਕਿ ਆਈ ਸੀ ਈ ਇੱਕ ਸਥਾਨਕ ਗਰਾਜ ਨੂੰ ਅੱਡੇ ਵਜੋਂ ਵਰਤ ਰਿਹਾ ਹੈ, ਸੈਂਕੜੇ ਲੋਕ ਉਸ ਦੇ ਬਾਹਰ 'ਕੱਠੇ ਹੋ ਗਏ-ਸੀਟੀਆਂ ਵੱਜਦੀਆਂ ਰਹੀਆਂ, ਢੋਲ ਵੱਜਦੇ ਰਹੇ, ਲਾਈਵਸਟ੍ਰੀਮ ਚੱਲਦੀਆਂ ਰਹੀਆਂ। ਸ਼ੋਰ ਆਲੇ-ਦੁਆਲੇ ਦੀਆਂ ਇਮਾਰਤਾਂ ਨਾਲ ਟਕਰਾ ਕੇ ਚਾਈਨਾਟਾਊਨ ਦੀਆਂ ਤੰਗ ਗਲੀਆਂ ਵਿੱਚ ਗੂੰਜਦਾ ਰਿਹਾ, ਜਿਸ ਨਾਲ ਘੱਟੋ-ਘੱਟ ਇੱਕ ਡਿਮ ਸਮ ਦਾ ਸ਼ੌਕੀਨ ਵੀ ਇਸ ਅੰਦੋਲਨ ਵਿੱਚ ਸ਼ਾਮਲ ਹੋ ਗਿਆ। ਘੰਟਿਆਂ ਤੱਕ, ਅਜੀਬ ਜਿਹੇ ਮਾਸਕ ਪਹਿਨੀ ਗੁੱਸੇ ਵਿੱਚ ਆਈ ਸੀ ਈ ਮੁਲਾਜ਼ਮ ਗੰਦੇ ਗਰਾਜ ਅੰਦਰ ਫਸੇ ਰਹੇ, ਜਦਕਿ ਮੈਗਾਫ਼ੋਨਾਂ, ਬੈਰੀਕੇਡਾਂ, ਮਿਰਚੀ ਸਪਰੇਅ ਅਤੇ ਟੇਜ਼ਰਾਂ ਨਾਲ ਲੈਸ ਦਰਜਨਾਂ ਸ਼ਹਿਰੀ ਪੁਲਸੀਏ ਭੀੜ ਨੂੰ ਸੜਕ ਤੋਂ ਹਟਾਉਣ ਲਈ ਧੱਕਾ-ਮੁੱਕੀ ਅਤੇ ਜੱਦੋਜਹਿਦ ਕਰਦੇ ਰਹੇ। ਕਈ ਗ੍ਰਿਫ਼ਤਾਰੀਆਂ ਤੋਂ ਬਾਅਦ ਹੀ ਸੜਕ ਅੰਸ਼ਕ ਤੌਰ 'ਤੇ ਖਾਲੀ ਕਰਵਾਈ ਜਾ ਸਕੀ, ਬੇਪਛਾਣ ਚਿੱਟੀਆਂ ਵੈਨਾਂ ਗਰਾਜ ਤੋਂ ਨਿਕਲ ਸਕੀਆਂ-ਉਨ੍ਹਾਂ ਦੀ ਯੋਜਨਾਬੱਧ ਇਨਫੋਰਸਮੈਂਟ ਸਰਜ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਦੇ ਹੱਲੇ ਨੇ ਮਾਤ ਪਾ ਦਿੱਤੀ। ਅਪਮਾਨਿਤ ਹੋਏ ਫੈਡਰਲ ਏਜੰਟ ਹੌਲੀ-ਹੌਲੀ ਨਿਊ ਜਰਸੀ ਵੱਲ ਪਿੱਛੇ ਹਟ ਗਏ, ਜਦਕਿ ਚੱਲ ਰਹੀ ਭੀੜ ਹਰ ਕਦਮ 'ਤੇ ਹਾਲੈਂਡ ਟਨਲ ਤੱਕ ਉਨ੍ਹਾਂ ਦਾ ਰਾਹ ਰੋਕਦੀ ਰਹੀ।

ਮੈਨਹੈਟਨ ਵਿੱਚ ਆਈ ਸੀ ਈ ਦੀਆਂ ਕਾਰਵਾਈਆਂ ਮੈਸੀਜ਼ ਥੈਂਕਸਗਿਵਿੰਗ ਡੇ ਪਰੇਡ ਜਿੰਨੀਆਂ ਹੀ ਨਾਮਾਲੂਮ ਹੁੰਦੀਆਂ ਹਨ। ਇਸ ਦੇ ਉਲਟ, ਦਿਹਾਤੀ ਮਿਸ਼ੀਗਨ ਦੇ ਲੇਕ ਕਾਊਂਟੀ ਦੇ ਜੰਗਲਾਂ ਅਤੇ ਖ਼ਸਤਾ ਹਾਲ ਸੜਕਾਂ ਉੱਪਰ, ਮੈਂ ਬਿਲਕੁਲ ਹੀ ਵੱਖਰੀ ਤਰ੍ਹਾਂ ਦੇ ਛਾਪਾਮਾਰੀ ਮੰਜ਼ਰ ਵਿੱਚੋਂ ਗੁਜ਼ਰੀ ਬਿਨਾਂ ਇਹ ਜਾਣੇ ਕਿ ਅਜਿਹਾ ਹੋ ਰਿਹਾ ਹੈ ਅਤੇ ਇਹ ਕੋਈ ਇਤਫ਼ਾਕ ਨਹੀਂ ਹੈ।

ਲੇਕ ਕਾਊਂਟੀ, ਮਿਸ਼ੀਗਨ, ਗਰਮੀਆਂ ਵਿੱਚ ਸੈਰ-ਸਪਾਟੇ ਦੀ ਥਾਂ ਹੈ-ਚਮਕਦੀਆਂ ਝੀਲਾਂ, ਮੀਲਾਂ ਤੱਕ ਫੈਲੇ ਜੰਗਲ, ਇਤਿਹਾਸਕ ਸਿਆਹਫ਼ਾਮ ਕਲਾ ਭਾਈਚਾਰਾ ਅਤੇ ਬਲੇਸਿੰਗ ਆਫ਼ ਦ ਬਾਈਕਸ ਦਾ ਸਾਲਾਨਾ ਮੇਲਾ। ਸਿਆਲ ਵਿੱਚ ਬਰਫ਼ ਨਾਲ ਲੱਦੀਆਂ ਗਰਮੀਆਂ ਦੀਆਂ ਝੌਂਪੜੀਆਂ ਦਰਮਿਆਨ, ਠੰਢ ਨਾਲ ਢੱਕੇ ਜੈਕ ਪਾਈਨ ਦਰੱਖਤਾਂ ਦੇ ਪਿੱਛੇ, ਮੈਨੂੰ ਕਦੇ ਇਹ ਆਸ ਹੀ ਨਹੀਂ ਸੀ ਕਿ ਮੁਲਕ ਦੇ ਸਭ ਤੋਂ ਵੱਡੇ ਆਈ ਸੀ ਈ ਨਜ਼ਰਬੰਦੀ ਕੇਂਦਰਾਂ ਵਿੱਚੋਂ ਇੱਕ ਉੱਥੇ ਹੋਵੇਗਾ ਅਤੇ ਸੱਚ ਇਹ ਹੈ ਕਿ ਮੈਨੂੰ ਮਿਲਿਆ ਵੀ ਨਹੀਂ। ਮੈਂ ਦੋ ਵਾਰ ਉੱਥੋਂ ਲੰਘੀ, ਬਿਨਾਂ ਉਸ ਨੂੰ ਕਦੇ ਦੇਖੇ।

ਲੇਕ ਕਾਊਂਟੀ ਅਧਿਕਾਰਕ ਤੌਰ 'ਤੇ ਮਿਸ਼ੀਗਨ ਦੀ ਸਭ ਤੋਂ ਗ਼ਰੀਬ ਕਾਊਂਟੀ ਹੈ। ਇਸ ਦੀ ਪੂਰੀ ਆਬਾਦੀ ਉੱਚੀ ਸ਼ਹਿਰੀ ਇਮਾਰਤ ਵਿੱਚ ਸਮੋ ਸਕਦੀ ਹੈ। ਇੱਥੇ ਇੱਕ-ਦੋ ਡਾਲਰ ਸਟੋਰ ਅਤੇ ਸ਼ਿਕਾਰੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੁਝ ਗੈਸ ਸਟੇਸ਼ਨ ਕਵਿਕ-ਮਾਰਟ ਤਾਂ ਹਨ, ਪਰ ਵੀਹ ਮੀਲ ਤੋਂ ਵੱਧ ਦੂਰ ਤੱਕ ਤਾਜ਼ਾ ਕਰਿਆਨੇ ਦੀ ਇਕ ਵੀ ਦੁਕਾਨ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਇਹ ਉਹੋ ਜਿਹੀ ਥਾਂ ਹੈ, ਜਿੱਥੇ ਫੈਡਰਲ ਆਰਥਿਕ ਵਿਕਾਸ ਕੈਦ ਦੇ ਰੂਪ ਵਿੱਚ ਪਹੁੰਚਦਾ ਹੈ।

ਸਥਾਨਕ ਆਰਥਿਕਤਾ ਲਈ ਵਰਦਾਨ ਦੱਸ ਕੇ ਬਣਾਈ ਗਈ ਨਾਰਥ ਲੇਕ ਕਰੈਕਸ਼ਨਜ਼ ਫੈਸਿਲਟੀ 1999 ਵਿੱਚ ਵੈਕਨਹਟ ਕਰੈਕਸ਼ਨਜ਼ ਕਾਰਪੋਰੇਸ਼ਨ (ਹੁਣ 75® ਗਰੁੱਪ) ਵੱਲੋਂ ਬਣਾਈ ਗਈ ਸੀ। ਤਤਕਾਲੀ ਗਵਰਨਰ ਜਾਨ ਏਂਗਲਰ ਨੇ ਇਸ ਨੂੰ ਪੰਕ ਜੇਲ੍ਹ ਦਾ ਨਾਂਅ ਦਿੱਤਾ ਸੀ। ਸ਼ੁਰੂ ਵਿੱਚ ਇੱਥੇ ਮਿਸ਼ੀਗਨ ਦੇ ਨੌਜਵਾਨ ਅਪਰਾਧੀ ਰੱਖੇ ਗਏ, ਫਿਰ ਵਰਮੌਂਟ ਤੋਂ ਲਿਆਂਦੇ ਉੱਚ-ਸੁਰੱਖਿਆ ਕੈਦੀ, ਪਰ ਸਾਲਾਂ ਤੋਂ ਇਹ ਜੇਲ੍ਹ ਕਦੇ ਚੱਲਦੀ, ਕਦੇ ਬੰਦ ਰਹੀ ਹੈ। ਫੈਡਰਲ ਬਿਊਰੋ ਆਫ਼ ਪ੍ਰਿਜ਼ਨਜ਼ ਨਾਲ ਦਸ ਸਾਲਾਂ ਦਾ ਠੇਕਾ 2022 ਵਿੱਚ ਰੱਦ ਕਰ ਦਿੱਤਾ ਗਿਆ, ਜਦੋਂ ਬਾਇਡਨ ਸਰਕਾਰ ਨੇ ਨਫ਼ਾ ਕਮਾਉਣ ਵਾਲੀਆਂ ਜੇਲ੍ਹ ਕੰਪਨੀਆਂ ਨਾਲ ਫੈਡਰਲ ਠੇਕੇ ਖ਼ਤਮ ਕਰ ਦਿੱਤੇ। ਲੱਗਭੱਗ ਤੁਰੰਤ ਹੀ ਸਥਾਨਕ ਅਧਿਕਾਰੀ ਇਸ ਥਾਂ ਨੂੰ ਇਮੀਗ੍ਰੇਸ਼ਨ ਡਿਟੈਂਸ਼ਨ ਆਰਥਿਕਤਾ ਨਾਲ ਜੋੜਨ ਲਈ ਪੈਰਵੀ ਕਰਨ ਲੱਗ ਪਏ।

ਇਸ ਸਾਲ ਜੂਨ ਵਿੱਚ, ਨੌਰਥ ਲੇਕ ਮੁੜ ਨੌਰਥ ਲੇਕ ਪ੍ਰੋਸੈਸਿੰਗ ਸੈਂਟਰ ਵਜੋਂ ਖੁੱਲ੍ਹ ਗਈ-ਆਈ ਸੀ ਈ ਦਾ ਅੱਡਾ-ਜੋ ਰਾਜ ਵਿੱਚ ਆਪਣੀ ਕਿਸਮ ਦਾ ਇਕਲੌਤਾ ਅਤੇ ਮੁਲਕ ਵਿੱਚ ਦੂਜਾ ਸਭ ਤੋਂ ਵੱਡਾ ਕੇਂਦਰ ਹੈ। ਬਾਲਡਵਿਨ ਨਾਂਅ ਦੇ ਨਿੱਕੇ ਜਿਹੇ ਸ਼ਹਿਰ ਤੋਂ ਸਿਰਫ਼ ਤਿੰਨ ਮੀਲ ਦੂਰ, ਲੱਗਭੱਗ 1,800 ਬਿਸਤਰਿਆਂ ਦੀ ਸਮਰੱਥਾ ਵਾਲਾ ਇਹ ਵਿਸ਼ਾਲ ਕੰਕਰੀਟ ਕੰਪਲੈਕਸ ਹੁਣ ਖੇਤਰ ਲਈ ਅਹਿਮ ਪ੍ਰੋਸੈਸਿੰਗ ਹੱਬ ਵਜੋਂ ਪ੍ਰਚਾਰਿਆ ਜਾ ਰਿਹਾ ਹੈ-ਇਸ ਦਾ ਮਤਲਬ ਕੋਈ ਵੀ ਹੋਵੇ। ਇਹ ਪਰਵਾਰਕ ਮੈਂਬਰਾਂ, ਕਾਰਕੁਨਾਂ ਜਾਂ ਵਕੀਲਾਂ ਲਈ ਸੌਖਿਆਂ ਪਹੁੰਚ ਸਕਣ ਤੋਂ ਬਹੁਤ ਦੂਰ ਹੈ। ਗੂਗਲ ਦੇ ਹਵਾਈ ਦ੍ਰਿਸ਼ ਵਿੱਚ ਇਹ ਹਰ ਉਸ ਜੇਲ੍ਹ ਵਾਂਗ ਦਿਸਦਾ ਹੈ, ਜਿਸ ਨੂੰ ਅਸੀਂ ਦੇਖ ਨਹੀਂ ਸਕਦੇ-ਨੀਂਵੀਆਂ ਇਮਾਰਤਾਂ, ਉੱਚੀਆਂ ਵਾੜਾਂ, ਪਾਰਕਿੰਗ ਲੌਟ।

ਮੈਨਹੈਟਨ ਵਿੱਚ ਆਈ ਸੀ ਈ ਇੱਕ ਘੋਟਾਲਾ ਹੈ। ਕੈਨਾਲ ਸਟ੍ਰੀਟ ਦੇ ਹੱਲੇ-ਗੁੱਲੇ ਤੋਂ ਅਗਲੇ ਦਿਨ, ਕਾਰਕੁਨਾਂ ਨੇ ਪ੍ਰੈੱਸ ਕਾਨਫ਼ਰੰਸ ਕੀਤੀ ਅਤੇ ਸ਼ਹਿਰ ਦੇ ਅਧਿਕਾਰੀਆਂ ਨੂੰ ਸਵਾਲਾਂ ਦੇ ਜਵਾਬ ਦੇਣ ਲਈ ਮਜਬੂਰ ਕੀਤਾ। ਮੇਅਰ ਚੁਣੇ ਗਏ ਜ਼ੋਹਰਾਨ ਮਮਦਾਨੀ ਨੇ ਫੈਡਰਲ ਕਾਰਵਾਈ ਨੂੰ ਹਮਲਾਵਰ ਅਤੇ ਲਾਪਰਵਾਹ ਅਤੇ ਤਾਨਾਸ਼ਾਹੀ ਤਮਾਸ਼ਾ ਕਰਾਰ ਦਿੱਤਾ। ਉਸ ਨੇ ਫੈਡਰਲ ਇਮੀਗ੍ਰੇਸ਼ਨ ਇਨਫੋਰਸਮੈਂਟ ਨਾਲ ਸਹਿਯੋਗ ਵਿੱਚ ਐੱਨ ਵਾਈ ਪੀ ਡੀ ਦੀ ਭੂਮਿਕਾ ਦੀ ਸਮੀਖਿਆ ਕਰਨ ਦਾ ਵਾਅਦਾ ਕੀਤਾ-ਜੋ ਬਣਦਾ ਵੀ ਹੈ, ਕਿਉਂਕਿ ਇਹ ਸ਼ਹਿਰ ਸੈਂਕਚੁਅਰੀ ਸਿਟੀ ਕਹਾਉਂਦਾ ਹੈ। ਮੌਕੇ 'ਤੇ ਬੋਲਦਿਆਂ, ਸਿਟੀ ਕਾਂਪਟ੍ਰੋਲਰ ਬ੍ਰੈਡ ਲੈਂਡਰ ਨੇ ਇਸ ਕਾਰਵਾਈ ਨੂੰ ਭਿਆਨਕ ਦੱਸਿਆ ਅਤੇ ਜ਼ੋਰ ਦਿੱਤਾ ਕਿ ਸੜਕ ਉੱਪਰ ਸਾਮਾਨ ਵੇਚਣ ਵਾਲੇ ਰਾਸ਼ਟਰੀ ਸੁਰੱਖਿਆ ਖ਼ਤਰਾ ਨਹੀਂ ਹਨ, ਜਦਕਿ ਫ਼ੌਜੀ ਤਰਜ਼ ਦਾ ਪ੍ਰਤੀਕ੍ਰਮ ਨਿਊਯਾਰਕ ਵਾਸੀਆਂ ਲਈ ਜਾਣ-ਬੁੱਝ ਕੇ ਖਤਰੇ ਦਾ ਹਊਆ ਪੈਦਾ ਕਰ ਰਿਹਾ ਹੈ।

ਇਸ ਦੌਰਾਨ ਦਿਹਾਤੀ ਮਿਸ਼ੀਗਨ ਵਿੱਚ, ਨੌਰਥ ਲੇਕ ਵਿਚ ਹੋ ਰਹੇ ਆਉਣ-ਜਾਣ ਦੀ ਗਿਣਤੀ ਕਰਨਾ ਲਾਗੇ ਰਹਿਣ ਵਾਲਿਆਂ ਲਈ ਵੀ ਮੁਸ਼ਕਲ ਹੋ ਗਿਆ ਹੈ ਅਤੇ ਇਸ ਦਾ ਉਦੇਸ਼ ਵੀ ਇਸ ਨੂੰ ਇਸੇ ਤਰ੍ਹਾਂ ਚਲਾਉਣਾ ਹੈ। ਸਾਡਾ ਨਜ਼ਰਬੰਦੀ ਪ੍ਰਬੰਧ ਲੰਮੇ ਸਮੇਂ ਤੋਂ ਦੂਰੀ, ਬੇਵੱਸੀ ਅਤੇ ਇਸ ਨੂੰ ਸਜਾਵਟੀ ਸ਼ਬਦਾਂ ਵਿਚ ਪੇਸ਼ ਕਰਨ 'ਤੇ ਨਿਰਭਰ ਰਿਹਾ ਹੈ। ਹੁਣ ਬੁਨਿਆਦੀ 'ਨਿਆਂ ਪ੍ਰਕਿਰਿਆ' ਨੂੰ ਜਾਣਬੁੱਝ ਕੇ ਅਜਿਹੇ ਦੂਰ-ਦਰਾਜ਼ ਜ਼ਿੱਪ ਕੋਡਾਂ (ਅਣਜਾਣੇ ਇਲਾਕਿਆਂ) ਵਿੱਚ ਆਊਟਸੋਰਸ ਕੀਤਾ ਜਾ ਰਿਹਾ ਹੈ।

ਅੱਜ ਨਾਗਰਿਕ ਫ਼ਰਜ਼ ਦਾ ਤਕਾਜ਼ਾ ਹੈ ਭੂਗੋਲ ਨੂੰ ਸਮਝਣਾ। ਸੱਚ ਤਾਂ ਇਹ ਹੈ ਕਿ ਮੈਂ ਕਦੇ ਆਪਣੇ ਘਰ ਤੋਂ ਸਿਰਫ਼ ਦੋ ਬਲਾਕ ਦੂਰ ਸਥਿਤ ਅਮਰੀਕੀ ਸਰਕਾਰ ਦੀ ਮਲਕੀਅਤ ਵਾਲੇ ਗਰਾਜ ਵੱਲ ਧਿਆਨ ਨਹੀਂ ਸੀ ਦਿੱਤਾ। ਹੁਣ ਮੈਂ ਉਸ ਦੀ ਪੂਰੀ ਘੋਖ ਕਰਾਂਗੀ। ਕਾਊਂਟੀ ਜੀ ਆਈ ਐੱਸ ਨਕਸ਼ੇ, ਜ਼ੋਨਿੰਗ ਬੋਰਡ ਦੇ ਅਜੰਡੇ, ਸ਼ੈਰਿਫ਼ ਦੇ ਠੇਕੇ-ਇਹ ਸਭ ਜਨਤਕ ਤੌਰ 'ਤੇ ਉਪਲੱਬਧ ਹਨ। ਤੁਹਾਡੇ ਨੇੜੇ ਕਿਹੜੀਆਂ ਚੌਕੋਰ ਇੱਟਾਂ ਵਾਲੀਆਂ ਇਮਾਰਤਾਂ ਫੈਡਰਲ ਜੇਲ੍ਹਾਂ, ਲਾਕਅੱਪ, ਪ੍ਰੋਸੈਸਿੰਗ ਸੈਂਟਰ ਜਾਂ ਆਈ ਸੀ ਈ ਦੇ ਅੱਡੇ ਸਰਕਾਰੀ ਜਾਇਦਾਦ ਹਨ? ਕਿਨ੍ਹਾਂ ਨੂੰ ਨਿੱਜੀ ਕੰਪਨੀਆਂ- ਜਿਵੇਂ ਜੀ ਈ ਓ ਵੱਲੋਂ ਰਾਜ ਜਾਂ ਫੈਡਰਲ ਠੇਕਿਆਂ ਦੇ ਤਹਿਤ ਚਲਾਇਆ ਜਾ ਰਿਹਾ ਹੈ? ਉਨ੍ਹਾਂ ਸਮਝੌਤਿਆਂ ਨੂੰ ਮਨਜ਼ੂਰੀ ਕਿਸ ਨੇ ਦਿੱਤੀ ਅਤੇ ਤੁਹਾਨੂੰ ਦੱਸਿਆ ਕੀ ਗਿਆ ਕਿ ਤੁਹਾਨੂੰ ਕੀ ਦਿੱਤਾ ਜਾ ਰਿਹਾ ਹੈ-ਰੋਜ਼ਗਾਰ, ਆਰਥਿਕ ਵਿਕਾਸ ਜਾਂ ਜਨਤਕ ਸੁਰੱਖਿਆ?

ਨਿਊਯਾਰਕ ਅਤੇ ਸ਼ਿਕਾਗੋ ਵਰਗੇ ਸ਼ਹਿਰਾਂ ਦੇ ਬਾਸ਼ਿੰਦੇ ਜੋ ਨਿਗਰਾਨੀ ਬਾਰੇ ਜਾਗਰੂਕ ਹਨ, ਉਹ ਆਈ ਸੀ ਈ ਅਤੇ ਉਸ ਦੇ ਲੋਕਾਂ ਨੂੰ ਦਬੋਚਣ ਵਾਲੇ ਫ਼ੌਜੀ ਤਿਆਰੀ ਵਾਲੇ ਦਸਤਿਆਂ ਉੱਪਰ ਦਬਾਅ ਬਣਾਈ ਰੱਖਣ ਲਈ ਵਧੀਆ ਕੰਮ ਕਰ ਰਹੇ ਹਨ, ਪਰ ਲੋਕਾਂ ਨੂੰ ਚੁੱਪ-ਚੁੱਪ, ਬੇਖ਼ਬਰ, ਪਿੰਡਾਂ ਦੀਆਂ ਅਜਿਹੀਆਂ ਥਾਵਾਂ 'ਤੇ ਲਿਜਾਇਆ ਜਾ ਰਿਹਾ ਹੈ-ਉਹ ਥਾਵਾਂ ਜਿਨ੍ਹਾਂ ਨੂੰ ਸ਼ਹਿਰੀ ਲੋਕ ਬਹੁਤ ਸਮੇਂ ਤੋਂ ਨਜ਼ਰਅੰਦਾਜ਼ ਕਰਦੇ ਰਹੇ ਹਨ। ਹੁਣ ਇਸ ਨੂੰ ਬਦਲਣ ਦਾ ਸਮਾਂ ਆ ਗਿਆ ਹੈ, ਇਸ ਤੋਂ ਪਹਿਲਾਂ ਕਿ ਅਮਰੀਕਾ ਆਪਣੇ ਚਲਾਕੀ ਨਾਲ ਲੁਕੋਏ ਗੁਪਤ ਨਜ਼ਰਬੰਦੀ ਕੈਂਪਾਂ ਦਾ ਹੋਰ ਵਧਾਰਾ-ਪਸਾਰਾ ਕਰ ਲਵੇ।

# ਬਹਿਸ਼ਤ ਤੋਂ ਦਹਿਸ਼ਤ ਤੱਕ ਦਾ ਸਫ਼ਰ

ਦਸ ਅਪ੍ਰੈਲ ਤੋਂ ਕਸ਼ਮੀਰ ਸਫ਼ਰ ਸ਼ੁਰੂ ਕਰਨ ਦਾ ਇਰਾਦਾ ਸੀ। ਘਰੋਂ ਤੁਰਿਆ ਤਾਂ ਪੰਜ ਦਿਨ ਪਟਿਆਲੇ ਲੱਗ ਗਏ। ਪੰਜਾਬੀ ਯੂਨੀਵਰਸਿਟੀ ਦੀ ਪ੍ਰਕਰਮਾ ਮੇਰੇ ਲਈ ਨਰਮਦਾ ਦੀ ਪ੍ਰਕਰਮਾ ਦੇ ਬਰਾਬਰ ਹੈ।ਜਦ ਮੇਰੇ ਕੋਲੋਂ ਜ਼ਿੰਦਗੀ ਗਵਾਚੀ ਸੀ, ਮੈਨੂੰ ਪਟਿਆਲੇ ਨੇ ਸੰਭਾਲਿਆ ਸੀ ।ਹੋਮੀ ਭਾਬਾ ਹੋਸਟਲ ਤੇ ਅਕਾਸ਼ ਦੀਪ ਦੇ ਛੋਟੇ ਜਿਹੇ ਕਮਰੇ ਨੇ ਵੱਡੇ-ਵੱਡੇ ਅਹਿਸਾਸ ਜਗਾਏ। ਹੁਣ ਮੈਨੂੰ ਗਵਾਚੀ ਜ਼ਿੰਦਗੀ ਮਿਲੀ ਤਾਂ ਉਹ ਵੀ ਪਟਿਆਲੇ ਸ਼ਹਿਰ ਵਿੱਚੋਂ ।ਪਟਿਆਲਾ ਮੇਰੇ ਲਈ ਨਰਕਾਂ-ਸਵਰਗਾਂ ਦੇ ਵਿਚਕਾਰ ਚੱਲਦਾ ਹਾਈਵੇ ਹੈ, ਪਤਾ ਨਹੀਂ ਕਦੋਂ ਕਿਹੜੇ ਪਾਸੇ ਦੀ ਲਿੰਕ ਰੋਡ ਫੜ ਕਿੱਧਰ ਲੰਘ ਜਾਈਏ, ਵੈਸੇ ਵੀ ਮੁਸਾਫਰ ਤਬੀਅਤ ਨੂੰ ਹਰ ਰੰਗ ਹਰ ਰਾਹ ਦੇਖਣ ਦਾ ਭੁਸ ਹੁੰਦਾ ਹੈ, ਏਸੇ ਭੁਸ ਕਾਰਨ ਉਹ ਮੁਸਾਫਰ ਏਨੇ ਕੌਲੇ ਕੱਛਦਾ ਹੈ।

ਪਟਿਆਲਾ ਸ਼ਹਿਰ, ਪੰਜਾਬੀ ਯੂਨੀਵਰਸਿਟੀ ਦਾ ਗੇਟ, ਦੋ ਫੇਸ ਵਾਲੇ ਠੇਕੇ 'ਤੇ ਬਣੀਆਂ ਪੌੜੀਆਂ, ਪ੍ਰੋਫੈਸਰ ਕਾਲੋਨੀ, ਅਕਾਸ਼ ਦੀ ਨਵੀਂ ਕਿਰਾਏ ਵਾਲੀ ਕੋਠੀ 'ਚ ਪੈਂਦਾ ਘੜਮੱਸ, ਗੱਦਿਆਂ ਦੀ ਜਗ੍ਹਾ ਵਿਛੇ ਅਖ਼ਬਾਰ, ਕਿਸੇ ਦਾ ਨਾ ਕੋਈ ਕਮਰਾ, ਨਾ ਕੋਈ ਬੈਡ, ਨਾ ਕੋਈ 'ਪ੍ਰਾਈਵੇਸੀ', ਕਿਸੇ ਦੀ ਲੋਅਰ ਕਿਸੇ ਦੇ ਬੈਗ 'ਚ ਲੱਭਦੀ ਹੈ, ਕਿਸੇ ਦੀ ਪੈਂਟ ਕਿਸੇ ਹੋਰ ਦੀ ਮਾਂ ਕੋਲ ਪਹੁੰਚ ਜਾਂਦੀ ਹੈ, ਧੋਣ ਵੇਲੇ ਮਾਂ ਕਹਿੰਦੀ ਇਹ ਤੇਰੀ ਤਾਂ ਨਹੀਂ, ਚੱਲ ਕਿਸੇ ਤੇਰੇ ਵਰਗੇ ਦੀ ਹੋਣੀ ਹੈ, ਮੈਂ ਧੋ ਕੇ ਰੱਖਦੀ ਹਾਂ, ਪਟਿਆਲੇ ਜਾਂਦਾ ਲੈ ਜਾਈਂ।

ਘਰੇ ਕੋਈ ਚੀਜ਼ ਗਵਾਚ ਜਾਵੇ, ਘਰ ਦੇ ਘਰੇ ਨ੍ਹੀਂ ਲੱਭਦੇ

## ਕਸ਼ਮੀਰ ਯਾਤਰਾ

### ਦੇਵ ਕੁਰਾਈਵਾਲਾ

ਇਹੋ ਕਹਿੰਦੇ ਨੇ ਪਟਿਆਲੇ ਪਤਾ ਕਰ ਲੈ, ਉਥੇ ਹੋਵੇਗੀ ਤੇ ਸੱਚੀਂ ਗਵਾਚੀ ਹੋਈ ਹਰ ਸ਼ੈਅ ਪਟਿਆਲੇ ਤੋਂ ਹੀ ਲੱਭਦੀ ਹੈ।

ਰਾਤ ਨੂੰ ਸੌਣ ਵੇਲੇ ਪੰਜ ਜਣੇ ਸੌਂਦੇ ਨੇ। ਸਵੇਰੇ ਚਾਹ ਬਣਾਉਣ ਵੇਲੇ ਗਿਆਰਾਂ ਜਣੇ ਹੋ ਜਾਂਦੇ ਹਨ।ਕਿੰਨੇ ਹੀ ਜਣੇ ਰਾਤ ਕੱਟ ਜਾਂਦੇ ਹਨ, ਸੋਚਦੇ ਹਾਂ ਕਿਸੇ ਨਾ ਕਿਸੇ ਦੇ ਦੋਸਤ ਹੋਣਗੇ, ਬਾਅਦ 'ਚ ਪਤਾ ਲਗਦਾ ਉਹ ਤਾਂ ਕਿਸੇ ਦੇ ਦੋਸਤ ਨਹੀਂ ਸੀ, ਰਾਤ ਕੱਟਣ ਆਏ ਸੀ, ਚਲੇ ਗਏ।ਮੇਰੇ ਵਰਗੇ ਮੁਸਾਫਰਾਂ ਦਾ ਮੁਸਾਫਰਖ਼ਾਨਾ।

ਛੋਟੀ ਬਾਰਾਂਦਰੀ 'ਚ ਲੱਗਦੀ ਸੰਡੇ ਮਾਰਕੀਟ, ਪੰਜ ਹਜ਼ਾਰ ਦੀ ਸ਼ਰਟ ਪਾ ਡੇਢ ਸੌ ਦੀਆਂ ਦੋ ਸ਼ਰਟਾਂ ਖ਼ਰੀਦਣ ਜਾਂਦੇ ਹਾਂ।ਘਰ ਆ ਕੇ ਦੇਖਦੇ ਹਾਂ ਪਾਈ ਤੇ ਖ਼ਰੀਦੀ ਸ਼ਰਟ 'ਚ ਕੋਈ ਫਰਕ ਨਹੀਂ ਦਿਸਦਾ, ਫਿਰ ਸੋਚਦੇ ਹਾਂ ਨਵੀਂ-ਪੁਰਾਣੀ, ਮਹਿੰਗੀ-ਸਸਤੀ ਦਾ ਕੋਈ ਫਰਕ ਨਹੀਂ ਹੁੰਦਾ।



ਬਸ ਮਨਾਂ ਦੇ ਵਹਿਮ ਹੁੰਦੇ ਹਨ। ਮਨ ਨੂੰ ਚਾਅ ਚਾਹੀਦੇ ਹਨ, ਬ੍ਰੈਂਡ ਨਹੀਂ।ਪਟਿਆਲਾ ਸ਼ਹਿਰ ਰਾਜਿਆਂ ਦੇ ਸ਼ਾਹੀ ਮਹੱਲਾਂ 'ਚ ਕੈਦ ਧੜਕਣਾਂ ਦਾ ਸ਼ਹਿਰ ਹੈ।ਅਮਲਤਾਸ, ਗੁਲਮੋਹਰ ਦੇ ਫੁੱਲਾਂ ਦਾ ਸ਼ਹਿਰ, ਝੜਦੇ ਪੱਤਿਆਂ ਦਾ ਸ਼ਹਿਰ, ਮਾਡਲ ਟਾਊਨ ਦੀਆਂ ਇੱਕੋ ਜਿਹੀਆਂ ਇਮਾਰਤਾਂ, ਕਿਸੇ ਕੁਆਰੀ ਦੀਆਂ ਸਧਰਾਂ ਵਰਗੀਆਂ ਜਗਦੀਆਂ-ਬੁਝਦੀਆਂ ਸਟਰੀਟ ਲਾਇਟਾਂ ਦਾ ਸ਼ਹਿਰ ।ਇਸ ਸ਼ਹਿਰ 'ਚ ਏਨੇ ਕੁ ਦਿਨ ਤਾਂ ਬਣਦੇ ਹਨ।

ਪਟਿਆਲੇ 'ਚ ਮੈਂ ਤੇ ਗੁਰਵਿੰਦਰ ਮਸਾਂ ਹੀ ਨਿਕਲੇ। ਫਿਰ ਮਨ ਬਣਾਇਆ ਜੰਮੂ ਕਠੂਆ ਤੋਂ ਸਫ਼ਰ ਸ਼ੁਰੂ ਕਰਦੇ ਹਾਂ । ਪਠਾਨਕੋਟ ਪਹੁੰਚ ਗਏ ਤਾਂ ਮਾਧੋਪੁਰ, ਰਣਜੀਤ ਸਾਗਰ ਡੈਮ ਵਾਲਾ ਪੰਜਾਬ ਵੀ ਆਪਣੀ ਅਲੱਗ ਹੀ ਖਿੱਚ ਰੱਖਦਾ ਹੈ।ਮਾਧੋਪੁਰ ਤੋਂ ਹੋਰ ਹੀ ਪਾਸੇ ਤੁਰ ਪਏ ਕਿ ਜਿੱਧਰ ਰਾਹ ਜਾਂਦਾ, ਚਲੇ ਜਾਂਦੇ ਹਾਂ । ਉਹ ਰਾਹ ਹਮੇਸ਼ਾ ਯਾਦ ਰਹਿੰਦੇ ਹਨ, ਜਿਨ੍ਹਾਂ 'ਤੇ ਜਾਣ ਦਾ ਇਰਾਦਾ ਨਹੀਂ ਹੁੰਦਾ, ਪਰ ਸਾਡੇ ਪੈਰੀਂ ਉਹੀ ਰਾਹ ਲਿਖੇ ਹੁੰਦੇ ਹਨ।ਮਾਧੋਪੁਰ ਤੋਂ ਧਾਰ ਪਹੁੰਚ ਗਏ ।ਧਾਰ ਤੋਂ ਭਮਲਾਦਾ ਹੁੰਦੇ ਹੋਏ ਦੁਨੇਰੇ ਪਹੁੰਚ ਗਏ।ਘਰੋਂ ਅਸੀਂ ਕਸ਼ਮੀਰ ਜਾਣ ਲਈ ਨਿਕਲੇ ਸੀ, ਪਰ ਸਾਨੂੰ ਪੰਜਾਬ ਦੇ ਇਹਨਾਂ ਪਿੰਡਾਂ ਨੇ ਹੀ ਆਪਣੇ ਵੱਲ ਖਿੱਚ ਲਿਆ।ਹਨੇਰਾ ਹੋ ਗਿਆ ਸੀ। ਦੁਨੇਰੇ ਤੋਂ ਅੱਗੇ ਹਕਲੀ ਪਿੰਡ ਇਕ ਹੋਟਲ ਵਾਲਾ ਜਾਣਦਾ, ਉਹਦੇ ਖੇਤ 'ਚ ਜਾ ਟੈਂਟ ਗੱਡੇ। ਉਥੇ ਬੈਠਿਆਂ ਫਿਰ ਅਕਾਸ਼ ਨੂੰ ਫੋਨ ਲਾਇਆ। ਉਹਨੇ ਦੱਸਿਆ ਜੋਸ਼ੀ ਸਾਡੇ ਨੇੜੇ ਹੀ ਪੰਜਾਬੀ ਫਿਲਮ ਸ਼ੂਟ ਕਰ ਰਿਹਾ ਹੈ।ਹਕਲੀ ਤੋਂ ਟੈਂਟ ਪੱਟਿਆ ਬਸੋਹਲੀ ਪਹੁੰਚ ਗਏ।ਫ਼ਿਲਮ ਸ਼ੂਟ ਹੋ ਰਹੀ, 'ਰਾਵੀ ਦੇ ਕੰਢੇ'।

ਬਸੋਹਲੀ ਰਾਵੀ ਦੇ ਕੰਢੇ ਵੱਸਿਆ ਛੋਟਾ ਜਿਹਾ ਪਿੰਡ ਹੈ।

ਰਾਵੀ ਦਰਿਆ ਤੇ ਅਟਲ ਸੇਤੂ ਜੰਮੂ ਅਤੇ ਪੰਜਾਬ ਦੀ ਹੱਦ ਬਣਾਉਂਦਾ ਹੈ। ਦੂਰ ਨਿਗ੍ਹਾ ਮਾਰੀਏ ਤਾਂ ਹਿਮਾਚਲ ਪ੍ਰਦੇਸ਼ ਦੇ ਪਹਾੜ ਦਿਸਦੇ ਹਨ। ਰਾਵੀ ਦਰਿਆ ਬਸੋਹਲੀ ਦੀ ਵੱਖੀ ਨਾਲ ਖਹਿ ਕੇ ਲੰਘਦਾ ਹੈ।

ਬਸੋਹਲੀ ਆਪਣੇ ਪਹਾੜੀ ਆਰਟ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ। ਇਹ ਲਘੂ ਪੇਂਟਿੰਗ ਦੀ ਇੱਕ ਵੱਖਰੀ ਸ਼ੈਲੀ ਹੈ, ਜਿਸ ਵਿੱਚ ਹਿੰਦੂ ਮਿਥਿਹਾਸ, ਲੋਕ ਕਲਾ ਅਤੇ ਫਾਰਸੀ ਪ੍ਰਭਾਵਾਂ ਦਾ ਇੱਕ ਵਿਲੱਖਣ ਮਿਸ਼ਰਣ ਹੈ। ਬਸੋਹਲੀ ਪੇਂਟਿੰਗਾਂ ਆਪਣੇ ਜੀਵੰਤ ਰੰਗਾਂ, ਗੁੰਝਲਦਾਰ ਵੇਰਵਿਆਂ ਅਤੇ ਵਿਲੱਖਣ ਸ਼ੈਲੀ ਲਈ ਜਾਣੀਆਂ ਜਾਂਦੀਆਂ ਹਨ।

ਸ਼ਿਵ ਕੁਮਾਰ ਬਟਾਲਵੀ ਆਪਣੀ ਕਵਿਤਾ 'ਚੁੰਮਣ' ਵਿੱਚ ਇਸੇ ਬਸੋਹਲੀ ਦਾ ਜ਼ਿਕਰ ਕਰਦਾ ਹੈ।

ਰਾਵੀ ਦਰਿਆ ਦਾ ਕੰਢਾ ਹੋਣ ਕਰਕੇ ਬਸੋਹਲੀ 'ਚ ਪਾਣੀ ਦੀ ਭੜਾਸ ਸੀ ।ਵਿਰਲੇ-ਟਾਂਵੇਂ ਖਜੂਰ ਦੇ ਰੁੱਖਾਂ 'ਚ ਵਿਰਲੇ-ਟਾਂਵੇਂ ਪਹਾੜੀ ਘਰ ।

ਬਸੋਹਲੀ ਦੀ ਆਰਟ ਗੈਲਰੀ ਅਤੇ ਰਾਵੀ ਦਰਿਆ ਦੇ ਕੰਢੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਅਸੀਂ ਜੰਮੂ ਦੀ ਬਨੀ ਵੈਲੀ ਵੱਲ ਤੁਰ ਪਏ। ਬਨੀ ਵੈਲੀ ਦੇ ਪਿੰਡ ਸੇਵੀ ਨਦੀ ਦੇ ਕੰਢੇ ਵੱਸੇ ਛੋਟੇ-ਛੋਟੇ ਪਹਾੜੀ ਪਿੰਡ ਹਨ।ਸੇਵੀ ਨਦੀ ਅੱਗੇ ਜਾ ਕੇ ਰਾਵੀ ਦਰਿਆ ਵਿੱਚ ਰਲ ਜਾਂਦੀ ਹੈ।

ਬਨੀ ਵੈਲੀ ਵੱਲ ਮੌਸਮ ਕੁਝ ਠੰਢਾ ਹੈ, ਪਰ ਲੋਕਾਂ ਦੇ ਮਨਾਂ ਵਿੱਚ ਫੌਜ ਅਤੇ ਅੱਤਵਾਦ ਦੀ ਭੜਾਸ ਹੈ ।ਬਨੀ ਦੇ ਬਜ਼ਾਰ 'ਚ ਸਾਨੂੰ ਇੱਕ ਪੁਲਸ ਮੁਲਾਜ਼ਮ ਮਿਲਦਾ ਹੈ, ਜੋ ਸਾਨੂੰ ਸਮੇਂ ਸਿਰ ਹੋਟਲ ਪਹੁੰਚਣ ਦੀ ਸਲਾਹ ਦਿੰਦਾ ਹੈ, ਹਰ ਚਿਹਰੇ ਅੰਦਰ ਸਹਿਮ ਹੈ।

ਅਸੀਂ ਇੱਕ ਬਜ਼ੁਰਗ ਨੂੰ ਰਾਤ ਰੁਕਣ ਲਈ ਪੁੱਛਦੇ ਹਾਂ । ਉਸ ਦੇ ਚਿਹਰੇ 'ਤੇ ਮਹਿਮਾਨ-ਨਿਵਾਜੀ ਦਾ ਚਾਅ ਹੈ, ਪਰ ਦਿਲ 'ਚ ਡਰ ਹੈ। ਉਹ ਆਪਣੇ ਬੇਟੇ ਨੂੰ ਸਾਡੇ ਰੁਕਣ ਬਾਰੇ ਪੁੱਛਦਾ ਹੈ । ਉਸ ਦਾ ਬੇਟਾ ਕੁਝ ਨਾ ਕਹਿੰਦਿਆਂ ਸਾਹਮਣੇ ਪਹਾੜੀ 'ਤੇ ਬਣੀ ਫੌਜੀ ਛਾਉਣੀ ਵੱਲ ਦੇਖਦਾ ਹੈ ਅਤੇ ਸਾਨੂੰ ਰਾਤ ਰੱਖਣ ਤੋਂ ਮਨ੍ਹਾ ਕਰ ਦਿੰਦਾ ਹੈ।

ਅਸਮਾਨ 'ਤੇ ਸੰਘਣੇ ਬੱਦਲ ਛਾਅ ਜਾਂਦੇ ਹਨ ।ਬੱਦਲਾਂ ਦੇ ਪਰਛਾਵੇਂ ਸੇਵੀ ਨਦੀ ਦੇ ਪਾਣੀ ਉੱਪਰ ਤੈਰਨ ਲੱਗਦੇ ਹਨ।

ਲੋਕਾਂ ਦੇ ਮਨਾਂ ਅੰਦਰ ਪਣਪੀ ਭੜਾਸ ਦੇਖ ਅਸੀਂ ਉੱਥੇ ਰੁਕਣ ਦਾ ਫੈਸਲਾ ਟਾਲ ਦਿੰਦੇ ਹਾਂ।

ਬਨੀ ਤੋਂ ਅੱਗੇ ਲੋਵੰਗ ਪਹਾੜੀ ਕਸਬਾ ਹੈ।ਸੜਕ ਦੇ ਦੋਨੋਂ ਪਾਸੇ ਪਹਾੜੀ ਘਰ ਅਤੇ ਵਿਚਕਾਰ ਕਿਤੇ ਹਰੇ-ਭਰੇ ਖੇਤ ਦਿਸਦੇ ਹਨ।ਲੋਵੰਗ ਸ਼ਹਿਰੀ ਅਕਾਊਪਣ ਅਤੇ ਪੇਂਡੂ ਤਾਜ਼ਗੀ ਦੇ ਮਿਲਗੋਭੇ ਵਾਲਾ ਕਸਬਾ ਹੈ।ਜੰਮੂ ਕਸ਼ਮੀਰ ਦੇ ਜੁਗਰਾਫੀਏ ਵਿੱਚ ਪਨਪੀ ਭੜਾਸ ਤੋਂ ਬੇਖ਼ਬਰ ਬੱਚੇ ਸੜਕ 'ਤੇ ਕ੍ਰਿਕਟ ਖੇਡ ਰਹੇ ਹਨ। ਸੈਲਾਨੀਆਂ ਦੀ ਵਿਰਲੀ-ਟਾਂਵੀਂ ਗੱਡੀ ਰਾਹ 'ਤੇ ਲੰਘਦੀ ਦਿਸਦੀ ਹੈ ।ਉਚਾਈ 'ਤੇ ਜਾਣ ਕਾਰਨ ਮੌਸਮ ਹੋਰ ਠੰਢਾ ਹੋ ਗਿਆ ਹੈ।

ਪਹਾੜੀ ਚੋਟੀਆਂ ਓਹਲੇ ਸੂਰਜ ਦੀ ਨਾਰੰਗੀ ਭਾਅ ਖਿੱਲਰ ਚੁੱਕੀ ਹੈ। ਦਿਨ ਆਪਣੇ ਅੰਤ ਵੱਲ ਵਧ ਰਿਹਾ ਹੈ । ਸਾਨੂੰ ਕਿਤੇ ਵੀ ਰੁਕਣ ਲਈ ਜਗ੍ਹਾ ਨਹੀਂ ਮਿਲ ਰਹੀ ।ਲੋਵੰਗ ਤੋਂ ਅੱਗੇ ਸਾਰਥਲ ਵੈਲੀ ਸ਼ੁਰੂ ਹੋ ਜਾਂਦੀ ਹੈ। ਸਾਰਥਲ ਵਿੱਚ ਕੁਝ ਘਾਹ ਦੀਆਂ ਚਰਾਂਦਾਂ ਹਨ। ਇਹ ਗੁੱਜਰਾਂ ਦਾ ਵਸਿਆ ਹੋਇਆ ਛੋਟਾ ਜਿਹਾ ਪਿੰਡ ਹੈ, ਜੋ ਛੇ-ਸੱਤ ਮਹੀਨੇ ਬਰਫ਼ ਨਾਲ ਢਕਿਆ ਰਹਿੰਦਾ ਹੈ। ਸਾਰਥਲ ਲੱਗਭੱਗ ਤੇਈ ਸੌ ਮੀਟਰ ਦੀ ਉਚਾਈ 'ਤੇ ਹੈ।

ਅੱਜ ਦਾ ਦਿਨ ਪੂਰੀ ਤਰ੍ਹਾਂ ਛਿਪ ਚੁੱਕਿਆ ਸੀ। ਨਾਰੰਗੀ ਭਾਅ ਪਹਾੜਾਂ ਦੀਆਂ ਸਿਖਰਾਂ ਤੋਂ ਥੱਲੇ ਉੱਤਰ ਸਿਆਹ ਰੰਗ ਵਿੱਚ ਬਦਲ ਚੁੱਕੀ ਸੀ।ਸਾਰੀ ਘਾਟੀ ਨੂੰ ਚੁੱਪ ਨੇ ਆਪਣੇ ਕਲਾਵੇ ਵਿੱਚ ਭਰ ਲਿਆ ਹੈ। ਰਾਤ ਦਾ ਹਨੇਰਾ ਇਸ ਚੁੱਪ ਨੂੰ ਹੋਰ ਸੰਘਣਾ ਕਰ ਦਿੰਦਾ ਹੈ।ਪਹਾੜਾਂ ਦੇ ਖਲਾਅ ਅੰਦਰ ਪੱਸਰੀ ਇਹ ਚੁੱਪ ਮੈਨੂੰ ਬਹੁਤ ਸੋਹਣੀ ਲੱਗਦੀ ਹੈ। ਅੱਖਾਂ ਤੋਂ ਕੁਝ ਮੀਟਰ ਦੂਰੀ 'ਤੇ ਕੁਝ ਵੀ ਦਿਖਾਈ ਨਹੀਂ ਦਿੰਦਾ।ਅਜਿਹਾ ਕੁਝ ਵੀ ਨਹੀਂ ਜੋ ਸਾਡੇ ਧਿਆਨ ਨੂੰ ਭਟਕਾ ਸਕਦਾ ਹੋਵੇ।ਹਨੇਰਾ ਮੇਰੇ ਅੰਦਰ ਉਤਰਨਾ ਸ਼ੁਰੂ ਹੋ ਜਾਂਦਾ ਹੈ।ਹਫਿਆ ਸਰੀਰ ਨਿੱਸਲ ਹੋ ਜਾਂਦਾ ਹੈ। ਇੱਕ ਵੀ ਪੁਲਾਂਘ ਪੁੱਟਣ ਨੂੰ ਦਿਲ ਨਹੀਂ ਕਰਦਾ।ਹਨੇਰਾ ਮੇਰੇ ਆਪੇ ਵਿੱਚ ਫੈਲ ਜਾਂਦਾ ਹੈ।ਸਭ ਕੁਝ ਰੁਕ ਜਾਂਦਾ ਹੈ ।ਰੰਗਾਂ ਦੀ ਚੋਣ ਮੁੱਕ ਜਾਂਦੀ ਹੈ ।ਪਾਣੀ ਦੀ ਕਲ-ਕਲ, ਹਵਾ ਦੀ ਸਰ-ਸਰ ਮੈਂ ਤੇ ਰਾਤ ਦੀ ਚੁੱਪ ਇਕ-ਮਿਕ ਹੋ ਜਾਂਦੇ ਹਾਂ।ਘਾਟੀ 'ਚ ਫੈਲਿਆ ਸਿਆਹ ਰੰਗ ਪਿੰਡੇ ਨੂੰ ਲਿਪਟ ਜਾਂਦਾ ਹੈ ।ਹਨੇਰਾ ਮੇਰੇ ਠਹਿਰਾਅ ਦਾ ਬਿੰਦੂ ਹੈ। ਇਸੇ ਠਹਿਰਾਅ ਤੋਂ ਚੇਤਨਾ ਆਪਣਾ ਸਫ਼ਰ ਸ਼ੁਰੂ ਕਰਦੀ ਹੈ।

ਰੌਸ਼ਨੀ ਵਿੱਚ ਸ਼ੋਰ ਹੈ, ਕਾਹਲਾਪਣ ਹੈ, ਸਵੀਕਾਰਨਾ-ਨਕਾਰਨਾ ਹੈ, ਕਿਤੇ ਪਹੁੰਚ ਜਾਣ ਦੀ ਤਲਬ ਹੈ । ਹਨੇਰਾ ਠਹਿਰਾਅ ਹੈ, ਆਰਾਮਗਾਹ ਹੈ।

ਮੀਂਹ ਪੈਣਾ ਸ਼ੁਰੂ ਹੋ ਗਿਆ। ਅਸੀਂ ਸਾਰਥਲ ਪਿੰਡ ਪਹੁੰਚਦੇ ਹਾਂ।ਵਿਰਲੇ-ਵਿਰਲੇ ਘਰ 'ਚ ਲਾਈਟ ਜਗ ਰਹੀ ਹੈ। ਜ਼ਿਆਦਾ ਦਰਵਾਜ਼ੇ ਅਜੇ ਤੱਕ ਬੰਦ ਹਨ। ਜਿੰਦਰਿਆਂ ਨੂੰ ਲੱਗਾ ਜੰਗਾਲ ਪਿੰਡ ਦੇ ਲੰਬੇ ਸਮੇਂ ਤੋਂ ਬੰਦ ਹੋਣ ਦੀ ਗਵਾਹੀ ਭਰਦਾ ਹੈ।ਗਲੀਆਂ 'ਚ ਉੱਗਿਆ ਪਹਾੜੀ ਘਾਹ ਪਿੰਡ ਦੀ ਵੀਰਾਨਗੀ ਦਾ ਪ੍ਰਤੀਕ ਹੈ।

ਸਾਨੂੰ ਇੱਕ ਗੁੱਜਰ ਨੌਜਵਾਨ ਬਹੁਤ ਪਿਆਰ ਨਾਲ ਮਿਲਦਾ ਹੈ ।ਘਰਾਂ ਦੀ ਮੂਹਰਲੀ ਕਤਾਰ ਦੇ ਮਗਰ ਉੱਡੀ ਜਾਂਦੇ ਧੂੰਏਂ ਵੱਲ ਹੱਥ ਕਰਕੇ ਦੱਸਦਾ ਹੈ ਕਿ ਉੱਥੇ ਰਹਿਣ ਲਈ ਕਮਰਾ ਮਿਲ ਜਾਵੇਗਾ।

ਅਸੀਂ ਉਸ ਘਰ ਦਾ ਬੂਹਾ ਖੜਕਾਉਂਦੇ ਹਾਂ ਤਾਂ ਅੰਦਰ ਬੈਠੇ ਤਿੰਨ ਨੌਜਵਾਨ ਸਾਡਾ ਸਵਾਗਤ ਕਰਦੇ ਹਨ। ਮੈਲੇ-ਕੁਚੈਲੇ ਕੱਪੜੇ ਸਿਰਾਂ 'ਤੇ ਲਈਆਂ ਹੋਈਆਂ ਪੱਸ਼ਮ ਦੀਆਂ ਟੋਪੀਆਂ। ਮੁੱਛਾਂ ਨੂੰ ਕੱਟ ਕੇ ਵਧਾਈ ਹੋਈ ਦਾੜ੍ਹੀ 'ਚ ਪਈਆਂ ਉਲਝਣਾਂ, ਉਲਝੇ ਹੋਏ ਮਨਾਂ ਦੀ ਹਾਮੀ ਭਰਦੀਆਂ ਹਨ।

ਸਾਹਮਣੇ ਅੰਗੀਠੀ 'ਤੇ ਸਬਜ਼ੀ ਰਿੱਝ ਰਹੀ ਹੈ। ਸਾਰੇ ਘਰ 'ਚ ਅੱਗ ਦਾ ਨਿੱਘ ਹੈ ।ਅੰਗੀਠੀ ਦੇ ਨਾਲ ਹੀ ਪਿੱਤਲ ਦੇ ਭਾਂਡੇ ਬੇਤਰਤੀਬੀ 'ਚ ਪਏ ਹਨ। ਜਦ ਜ਼ਿੰਦਗੀ ਹੀ ਬੇਤਰਤੀਬੀ ਹੋਵੇ ਤਾਂ ਫਿਰ ਕੁਝ ਵੀ ਤਰਤੀਬ 'ਚ ਨਹੀਂ ਰਹਿੰਦਾ। ਖ਼ਰਾਬ ਮੌਸਮ ਦੀ ਦਹਿਸ਼ਤ ਇਹਨਾਂ ਲੋਕਾਂ ਦੇ ਧੁਰ ਅੰਦਰ ਤੱਕ ਵਸੀ ਹੋਈ ਹੈ। ਹਰ ਮੋੜ 'ਤੇ ਕੋਈ ਫੌਜੀ ਹੱਥ ਵਿੱਚ ਮਸ਼ੀਨਗੰਨ ਲਈ ਖੜ੍ਹਾ ਹੈ ।ਆਪਣੇ ਘਰ, ਆਪਣੇ ਪਿੰਡ, ਆਪਣੀ ਹੀ ਮਿੱਟੀ 'ਚ ਆਉਣ-ਜਾਣ ਲਈ ਸਾਰਾ ਕੁਝ ਸਰਕਾਰੀ ਰਜਿਸਟਰਾਂ ਵਿੱਚ ਦਰਜ ਕਰਵਾਉਣਾ ਪੈਂਦਾ ਹੈ। ਬੰਦੇ ਨਾਲੋਂ ਵੱਧ ਕਦਰ ਆਧਾਰ ਕਾਰਡ ਦੀ ਹੈ ।ਇੱਥੇ ਬੰਦਾ ਅਧਾਰ ਕਾਰਡ ਬਾਰੇ ਨਹੀਂ ਦੱਸਦਾ, ਆਧਾਰ ਕਾਰਡ ਬੰਦੇ ਬਾਰੇ ਦੱਸਦਾ ਹੈ।

ਰਾਜਨੀਤੀ ਦੇ ਪੁੜਾਂ ਵਿਚਕਾਰ ਪੀਸੇ ਹੋਏ ਲੋਕਾਂ ਕੋਲ ਖੁਸ਼ੀ ਦੇ ਕੋਕੜੂ ਤੱਕ ਵੀ ਨਹੀਂ ਬਚੇ ।ਚਿਹਰਿਆਂ 'ਤੇ ਪੈਂਦੀਆਂ ਝੁਰੜੀਆਂ 'ਚ ਅੰਤਾਂ ਦੀ ਨਿਰਾਸ਼ਾ ਹੈ । ਅੱਖਾਂ ਦੇ ਕੋਇਆਂ 'ਚ ਆਸ ਦੀ ਚਮਕ ਨਾਲੋਂ ਹੰਝੂ ਵੱਧ ਚਮਕਦੇ ਹਨ।ਮਨਾਂ ਅੰਦਰ ਇੰਨੀ ਦਹਿਸ਼ਤ ਹੈ ਕਿ ਹਰ ਨਵਾਂ ਚਿਹਰਾ ਉਹਨਾਂ ਲਈ ਅੱਤਵਾਦੀ ਜਾਂ ਫੌਜੀ ਹੈ ।ਉਹਨਾਂ ਲਈ ਦੋਨੋਂ ਹੀ ਮੁਸੀਬਤ ਹਨ ।ਦੋਨੋਂ ਹੀ ਜ਼ਿੰਦਗੀ ਦਾ ਅਕੇਵਾਂ ਹਨ।

ਫੌਜ, ਅੱਤਵਾਦੀ, ਕਾਨਵਾਈ, ਜਸੂਸ, ਇੰਨਕਾਊਂਟਰ ਇਹ ਸ਼ਬਦ ਇਹਨਾਂ ਲੋਕਾਂ ਦੇ ਮਨਾਂ ਅੰਦਰ ਇੰਨੇ ਡੂੰਘੇ ਵੱਸੇ ਹੋਏ ਹਨ ਕਿ ਇਹਨਾਂ ਤੋਂ ਬਿਨਾਂ ਕਿਸੇ ਮਨੁੱਖ ਨੂੰ ਚਿਤਵ ਹੀ ਨਹੀਂ ਸਕਦੇ।'ਰਾਜਨੀਤੀ' ਸ਼ਬਦ ਨੂੰ ਲੋਹੜਿਆਂ ਦੀ ਨਫ਼ਰਤ ਕਰਨ ਵਾਲੇ ਲੋਕ।ਇਹਨਾਂ ਲਈ ਕਸ਼ਮੀਰ 'ਚ ਹੁੰਦੀ ਹਰ ਹਿੰਸਕ ਘਟਨਾ 'ਰਾਜਨੀਤੀ' ਹੈ।

ਸਾਡੇ ਰਾਤ ਰੁਕਣ ਲਈ ਗੁੱਜਰ ਮੁੰਡੇ ਆਪਣਾ ਉਪਰਲਾ ਕਮਰਾ ਖੋਲ੍ਹ ਦਿੰਦੇ ਹਨ। ਸਾਰਾ ਘਰ ਸਾਗਵਾਨ ਦੀ ਲੱਕੜ ਦਾ ਬਣਿਆ ਹੋਇਆ ਹੈ। ਕਿਤੇ-ਕਿਤੇ ਝੀਥਾਂ ਬੰਦ ਕਰਨ ਲਈ ਮਿੱਟੀ ਫੇਰੀ ਹੋਈ ਹੈ।ਸੌਣ ਲਈ ਕਮਰੇ ਵਿੱਚ ਬੈੱਡ ਲੱਗਾ ਹੋਇਆ ਹੈ, ਜਿਸ 'ਤੇ ਬੈਠਣ ਸਾਰ ਉਸ ਦੇ ਪਾਵੇ ਚੀਕਣੇ ਸ਼ੁਰੂ ਕਰ ਦਿੰਦੇ ਹਨ। ਉੱਪਰ ਲੈਣ ਲਈ ਦਿੱਤੇ ਹੋਏ ਕੰਬਲਾਂ ਵਿੱਚ ਅਜੀਬ ਜਿਹੀ ਹੁੰਮਸ ਸਾਨੂੰ ਕੁਝ ਸਮੇਂ ਲਈ ਪਰੇਸ਼ਾਨ ਕਰਦੀ ਹੈ, ਪਰ ਵਧ ਰਹੀ ਠੰਢ ਕਾਰਨ ਅਸੀਂ ਇਸ ਹੁੰਮਸ ਨੂੰ ਅਣਗੌਲਿਆ ਕਰ ਕੰਬਲ ਉਪਰ ਲੈ ਕੇ ਪੈ ਜਾਂਦੇ ਹਾਂ।

ਮੀਂਹ ਹੋਰ ਤੇਜ਼ ਹੋ ਚੁੱਕਾ ਹੈ, ਮੀਂਹ ਕਾਰਨ ਨਾਲ ਵਗ ਰਹੀ ਸੇਵਾ ਨਦੀ ਦਾ ਪਾਣੀ ਹੋਰ ਤੇਜ਼ ਹੋ ਗਿਆ। ਰਾਤ ਦੇ ਨੌਂ ਵਜੇ ਤੱਕ ਸਾਡੇ ਕੋਲ ਕਸਰੌੜ ਦੀ ਸਬਜ਼ੀ ਨਾਲ ਰੋਟੀ ਪਹੁੰਚ ਜਾਂਦੀ ਹੈ। ਕਸਰੌੜ ਸਾਰਥਲ ਦੇ ਪਹਾੜਾਂ ਵਿੱਚ ਹੋਣ ਵਾਲੀ ਹਰੀ ਸਬਜ਼ੀ ਹੈ।

ਸਾਡਾ ਅੱਜ ਦਾ ਦਿਨ ਸੋਹਣਾ ਲੰਘਿਆ ਸੀ ।ਅਸੀਂ ਪੂਰੀ ਆਜ਼ਾਦੀ ਨਾਲ ਜੰਮੂ ਕਸ਼ਮੀਰ ਦੇ ਹਾਲਾਤ ਦੇਖ ਰਹੇ ਸੀ ।

ਜਿੱਥੇ ਸੋਹਣੀਆਂ ਵਾਦੀਆਂ ਦਾ ਅਨੁਭਵ ਹੋ ਰਿਹਾ ਸੀ, ਉੱਥੇ ਕਸ਼ਮੀਰ ਦੇ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਬਾਰੇ ਵੀ ਬਹੁਤ ਕੁਝ ਨਵਾਂ ਪਤਾ ਲੱਗ ਰਿਹਾ ਸੀ।

ਸਾਰੀ ਰਾਤ ਲਗਾਤਾਰ ਮੀਂਹ ਪੈਂਦਾ ਰਿਹਾ, ਜਦ ਕਦੇ ਮੀਂਹ ਤੇਜ਼ ਹੋ ਜਾਂਦਾ ਤਾਂ ਕਣੀਆਂ ਦੀ ਆਵਾਜ਼ ਸਾਡੀਆਂ ਪਲਕਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦੀ, ਪਰ ਹਰ ਵਾਰ ਨੀਂਦ ਹੱਥੋਂ ਹਾਰ ਵਾਪਸ ਮੁੜ ਜਾਂਦੀ।ਸਾਰੀ ਰਾਤ ਕਣੀਆਂ ਅਤੇ ਨੀਂਦ ਵਿੱਚ ਇਹ ਜੱਦੋ-



ਜਹਿਦ ਚੱਲਦੀ ਰਹੀ ।ਚੰਦ ਸੂਰਜ ਨੇ ਆਪਣੀ ਵਾਰੀ ਬਦਲੀ ਤਾਂ ਸੂਰਜ ਦੀਆਂ ਕਿਰਨਾਂ ਨੇ ਖਿੜਕੀ ਦੀਆਂ ਝੀਥਾਂ ਵਿੱਚ ਦੀ ਦਸਤਕ ਦਿੱਤੀ।ਦਿਨ ਨੇ ਸਵੇਰ ਦੀ ਪਹਿਲੀ ਉਬਾਸੀ ਲੈਣ ਤੋਂ ਬਾਅਦ ਧੁੱਪ ਨਾਲ ਆਪਣਾ ਮੂੰਹ ਧੋ ਲਿਆ, ਨਾਲੇ ਦੇ ਪਾਣੀ ਵਿੱਚ ਰਲ ਧੁੱਪ ਸਾਰੀ ਘਾਟੀ ਵਿੱਚ ਫੈਲ ਗਈ ।ਘਾਹ ਦੀਆਂ ਪੱਤੀਆਂ 'ਤੇ ਮੀਂਹ ਦਾ ਪਾਣੀ ਚਮਕ ਰਿਹਾ ਸੀ ।ਕਮਰੇ ਦੀ ਖਿੜਕੀ ਵਿੱਚੋਂ ਦੇਵਦਾਰ ਦੇ ਸੰਘਣੇ ਜੰਗਲ ਵਿਚਕਾਰ ਘਿਰਿਆ ਸਾਰਥਲ ਪਿੰਡ ਦਿਸਦਾ ਹੈ।ਬਾਰੀ ਵਿੱਚੋਂ ਦੀ ਆ ਰਹੀ ਠੰਢੀ ਹਵਾ ਸਾਰੇ ਕਮਰੇ ਦੀ ਹੁੰਮਸ ਸੰਭਰ ਕੇ ਕਮਰੇ ਵਿੱਚੋਂ ਬਾਹਰ ਕਰ ਦਿੰਦੀ ਹੈ।ਗੁੱਜਰ ਮੁੰਡਾ ਸਾਡੇ ਦੋਨਾਂ ਲਈ ਸ਼ੀਰ ਚਾਹ (ਲੂਣ ਵਾਲੀ ਕਸ਼ਮੀਰੀ ਚਾਹ) ਬਣਾ ਕੇ ਲੈ ਆਇਆ, ਚਾਹ ਪੀ ਕੇ ਅਸੀਂ ਸਾਰਥਲ ਪਿੰਡ ਘੁੰਮਣ ਲਈ ਚਲੇ ਗਏ। ਜੰਮੂ ਕਸ਼ਮੀਰ ਸੱਚ ਵਿੱਚ ਜੰਨਤ ਹੈ । ਸੇਵਾ ਨਦੀ ਦਾ ਪਾਣੀ ਪੱਥਰਾਂ ਵਿੱਚ ਦੀ ਖਹਿ ਕੇ ਲੰਘ ਰਿਹਾ ਸੀ। ਪਿੰਡ ਦੇ ਪੁਰਾਣੇ ਘਰ ਸਾਗਵਾਨ ਲੱਕੜ ਦੇ ਬਣੇ ਹੋਏ ਹਨ, ਪਰ ਨਵੇਂ ਬਣਦੇ ਮਕਾਨਾਂ ਵਿੱਚ ਸਾਗਵਾਨ ਦੀ ਥਾਂ ਸੀਮੇਂਟ-ਬੱਜਰੀ ਨੇ ਲੈ ਲਈ ਹੈ।ਪਿੰਡ ਤੋਂ ਹਟਵਾਂ ਘਾਹ ਦਾ ਖੁੱਲ੍ਹਾ ਮੈਦਾਨ ਹੈ। ਪਿੰਡ ਦੇ ਨਾਲ ਦੀ ਖਹਿ ਕੇ ਲੰਘਦੀ ਸੇਵਾ ਨਦੀ ਘਾਹ ਦੇ ਮੈਦਾਨ ਵਿੱਚ ਆ ਕੇ ਪੱਧਰੀ ਹੋ ਕੇ ਵਗਣ ਲੱਗਦੀ ਹੈ।

ਪਿੰਡ ਵਿੱਚ ਮੋਬਾਇਲ ਸਕੂਲ ਅਤੇ ਹਸਪਤਾਲ ਬਣੇ ਹੋਏ ਹਨ।ਮੋਬਾਇਲ ਸਕੂਲ ਅਤੇ ਹਸਪਤਾਲ ਤੋਂ ਭਾਵ ਹੈ ਜੋ ਮੌਸਮ ਦੇ ਹਿਸਾਬ ਨਾਲ ਬਦਲਦੇ ਰਹਿੰਦੇ ਹਨ ।ਜਿੰਨੇ ਮਹੀਨੇ ਲੋਕ ਸਾਰਥਲ ਰਹਿੰਦੇ ਹਨ, ਓਨੇ ਮਹੀਨੇ ਇਹ ਸਕੂਲ ਚੱਲਦਾ ਹੈ ਅਤੇ ਬਰਫ਼ ਦੇ ਮੌਸਮ ਵੇਲੇ ਇਹ ਸਕੂਲ ਥੱਲੇ ਵਾਲੇ ਇਲਾਕਿਆਂ 'ਚ ਭੇਜ ਦਿੱਤੇ ਜਾਂਦੇ ਹਨ।

ਪਿੰਡ ਵਿੱਚ ਕਈ ਛੋਟੀਆਂ-ਛੋਟੀਆਂ ਮਠਿਆਈ ਦੀਆਂ ਦੁਕਾਨਾਂ ਹਨ। ਲੋਕ ਘਰਾਂ ਦੇ ਜਿੰਦਰੇ ਖੋਲ੍ਹ ਸਫ਼ਾਈਆਂ ਕਰਨ ਲੱਗੇ ਹੋਏ ਹਨ।ਦੁਕਾਨਦਾਰ ਮੌਸਮ ਸਾਫ਼ ਹੋਣ 'ਤੇ ਯਾਤਰੀਆਂ ਦੀ ਉਡੀਕ ਵਿੱਚ ਹਨ। ਹੁਣੇ-ਹੁਣੇ ਇਸ ਘਾਟੀ ਤੋਂ ਬਰਫ਼ ਸਾਫ਼ ਹੋਈ ਹੈ। ਅਗਲੇਰੇ ਪੰਦਰਾਂ-ਵੀਹ ਦਿਨਾਂ ਤੱਕ ਯਾਤਰੀਆਂ ਦੇ ਆਉਣ ਦੀ ਸੰਭਾਵਨਾ ਹੈ।

ਸਾਰਥਲ ਪਿੰਡ ਘੁੰਮਣ ਤੋਂ ਬਾਅਦ ਅਸੀਂ ਵਾਪਸ ਆਪਣੇ ਟਿਕਾਣੇ 'ਤੇ ਆ ਗਏ ।ਨਜ਼ੀਰ ਅਹਿਮਦ ਬਾਪੂ ਨੇ ਸਾਡੇ ਲਈ ਕਸਰੌੜ ਦੀ ਸਬਜ਼ੀ ਬਣਾਈ ਹੋਈ ਸੀ ਅਤੇ ਨਾਲ ਵੱਡੀਆਂ-ਵੱਡੀਆਂ ਕਸ਼ਮੀਰੀ ਰੋਟੀਆਂ। ਨਜ਼ੀਰ ਬਾਪੂ ਨਾਲ ਅਸੀਂ ਕਸ਼ਮੀਰ ਦੇ ਹਾਲਾਤ ਬਾਰੇ ਗੱਲ ਕਰਨ ਲੱਗੇ ਤਾਂ ਕਿੰਨੀਆਂ ਹੀ ਗੱਲਾਂ ਉਹਦੇ ਗਲ 'ਚ ਫਸ ਕੇ ਰਹਿ ਗਈਆਂ ਤੇ ਕਿੰਨੀਆਂ ਹੀ ਹੰਝੂ ਬਣ ਕੇ ਅੱਖਾਂ ਦੀਆਂ ਪਲਕਾਂ 'ਤੇ ਆਣ ਖਲੋ ਗਈਆਂ ।

ਬਾਪੂ ਨਜ਼ੀਰ ਦੱਸਦਾ ਹੈ ਕਿ ਉਦੋਂ ਬਾਰਡਰ 'ਤੇ ਇੰਨੀ ਸਖ਼ਤੀ ਨਹੀਂ ਸੀ, ਸਾਡੇ ਮੁੰਡੇ ਆਮ ਹੀ ਪਾਕਿਸਤਾਨ ਚਲੇ ਜਾਂਦੇ ਸੀ । ਬਾਪੂ ਨਜ਼ੀਰ ਦਾ ਭਾਣਜਾ ਵੀ ਆਪਣੇ ਦੋਸਤਾਂ ਨਾਲ ਪਾਕਿਸਤਾਨ ਚਲਾ ਗਿਆ ਸੀ, ਵਾਪਸ ਆਇਆ ਤਾਂ ਕਿੰਨੇ-ਕਿੰਨੇ ਦਿਨ ਘਰੋਂ ਬਾਹਰ ਰਹਿੰਦਾ ।ਫਿਰ ਇੱਕ ਦਿਨ ਉਹ ਖ਼ਬਰ ਬਣ ਕੇ ਆਇਆ ਤੇ ਉਸ ਤੋਂ ਬਾਅਦ ਨਾ ਕਿਤੇ ਗਿਆ ਤੇ ਨਾ ਕਿਤੋਂ ਆਉਣ ਦੀ ਉਮੀਦ ਬਚੀ, ਉਹ ਫੌਜ ਨਾਲ ਹੋਏ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਸੀ ।ਕਸ਼ਮੀਰ ਦੇ ਹਰ ਹਿੰਦੂ ਅਤੇ ਹਰ ਮੁਸਲਮਾਨ ਕੋਲ ਕਿੰਨੀਆਂ ਹੀ ਕਹਾਣੀਆਂ ਹਨ, ਜਿਨ੍ਹਾ 'ਚ ਆਪਣੇ ਕਿਸੇ ਪਿਆਰੇ ਦੇ ਤੁਰ ਜਾਣ ਦਾ ਦੁੱਖ ਹੈ ਅਤੇ ਕਿਸੇ ਨੂੰ ਘਰ ਸਾੜੇ ਜਾਣ ਦਾ।ਮਾਨਵ ਕੌਲ ਆਪਣੇ ਸਫ਼ਰਨਾਮੇ 'ਰੂਹ' ਵਿੱਚ ਕਸ਼ਮੀਰ ਦੇ ਹਲਾਤਾਂ ਦਾ ਜ਼ਿਕਰ ਕਰਦਾ ਹੈ।

'ਮੈਂ ਕੁੜੀਆਂ ਨੂੰ ਆਪਣੇ ਚਿਹਰੇ 'ਤੇ ਚੁੱਲ੍ਹੇ ਦੀ ਸਵਾਹ ਮਲਦੇ ਵੇਖਿਆ ਹੈ, ਤਾਂ ਕਿ ਉਹ ਆਪਣਾ ਗੋਰਾ ਰੰਗ ਲੁਕੋ ਸਕਣ।ਉਹਨਾਂ ਨੂੰ ਕਿਸੇ ਨੇ ਨਹੀਂ ਛੱਡਿਆ, ਨਾ ਹਿਜਬੁਲ ਮੁਜ਼ਾਹਦੀਨ ਨੇ, ਨਾ ਮੁਸਲਿਮ ਮੁਜ਼ਾਹਦੀਨ ਨੇ, ਨਾ ਹੀ ਆਰਮੀ ਨੇ।'

ਬਾਪੂ ਨਜ਼ੀਰ ਨੂੰ ਫਿਰ ਮਿਲਣ ਦਾ ਧਰਵਾਸਾ ਦਿੱਤਾ ਅਤੇ ਅਸੀਂ ਅਗਲੇਰੇ ਸਫ਼ਰ ਲਈ ਤਿਆਰੀ ਕਰ ਲਈ ।

ਸਾਡੇ ਸਾਹਮਣੇ ਸਾਰਥਲ ਦਰਾ ਲੰਬੀ ਧੌਣ ਕੱਢ ਸਾਡੇ ਵੱਲ ਦੇਖ ਰਿਹਾ ਸੀ । ਸਾਰਥਲ ਦਰੇ ਤੋਂ ਜੰਮੂ ਕਸ਼ਮੀਰ ਦੀਆਂ ਚਾਰ ਪ੍ਰਮੁੱਖ ਨਦੀਆਂ ਸੇਵਾ, ਤਵੀ, ਉਜ, ਨੀਰੂ ਦਾ ਜਨਮ ਹੁੰਦਾ ਹੈ।

ਸਾਰਥਲ ਪਿੰਡ ਤੋਂ ਅੱਗੇ ਦਰੇ ਦੀ ਚੜ੍ਹਾਈ ਹੋਰ ਤਿੱਖੀ ਹੋ ਜਾਂਦੀ ਹੈ। ਪਹਾੜੀ ਰਾਹਾਂ ਤੋਂ ਲੰਘਦੇ ਅਸੀਂ ਸਾਰਥਲ ਦਰੇ 'ਤੇ ਪਹੁੰਚ ਜਾਂਦੇ ਹਾਂ।ਸੋਹਣੇ ਪਹਾੜਾਂ ਵਿੱਚ ਮਿੱਟੀ ਦੀ ਮਹਿਕ ਦੇ ਨਾਲ ਇੱਕ ਦਹਿਸ਼ਤ ਦੀ ਬੂ ਵੀ ਚੁਗਿਰਦੇ ਵਿੱਚ ਫੈਲੀ ਹੋਈ ਹੈ।ਦਰੇ 'ਤੇ ਰੁਕੇ ਫੌਜੀ ਜਵਾਨਾਂ ਨੇ ਸਾਡੇ ਅਧਾਰ ਕਾਰਡ ਚੈੱਕ ਕੀਤੇ ਅਤੇ ਕਿਸੇ ਵੀ ਪਾਸੇ ਤੋਂ ਵੀਡੀਓ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ।ਫੌਜੀ ਵੀਰਾਂ ਦੀ ਜ਼ੁਬਾਨ ਵਿੱਚ ਮਨੁੱਖਤਾ ਦੇ ਹਾਮੀ ਹੋਣ ਦਾ ਇਕਬਾਲੀਆ ਬਿਆਨ ਸੀ, ਪਰ ਉਹਨਾਂ ਦੀਆਂ ਨਜ਼ਰਾਂ ਵਿੱਚ ਜ਼ਿੰਮੇਵਾਰੀ ਦਾ ਅਹਿਸਾਸ ਸੀ, ਜੋ ਉਹਨਾਂ ਨੂੰ ਹਰ ਅਣਜਾਣ ਬੰਦੇ 'ਤੇ ਸ਼ੱਕ ਕਰਨ ਦੀ ਇਜਾਜ਼ਤ ਦਿੰਦਾ ਸੀ। ਉਹਨਾਂ ਨੇ ਸਾਡੇ ਤੋਂ ਕੁਝ ਸਵਾਲ ਪੁੱਛੇ, ਜਿਸ ਦਾ ਜਵਾਬ ਮੈਂ ਬਹੁਤ ਸਹਿਜਤਾ ਨਾਲ ਦੇ ਦਿੱਤਾ । ਉਹਨਾਂ ਨੇ ਸਾਨੂੰ ਪਿਆਰ ਭਰੀਆਂ ਦੁਆਵਾਂ ਨਾਲ ਆਪਣੀ ਚੈੱਕ ਪੋਸਟ ਤੋਂ ਵਿਦਾ ਕੀਤਾ । ਸਾਰਥਲ ਦਰੇ ਉੱਪਰ ਫੌਜ ਦੀ ਬਹੁਤ ਵੱਡੀ ਚੈੱਕ ਪੋਸਟ ਹੈ, ਜਿੱਥੇ ਕੁਝ ਦਿਨ ਪਹਿਲਾਂ ਹੀ ਫੌਜ ਉੱਪਰ ਹਮਲਾ ਹੋ ਕੇ ਹਟਿਆ ਸੀ । ਹਮਲਿਆਂ ਦੀ ਦਹਿਸ਼ਤ ਕਸ਼ਮੀਰ ਦੀ ਹਵਾ ਵਿੱਚ ਘੁਲੀ ਹੋਈ ਹੈ, ਪਰ ਇਸ ਦੇ ਬਾਵਜੂਦ ਕਸ਼ਮੀਰ ਸੈਲਾਨੀਆਂ ਲਈ ਖਿੱਚ ਦਾ ਵੱਡਾ ਕੇਂਦਰ ਹੈ।

ਸਾਰਥਲ ਤੋਂ ਅੱਗੇ ਤੱਕ ਸਾਰਾ ਰਸਤਾ ਖ਼ੂਬਸੂਰਤ ਹੈ, ਪਰ ਇਹ ਰਾਹ ਕੁਦਰਤੀ ਨਜ਼ਾਰਿਆਂ ਦੇ ਨਾਲ-ਨਾਲ ਮਨੁੱਖ ਵਿੱਚ ਆਈ ਤੇਜ਼ੀ ਦਾ ਵੀ ਪ੍ਰਤੀਕ ਹੈ। ਪਹਾੜ, ਜੰਗਲ, ਝਰਨੇ ਬਹੁਤ ਪਿੱਛੇ ਰਹਿ ਗਏ ਹਨ। ਸੜਕ ਦੇ ਦੋਨੋਂ ਪਾਸੇ ਵੱਡੇ ਹੋਟਲਾਂ ਨੇ ਸਾਰੇ ਰਾਹ ਨੂੰ ਘੇਰਿਆ ਹੋਇਆ ਹੈ। ਕੁਦਰਤ ਦੇ ਨਜ਼ਾਰਿਆਂ ਨੂੰ ਮਾਨਣ ਲਈ ਹੁਣ ਸਾਨੂੰ ਬਹੁ-ਮੰਜ਼ਲੀ ਇਮਾਰਤਾਂ ਦੇ ਉੱਤੋਂ ਦੀ ਹੋ ਕੇ ਝਾਕਣਾ ਪੈਂਦਾ ਹੈ। ਬਜ਼ਾਰਾਂ ਦਾ ਦ੍ਰਿਸ਼ ਦੇਖ ਮਨ ਕਾਹਲਾ ਪੈਂਦਾ ਹੈ । ਹਵਾ ਵਿੱਚ ਘੁਲੀ ਹੋਈ ਦੇਵਦਾਰ ਦੀ ਮਹਿਕ ਨੂੰ ਤੇਜ਼ ਚੱਲਦੇ ਵਹੀਕਲਾਂ ਦੇ ਧੂੰਏਂ ਨੇ ਹਵਾੜ ਵਿੱਚ ਬਦਲ ਦਿੱਤਾ ਹੈ। ਦੁਕਾਨਾਂ ਦੇ ਬੂਹਿਆਂ ਅੱਗੇ ਪਏ ਪਲਾਸਟਿਕ ਦੇ ਢੇਰ, ਖੁੱਲ੍ਹਦੇ ਬੰਦ ਹੁੰਦੇ ਸ਼ਟਰਾਂ ਦੀ ਖੜ-ਖੜ, ਹੱਥਾਂ ਵਿੱਚ ਝੋਲੇ ਫੜੀ ਮਨੁੱਖਾਂ ਦੇ ਪੈਰਾਂ ਵਿੱਚ ਆਇਆ ਕਾਹਲਾਪਣ ਇਹ ਸਭ ਕੁਝ ਦੇਖ ਮੇਰਾ ਮਨ ਉਚਾਟ ਹੋਇਆ ਤਾਂ ਮੈਂ ਇਕਦਮ ਮੋਟਰਸਾਇਕਲ ਵੱਡੇ ਰਾਹ ਤੋਂ ਲਾਹ ਕੇ ਨਾਲ ਦੇ ਪਿੰਡ ਵੱਲ ਜਾਂਦੀ ਛੋਟੀ ਜਿਹੀ ਸੜਕ 'ਤੇ ਪਾ ਲਿਆ।

ਮੇਰੇ ਜ਼ਿਹਨ ਵਿੱਚ ਅਮਰੀਕੀ ਲੇਖਕ ਰੇਅ ਬਰੈਡਬਰੀ ਦਾ ਲਿਖਿਆ ਕਥਨ ਆਇਆ:-

'ਪੜ੍ਹਨ, ਸੋਚਣ ਤੇ ਵਿਚਾਰਨ ਲਈ ਆਰਾਮ ਅਤੇ ਰੁਖ਼ਸਤ ਦੇ ਪਲ ਲਾਜ਼ਮੀ ਹਨ...'

100 ਮੀਲ ਪ੍ਰਤੀ ਘੰਟਾ ਦੀ ਚਾਲ ਨਾਲ ਭੱਜਣ ਵਾਲੀ ਕਾਰ ਵਿਚ ਬਹਿ ਕੇ ਤੁਸੀਂ ਕੀ ਸੋਚ ਸਕਦੇ ਹੋ ? ਟੀ.ਵੀ. ਦੀ ਸਕਰੀਨ ਸਾਹਮਣੇ ਬਹਿ ਕੇ ਤੁਸੀਂ ਕਿਹੜੇ ਖ਼ਿਆਲ ਬੁਣ ਸਕਦੇ ਹੋ ? ਕੰਨਾਂ ਵਿਚ 'ਈਅਰ ਫੋਨ' ਤੁੰਨ ਕੇ ਤੁਸੀਂ ਕੀ ਚਿੰਤਨ ਕਰ ਸਕਦੇ ਹੋ ?'

(Ray Bradbury)

ਸਫ਼ਰ ਵੀ ਚਿੰਤਨ ਦਾ ਹੀ ਹਿੱਸਾ ਹੈ, ਇਸ ਲਈ ਕਾਹਲੇਪਨ ਦਾ ਸਫ਼ਰ ਨਾਲ ਕੋਈ ਮੇਲ ਨਹੀਂ ।

ਮੈਂ ਵੱਡੇ ਰਾਹਾਂ 'ਤੇ ਜ਼ਿਆਦਾ ਦੇਰ ਤੱਕ ਨਹੀਂ ਤੁਰ ਸਕਦਾ, ਵੱਡੇ ਰਾਹਾਂ 'ਚੋਂ ਨਿਕਲਦੇ ਛੋਟੇ ਰਾਹ, ਪਗਡੰਡੀਆਂ, ਪਹੀਆਂ ਮੈਨੂੰ ਆਵਦੇ ਵੱਲ ਖਿੱਚਦੀਆਂ ਹਨ।ਇਹਨਾਂ ਛੋਟੇ ਰਾਹਾਂ 'ਚ ਸਹਿਜ ਹੈ, ਵੱਡੇ ਰਾਹਾਂ 'ਤੇ ਕਾਹਲਾਪਣ ਹੈ। ਛੋਟੇ ਰਾਹ ਧੜਕਦੀ ਹੋਈ ਜ਼ਿੰਦਗੀ ਵੱਲ ਲੈ ਕੇ ਜਾਂਦੇ ਹਨ ਅਤੇ ਵੱਡੇ ਰਾਹ ਹਫੀ ਹੋਈ ਜ਼ਿੰਦਗੀ ਵੱਲ।

ਛੋਟੇ ਰਾਹਾਂ 'ਤੇ ਰਵਾਇਤੀ ਪਹਿਰਾਵਿਆਂ ਦੀ ਵੰਨ-ਸਵੰਨਤਾ ਮਿਲਦੀ ਹੈ, ਆਪਣਾ ਅਤੀਤ ਸੰਭਾਲੀ ਬੈਠੇ ਘਰ, ਪਿੰਡ ਅਤੇ ਖੇਤ। ਵੱਡੇ ਰਾਹਾਂ 'ਚ ਮਿਲਦੇ ਹਨ ਪੈਂਟ ਕੋਟ 'ਚ ਫਸੇ ਮਨੁੱਖ, ਉੱਚੀਆਂ ਬੰਦ ਹਵਾ ਵਾਲੀਆਂ ਇਮਾਰਤਾਂ, ਪ੍ਰੈਸ਼ਰ ਹਾਰਨਾਂ ਦਾ ਸ਼ੋਰ ਤੇ ਤੇਜ਼ ਗਤੀ 'ਚ ਭੱਜਦੀ ਹੋਈ ਜ਼ਿੰਦਗੀ, ਜਿਸ ਦਾ ਨਾ ਕੋਈ ਆਦਿ, ਨਾ ਕੋਈ ਅੰਤ।

(ਚੱਲਦਾ)

ਸੰਪਰਕ : 94134-00053

# ਬਠਿੰਡੇ ਵਾਲੀ ਭੂਆ

ਇਸ ਨਾਸ਼ਵਾਨ ਸੰਸਾਰ ਵਿੱਚ ਕੁਝ ਰਿਸ਼ਤੇ ਖ਼ੂਨ ਦੀਆਂ ਤੰਦਾਂ ਤੋਂ ਕਿਤੇ ਪਾਰ, ਸਿੱਧੇ ਰੂਹਾਂ ਦੇ ਨਾਲ ਜੁੜੇ ਹੁੰਦੇ ਹਨ। ਵਕਤ ਦੀ ਧੂੜ ਭਾਵੇਂ ਕਿੰਨੀ ਵੀ ਸੰਘਣੀ ਕਿਉਂ ਨਾ ਹੋ ਜਾਵੇ, ਪਰ ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ ਉੱਤੇ ਕਦੇ ਕੋਈ ਧੁੰਦਲਾਪਣ ਨਹੀਂ ਆਉਂਦਾ। ਮੇਰੀ 'ਬਠਿੰਡੇ ਵਾਲੀ ਭੂਆ' ਅਤੇ ਮੇਰੇ ਦਾਦਾ ਜੀ ਦਾ ਰਿਸ਼ਤਾ ਵੀ ਕੁਝ ਅਜਿਹਾ ਹੀ ਸੀ। ਉਂਜ ਤਾਂ ਰਿਸ਼ਤੇ ਵਿੱਚ ਉਹ ਮੇਰੇ ਪਿਤਾ ਜੀ ਦੀ ਭੂਆ ਲੱਗਦੇ ਸਨ, ਪਰ ਸਾਡੇ ਘਰ ਵਿੱਚ ਮੋਹ ਦੀਆਂ ਤੰਦਾਂ ਏਨੀਆਂ ਪੀਢੀਆਂ ਸਨ ਕਿ ਅਸੀਂ ਸਾਰਾ ਪਰਵਾਰ ਹੀ ਉਨ੍ਹਾ ਨੂੰ ਬੜੇ ਮਾਣ ਅਤੇ ਚਾਅ ਨਾਲ 'ਭੂਆ' ਕਹਿ ਕੇ ਬੁਲਾਉਂਦੇ ਸਾਂ।

ਉਹ ਦੋਵੇਂ ਭੈਣ-ਭਰਾ ਆਪੋ-ਆਪਣੇ ਮਾਪਿਆਂ ਦੀਆਂ ਇਕਲੌਤੀਆਂ ਨਿਸ਼ਾਨੀਆਂ ਸਨ—ਦਾਦਾ ਜੀ

### ਨਵਦੀਪ ਸਿੰਘ ਝੁਨੀਰ



ਇਕੱਲੇ ਭਰਾ ਅਤੇ ਭੂਆ ਜੀ ਉਨ੍ਹਾ ਦੀ ਇਕਲੌਤੀ ਭੈਣ। ਸ਼ਾਇਦ ਇਸੇ ਲਈ ਉਨ੍ਹਾਂ ਦਾ ਆਪਸੀ ਮੋਹ ਕਿਸੇ ਆਮ ਭੈਣ-ਭਰਾ ਦੀ ਸਾਂਝ ਨਾਲੋਂ ਕਿਤੇ ਵੱਧ ਰੂਹਾਨੀਅਤ ਦੀਆਂ ਹੱਦਾਂ ਨੂੰ ਛੂੰਹਦਾ ਸੀ। ਭੂਆ ਸਾਡੇ ਪੂਰੇ ਪਰਵਾਰ ਦੇ ਵਿਹੜੇ ਵਿੱਚ ਮੁਹੱਬਤ, ਮੋਹ ਅਤੇ ਆਪਣੇ-ਪਣ ਦਾ ਇੱਕ ਅਜਿਹਾ ਸੰਘਣਾ ਬੋਹੜ ਸੀ, ਜਿਸ ਦੀ ਠੰਢੀ ਛਾਂ ਹੇਠ ਬੈਠ ਕੇ ਅਸੀਂ ਰਿਸ਼ਤਿਆਂ ਦੇ ਅਸਲ ਮਾਅਨੇ ਸਿੱਖੇ।

ਜਦੋਂ ਵੀ ਮੈਂ ਭੂਆ ਨੂੰ ਦੇਖਦਾ ਤਾਂ ਮੈਨੂੰ ਜਾਪਦਾ ਜਿਵੇਂ ਕੁਦਰਤ ਨੇ ਬੜੀ ਅਕੀਦਤ ਨਾਲ ਕੋਈ ਮੂਰਤ ਉਲੀਕੀ ਹੋਵੇ। ਕੱਦ ਦੀ ਨਿੱਕੀ ਜਿਹੀ, ਸਰੀਰ ਪੱਖੋਂ ਬਿਲਕੁਲ ਪਤਲੀ-ਛਾਂਟੀ ਹੋਈ, ਪਰ ਰੰਗ ਐਨਾ ਗੋਰਾ-ਨਿਛੋਹ ਅਤੇ ਨੈਣ-ਨਕਸ਼ ਐਨੇ ਤਿੱਖੇ ਕਿ ਬੁਢਾਪੇ ਦੀਆਂ ਬਰੂਹਾਂ 'ਤੇ ਪਹੁੰਚ ਕੇ ਵੀ ਉਸ ਦੇ ਚਿਹਰੇ ਦਾ ਨੂਰ ਮੱਧਮ ਨਹੀਂ ਸੀ ਪਿਆ।

ਇਸ ਸੰਸਾਰ ਉੱਤੇ ਲਗਭਗ ਨੱਬੇ ਵਰ੍ਹਿਆਂ ਦੀ ਉਮਰ ਹੰਢਾਉਣ ਵਾਲੀ ਉਹ ਦੋਹਤਿਆਂ-ਪੋਤਿਆਂ ਵਾਲੀ ਬਜ਼ੁਰਗ ਔਰਤ ਜਦੋਂ ਆਪਣੇ ਪੇਕੇ ਘਰ ਆਉਂਦੀ, ਤਾਂ ਉਹ ਬਜ਼ੁਰਗ ਨਹੀਂ ਰਹਿੰਦੀ ਸੀ, ਉਸ ਦੇ ਅੰਦਰ ਉਹੀ ਮਾਸੂਮ ਬੱਚੀ ਜਾਗ ਪੈਂਦੀ, ਜਿਸ ਨੇ ਕਦੇ ਇਸੇ ਵਿਹੜੇ ਦੀ ਮਿੱਟੀ ਵਿੱਚ ਖੇਡਦਿਆਂ ਜਵਾਨੀ ਦੀਆਂ ਦਹਿਲੀਜ਼ਾਂ 'ਤੇ ਪੈਰ ਰੱਖਿਆ ਸੀ। ਉਸ ਨੂੰ ਕਦੇ ਜਾਪਿਆ ਹੀ ਨਹੀਂ ਸੀ ਕਿ ਵਿਆਹ ਕੇ ਵਿਦਾ ਹੋਣ ਤੋਂ ਬਾਅਦ ਇਹ ਘਰ ਪਿੱਛੇ ਛੁੱਟ ਗਿਆ ਹੈ। ਉਹ ਇਸ ਘਰ ਨੂੰ ਓਨਾ ਹੀ ਆਪਣਾ ਸਮਝਦੀ ਸੀ, ਜਿੰਨਾ ਕਿ ਆਪਣੇ ਬਚਪਨ ਵਿੱਚ ਸਮਝਦੀ ਸੀ।

ਇਸ ਭੈਣ-ਭਰਾ ਦੇ ਅਥਾਹ ਪਿਆਰ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ, ਇਸ ਦਾ ਅਹਿਸਾਸ ਮੈਨੂੰ ਮੇਰੇ ਪਿਤਾ ਜੀ ਵੱਲੋਂ ਸੁਣਾਈ ਇੱਕ ਪੁਰਾਣੀ ਘਟਨਾ ਤੋਂ ਹੁੰਦਾ ਹੈ। ਗੱਲ ਉਦੋਂ ਦੀ ਹੈ, ਜਦੋਂ ਭੂਆ ਹਾਲੇ ਕੁਆਰੀ ਸੀ। ਸਾਡੇ ਘਰ ਦੇ ਬਿਲਕੁਲ ਸਾਹਮਣੇ ਇੱਕ ਖੂਹੀ ਹੁੰਦੀ ਸੀ, ਜਿੱਥੋਂ ਪਿੰਡ ਦੀਆਂ ਸੁਆਣੀਆਂ ਪਾਣੀ ਭਰਿਆ ਕਰਦੀਆਂ ਸਨ। ਇੱਕ ਦਿਨ ਪਾਣੀ ਭਰਦਿਆਂ ਅਚਾਨਕ ਭੂਆ ਦਾ ਪੈਰ ਤਿਲਕ ਗਿਆ ਤੇ ਉਹ ਇਸ ਡੂੰਘੀ ਹਨੇਰੀ ਖੂਹੀ 'ਚ ਡਿੱਗ ਪਈ। ਇਹ ਖ਼ਬਰ ਸੁਣਦਿਆਂ ਹੀ ਮੇਰੇ ਦਾਦਾ ਜੀ ਨੂੰ ਜਿਵੇਂ ਹੱਥਾਂ-ਪੈਰਾਂ ਦੀ ਪੈ ਗਈ। ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣੀ ਜਾਨ ਤੋਂ ਪਿਆਰੀ ਭੈਣ ਨੂੰ ਬਚਾਉਣ ਲਈ ਉਹ ਉਸੇ ਵਕਤ ਖੂਹੀ ਵਿੱਚ ਕੁੱਦ ਪਏ ਅਤੇ ਭੂਆ ਨੂੰ ਸਹੀ-ਸਲਾਮਤ ਬਾਹਰ ਕੱਢ ਲਿਆਏ। ਇਹ ਮਹਿਜ਼ ਇੱਕ ਘਟਨਾ ਨਹੀਂ, ਸਗੋਂ ਉਸ ਮੁਹੱਬਤ ਦਾ ਪ੍ਰਮਾਣ ਸੀ, ਜਿੱਥੇ ਇੱਕ ਭਰਾ ਲਈ ਆਪਣੀ ਭੈਣ ਦੇ ਸਾਹਾਂ ਤੋਂ ਕੀਮਤੀ ਹੋਰ ਕੁਝ ਨਹੀਂ ਸੀ।

ਉਨ੍ਹਾ ਦੀ ਇਹ ਮੁਹੱਬਤ ਭੂਆ ਦੇ ਵਿਆਹ ਤੋਂ ਬਾਅਦ ਵੀ ਕਦੇ ਮੱਧਮ ਨਹੀਂ ਪਈ। ਭੂਆ ਬਠਿੰਡੇ ਸ਼ਹਿਰ ਵਿੱਚ ਵਿਆਹੀ ਹੋਈ ਸੀ ਅਤੇ ਆਪਣੇ ਘੁੱਗ ਵੱਸਦੇ ਪਰਵਾਰ, ਪੁੱਤਾਂ-ਪੋਤਿਆਂ ਵਿੱਚ ਪੂਰੀ ਤਰ੍ਹਾਂ ਸੁਖੀ ਸੀ, ਪਰ ਉਸ ਦੀ ਰੂਹ ਹਮੇਸ਼ਾ ਆਪਣੇ ਪੇਕੇ ਪਿੰਡ ਅਤੇ ਆਪਣੇ ਵੀਰ ਦੇ ਵਿਹੜੇ ਵਿੱਚ ਹੀ ਵਸਦੀ। ਜਦੋਂ ਵੀ ਕਦੇ ਅਸਮਾਨ ਵਿੱਚ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਤੇ ਮੀਂਹ ਪੈਣ ਲੱਗਦਾ, ਤਾਂ ਭੂਆ ਦੇ ਦੋਵੇਂ ਹੱਥ ਆਪ-ਮੁਹਾਰੇ ਰੱਬ ਅੱਗੇ ਜੁੜ ਜਾਂਦੇ। ਉਹ ਅਰਦਾਸ ਕਰਦੀ, 'ਹੇ ਸੱਚੇ ਪਾਤਸ਼ਾਹ! ਤੂੰ ਬੇਸ਼ੱਕ ਇੱਥੇ ਮੀਂਹ ਨਾ ਪਾਈਂ, ਪਰ ਮੇਰੇ ਬਾਈ ਦੇ ਖੇਤਾਂ ਵਿੱਚ ਮਿਹਰ ਦਾ ਮੀਂਹ ਜ਼ਰੂਰ ਵਰ੍ਹਾਈਂ, ਕਿਉਂਕਿ ਉਸ ਦੀਆਂ ਫ਼ਸਲਾਂ ਨੂੰ ਪਾਣੀ ਦੀ ਬੜੀ ਲੋੜ ਹੈ।' ਜਦੋਂ ਮੈਂ ਇਹ ਗੱਲਾਂ ਸੁਣਦਾ ਹਾਂ ਤਾਂ ਭੂਆ ਮੈਨੂੰ ਮੁਹੱਬਤ ਅਤੇ ਤਿਆਗ ਦਾ ਇੱਕ ਅਜਿਹਾ ਇਲਾਹੀ ਮੁਜੱਸਮਾ ਲੱਗਦੀ ਹੈ, ਜਿਸ ਦੇ ਆਪਣੇ ਵਿਹੜੇ ਭਾਵੇਂ ਕਿੰਨੇ ਵੀ ਭਰੇ ਹੋਣ, ਪਰ ਉਸ ਦੀਆਂ ਦੁਆਵਾਂ ਹਮੇਸ਼ਾ ਆਪਣੇ ਵੀਰ ਦੇ ਖੇਤਾਂ ਦੀ ਹਰਿਆਵਲ ਲਈ ਹੀ ਉਠਦੀਆਂ ਸਨ। ਭੂਆ ਦੀਆਂ ਗੱਲਾਂ ਵਿੱਚ ਹਮੇਸ਼ਾ 'ਮੇਰੇ ਬਾਈ ਦਾ ਖੇਤ', 'ਮੇਰੇ ਬਾਈ ਦਾ ਘਰ' ਵਰਗੇ ਸ਼ਬਦ ਉਸ ਦੇ ਅੰਦਰਲੇ ਇਸੇ ਅਥਾਹ ਸਤਿਕਾਰ ਦੀ ਗਵਾਹੀ ਭਰਦੇ।

ਕਦੇ-ਕਦੇ ਤਾਂ ਭੂਆ ਨੇ ਵੀਹ-ਵੀਹ ਦਿਨਾਂ ਲਈ ਪੇਕੇ ਆ ਜਾਣਾ, ਤਾਂ ਸਾਡੇ ਘਰ ਦਾ ਮਾਹੌਲ ਕਿਸੇ ਤਿਉਹਾਰ ਵਰਗਾ ਹੋ ਜਾਂਦਾ। ਆਉਂਦੇ ਸਾਰ ਹੀ ਭੂਆ ਨੇ ਚਰਖਾ ਡਾਹ ਲੈਣਾ ਅਤੇ ਲੰਮੀ ਹੇਕ ਵਿੱਚ ਗੀਤ ਗਾਉਂਦੇ ਹੋਏ ਕੱਤਦੇ ਰਹਿਣਾ। ਮੈਨੂੰ ਬਾਰਾਂ-ਤੇਰਾਂ ਵਰ੍ਹਿਆਂ ਦੇ ਬਾਲ ਨੂੰ ਉਹ ਗੀਤ ਕਿਸੇ ਇਲਾਹੀ ਸੰਗੀਤ ਵਾਂਗ ਸਕੂਨ ਦਿੰਦੇ। ਮੇਰੀਆਂ ਭੈਣਾਂ ਭੂਆ ਦੇ ਦੁਆਲੇ ਝੁਰਮਟ ਪਾ ਕੇ ਬੈਠ ਜਾਂਦੀਆਂ, ਕੋਈ ਕੱਤਣ ਦਾ ਵੱਲ ਸਿੱਖਦੀ ਤੇ ਕੋਈ ਪੁਰਾਣੀਆਂ ਬਾਤਾਂ ਵਿੱਚ ਗਵਾਚ ਜਾਂਦੀ। ਉਹ ਸਿਰਫ਼ ਚਰਖਾ ਨਹੀਂ ਕੱਤਦੀ ਸੀ, ਉਹ ਸਾਡੇ ਪਰਵਾਰ ਦੇ ਮੋਹ ਦੀਆਂ ਤੰਦਾਂ ਨੂੰ ਹੋਰ ਪੀਢਾ ਕਰਦੀ ਸੀ।

ਜਿਉਂ-ਜਿਉਂ ਮੈਂ ਜਵਾਨ ਹੋਇਆ, ਮੇਰਾ ਭੂਆ ਪ੍ਰਤੀ ਪਿਆਰ ਹੋਰ ਵੀ ਡੂੰਘਾ ਹੋ ਗਿਆ। ਮੈਂ ਜਦੋਂ ਵੀ ਉਸ ਨੂੰ ਮਿਲਦਾ, ਤਾਂ ਉਸ ਨੂੰ ਆਪਣੇ ਕਲਾਵੇ ਵਿੱਚ ਭਰ ਲੈਂਦਾ। ਮੇਰੀ ਉਸ ਛੋਹ ਨਾਲ ਭੂਆ ਦੀਆਂ ਬਿਰਧ ਅੱਖਾਂ ਵਿੱਚ ਇੱਕ ਅਜੀਬ ਚਮਕ ਉਭਰ ਆਉਂਦੀ। ਉਸ ਦੇ ਕੰਬਦੇ ਹੋਏ ਝੁਰੜੀਆਂ ਭਰੇ ਹੱਥ ਜਦੋਂ ਮੇਰੀ ਪਿੱਠ ਥਪਥਪਾਉਂਦੇ, ਤਾਂ ਮੈਨੂੰ ਇੰਝ ਲੱਗਦਾ ਜਿਵੇਂ ਰੱਬ ਆਪ ਮੈਨੂੰ ਢੇਰਾਂ ਅਸੀਸਾਂ ਦੇ ਰਿਹਾ ਹੋਵੇ।

ਸਾਲ 2007 ਦੀ ਉਹ ਆਖਰੀ ਮਿਲਣੀ ਮੈਨੂੰ ਕਦੇ ਨਹੀਂ ਭੁੱਲੇਗੀ। ਆਪਣੇ ਵਿਆਹ ਤੋਂ ਬਾਅਦ ਜਦੋਂ ਮੈਂ ਭੂਆ ਨੂੰ ਮਿਲਣ ਬਠਿੰਡੇ ਗਿਆ, ਤਾਂ ਭੂਆ ਬਹੁਤ ਬਿਰਧ ਹੋ ਚੁੱਕੀ ਸੀ। ਅੱਖਾਂ ਦੀ ਜੋਤ ਲਗਭਗ ਜਾ ਚੁੱਕੀ ਸੀ, ਪਰ ਰੂਹਾਂ ਦੀ ਸਾਂਝ ਅਜੇ ਵੀ ਕਾਇਮ ਸੀ। ਮੈਂ ਦਸ ਮਿੰਟ ਉਸ ਬਿਰਧ ਸਰੀਰ ਨੂੰ ਆਪਣੇ ਕਲਾਵੇ ਵਿੱਚ ਭਰ ਕੇ ਇੰਝ ਬੈਠਾ ਰਿਹਾ, ਜਿਵੇਂ ਕੋਈ ਕਿਸੇ ਨਿੱਕੇ ਜਿਹੇ ਮਾਸੂਮ ਬੱਚੇ ਨੂੰ ਆਪਣੀ ਬੁੱਕਲ ਵਿੱਚ ਲੁਕਾ ਲੈਂਦਾ ਹੈ। ਉਹ ਸਾਡੀ ਆਖਰੀ ਜਿਸਮਾਨੀ ਮੁਲਾਕਾਤ ਸੀ।

ਨਵੰਬਰ 2007 ਵਿੱਚ ਮੇਰੇ ਦਾਦਾ ਜੀ ਲਗਭਗ ਆਪਣਾ ਇੱਕ ਸਦੀ ਦਾ ਸਫ਼ਰ ਮੁਕੰਮਲ ਕਰਕੇ ਇਸ ਫ਼ਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ। ਇਹ ਵਿਛੋੜਾ ਅਸਹਿ ਸੀ, ਪਰ ਭੂਆ ਦੀ ਰੂਹ ਅਜੇ ਵੀ ਆਪਣੇ 'ਬਾਈ' ਦੀਆਂ ਯਾਦਾਂ ਦੇ ਸਹਾਰੇ ਸਾਹ ਲੈ ਰਹੀ ਸੀ। ਦਾਦਾ ਜੀ ਦੇ ਜਾਣ ਤੋਂ ਲਗਭਗ ਤਿੰਨ ਕੁ ਸਾਲਾਂ ਬਾਅਦ 2010 ਵਿੱਚ ਉਹ ਵਕਤ ਆਇਆ, ਜਦੋਂ ਭੂਆ ਵੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ। ਮੇਰੇ ਲਈ ਦੋਹਾਂ ਦੇ ਜਾਣ ਦਾ ਦੁੱਖ ਇੱਕੋ ਜਿਹਾ ਸੀ। ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਇਸ ਮਾਤ-ਲੋਕ ਵਿੱਚ ਉਨ੍ਹਾਂ ਦੋਹਾਂ ਭੈਣ-ਭਰਾਵਾਂ ਦਾ ਪਿਆਰ ਅਟੁੱਟ ਸੀ, ਉਵੇਂ ਹੀ ਪਰਲੋਕ ਦੇ ਸਫ਼ਰ ਉਤੇ ਵੀ ਉਹ ਇੱਕ-ਦੂਜੇ ਦਾ ਸਾਥ ਨਿਭਾ ਰਹੇ ਹੋਣਗੇ। ਅੱਜ ਭੂਆ ਭਾਵੇਂ ਸਾਡੇ ਵਿੱਚ ਨਹੀਂ, ਪਰ ਮੇਰੇ ਮਨ ਦੇ ਵਿਹੜੇ ਵਿੱਚ ਅੱਜ ਵੀ ਉਸ ਦੇ ਚਰਖੇ ਦੀ ਘੂਕਰ ਸੁਣਾਈ ਦਿੰਦੀ ਹੈ ਅਤੇ ਉਸ ਦੀਆਂ ਅਸੀਸਾਂ ਦੀ ਨਿੱਘ ਮੈਨੂੰ ਜ਼ਿੰਦਗੀ ਦੀਆਂ ਧੁੱਪਾਂ ਵਿੱਚ ਠੰਢੀ ਛਾਂ ਵਾਂਗ ਮਹਿਸੂਸ ਹੁੰਦੀ ਹੈ।

*ਸੰਪਰਕ 98769-68193*

## ਲਹਿੰਦੇ ਪੰਜਾਬ ਦੀ ਗਾਇਕਾ

# ਤਸੱਵਰ ਖਾਨਮ

### ਪ੍ਰਿੰਸੀਪਲ ਗੁਰਮੀਤ ਸਿੰਘ ਫ਼ਾਜ਼ਿਲਕਾ

ਲਹਿੰਦੇ ਪੰਜਾਬ ਦੇ ਫਿਲਮੀ ਗੀਤਾਂ ਵਿਚ ਇਕ ਗੀਤ ਕਈ ਵਾਰ ਕੰਨਾਂ ਵਿਚ ਗੂੰਜਦਾ ਹੈ-ਵੇ ਸਭ ਤੋਂ ਸੋਹਣਿਆ ਹਾਏ ਵੇ ਮਨਮੋਹਣਿਆ, ਮੈਂ ਤੇਰੀ ਹੋ ਗਈ ਪਿਆਰ ਵਿਚ ਖੋ ਗਈ । ਵੇ ਸਭ ਤੋਂ ਸੋਹਣਿਆ ਹਾਏ ਵੇ ਮਨਮੋਹਣਿਆ— — ਇਸ ਗੀਤ ਨੂੰ ਆਵਾਜ਼ ਦਿੱਤੀ ਹੈ ਤਸੱਵਰ ਖਾਨਮ ਨੇ । ਲਹਿੰਦੇ ਪੰਜਾਬ ਦੀ ਪੰਜਾਬੀ ਫਿਲਮ ਰੰਗੀਲਾ (1969) ਦਾ ਇਹ ਗੀਤ ਆਪਣੇ ਸਮੇਂ ਦਾ ਹਿੱਟ ਗੀਤ ਹੈ ।ਇਸ ਗੀਤ ਨੇ ਤਸੱਵਰ ਖਾਨਮ ਨੂੰ ਫਿਲਮੀ ਦੁਨੀਆ ਵਿਚ ਪਛਾਣ ਦਿੱਤੀ । ਇਸ ਫਿਲਮ ਵਿਚ ਤਸੱਵਰ ਖਾਨਮ ਦਾ ਮੁੱਖ ਕਿਰਦਾਰ ਸੀ । ਇਹੋ ਜਿਹੇ ਹਿੱਟ ਗੀਤਾਂ ਨੂੰ ਆਵਾਜ਼ ਦੇਣ ਵਾਲੀ ਗੀਤਾਂ ਦੀ ਮਲਿਕਾ ਤਸੱਵਰ ਖਾਨਮ ਦਾ ਜਨਮ ਗੁਜਰਾਤ (ਪਾਕਿਸਤਾਨ) ਵਿਚ ਜਨਵਰੀ 1948 ਨੂੰ ਹੋਇਆ । ਪ੍ਰਸਿੱਧ ਫਿਲਮੀ ਗਾਇਕ-ਕਲਾਕਾਰ ਪਰਵੇਜ਼ ਮਹਿੰਦੀ ਨਾਲ ਤਸਵਰ ਖਾਨਮ ਦੇ ਪਿਤਾ ਜੀ ਦੀ ਬਹੁਤ ਨੇੜਤਾ ਸੀ । ਪਰਵੇਜ਼ ਮਹਿੰਦੀ ਸਾਹਿਬ ਇਨ੍ਹਾ ਦੇ ਗੁਆਂਢੀ ਸਨ । ਬਚਪਨ ਵਿਚ ਤਸੱਵਰ ਖਾਨਮ ਨੇ ਸੰਗੀਤ ਦੀ ਸਿੱਖਿਆ ਪਰਵੇਜ਼ ਮਹਿੰਦੀ ਤੋਂ ਪ੍ਰਾਪਤ ਕੀਤੀ ।

ਲਾਹੌਰ ਵਿਚ ਤਸੱਵਰ ਖਾਨਮ ਨੇ ਸੰਗੀਤ ਸਿੱਖਿਆ ਹੁਸੈਨ ਬਖ਼ਸ਼ ਤੋਂ ਹਾਸਲ ਕੀਤੀ ਤੇ ਗੀਤਾਂ ਦੀ ਮਲਕਾ ਮੈਡਮ ਨੂਰ ਜਹਾਂ ਨਾਲ ਵੀ ਸੰਗੀਤਕ ਸਮਾਂ ਸਾਂਝਾ ਕੀਤਾ। ਤਸੱਵਰ ਖਾਨਮ ਦਾ ਫਿਲਮੀ ਕੈਰੀਅਰ ਕੇਵਲ ਦਸ ਕੁ ਸਾਲ (1970-1980) ਦਾ ਹੈ। ਐਨੇ ਘੱਟ ਸਮੇਂ ਵਿਚ ਤਸੱਵਰ ਖਾਨਮ ਨੇ 140 ਫਿਲਮਾਂ ਵਿਚ 200 ਦੇ ਕਰੀਬ ਗੀਤ ਗਾਏ । ਉਰਦੂ ਤੇ ਪੰਜਾਬੀ ਫਿਲਮਾਂ ਵਿਚ ਤਸਵਰ ਖਾਨਮ ਦੇ ਯਾਦਗਾਰੀ ਗੀਤ ਦਰਸ਼ਕਾਂ ਦੀ ਜ਼ੁਬਾਨ 'ਤੇ ਹਨ। ਕੁਝ ਗਜ਼ਲਾਂ ਵੀ ਤਸੱਵਰ ਖਾਨਮ ਨੇ ਗਾਈਆਂ। ਤਸੱਵਰ ਖਾਨਮ ਦੀ ਸ਼ਾਦੀ ਸਿੰਧ ਦੇ ਇਲਾਕੇ 'ਚ ਜਾਗੀਰਦਾਰ ਗੁਲਾਮ ਅਲੀ ਨਾਲ ਹੋਈ। ਤਸੱਵਰ ਖਾਨਮ ਦੇ ਤਿੰਨ ਬੱਚੇ ਹਨ । ਇਕ ਪੁੱਤਰ ਤੇ ਦੋ ਧੀਆਂ। ਤਸੱਵਰ ਖਾਨਮ ਦੇ ਹਿੱਟ ਗੀਤਾਂ ਵਿਚ ਕੁਝ ਗੀਤਾਂ ਦੇ ਮੁਖੜੇ ਹਨ—ਮੈਂ ਕਿਹਾ ਗੱਲ ਸੁਣ ਜਾ, ਹੋ ਗੱਲ ਸੁਣ ਜਾ—, ਗੱਲ ਦੇ ਵਿਚ ਕੁਝ ਨਹੀਂ ਕੁਝ ਨ੍ਹੀ, ਹੋ ਮੈਂ ਕਿਹਾ ਗੱਲ ਸੁਣ ਜਾ ਫਿਲਮ 'ਯਾਰ ਬਾਦਸ਼ਾਹ' (1971) ਦੇ ਇਸ ਗੀਤ ਦੀ ਤਰਜ਼ ਬਹੁਤ ਔਖੀ ਤੇ ਹੁਸੀਨ ਹੈ । ਇਹ ਗੀਤ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਹੈ। ਤਸੱਵਰ ਖਾਨਮ ਨੇ ਰੀਝ ਨਾਲ ਗਾਇਆ ਹੈ—ਇਹ ਵੇਲਾ ਮੁੜ ਨ੍ਹੀ ਆਉਣਾ ਚੰਨ ਮੱਖਣਾ ਫਿਲਮ 'ਬਸੀਰਾ' (1972) ਤਿੱਖੇ ਨੈਣਾਂ ਵਿਚ ਕਜਲੇ ਦੀ ਲਕੀਰ (ਫਿਲਮ ਦਾਸੂ 1972)

1972 ਦੀਆਂ ਫਿਲਮਾਂ ਵਿਚ ਇਕ ਫਿਲਮ ਹੈ-ਮੇਲੇ ਸਜਨਾ ਦੇ ਵਿਚ ਗੀਤ ਸੀ -ਇਹ ਕੀ ਹੋਇਆ ਕਿਹੋ ਜਿਹੇ ਨਸੀਬ ਮੇਰੇ ——

ਫਿਲਮ ਇਕ ਪਿਆਰ ਤੇ ਦੋ ਪ੍ਰਛਾਵੇਂ ਦਾ ਗੀਤ-ਇਸ ਜਗ ਵਿਚ ਤੇਰੀ ਕਹਾਣੀ ਰਵ੍ਹੇ । ਪਿਆਰ ਮੇਰਾ ਤੇਰੀ ਜਿੰਦਗਾਨੀ ਰਵ੍ਹੇ ਇਸ ਜਗ ਵਿਚ —। ਫਿਲਮ ਜਾਗਦੇ ਰਹਿਣਾ ਵਿਚ ਤਸੱਵਰ ਖਾਨਮ ਦਾ ਗੀਤ ਮੇਰਾ ਦਿਲਬਰ ਮੇਰਾ ਦਿਲਦਾਰ ਤੂੰ ਏਂ—ਫਿਲਮ ਸ਼ੇਰੂ (1973) ਦਾ ਗੀਤ ਲਾਡੋ ਅਜ ਪਰਦੇਸਣ ਹੋਈ—ਪੰਜਾਬ ਦੇ ਸਾਂਝੇ ਸੱਭਿਆਚਾਰ ਦੀ ਤਸਵੀਰ ਹੈ।1972 ਦੀ ਪੰਜਾਬੀ ਫਿਲਮ ਗਜਰਾ ਦਾ ਗੀਤ-ਗੋਰਾ ਗੋਰਾ ਰੰਗ ਉਤੋਂ ਅੱਖ ਸੁਰਮਈ ਵੇ——ਦਰਸ਼ਕਾਂ ਦੀ ਪਸੰਦ ਹਨ। ਉਰਦੂ ਫਿਲਮ ਦੁਸ਼ਮਣ ਦਾ ਗੀਤ—ਸਾਰੀ ਸਖੀਓਂ ਕੀ ਹੋਗੀ ਸਗਾਈ ਮੇਰੀ ਵਾਰੀ ਕਬ ਆਏਗੀ। ਫਿਲਮ ਇਮਾਨਦਾਰ (1974) ਦਾ ਉਰਦੂ ਗੀਤ -ਅਗਰ ਤੁਮ ਮਿਲ ਜਾਓ ਜ਼ਮਾਨਾ ਛੋੜ ਦੇਂਗੇ ਹਮ ਬਹੁਤ ਚਰਚਿਤ ਗੀਤ ਹੈ। ਇਹ ਗੀਤ ਭਾਰਤੀ ਫਿਲਮਾਂ ਵਿਚ ਵੀ ਲਿਆ ਗਿਆ। ਫਿਲਮ ਹਾਕੂ ਦਾ ਪੰਜਾਬੀ ਗੀਤ— ਰਾਤ ਰਹਿ ਜਾ ਵੇ ਤੂੰ ਕੋਲ ਬਹਿ ਜਾ ਵੇ ਤੂੰ, ਵੱਡੇ ਵੇਲੇ ਚਲਾ ਜਾਵੀਂ —— ਦਾ ਚੁਲਬੁਲਾਪਣ ਦਰਸ਼ਕਾਂ ਲਈ ਸੁਹਜਮਈ ਹੈ । ਉਰਦੂ ਫਿਲਮਾਂ-ਬਿਨ ਬਾਦਲ ਬਰਸਾਤ ਵਿਚ ਤਸੱਵਰ ਖਾਨਮ ਦਾ ਗੀਤ ਲੋਕ ਦੀਵਾਨੇ ਹੈਂ ਕਿਆ ਕਾਮ ਕਰਤੇ ਹੈਂ । ਹੋਰ ਚਰਚਿੱਤ ਫਿਲਮਾਂ ਹਨ। — ਅਨਮੋਲ, ਛਡ ਬੁਰੇ ਦੀ ਯਾਰੀ ਬਹਾਰੋ ਫੂਲ ਬਰਸਾਓ, ਮੇਲਾ ਸਜਨਾ ਦਾ, ਅਨਵਰਾ, ਮੁਹਬਤ ਮਰ ਨ੍ਹੀ ਸਕਤੀ (1977) ਵਿਚ ਵੀ ਤਸੱਵਰ ਖਾਨਮ ਨੇ ਰੀਝ ਨਾਲ ਗਾਇਆ। ਵੇਖਿਆ ਹੈ ਕਈ ਮੁਸ਼ਕਲ ਕੰਪੋਜ਼ੀਸ਼ਨਾਂ ਵਿਚ ਵੀ ਤਸੱਵਰ ਖਾਨਮ ਨੇ ਗੀਤ ਗਾ ਕੇ ਫਿਲਮੀ ਦੁਨੀਆ ਵਿਚ ਵੱਡੀ ਮਿਸਾਲ ਕਾਇਮ ਕੀਤੀ ।



ਤਸੱਵਰ ਖਾਨਮ ਗੀਤਾਂ ਦੀ ਤੇ ਸੁਰਾਂ ਦੀ ਪਾਰਖੂ ਸੀ। ਤਸੱਵਰ ਖਾਨਮ ਦਾ ਗੀਤ ਉੱਚੀਆਂ ਲੰਮੀਆਂ ਟਾਹਲੀਆ ਵੇ ਵਿਚ ਗੁਜਰੀ ਦੀ ਪੀਂਘ ਵੇ ਮਾਹੀਆ ਨੇ ਲੋਕ ਗੀਤ ਦਾ ਰੁਤਬਾ ਹਾਸਲ ਕੀਤਾ । ਤਸੱਵਰ ਖਾਨਮ ਨੂੰ ਜਿੰਨੀ ਸ਼ੋਹਰਤ ਪੰਜਾਬੀ ਗੀਤਾਂ ਲਈ ਮਿਲੀ, ਓਨੀ ਹੀ ਉਰਦੂ ਗੀਤਾਂ ਤੇ ਗਜ਼ਲਾਂ ਵਿਚ ਪ੍ਰਸਿੱਧ ਹੋਈ। ਦੋ ਪੈਰ ਘੱਟ ਤੁਰਨਾ —— ਅਨੁਸਾਰ ਉਸ ਨੇ ਘੱਟ ਗੀਤ ਗਾਏ, ਪਰ ਸ਼ਿੱਦਤ ਨਾਲ ਗਾਏ। ਫਿਲਮਾਂ ਦੀ ਚੰਗੀ ਕਾਰਗੁਜ਼ਾਰੀ ਲਈ ਤਸੱਵਰ ਖਾਨਮ ਨੂੰ ਪਰਾਈਡ ਆਫ ਬੈਸਟ ਪ੍ਰਫਾਰਮੈਂਸ ਐਵਾਰਡ 2006 ਵਿਚ ਮਿਲਿਆ।

ਆਪਣੀ ਟੀਵੀ ਇੰਟਰਵਿਊ ਵਿਚ ਹੁਣ ਦੇ ਪੋਪ ਸੰਗੀਤ ਨਾਲ ਉਹ ਸਹਿਮਤ ਨਹੀਂ ਹੈ। ਉਸ ਨੇ ਦੱਸਿਆ ਕਿ ਮੇਰੇ ਕੁਝ ਗੀਤ ਕਾਪੀ ਵੀ ਹੋਏ, ਪਰ ਕੋਈ ਰਾਇਲਟੀ ਵਗੈਰਾ ਨਹੀਂ ਮਿਲੀ। ਉਹ ਆਪਣੇ ਸਮੇਂ ਨੂੰ ਸ਼ਿੱਦਤ ਨਾਲ ਯਾਦ ਕਰਦੀ ਹੈ। ਤਸੱਵਰ ਖਾਨਮ ਦਾ ਕਹਿਣਾ ਹੈ ਕਿ ਉਸ ਨੇ ਸਾਰੀ ਜ਼ਿੰਦਗੀ ਕਦੇ ਕਿਸੇ ਨਾਲ ਈਰਖਾ ਨਹੀਂ ਕੀਤੀ। ਇਕ ਵਾਰੀ ਤਾਰਿਕ ਅਜ਼ੀਜ਼ ਦੇ ਟੀ ਵੀ ਪ੍ਰੋਗਰਾਮ ਵਿਚ ਤਸੱਵਰ ਖਾਨਮ ਤੇ ਮਸੂਹਦ ਰਾਣਾ ਨਾਲ ਵਾਰੀ ਸਿਰ ਗੀਤ ਗਾ ਕੇ ਦਰਸ਼ਕਾਂ ਦਾ ਮਨ ਮੋਹਿਆ।ਆਪਣੇ ਗੀਤਾਂ ਦੇ ਵੱਖਰੇ ਅੰਦਾਜ਼ ਬਾਰੇ ਤਸੱਵਰ ਖਾਨਮ ਦਾ ਕਹਿਣਾ ਹੈ ਕਿ ਇਹ ਉਸ ਦੀ ਇਕ ਅਦਾ ਹੈ। ਇਕ ਆਪਣਾ ਅੰਦਾਜ਼ ਹੈ। ਰੀਝ ਹੈ ਜਿਸ ਵਿਚ ਉਹ ਗਾਉਂਦੀ। ਉਹ ਗਾਣਾ ਯਾਦ ਕਰਨ ਵਿਚ ਦੋ-ਤਿੰਨ ਦਿਨ ਲਾਉਣ ਵੇਲੇ ਹੀ ਗੀਤ ਨਾਲ ਇਕਸੁਰ ਹੋ ਜਾਂਦੀ ਰਹੀ ਹੈ। ਗਾਇਕੀ ਲਈ ਇਹ ਉਸ ਦੀ ਆਸਥਾ ਹੈ। ਗੀਤਾਂ ਲਈ ਸਮਰਪਿਤ ਭਾਵਨਾ ਹੈ। ਹੁਣ ਵੀ ਕਦੇ-ਕਦੇ ਉਹ ਬੱਚਿਆਂ ਕੋਲ ਲਾਹੌਰ ਆਉਂਦੀ-ਜਾਂਦੀ ਹੈ। ਸ਼ਾਲਾ! ਇਸ ਵੇਲੇ ਕਰਾਚੀ ਵਿਚ ਗੁੰਮਨਾਮੀ ਵਾਲੀ ਜ਼ਿੰਦਗੀ ਜੀ ਰਹੀ ਤਸੱਵਰ ਖਾਨਮ ਲੰਮੀ ਉਮਰ ਤੇ ਤੰਦਰੁਸਤੀ ਭਰਿਆ ਜੀਵਨ ਜੀਵੇ। ਨਿਰਸੰਦੇਹ ਤਸੱਵਰ ਖਾਨਮ ਲਹਿੰਦੇ ਪੰਜਾਬ (ਪਾਕਿਸਤਾਨ) ਦਾ ਚਮਕਦਾ ਫਿਲਮੀ ਚਿਹਰਾ ਹੈ।

*ਸੰਪਰਕ-98148-56160*